# ਤ੍ਰਿਸ਼ਟੀਕੇਟ



ਡਾ. ਚਰਨਜੀਤ ਸਿੰਘ ਗੁਮਟਾਲਾ

www.PunjabiLibrary.com

# ਦ੍ਰਿਸ਼ਟੀਕੋਣ

*ਏਸੇ ਕਲਮ ਤੋਂ :*

- ਭਗਤ ਰਵਿਦਾਸ : ਜੀਵਨ ਅਤੇ ਰਚਨਾ
- ਕਿੱਸਾ ਮਿਰਜ਼ਾ ਸਾਹਿਬਾਂ (ਪੀਲੂ)
- ਪੰਜਾਬੀ ਕਿੱਸਾ ਕਾਵਿ ਦੀਆਂ ਕਥਾਨਕ ਰੂੜ੍ਹੀਆਂ
- ਗੁਰੂ ਅਮਰਦਾਸ : ਜੀਵਨ ਅਤੇ ਦਰਸ਼ਨ
- ਗੁਰਬਾਣੀ ਵਿਚ ਰਾਜ ਦਾ ਸੰਕਲਪ
- ਚੰਡੀ ਦੀ ਵਾਰ : ਚਿੰਤਨ ਤੇ ਕਲਾ (ਸਹਿ ਸੰਪਾਦਕ ਡਾ. ਬਿਕਰਮ ਸਿੰਘ ਘੁੰਮਣ)
- ਕਿੱਸਾ ਦੁੱਲਾ ਭੱਟੀ ਕ੍ਰਿਤ ਕਿਸ਼ਨ ਸਿੰਘ (ਸਹਿ ਸੰਪਾਦਕ ਡਾ. ਬਿਕਰਮ ਸਿੰਘ ਘੁੰਮਣ)
- ਲੋਕ ਮਸਲੇ : ਦਸ਼ਾ ਅਤੇ ਦਿਸ਼ਾ

ਹਿੰਦੀ

- ਭਗਤ ਰਵਿਦਾਸ : ਜੀਵਨ ਵ ਬਾਣੀ

# ਦ੍ਰਿਸ਼ਟੀਕੋਣ

ਡਾ. ਚਰਨਜੀਤ ਸਿੰਘ ਗੁਮਟਾਲਾ

ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ
ਲੁਧਿਆਣਾ/ਅੰਮ੍ਰਿਤਸਰ

# DRISHTIKON

*by*

**Dr. Charanjit Singh Gumtala**
**253, Ajit Nagar, Amritsar-143006**
**Ph. 0183-2582323, +91 9417533060, 001-937-573-9812**
**e-mail : csgumtala@gmail.com**

© Author

ਪਹਿਲੀ ਵਾਰ : 2017

**ਮੁੱਲ : ₹ 200**
**$ 5**

*ਪ੍ਰਕਾਸ਼ਕ :*
**ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ, ਲੁਧਿਆਣਾ/ਅੰਮ੍ਰਿਤਸਰ**
ਪ੍ਰਬੰਧਕੀ ਦਫ਼ਤਰ :
42, ਗੁਰੂ ਤੇਗ ਬਹਾਦਰ ਨਗਰ,
ਡਾ. ਖ਼ਾਲਸਾ ਕਾਲਜ, ਅੰਮ੍ਰਿਤਸਰ-143 002
ਫ਼ੋਨ : 0183-2450520, 098151 26942 (ਮੋ.)
e-mail : bikramsingh.ghuman@yahoo.com

*ਟਾਈਪ ਸੈਟਿੰਗ :*
**ਜੋਤ ਕ੍ਰਿਏਸ਼ਨਜ਼**
ਅੰਮ੍ਰਿਤਸਰ। ਫ਼ੋਨ : 99157 22047
e-mail : avtarbhullar30@gmail.com

*ਪ੍ਰਿੰਟਰ :*
**ਪ੍ਰਿੰਟਵੈੱਲ**
146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਵਿਸ਼ੇਸ਼ ਸਹਿਯੋਗ



**ਸ. ਅਵਤਾਰ ਸਿੰਘ ਸਪਰਿੰਗਫ਼ੀਲਡ**
(ਓਹਾਇਹੋ ਸਟੇਟ) ਯੂ. ਐੱਸ. ਏ
ਜਿਨ੍ਹਾਂ ਨੇ ਇਸ ਪੁਸਤਕ ਨੂੰ ਪ੍ਰਕਾਸ਼ਿਤ
ਕਰਵਾਉਣ ਵਿਚ ਵਿਸ਼ੇਸ਼ ਸਹਿਯੋਗ ਦਿੱਤਾ

# ਤਰਤੀਬ


| | | |
|---|---|---|
| – | ਮੁੱਢਲੇ ਸ਼ਬਦ | 7 |
| 1. | ਗਾਂਧੀ ਨੇ ਨਹੀਂ, ਹਿਟਲਰ ਨੇ ਦੁਆਈ ਸੀ ਭਾਰਤ ਨੂੰ ਆਜ਼ਾਦੀ | 9 |
| 2. | ਆਜ਼ਾਦੀ ਦੇ ਇਤਿਹਾਸ ਵਿੱਚ ਅਣਗੌਲੇ ਨੇ ਹਥਿਆਰਬੰਦ ਯੋਧੇ | 13 |
| 3. | ਭੁੱਲਿਆ ਵਿਸਰਿਆ ਹਿੰਦੂ-ਜਰਮਨ ਸਾਜ਼ਿਸ਼ ਕੇਸ | 18 |
| 4. | ਪਹਿਲਾ ਲਾਹੌਰ ਸਾਜ਼ਿਸ਼ ਕੇਸ ਅਤੇ ਆਜ਼ਾਦੀ ਸੰਗਰਾਮ 'ਚ ਇਸ ਦਾ ਮਹੱਤਵ | 24 |
| 5. | ਸਾਕਾ ਕਾਮਾਗਾਟਾਮਾਰੂ ਤੇ ਗ਼ਦਰ ਪਾਰਟੀ ਦਾ ਆਪਸੀ ਸਬੰਧ | 29 |
| 6. | ਸੋਹਣਾ ਮੁਲਕ ਅਮਰੀਕਾ | 40 |
| 7. | ਸੜਕੀ ਆਵਾਜਾਈ: ਅਮਰੀਕਾ ਤੋਂ ਸੇਧ ਲੈ ਸਕਦਾ ਹੈ ਭਾਰਤ | 47 |
| 8. | ਅਤਿਵਾਦੀ ਹਮਲਿਆਂ ਪ੍ਰਤੀ ਭਾਰਤ ਅਮਰੀਕਾ ਤੋਂ ਸਬਕ ਸਿੱਖੇ | 50 |
| 9. | ਭਾਰਤੀ ਸਿਆਸਤਦਾਨਾਂ ਨੂੰ ਦੇਸ਼ ਨਾਲੋਂ ਆਪਣੇ ਹਿੱਤ ਪਿਆਰੇ | 54 |
| 10. | ਅਮਰੀਕਾ ਵਿਚ ਉਸਰ ਰਹੀ ਹੈ ਮੋਦੀ ਵਿਰੋਧੀ ਲਹਿਰ | 57 |
| 11. | ਭਾਸ਼ਾਵਾਂ ਪ੍ਰਤੀ ਸਰਕਾਰ ਦੀ ਨੀਤੀ ਬਦਨੀਤੀ | 61 |
| 12. | ਵਿਦੇਸ਼ ਜਾਓ, ਪਰ ਸੋਚ ਵਿਚਾਰ ਕੇ | 66 |
| 13. | ਪਰਵਾਸੀਆਂ ਪ੍ਰਤੀ ਸੰਜੀਦਾ ਹੋਵੇ ਪੰਜਾਬ ਸਰਕਾਰ | 71 |
| 14. | ਭਾਰਤੀ ਸਿੱਖਿਆ ਤੰਤਰ ਨੂੰ ਧਰਮ ਅਤੇ ਰਾਜਨੀਤਕਾਂ ਤੋਂ ਮੁਕਤ ਕਰਾਉਣ ਦੀ ਲੋੜ | 75 |
| 15. | ਬਾਰੂਦ ਦੇ ਢੇਰ 'ਤੇ ਬੈਠੀ ਹੈ ਦੁਨੀਆਂ | 79 |
| 16. | ਪੰਜਾਬ ਕਿਵੇਂ ਬਣੇ ਸਭਨਾਂ ਲਈ ਰਹਿਣਯੋਗ ਰਾਜ ? | 86 |
| 17. | ਫਰਜ਼ੀ ਡਿਗਰੀਆਂ ਦੇ ਮਕੜ-ਜਾਲ ਦੀਆਂ ਘੁੰਮਣਘੇਰੀਆਂ ਵਿਚ ਵਿਚਰ ਰਿਹਾ ਸੰਸਾਰ | 89 |
| 18. | ਭਾਰਤੀ ਪ੍ਰਸ਼ਾਸਿਨਕ ਪ੍ਰਣਾਲੀ ਵਿਚ ਕ੍ਰਾਂਤੀਕਾਰੀ ਸੁਧਾਰ ਲਿਆਉਣ ਦੀ ਲੋੜ | 93 |
| 19. | ਵਿਹਲੜਾਂ ਨੂੰ ਪੈਸੇ ਕਾਹਦੇ ? | 99 |
| 20. | ਵਿਦੇਸ਼ੀ ਬੈਂਕਾਂ ਵਿਚ ਜਮ੍ਹਾਂ ਕਾਲੇ ਧਨ ਸਬੰਧੀ ਭਾਰਤ ਸਰਕਾਰ ਦੀ ਪਹੁੰਚ | 103 |
| 21. | ਇੰਝ ਬਦਲਦੇ ਨੇ ਪੱਤਝੜ ਵਿਚ ਪੱਤੇ ਆਪਣਾ ਰੰਗ | 109 |

22. ਵਿਸ਼ਵ ਅਧਿਆਪਕ ਦਿਵਸ ਦੀ ਮਹੱਤਤਾ 111
23. ਅਮਰੀਕਾ ਦਾ ਧਰਤੀ ਚੁੱਕ ਅਵਤਾਰ ਸਿੰਘ 113
24. ਅਮਰੀਕੀ ਫ਼ੌਜ ਦਾ ਪਹਿਲਾ ਸਿੱਖ ਕਰਨਲ ਡਾ. ਅਰਜਿੰਦਰਪਾਲ ਸੇਖੋਂ 115
25. ਫ਼ਿਲਮਸਾਜ਼ : ਜੋਗਿੰਦਰ ਸਿੰਘ ਕਲਸੀ 118
26. ਅਮਰੀਕਾ ਵਿਚ ਸੌਂਗੀ ਦਾ ਬਾਦਸ਼ਾਹ : ਚਰਨਜੀਤ ਸਿੰਘ ਬਾਠ 122
27. ਗਤਕਾ ਉਸਤਾਦ : ਹਰਜੀਤ ਸਿੰਘ ਹੀਰਾ 125
28. ਜਾਣੀ ਪਛਾਣੀ ਲੇਖਕਾ : ਜਸਬੀਰ ਕੌਰ 126
29. ਸੰਘਰਸ਼ਮਈ ਜ਼ਿੰਦਗੀ ਦਾ ਨਾਂ ਸੀ-ਸਤਪਾਲ ਡਾਂਗ 128
30. ਪ੍ਰਿੰ. ਸੰਤੋਖ ਸਿੰਘ ਦਾ ਵਿਛੋੜਾ 131
31. ਸ਼ਹੀਦ ਊਧਮ ਸਿੰਘ ਸਭਾ ਆਫ਼ ਨਿਊਯਾਰਕ 133
32. ਡਾ. ਅਜੀਤ ਸਿੰਘ ਸਿੱਕਾ ਦਾ ਚਲਾਣਾ 135
33. ਬਹੁ ਪੱਖੀ ਸ਼ਖ਼ਸੀਅਤ : ਸਰਬਦਿਆਲ ਸਿੰਘ ਕੰਗ 137
34. ਅਜੀਤ ਸਿੰਘ ਪੰਨੂੰ ਨੂੰ ਯਾਦ ਕਰਦਿਆਂ 141
35. ਸੰਤੋਖ ਸਿੰਘ ਤਪੱਸਵੀ ਨੂੰ ਯਾਦ ਕਰਦਿਆਂ 143
36. ਹਰਮੋਹਨ ਸਿੰਘ ਬੇਦੀ ਨੂੰ ਯਾਦ ਕਰਦਿਆਂ 145
37. ਵਿਲਖਣ ਸ਼ਖ਼ਸੀਅਤ ਦੇ ਮਾਲਕ ਸਨ : ਗੁਰਦਿਆਲ ਸਿੰਘ ਰੰਧਾਵਾ 147
38. ਜੋਗਿੰਦਰ ਸਿੰਘ ਗਿੱਲ ਨੂੰ ਯਾਦ ਕਰਦਿਆਂ 149
39. ਮਾਸਟਰ ਨਿਰਮਲ ਸਿੰਘ ਲਾਲੀ 151
40. ਵਿਲੱਖਣ ਸ਼ਖ਼ਸੀਅਤ ਦੇ ਮਾਲਕ ਸਨ : ਡਾ. ਬਲਬੀਰ ਸਿੰਘ ਪੂਨੀ 153
41. ਅਮਰੀਕਾ ਦਾ ਪੰਜਾਬੀ ਮਾਡਲ ਅਮਨਦੀਪ ਸਿੰਘ 155
42. ਮਹਿੰਦਰ ਸਿੰਘ ਭਾਰਤੀ ਨੂੰ ਯਾਦ ਕਰਦਿਆਂ 156
43. ਇਤਿਹਾਸਕ ਕਿਰਦਾਰਾਂ ਨਾਲ ਸੰਵਾਦ ਰਚਾਉਣ ਵਾਲਾ :
ਬਲਰਾਜ ਸਿੰਘ ਸਿੱਧੂ 158

# ਮੁੱਢਲੇ ਸ਼ਬਦ

ਵੱਖ ਵੱਖ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਲੇਖਾਂ ਨੂੰ ਪੁਸਤਕ ਰੂਪ ਦੇਣ ਹਿੱਤ ਇਹ ਦੂਸਰੀ ਪੁਸਤਕ ਹੈ। ਇਸ ਤੋਂ ਪਹਿਲਾਂ 2016 ਵਿਚ ਪ੍ਰਕਾਸ਼ਿਤ 'ਲੋਕ ਮਸਲੇ : ਦਸ਼ਾ ਤੇ ਦਿਸ਼ਾ ਦਾ ਪਾਠਕਾਂ ਨੇ ਭਰਪੂਰ ਸੁਆਗਤ ਕੀਤਾ। ਉਮੀਦ ਹੈ ਕਿ ਹਥਲੀ ਪੁਸਤਕ ਵੀ ਪਾਠਕਾਂ ਨੂੰ ਜ਼ਰੂਰ ਪਸੰਦ ਆਵੇਗੀ।

ਹਰ ਲੇਖ ਦੇ ਅੰਤ ਵਿਚ ਲੇਖ ਲਿਖਣ ਦੀ ਮਿਤੀ ਦਿੱਤੀ ਗਈ ਹੈ। ਇਸ ਲਈ ਜਿਹੜੇ ਵੀ ਅੰਕੜੇ ਦਿੱਤੇ ਗਏ ਹਨ, ਉਹਨਾਂ ਦਾ ਮਿਲਾਨ ਦਿੱਤੀ ਮਿਤੀ ਨਾਲ ਕਰ ਲਿਆ ਜਾਵੇ।

ਮੇਰੇ ਪਿਤਾ ਜੀ ਸ. ਗੁਰਦਿੱਤ ਸਿੰਘ ਜੀ ਪੁਸਤਕਾਂ ਪੜ੍ਹਨ ਦੇ ਬੜੇ ਸ਼ੌਕੀਨ ਸਨ। ਘਰ ਵਿਚ ਰੂਪ ਬਸੰਤ, ਨਲ ਦਮਯੰਤੀ, ਪੂਰਨ ਭਗਤ, ਕਿੱਸਾ ਹੀਰ ਰਾਂਝਾ ਆਦਿ ਕਿੱਸੇ ਹੁੰਦੇ ਸਨ। ਸੋਹਣ ਸਿੰਘ ਸੀਤਲ ਦੀਆਂ ਪੁਸਤਕਾਂ, ਧਨੀ ਰਾਮ ਚਾਤ੍ਰਿਕ ਤੇ ਹੋਰ ਲੇਖਕਾਂ ਦੀਆਂ ਕਿਤਾਬਾਂ ਹੁੰਦੀਆਂ ਸਨ। ਇਸ ਤਰ੍ਹਾਂ ਪੁਸਤਕਾਂ ਪੜ੍ਹਨ ਦਾ ਮੌਕਾ ਮੈਨੂੰ ਬਚਪਨ ਵਿਚ ਹੀ ਮਿਲ ਗਿਆ। ਪ੍ਰੀਤਲੜੀ ਰਸਾਲਾ ਡਾਕ ਰਾਹੀਂ ਘਰ ਆਉਂਦਾ ਸੀ। ਸਭ ਤੋਂ ਪਹਿਲਾਂ ਮੈਂ ਹੀ ਪੜ੍ਹਦਾ ਸਾਂ।

ਇਹ ਮੌਕਾ ਮੇਲ ਹੀ ਸੀ ਕਿ ਜਦ ਪੰਜਾਬੀ ਟ੍ਰਿਬਿਊਨ ਸ਼ੁਰੂ ਹੋਈ ਤਾਂ ਮੈਂ ਉਸ ਲਈ ਲੇਖ ਲਿਖਣੇ ਸ਼ੁਰੂ ਕੀਤੇ। ਵਿਗਿਆਨ ਦਾ ਵਿਦਿਆਰਥੀ ਹੋਣ ਕਰਕੇ, ਪੰਜਾਬੀ ਮੈਂ ਕੇਵਲ ਦਸਵੀਂ ਤਕ ਹੀ ਪੜ੍ਹੀ ਸੀ। ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਪ੍ਰੀ-ਮੈਡੀਕਲ ਵਿਚ ਪੰਜਾਬੀ (ਆਪਸ਼ਨ) ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ। ਅਧਿਆਪਨ ਸਮੇਂ 1974 ਵਿਚ ਐਮ.ਏ. (ਅਰਥ ਸ਼ਾਸਤਰ) ਕੀਤੀ। 1978 ਵਿਚ ਐਮ.ਏ. (ਪੰਜਾਬੀ) ਕੀਤੀ।

ਪਾਠਕਾਂ ਦੇ ਉਤਸਾਹ ਨੂੰ ਵੇਖਦੇ ਹੋਏ ਵੱਖ-ਵੱਖ ਅਖ਼ਬਾਰਾਂ ਵਿਚ ਲੇਖ ਲਿਖਣੇ ਸ਼ੁਰੂ ਕੀਤੇ। ਮਨ ਵਿਚ ਸ਼ੌਂਕ ਜਾਗਿਆ ਕਿ ਕਿਉਂ ਨਾ ਪੰਜਾਬੀ ਵਿਚ ਪੀਐੱਚ.ਡੀ. ਕਰ ਲਈ ਜਾਵੇ। ਬਚਪਨ ਵਿਚ ਕਿੱਸੇ ਪੜ੍ਹਨ ਦੇ ਸ਼ੌਂਕ ਨੇ ਮੈਨੂੰ ਇਸ ਖੇਤਰ ਵਿਚ ਡਾਕਟਰੇਟ ਕਰਨ ਲਈ ਉਤਸ਼ਾਹਿਤ ਕੀਤਾ ਤੇ ਮੈਂ 1992 ਵਿਚ ਡਾ. ਬਿਕਰਮ ਸਿੰਘ ਘੁੰਮਣ ਦੀ ਅਗਵਾਈ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ 'ਪੰਜਾਬੀ ਕਿੱਸਾ-ਕਾਵਿ ਦੀਆਂ ਕਥਾਨਕ ਰੂੜ੍ਹੀਆਂ' 'ਤੇ ਪੀਐੱਚ.ਡੀ. ਕਰ ਲਈ। ਕਿਤਾਬਾਂ ਦੇ ਨਾਲ-ਨਾਲ ਅਖ਼ਬਾਰਾਂ ਵਿਚ ਲਿਖਣ ਦਾ ਸ਼ੌਂਕ ਅਜੇ ਵੀ ਬਰਕਰਾਰ ਹੈ।

ਵੱਖ-ਵੱਖ ਸਮੱਸਿਆਵਾਂ, ਵਿਸ਼ਿਆਂ ਅਤੇ ਸ਼ਖ਼ਸੀਅਤਾਂ ਨੂੰ ਮੈਂ ਜਿਵੇਂ ਵੇਖਦਾ ਹਾਂ, ਇਹ ਇਸ ਪੁਸਤਕ ਵਿਚ ਦਰਸਾਉਣ ਦਾ ਯਤਨ ਕੀਤਾ ਗਿਆ ਹੈ। ਇਸ ਪੁਸਤਕ

ਨੂੰ ਛਪਵਾਉਣ ਲਈ ਲੇਖਕ ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੋਸਾਇਟੀ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ ਦਾ ਰਿਣੀ ਹੈ, ਜਿਹਨਾਂ ਨੇ ਇਸ ਸੰਗ੍ਰਹਿ ਲਈ ਮੇਰੀ ਸਹਾਇਤਾ ਕੀਤੀ। ਪਿੰਡ ਲੋਹਾਰਾਂ, ਜ਼ਿਲਾ ਜਲੰਧਰ ਦੇ ਜੰਮਪਲ ਸਪਰਿੰਗ ਫੀਲਡ (ਅਮਰੀਕਾ) ਵਿਚ ਨਿਵਾਸ ਕਰਨ ਵਾਲੇ ਸ. ਅਵਤਾਰ ਸਿੰਘ ਦਾ ਵੀ ਲੇਖਕ ਧੰਨਵਾਦੀ ਹੈ, ਜਿਹਨਾਂ ਨੇ ਇਸ ਪੁਸਤਕ ਦੀ ਛਪਾਈ ਲਈ ਮਾਇਕ ਸਹਾਇਤਾ ਕੀਤੀ।

ਜੋਤ ਕ੍ਰਿਏਸ਼ਨ ਦੇ ਸ. ਅਵਤਾਰ ਸਿੰਘ ਭੁੱਲਰ ਜਿਹਨਾਂ ਨੇ ਲੇਖਾਂ ਨੂੰ ਪੁਸਤਕ ਰੂਪ ਦਿੱਤਾ ਤੇ ਸ. ਪ੍ਰਿਤਪਾਲ ਸਿੰਘ ਸਹਿਮੀ, ਜਿਹਨਾਂ ਨੇ ਖ਼ੂਬਸੂਰਤ ਟਾਈਟਲ ਤਿਆਰ ਕੀਤਾ, ਦਾ ਵੀ ਲੇਖਕ ਧੰਨਵਾਦੀ ਹੈ। ਪੁਸਤਕ ਨੂੰ ਛਾਪਣ ਲਈ ਪ੍ਰਿੰਟਵੈੱਲ ਦੇ ਸ. ਗੁਰਿੰਦਰ ਸਿੰਘ ਤੇ ਸ. ਰਵਿੰਦਰ ਸਿੰਘ ਦਾ ਵੀ ਰਿਣੀ ਹਾਂ।

ਅੰਤ ਵਿਚ ਆਪਣੇ ਪਰਿਵਾਰ ਦਾ ਵੀ ਰਿਣੀ ਹਾਂ, ਜਿਸ ਨੇ ਮੈਨੂੰ ਲੇਖ ਲਿਖਣ ਤੇ ਪੁਸਤਕ ਛਪਵਾਉਣ ਲਈ ਸਮਾਂ ਕੱਢਣ ਦਾ ਮੌਕਾ ਦਿੱਤਾ।

ਉਮੀਦ ਹੈ ਕਿ ਬਾਕੀ ਪੁਸਤਕਾਂ ਵਾਂਗ ਪਾਠਕ ਵੱਲੋਂ ਮੇਰੀ ਇਸ ਪੁਸਤਕ ਨੂੰ ਵੀ ਭਰਪੂਰ ਹੁੰਗਾਰਾ ਮਿਲੇਗਾ।

ਅੰਮ੍ਰਿਤਸਰ **ਚਰਨਜੀਤ ਸਿੰਘ ਗੁਮਟਾਲਾ (ਡਾ.)**

# ਗਾਂਧੀ ਨੇ ਨਹੀਂ, ਹਿਟਲਰ ਨੇ ਦੁਆਈ ਸੀ ਭਾਰਤ ਨੂੰ ਆਜ਼ਾਦੀ

ਅੰਗਰੇਜ਼ਾਂ ਦੀ ਗੁਲਾਮੀ ਤੋਂ ਭਾਰਤ ਨੂੰ ਮੁਕਤ ਕਰਵਾਉਣ ਲਈ ਕੂਕਾ ਲਹਿਰ, ਗਦਰ ਪਾਰਟੀ ਲਹਿਰ, ਇੰਡੀਅਨ ਨੈਸ਼ਨਲ ਆਰਮੀ (ਆਈ.ਐਨ.ਏ.) ਤੇ ਹੋਰ ਸੰਘਰਸ਼ੀਲ ਲਹਿਰਾਂ ਚਲੀਆਂ, ਜਿਨ੍ਹਾਂ ਨੇ ਆਜ਼ਾਦੀ ਲਹਿਰ ਵਿਚ ਆਪੋ-ਆਪਣਾ ਯੋਗਦਾਨ ਪਾਇਆ। ਪਰ ਭਾਰਤ ਸਰਕਾਰ ਵੱਲੋਂ ਇਹੋ ਕਿਹਾ ਜਾ ਰਿਹਾ ਹੈ ਕਿ ਭਾਰਤ ਨੂੰ ਆਜ਼ਾਦੀ ਮਹਾਤਮਾ ਗਾਂਧੀ ਨੇ ਸ਼ਾਂਤਮਈ ਸੰਘਰਸ਼ ਕਰਕੇ ਦੁਆਈ।

ਪਰ ਇਸ ਸਬੰਧੀ ਡਾ. ਸੁਮੀਤ ਕੁਮਾਰ ਨੇ ਲਿਖੇ ਆਪਣੇ ਇਕ ਲੇਖ ਵਿਚ ਕਿਹਾ ਹੈ ਕਿ 1947 ਵਿਚ ਭਾਰਤ ਦੀ ਆਜ਼ਾਦੀ ਦਾ ਸਿਹਰਾ ਗਾਂਧੀ ਜੀ ਦੀ ਥਾਂ 'ਤੇ ਹਿਟਲਰ ਨੂੰ ਜਾਂਦਾ ਹੈ। ਡਾ. ਕੁਮਾਰ ਅਨੁਸਾਰ ਹਿਟਲਰ ਨੇ ਦੂਜੇ ਵਿਸ਼ਵ ਯੁੱਧ ਵਿਚ ਬਰਤਾਨੀਆ ਅਤੇ ਫਰਾਂਸ ਦੇ ਅਰਥਚਾਰੇ ਨੂੰ ਬੁਰੀ ਤਰ੍ਹਾਂ ਤਬਾਹ ਕਰ ਦਿੱਤਾ ਤੇ ਉਹ ਦੀਵਾਲੀਆਪਣ ਦਾ ਸ਼ਿਕਾਰ ਹੋ ਗਿਆ। ਉਨ੍ਹਾਂ ਲਈ ਗ਼ੁਲਾਮ ਮੁਲਕਾਂ 'ਤੇ ਹੁੰਦੇ ਖ਼ਰਚੇ ਚਲਾਉਣੇ ਮੁਸ਼ਕਲ ਹੋ ਗਏ ਤੇ ਨਾਲ ਹੀ ਉਨ੍ਹਾਂ ਦੇਸ਼ਾਂ ਵਿੱਚ ਚੱਲ ਰਹੀਆਂ ਆਜ਼ਾਦੀ ਦੀਆਂ ਲਹਿਰਾਂ ਨੂੰ ਕਾਬੂ ਕਰਨਾ ਕਠਨ ਹੋ ਗਿਆ। ਇਹੋ ਕਾਰਨ ਸੀ ਕਿ ਇੰਗਲੈਂਡ ਨੇ 1946 ਵਿਚ ਜਾਰਡਨ, 1947 ਵਿਚ ਭਾਰਤ ਤੇ ਫਲਸਤੀਨ, 1948 ਵਿਚ ਸ੍ਰੀ ਲੰਕਾ ਤੇ ਮਾਇਨਾਮਾਰ ਅਤੇ 1952 ਵਿਚ ਮਿਸਰ ਨੂੰ ਆਜ਼ਾਦ ਕੀਤਾ। ਇਨ੍ਹਾਂ ਕਾਰਨਾਂ ਕਰਕੇ ਹੀ ਫਰਾਂਸ ਨੂੰ 1949 ਵਿਚ ਲਾਉਸ, 1953 ਵਿਚ ਕੰਬੋਡੀਆ ਅਤੇ 1954 ਵਿਚ ਵੀਅਤਨਾਮ ਛੱਡਣਾ ਪਿਆ। ਦੂਜੇ ਵਿਸ਼ਵ ਯੁੱਧ ਨੇ ਆਜ਼ਾਦੀ ਲਹਿਰ ਨੂੰ ਪ੍ਰਚੰਡ ਕੀਤਾ। ਜੇ ਦੂਜਾ ਵਿਸ਼ਵ ਯੁੱਧ ਨਾ ਲੱਗਦਾ ਤਾਂ ਭਾਰਤ ਨੂੰ ਆਜ਼ਾਦ ਹੁੰਦਿਆਂ 30 ਸਾਲ ਤੋਂ ਵੱਧ ਹੋਰ ਸਮਾਂ ਲੱਗਣਾ ਸੀ। ਚਰਚਿਲ ਵੱਲੋਂ 1942 ਵਿਚ ਕਰਿਪਸ ਮਿਸ਼ਨ ਦੀ ਜੋ ਭਾਰਤ ਵਿਚ ਚਰਚਾ ਹੁੰਦੀ ਹੈ, ਉਹ ਸਮਾਂ ਟਪਾਉਣ ਲਈ ਅਤੇ ਭਾਰਤ ਵਿਚ ਬਰਤਾਨੀਆ ਵਿਰੁੱਧ ਉੱਠ ਰਹੀਆਂ ਭਾਵਨਾਵਾਂ ਨੂੰ ਠੰਡਾ ਕਰਨ ਲਈ ਸੀ।

ਬਰਤਾਨਵੀ ਇਤਿਹਾਸਕਾਰ ਪੀ.ਜੇ. ਕੈਨ ਅਤੇ ਏ.ਜੀ. ਹੌਪਕਿਨਜ਼ ਨੇ ਭਾਰਤ ਵਿਚ ਬਰਤਾਨੀਆ ਬਾਰੇ ਬੇਭਰੋਸਗੀ ਦੀ ਅਵਸਥਾ ਨੂੰ ਬਿਆਨ ਕਰਦੇ ਹੋਏ ਲਿਖਿਆ ਹੈ ਕਿ 1939 ਤੋਂ ਪਿਛੋਂ ਆਈ.ਸੀ.ਐਸ. ਅਫਸਰਾਂ ਵਿਚ ਬਹੁ-ਗਿਣਤੀ ਭਾਰਤੀਆਂ ਦੀ ਹੋ ਗਈ ਸੀ ਤੇ ਉਨ੍ਹਾਂ ਪਾਸ ਹਕੂਮਤ ਚਲਾਉਣ ਲਈ ਬਰਤਾਨੀਆ ਮੂਲ ਦੇ ਵਿਅਕਤੀ ਬਹੁਤ ਥੋੜ੍ਹੇ ਰਹਿ ਗਏ ਸਨ। 1945 ਵਿਚ ਨਵੇਂ ਵਾਇਸਰਾਏ ਵੇਵਲ ਨੇ ਬਰਤਾਨਵੀ ਸਰਕਾਰ

ਦੀਆਂ ਕਮਜ਼ੋਰੀਆਂ ਬਾਰੇ ਲਿਖਿਆ ਕਿ ਸ਼ਹਿਰ ਹੁਣ ਵਿਰੋਧੀ ਦੇ ਕਬਜ਼ੇ ਵਿਚ ਹਨ ਤੇ ਪਿੰਡ ਵੀ ਕੰਟਰੋਲ ਤੋਂ ਬਾਹਰ ਹਨ। ਭਾਰਤੀ ਫੌਜ ਵਿਚ ਅੰਗਰੇਜ਼ਾਂ ਪ੍ਰਤੀ ਬੇ-ਭਰੋਸਗੀ ਵੱਧ ਗਈ ਹੈ । 1946 ਵਿਚ ਸਮੁੰਦਰੀ ਫੌਜ ਵਿਚ ਬਗ਼ਾਵਤ ਹੋ ਗਈ। ਇਹ ਵੇਵਲ ਸੀ ਜਿਸ ਨੇ ਲੰਡਨ ਨੂੰ ਲਿਖਿਆ ਕਿ ਭਾਰਤ ਹੁਣ ਕੰਟਰੋਲ ਵਿਚ ਨਹੀਂ ਰਿਹਾ।

ਜੇ ਦੂਜਾ ਵਿਸ਼ਵ ਯੁੱਧ ਨਾ ਹੁੰਦਾ ਤਾਂ ਮਹਾਤਮਾ ਗਾਂਧੀ ਦੀ ਲਹਿਰ ਹੌਲੀ ਹੌਲੀ ਮੱਠੀ ਪੈ ਜਾਣੀ ਸੀ। 1927 ਦੇ ਕਾਂਗਰਸ ਸੈਸ਼ਨ ਵਿਚ ਪੰਡਿਤ ਜਵਾਹਰ ਲਾਲ ਨਹਿਰੂ ਤੇ ਸੁਭਾਸ਼ ਚੰਦਰ ਬੋਸ 'ਮੁਕੰਮਲ ਆਜ਼ਾਦੀ' ਦਾ ਮਤਾ ਪਾਸ ਕਰਾਉਣ ਵਿਚ ਸਫ਼ਲ ਹੋ ਗਏ ਸਨ ਪਰ ਗਾਂਧੀ ਨਾਰਾਜ਼ ਹੋ ਗਏ। ਇਸ ਨਰਾਜ਼ਗੀ ਨੂੰ ਧਿਆਨ ਵਿਚ ਰੱਖਦੇ ਹੋਏ 1928 ਦੇ ਕਲਕਤਾ ਕਾਂਗਰਸ ਸੈਸ਼ਨ ਵਿਚ ਸੋਧ ਕਰਕੇ ਭਾਰਤ ਨੂੰ ਬਰਤਾਨੀਆ ਅਧੀਨ ਡੋਮੀਅਨ ਦਾ ਦਰਜਾ ਦੇਣ ਦੀ ਮੰਗ ਕੀਤੀ ਗਈ।

ਸੁਭਾਸ਼ ਚੰਦਰ ਬੋਸ ਜੋ ਕਿ ਆਈ.ਸੀ.ਐਸ. ਪਰੀਖਿਆ ਵਿਚ ਚੌਥੇ ਸਥਾਨ 'ਤੇ ਆਏ ਸਨ, 1921 ਵਿੱਚ ਮਹਾਤਮਾ ਗਾਂਧੀ ਨੂੰ ਪਹਿਲੀ ਵਾਰ ਮਿਲੇ ਤੇ ਉਨ੍ਹਾਂ ਨੇ ਗਾਂਧੀ ਜੀ ਨੂੰ ਪ੍ਰਸ਼ਨ ਪੁੱਛੇ। ਬੋਸ ਅਨੁਸਾਰ ਗਾਂਧੀ ਨੇ ਪਹਿਲੇ ਸੁਆਲ ਦਾ ਉੱਤਰ ਤਾਂ ਤਸੱਲੀ ਬਖ਼ਸ਼ ਦਿੱਤਾ ਪਰ ਦੂਜੇ ਪ੍ਰਸ਼ਨ ਦਾ ਉੱਤਰ ਤਸੱਲੀ ਬਖਸ਼ ਨਹੀਂ ਸੀ ਤੇ ਤੀਜੇ ਦਾ ਵੀ ਦੂਜੇ ਵਰਗਾ ਸੀ। ਬੋਸ ਅਨੁਸਾਰ ਮਹਾਤਮਾ ਗਾਂਧੀ ਪਾਸ ਕੋਈ ਸਪਸ਼ਟ ਪੜਾਅਵਾਰ ਯੋਜਨਾ ਨਹੀਂ ਸੀ, ਜਿਸ ਅਨੁਸਾਰ ਭਾਰਤ ਆਜ਼ਾਦੀ ਪ੍ਰਾਪਤ ਕਰਨ ਵਿਚ ਸਫ਼ਲ ਹੋ ਸਕੇ। ਬੋਸ ਨੂੰ 1938 ਵਿਚ ਕਾਂਗਰਸ ਪਾਰਟੀ ਦਾ ਪ੍ਰਧਾਨ ਚੁਣਿਆ ਗਿਆ। ਉਸ ਨੇ ਬਰਤਾਨੀਆ ਨੂੰ 6 ਮਹੀਨੇ ਦਾ ਨੋਟਿਸ ਦੇ ਕੇ ਆਉਂਦੇ ਸਾਲ ਨਾ-ਮਿਲਵਰਤਣ ਲਹਿਰ ਸ਼ੁਰੂ ਕਰਨ ਦੀ ਯੋਜਨਾ ਬਣਾਈ। ਇਸ ਯੋਜਨਾ ਨੂੰ ਲਾਗੂ ਕਰਨ ਲਈ ਬੋਸ ਨੇ ਮੁੜ ਪਰਧਾਨਗੀ ਦੀ ਚੋਣ ਲੜਨ ਦਾ ਮਨ ਬਣਾਇਆ। ਕਾਂਗਰਸ ਦੇ ਸੰਵਿਧਾਨ ਅਨੁਸਾਰ ਉਹ ਦੂਜੀ ਵਾਰ ਲਗਾਤਾਰ ਪ੍ਰਧਾਨ ਬਣ ਸਕਦੇ ਸਨ। ਪੰਡਿਤ ਜਵਾਹਰ ਲਾਲ ਨਹਿਰੂ ਦੀ ਉਦਾਹਰਨ ਉਨ੍ਹਾਂ ਸਾਹਮਣੇ ਸੀ। ਪਰ ਮਹਾਤਮਾ ਗਾਂਧੀ ਨਹੀਂ ਸੀ ਚਾਹੁੰਦੇ ਕਿ ਬੋਸ ਦੂਜੀ ਵਾਰੀ ਪ੍ਰਧਾਨ ਬਣੇ। ਗਾਂਧੀ ਨੇ ਸੀਤਾ ਰਮੱਈਆ ਨੂੰ ਜਤਾਉਣ ਲਈ ਪੂਰਾ ਤਾਣ ਲਾਇਆ ਪਰ ਬੋਸ ਚੋਣ ਜਿੱਤ ਗਏ। ਮਹਾਤਮਾ ਗਾਂਧੀ ਨੇ ਜਨਤਕ ਤੌਰ 'ਤੇ ਇਸ ਹਾਰ ਨੂੰ ਆਪਣੀ ਹਾਰ ਕਿਹਾ ਤੇ ਹੋਣ ਵਾਲੀ ਕਾਰਜਕਾਰਨੀ ਕਮੇਟੀ ਮੀਟਿੰਗ ਵਿਚ ਮਹਾਤਮਾ ਗਾਂਧੀ ਨੇ ਆਪਣੇ ਹਮਾਇਤੀਆਂ ਨੂੰ ਬੋਸ ਨੂੰ ਪ੍ਰਧਾਨਗੀ ਤੋਂ ਹਟਾਉਣ ਲਈ ਅਜਿਹਾ ਪਾਠ ਪੜ੍ਹਾਇਆ ਕਿ ਬੋਸ ਨੇ ਉਸ ਮੀਟਿੰਗ ਵਿਚ ਪ੍ਰਧਾਨਗੀ ਤੋਂ ਅਸਤੀਫਾ ਦੇ ਦਿੱਤਾ। ਇਸ ਕਾਰਵਾਈ 'ਤੇ ਆਪਣੇ ਵਿਚਾਰ ਕਰਦਿਆਂ ਉਸ ਸਮੇਂ ਦੇ ਪ੍ਰਸਿੱਧ ਦੇਸ਼ ਭਗਤ ਅਰਬਿੰਦੋ ਘੋਸ਼ ਨੇ ਕਿਹਾ ਕਿ ਕਾਂਗਰਸ ਪਾਰਟੀ ਹੁਣ ਫਾਸ਼ਿਸ਼ਟ ਪਾਰਟੀ ਬਣ ਗਈ ਹੈ ਤੇ ਗਾਂਧੀ ਸਟਾਲਿਨ ਵਾਂਗ ਤਾਨਾਸ਼ਾਹ (ਡਿਕਟੇਟਰ) ਹੈ। ਜਿਵੇਂ ਸਟਾਲਿਨ ਦੀ ਕੋਈ ਵਿਰੋਧਤਾ ਨਹੀਂ ਸੀ ਕਰਦਾ, ਉਸੇ ਤਰ੍ਹਾਂ ਮਹਾਤਮਾ ਗਾਂਧੀ ਦੀ ਕੋਈ ਵੀ ਵਿਰੋਧਤਾ ਨਹੀਂ ਸੀ ਕਰ ਸਕਦਾ।

ਕਾਂਗਰਸ ਪਾਰਟੀ ਤੇ ਮਹਾਤਮਾ ਗਾਂਧੀ ਨੇ 1942 ਵਿਚ 'ਭਾਰਤ ਛੋਡੋ ਅੰਦੋਲਨ' ਸ਼ੁਰੂ ਕੀਤਾ, ਜਿਸ ਦੀ ਤਜ਼ਵੀਜ ਸੁਭਾਸ਼ ਚੰਦਰ ਬੋਸ ਨੇ 1938 ਵਿਚ ਰਖੀ ਸੀ।

ਬਰਤਾਨੀਆ ਸਰਕਾਰ ਨੇ ਚੋਟੀ ਦੇ ਸਾਰੇ ਆਗੂ ਫੜ ਲਏ ਤੇ ਕੁਝ ਮਹੀਨਿਆਂ ਵਿਚ ਇਸ ਲਹਿਰ ਦਾ ਭੋਗ ਪੈ ਗਿਆ।

ਭਾਵੇਂ ਬੋਸ ਦੀ ਇੰਡੀਅਨ ਨੈਸ਼ਨਲ ਆਰਮੀ (ਆਈ.ਐਨ.ਏ.) ਜਾਪਾਨ ਨਾਲ ਰਲ ਕੇ ਬਰਤਾਨੀਆ ਵਿਰੁਧ ਲੜੀ ਪਰ ਇਹ ਉਦੇਸ਼ ਵਿਚ ਸਫ਼ਲ ਨਾ ਹੋ ਸਕੀ। ਹਾਂ, ਇਸ ਦਾ ਆਉਣ ਵਾਲੇ ਸਮੇਂ 'ਤੇ ਬਹੁਤ ਪ੍ਰਭਾਵ ਪਿਆ। ਜਦ ਜਾਪਾਨ ਨੇ ਹਥਿਆਰ ਸੁੱਟੇ ਤਾਂ ਆਈ.ਐਨ.ਏ. ਦੇ 20000 ਆਦਮੀਆਂ 'ਤੇ ਬਗ਼ਾਵਤ ਦਾ ਮੁਕੱਦਮਾ ਦਰਜ ਕੀਤਾ ਗਿਆ। ਦਿੱਲੀ ਦੇ ਲਾਲ ਕਿਲ੍ਹੇ ਵਿਚ ਖੁੱਲ੍ਹੀ ਅਦਾਲਤ ਵਿਚ ਮੁਕੱਦਮਾ ਚਲਾਉਣ ਦਾ ਫੈਸਲਾ ਹੋਇਆ। ਪਹਿਲੇ ਤਿੰਨ ਅਫਸਰ ਜਿਨ੍ਹਾਂ 'ਤੇ ਇਹ ਮੁਕਦਮਾ ਚਲਾਇਆ ਗਿਆ ਉਨ੍ਹਾਂ ਵਿਚ ਇਕ ਹਿੰਦੂ, ਇਕ ਮੁਸਲਮਾਨ ਤੇ ਇਕ ਸਿੱਖ ਸੀ। ਇਸ ਲਈ ਸਾਰੇ ਧਰਮਾਂ ਦੇ ਲੋਕ ਇਕੱਠੇ ਹੋ ਗਏ। ਮੁਸਲਮ ਲੀਗ ਜੋ ਕਿ ਵੱਖਰੇ ਸੂਬੇ ਦੀ ਮੰਗ ਕਰ ਰਹੀ ਸੀ, ਉਹ ਵੀ ਕਾਂਗਰਸ ਨਾਲ ਆ ਰਲੀ। ਵੈਸੇ ਬੋਸ ਦੀ ਫੌਜ ਵਿਚ ਬਹੁ ਗਿਣਤੀ ਮੁਸਲਮਾਨਾਂ ਦੀ ਸੀ।

21 ਤੇ 23 ਸੰਤਬਰ 1945 ਨੂੰ ਕਲਕੱਤੇ ਬਹੁਤ ਵੱਡਾ ਮੁਜ਼ਾਹਰਾ ਹੋਇਆ ਜਿਸ ਵਿਚ ਕਾਂਗਰਸ ਪਾਰਟੀ, ਕਮਿਊਨਿਸਟ ਪਾਰਟੀ ਤੇ ਮੁਸਲਮ ਲੀਗ ਇਕੱਠੇ ਸਨ। ਪੁਲੀਸ ਨੇ 200 ਵਿਅਕਤੀਆਂ ਉਪਰ ਗੋਲੀ ਚਲਾ ਦਿੱਤੀ, ਜਿਸ ਨਾਲ 33 ਵਿਅਕਤੀ ਮਾਰੇ ਗਏ। ਬਰਤਾਨੀਆ ਨੇ ਫਿਰ ਫੈਸਲਾ ਕੀਤਾ ਕਿ ਆਈ.ਐਨ.ਏ. ਦੇ ਉਨ੍ਹਾਂ ਵਿਅਕਤੀਆਂ ਉਪਰ ਹੀ ਮੁਕਦਮਾ ਚਲਾਇਆ ਜਾਵੇ ਜਿਨ੍ਹਾਂ ਨੇ ਕਤਲ ਕੀਤੇ ਹਨ ਜਾਂ ਕੋਈ ਜ਼ਾਲਮਾਨਾ ਕਾਰਵਾਈ ਕੀਤੀ ਹੈ। ਜਦ ਫ਼ਰਵਰੀ 1946 ਵਿਚ ਆਈ.ਐਨ.ਏ. ਦੇ ਇਕ ਮੁਸਲਮਾਨ ਅਬਦੁਲ ਰਸ਼ੀਦ ਖਾਨ ਨੂੰ 7 ਸਾਲ ਕੈਦ ਹੋਈ ਤਾਂ ਕਲਕਤੇ ਵਿਚ ਮੁਸਲਮ ਲੀਗ ਦੇ ਵਿਦਿਆਰਥੀਆਂ ਨੇ ਮੁਜ਼ਾਹਰੇ ਸ਼ੁਰੂ ਕਰ ਦਿੱਤੇ। ਉਨ੍ਹਾਂ ਨਾਲ ਕਾਂਗਰਸ ਅਤੇ ਕਮਿਊਨਿਸਟ ਪਾਰਟੀ ਦੇ ਵਿਦਿਆਰਥੀ ਵੀ ਆ ਰਲੇ। ਇਨ੍ਹਾਂ 'ਤੇ ਕਾਬੂ ਪਾਉਣ ਲਈ ਪੁਲੀਸ ਦੇ ਨਾਲ ਫੌਜ ਬੁਲਾਈ ਗਈ। ਕੋਈ 400 ਵਿਅਕਤੀਆਂ ਉੱਪਰ ਗੋਲੀਆਂ ਚਲਾਈਆਂ ਗਈਆਂ। ਇਨ੍ਹਾਂ ਵਿਚੋਂ 100 ਵਿਅਕਤੀ ਮਾਰੇ ਗਏ। ਰਾਇਲ ਇੰਡੀਅਨ ਨੇਵੀ ਵਿਚ ਫਿਰਕੂ ਵਿਤਕਰਾ ਬਹੁਤ ਸੀ। ਖਾਨ ਦੇ ਮੁਕਦਮੇ ਨੇ ਇਸ ਵਿਚ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ। ਸਿੱਟੇ ਵਜੋਂ 80 ਸਮੁੰਦਰੀ ਜਹਾਜ਼ਾਂ ਅਤੇ ਧਰਤੀ 'ਤੇ 20 ਸਥਾਨਾਂ ਉੱਪਰ ਬਗਾਵਤ ਹੋ ਗਈ। ਇਨ੍ਹਾਂ ਘਟਨਾਵਾਂ ਨੇ ਭਾਰਤ ਨੂੰ ਆਜ਼ਾਦ ਕਰਾਉਣ ਵਿਚ ਗਾਂਧੀ ਨਾਲੋਂ ਜ਼ਿਆਦਾ ਯੋਗਦਾਨ ਪਾਇਆ।

ਭਾਰਤੀ ਇਤਿਹਾਸਕਾਰ ਰਮੇਸ਼ ਚੰਦਰ ਮਜੂਮਦਾਰ ਨੇ ਠੀਕ ਹੀ ਲਿਖਿਆ ਹੈ ਕਿ ਨਾ-ਮਿਲਵਰਤਣ ਲਹਿਰ ਦਾ ਆਜ਼ਾਦੀ ਦਿਵਾਉਣ ਵਿਚ ਕੋਈ ਯੋਗਦਾਨ ਨਹੀਂ ਸੀ ਕਿਉਂਕਿ ਇਹ ਲਹਿਰ ਆਜ਼ਾਦੀ ਮਿਲਣ ਤੋਂ 14 ਸਾਲ ਪਹਿਲਾਂ ਸਮਾਪਤ ਹੋ ਗਈ ਸੀ। ਉਨ੍ਹਾਂ ਅਨੁਸਾਰ ਪਹਿਲੇ ਵਿਸ਼ਵ ਯੁੱਧ ਸਮੇਂ ਇਨਕਲਾਬੀਆਂ (ਗਦਰ ਪਾਰਟੀ) ਨੇ ਜਰਮਨ ਦੀ ਸਹਾਇਤਾ ਨਾਲ ਹਥਿਆਰ ਬੰਦ ਸੰਘਰਸ਼ ਰਾਹੀਂ ਬਰਤਾਨੀਆ ਦੀ ਹਕੂਮਤ ਦਾ ਤਖ਼ਤਾ ਪਲਟਾਉਣ ਦਾ ਯਤਨ ਕੀਤਾ, ਪਰ ਉਹ ਸਫ਼ਲ ਨਾ ਹੋ ਸਕੇ। ਦੂਜੇ ਵਿਸ਼ਵ ਯੁੱਧ ਸਮੇਂ ਜਾਪਾਨ, ਜਰਮਨ ਅਤੇ ਆਈ.ਐਨ.ਏ. ਦੇ ਸਾਂਝੇ ਸੰਘਰਸ਼ਾਂ ਕਰਕੇ ਬਰਤਾਨੀਆ

ਨੂੰ ਚਾਨਣ ਹੋ ਗਿਆ ਕਿ ਬਹੁਤੇ ਭਾਰਤੀ ਫੌਜੀ ਸਾਡੇ ਹੁਣ ਵਫਾਦਾਰ ਨਹੀਂ ਰਹੇ, ਇਸ ਲਈ ਸਾਡੇ ਲਈ ਹੁਣ ਰਾਜ ਕਰਨਾ ਸੰਭਵ ਨਹੀਂ। ਬਰਤਾਨਵੀ ਪ੍ਰਧਾਨ ਮੰਤਰੀ ਕਲੀਮੈਂਟ ਐਟਲੀ ਜਿਸ ਨੇ ਭਾਰਤ ਨੂੰ ਆਜ਼ਾਦੀ ਦਿੱਤੀ, ਦਾ ਕਹਿਣਾ ਸੀ ਕਿ ਗਾਂਧੀ ਦੀ ਅਹਿੰਸਾ ਲਹਿਰ ਦਾ ਬਰਤਾਨੀਆ ਸਰਕਾਰ ਉੱਪਰ ਸਿਫ਼ਰ (ਜ਼ੀਰੋ) ਪ੍ਰਭਾਵ ਸੀ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਗਾਂਧੀ ਨੇ ਨਹੀਂ, ਇਨਕਲਾਬੀ ਲਹਿਰਾਂ ਤੇ ਹਿਟਲਰ ਨੇ ਦੁਆਈ ਸੀ ਭਾਰਤ ਨੂੰ ਆਜ਼ਾਦੀ।

*17 ਅਕਤੂਬਰ 2015*

# ਆਜ਼ਾਦੀ ਦੇ ਇਤਿਹਾਸ ਵਿੱਚ ਅਣਗੌਲੇ ਨੇ ਹਥਿਆਰਬੰਦ ਯੋਧੇ

ਅਕਸਰ ਇਹ ਆਖਿਆ ਜਾਂਦਾ ਹੈ ਕਿ ਮਹਾਤਮਾ ਗਾਂਧੀ ਨੇ ਖ਼ੂਨ ਦਾ ਇਕ ਵੀ ਕਤਰਾ ਵਹਾਏ ਤੋਂ ਬਿਨਾਂ ਹੀ ਅਜ਼ਾਦੀ ਲੈ ਦਿੱਤੀ। ਸੋਹਣ ਸਿੰਘ ਪੂੰਨੀ ਨੇ ਆਪਣੀ ਪੁਸਤਕ, 'ਕਨੇਡਾ ਦੇ ਗਦਰੀ ਯੋਧੇ', ਜੋ ਕਿ ਸਿੰਘ ਬ੍ਰਦਰਜ਼, ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ ਹੈ ਦੇ ਮੁੱਖ ਬੰਦ ਵਿਚ ਇਸ ਨੂੰ ਹਿੰਦੁਸਤਾਨ ਦੀ ਆਜ਼ਾਦੀ ਲਈ ਜਾਨਾਂ ਵਾਰਨ ਵਾਲੇ ਹਜ਼ਾਰਾਂ ਸ਼ਹੀਦਾਂ ਨਾਲ ਧਰੋਹ ਕਰਾਰ ਦੇਂਦੇ ਹੋਏ, ਇਸ ਨੂੰ ਆਜ਼ਾਦੀ ਲਈ ਡੁੱਲ੍ਹੇ ਉਸ ਪਵਿੱਤਰ ਖ਼ੂਨ ਦੀ ਤੌਹੀਨ ਕਿਹਾ ਹੈ ਤੇ ਭਾਰਤ ਦੀ ਆਜ਼ਾਦੀ ਦਾ ਇਤਿਹਾਸ ਮੁੜ ਲਿਖਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ ਕਿਉਂਕਿ ਭਾਰਤੀ ਹੁਕਮਰਾਨਾਂ ਵੱਲੋਂ ਲਿਖਵਾਏ ਆਜ਼ਾਦੀ ਦੇ ਇਸ ਇਤਿਹਾਸ ਵਿੱਚ ਦੇਸ਼ ਦੀ ਆਜ਼ਾਦੀ ਲਈ ਹਥਿਆਰਬੰਦ ਸੰਘਰਸ਼ ਕਰਨ ਵਾਲੇ ਯੋਧਿਆਂ ਨੂੰ ਕੋਈ ਥਾਂ ਨਹੀਂ ਦਿੱਤੀ ਗਈ ।

ਪੂੰਨੀ ਅਨੁਸਾਰ ਹਿੰਦੁਸਤਾਨ ਦੀ ਆਜ਼ਾਦੀ ਲਈ ਦੋ ਵਿਚਾਰਾਂ ਦੇ ਲੋਕ ਸੰਘਰਸ਼ ਕਰ ਰਹੇ ਸਨ। ਇਕ ਉਹ ਜੋ ਸੋਚਦੇ ਸਨ ਕਿ ਆਜ਼ਾਦੀ ਸ਼ਾਂਤਮਈ ਤਰੀਕਿਆਂ ਨਾਲ ਮਿਲ ਸਕਦੀ ਹੈ ਤੇ ਦੂਸਰੇ ਉਹ ਜਿਨ੍ਹਾਂ ਦਾ ਯਕੀਨ ਸੀ ਕਿ ਅਸਲ ਆਜ਼ਾਦੀ ਹਥਿਆਰਬੰਦ ਸੰਘਰਸ਼ ਰਾਹੀਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਆਜ਼ਾਦੀ ਦੇ ਇਸ ਸੰਘਰਸ਼ ਵਿਚ ਦੋਨਾਂ ਦੀ ਆਪੋ-ਆਪਣੀ ਥਾਂ ਹੈ। ਦੇਸ਼ ਦੀ ਆਜ਼ਾਦੀ ਲਈ ਹਥਿਆਰਬੰਦ ਸੰਘਰਸ਼ ਕਰਦਿਆਂ ਬੇਗਿਣਤ ਯੋਧੇ ਫਾਂਸੀ ਚੜ੍ਹੇ, ਗੋਲੀਆਂ ਨਾਲ ਮਾਰੇ ਗਏ ਜਾਂ ਉਮਰ ਭਰ ਲਈ ਜੇਲ੍ਹੀਂ ਡੱਕੇ ਗਏ। ਚਾਹੀਦਾ ਤਾਂ ਇਹ ਸੀ ਕਿ ਇਨ੍ਹਾਂ ਸੰਗਰਾਮੀਆਂ ਦੇ ਬੁੱਤ ਆਜ਼ਾਦ ਭਾਰਤ ਦੀਆਂ ਸੜਕਾਂ 'ਤੇ ਚੌਰਾਹਿਆਂ ਵਿੱਚ ਲਾਏ ਜਾਂਦੇ ਤਾਂ ਜੋ ਦੇਸ਼ ਦੀ ਨਵੀਂ ਪੀੜ੍ਹੀ, ਇਨ੍ਹਾਂ ਯੋਧਿਆਂ ਤੋਂ ਪ੍ਰੇਰਨਾ ਲੈ ਕੇ ਭ੍ਰਿਸ਼ਟਾਚਾਰ, ਸਮਾਜਕ ਤੇ ਆਰਥਕ ਨਾਬਰਾਬਰੀ ਤੇ ਬੇਇਨਸਾਫੀ ਵਰਗੀਆਂ ਬੁਰਾਈਆਂ ਦੇ ਖਿਲਾਫ ਸੰਘਰਸ਼ ਕਰਦੀ। ਪਰ ਰਾਜ ਸੱਤਾ 'ਤੇ ਕਾਬਜ਼ ਭਾਰਤੀ ਹੁਕਮਰਾਨਾਂ ਨੇ ਅਜਿਹਾ ਨਹੀਂ ਕੀਤਾ।

ਯੂਰਪੀਨ ਦੇਸ਼ਾਂ ਦੇ ਲੰਡਨ, ਰੋਮ ਅਤੇ ਪੈਰਿਸ ਵਰਗੇ ਸ਼ਹਿਰਾਂ 'ਚ ਉਨ੍ਹਾਂ ਦੇਸ਼ਾਂ ਦੇ ਨਾਇਕਾਂ ਅਤੇ ਨਾਇਕਾਵਾਂ ਦੇ ਬੁੱਤ ਲੱਗੇ ਹੋਏ ਹਨ। ਹੱਥ 'ਚ ਤਲਵਾਰ ਫੜ ਕੇ ਘੋੜਿਆਂ 'ਤੇ ਚੜ੍ਹੇ ਹੋਏ ਇਨ੍ਹਾਂ ਯੋਧਿਆਂ ਦੇ ਇਹ ਬੁੱਤ ਆਪਣੇ ਲੋਕਾਂ ਨੂੰ ਦੇਸ਼ ਦੀ ਆਜ਼ਾਦੀ ਲਈ ਮਰ-ਮਿਟਣ ਅਤੇ ਜ਼ੁਲਮ ਵਿਰੁੱਧ ਲੜਨ ਦਾ ਸੁਨੇਹਾ ਦਿੰਦੇ ਹਨ। ਅਮਰੀਕਾ ਨੇ ਵੀ ਬਰਤਾਨੀਆ ਤੋਂ ਆਜ਼ਾਦੀ ਹਥਿਆਰਾਂ ਦੇ ਜ਼ੋਰ ਹੀ ਪ੍ਰਾਪਤ ਕੀਤੀ ਸੀ। ਅਮਰੀਕਾ ਦੀ

ਆਜ਼ਾਦੀ ਲਈ ਬਰਤਾਨੀਆਂ ਵਿਰੁੱਧ ਲੜਨ ਵਾਲੇ ਇਨ੍ਹਾਂ ਯੋਧਿਆਂ ਨੂੰ ਅਮਰੀਕਾ ਵਿਚ ਦੇਸ਼ ਭਗਤ ਮੰਨਿਆ ਜਾਂਦਾ ਹੈ ਤੇ ਇਨ੍ਹਾਂ ਦੇ ਦਿਨ ਮਨਾਏ ਜਾਂਦੇ ਹਨ। ਪਰ ਹਿੰਦੁਸਤਾਨ ਦੀ ਆਜ਼ਾਦੀ ਲਈ ਅੰਗਰੇਜ਼ਾਂ ਵਿਰੁੱਧ ਹਥਿਆਰ ਚੁੱਕ ਕੇ ਲੜਨ ਵਾਲੇ ਗਦਰੀ ਯੋਧਿਆਂ ਨੂੰ ਆਜ਼ਾਦ ਭਾਰਤ ਦੇ ਹੁਕਮਰਾਨ ਸਿਰ-ਫਿਰੇ ਦੱਸਦੇ ਹਨ।

ਗਦਰੀਆਂ ਦੀ ਕੁਰਬਾਨੀ, ਬਹਾਦਰੀ, ਦਲੇਰੀ, ਉੱਦਮ ਤੇ ਤਿਆਗ ਬੇਮਿਸਾਲ ਸਨ। ਇਹ ਯੋਧੇ ਬਹਾਦਰੀ, ਕੁਰਬਾਨੀ, ਦਲੇਰੀ ਤੇ ਤਿਆਗ ਵਿੱਚ ਹੀ ਨਹੀਂ, ਸਗੋਂ ਵਿਚਾਰਾਂ ਦੇ ਮਾਮਲੇ ਵਿੱਚ ਵੀ ਗਾਂਧੀ ਜੀ ਦੀ ਅਗਵਾਈ ਥੱਲੇ ਚੱਲ ਰਹੀ ਲਹਿਰ ਨਾਲੋਂ ਅੱਡਰੇ ਸਨ। ਇਨ੍ਹਾਂ ਦੀ ਕੌਮ-ਪ੍ਰਸਤੀ ਬੇਬਾਕ ਤੇ ਸ਼ੁੱਧ ਸੀ। ਇਹ ਬਰਤਾਨਵੀ ਸਾਮਰਾਜ ਦਾ ਬੋਰੀਆ ਬਿਸਤਰਾ ਗੋਲ ਕਰਨਾ ਚਾਹੁੰਦੇ ਸਨ ਅਤੇ ਉਸ ਨਾਲ ਕੋਈ ਸਮਝੌਤਾ ਕਰਨ ਦੇ ਵਿਰੁੱਧ ਸਨ। ਇਹ ਰਾਜੇ-ਰਜਵਾੜਿਆਂ ਤੇ ਟੋਡੀਆਂ ਦੇ ਵਿਰੁੱਧ ਸਨ, ਜ਼ਾਤ-ਪਾਤ ਦਾ ਖ਼ਾਤਮਾ ਚਾਹੁੰਦੇ ਸਨ, ਆਰਥਿਕ ਬਰਾਬਰੀ ਦੀ ਗੱਲ ਕਰਦੇ ਸਨ, ਸ਼ੁੱਧ ਸੈਕੁਲਰਿਜ਼ਮ ਇਨ੍ਹਾਂ ਦੀ ਸੋਚ ਦਾ ਖਾਸ ਅੰਗ ਸੀ। ਇਹ ਸੁਧਾਰਾਂ ਤੇ ਡੈਪੂਟੇਸ਼ਨਾਂ ਦੀ ਸੀਮਾ ਤੋਂ ਜਾਣੂੰ ਸਨ, ਇਸ ਕਰਕੇ ਬਰਤਾਨਵੀ ਸਾਮਰਾਜ ਦੇ ਕਰਾਰੀ ਚੋਟ ਮਾਰਨ ਲਈ ਤਤਪਰ ਹੋ ਉੱਠੇ ਸਨ।

ਸੁਆਲ ਪੈਦਾ ਹੁੰਦਾ ਹੈ ਕਿ ਕੀ ਸ਼ਾਂਤਮਈ ਅੰਦੋਲਨ ਨਾਲ ਵੀ ਆਜ਼ਾਦੀ ਪ੍ਰਾਪਤ ਕੀਤੀ ਜਾ ਸਕਦੀ ਸੀ ? ਪਰ ਅਜਿਹਾ ਕਿਉਂ ਨਾ ਹੋਇਆ ? ਪੂੰਨੀ ਅਨੁਸਾਰ ਅੰਗਰੇਜ਼ਾਂ ਨੂੰ ਵੀ ਬਿਨਾਂ ਹਥਿਆਰ ਚੁੱਕਿਆਂ ਭਜਾਇਆ ਜਾ ਸਕਦਾ ਸੀ। ਪਰ ਇਸ ਲਈ ਜ਼ਰੂਰੀ ਸੀ ਕਿ ਸਾਰੇ ਦੇ ਸਾਰੇ ਹਿੰਦੁਸਤਾਨੀ ਅੰਗਰੇਜ਼ਾਂ ਦਾ ਮੁਕੰਮਲ ਬਾਈਕਾਟ ਕਰਦੇ, ਜਿਵੇਂ ਕੂਕਿਆਂ ਬਾਬਾ ਰਾਮ ਸਿੰਘ ਦੀ ਅਗਵਾਈ ਵਿਚ ਕੀਤਾ ਸੀ। ਪਰ ਹਿੰਦੁਸਤਾਨ ਦੇ ਬਹੁਤੇ ਲੋਕ ਤਾਂ ਅੰਗਰੇਜ਼ੀ ਫ਼ੌਜ, ਪੁਲਸ ਤੇ ਦੂਸਰਿਆਂ ਮਹਿਕਮਿਆਂ 'ਚ ਨੌਕਰੀਆਂ ਕਰਨ ਲੱਗ ਪਏ ਸਨ। ਉਹ ਹਿੰਦੁਸਤਾਨ ਨੂੰ ਗ਼ੁਲਾਮ ਬਣਾਈ ਰੱਖਣ ਵਾਲੀ ਅੰਗਰੇਜ਼ੀ ਮਸ਼ੀਨ ਦੇ ਪੁਰਜ਼ੇ ਬਣ ਗਏ ਸਨ। ਅਸਲ ਵਿੱਚ ਹਿੰਦੁਸਤਾਨ ਨੂੰ ਗ਼ੁਲਾਮ ਬਣਾਈ ਰੱਖਣ ਵਾਲੀ ਸਾਰੀ ਦੀ ਸਾਰੀ ਮਸ਼ੀਨਰੀ ਸੀ ਹੀ ਹਿੰਦੁਸਤਾਨੀ ਲੋਕਾਂ ਦੀ। ਅੰਗਰੇਜ਼ ਤਾਂ ਉੱਪਰ ਬੈਠੇ ਸਿਰਫ਼ ਬਟਨ ਹੀ ਦਬਾਉਂਦੇ ਸਨ। ਅਜਿਹੀ ਹਾਲਤ ਵਿੱਚ ਜਦੋਂ ਲੋਕਾਂ ਦਾ ਵੱਡਾ ਹਿੱਸਾ ਬਾਹਰੀ ਤਾਕਤ ਦਾ ਸਾਥ ਦੇ ਰਿਹਾ ਹੋਵੇ, ਸ਼ਾਂਤਮਈ ਅੰਦੋਲਨ ਦੁਸ਼ਮਣ ਦਾ ਕੁਝ ਨਹੀਂ ਵਿਗਾੜ ਸਕਦਾ। ਇਸੇ ਕਰਕੇ ਗਾਂਧੀ ਜੀ ਦੇ ਸ਼ਾਂਤਮਈ ਅੰਦੋਲਨ ਨੂੰ ਅੰਗਰੇਜ਼ ਕੁਝ ਨਹੀਂ ਸੀ ਸਮਝਦੇ।

ਇਸ ਸਬੰਧੀ ਪੂੰਨੀ ਨੇ ਗਾਂਧੀ ਜੀ ਦੇ ਸ਼ਾਂਤਮਈ ਅੰਦੋਲਨ ਦੀ ਬੇਵਸੀ ਨੂੰ ਦਰਸਾਉਂਦੀਆਂ ਦੋ ਮਿਸਾਲਾਂ ਦਿੱਤੀਆਂ ਹਨ। ਪਹਿਲੀ ਗਾਂਧੀ ਜੀ ਦੇ 1930 'ਚ ਸ਼ੁਰੂ ਕੀਤੇ ਲੂਣ ਸਤਿਆਗ੍ਰਹਿ ਦੀ ਹੈ। ਸਤਿਆਗ੍ਰਹਿ ਦੀ ਪ੍ਰਵਾਹ ਨਾ ਕਰਦਿਆਂ ਹਿੰਦੁਸਤਾਨ ਦਾ ਵਾਇਸਰਾਏ ਗਾਂਧੀ ਜੀ ਨਾਲ ਗੱਲ ਕਰਨ ਨੂੰ ਵੀ ਤਿਆਰ ਨਹੀਂ ਸੀ। ਉਹ ਬਜ਼ਿੱਦ ਸੀ ਕਿ ਸਤਿਆਗ੍ਰਹਿ ਪੂਰੀ ਤਰ੍ਹਾਂ ਵਾਪਸ ਲੈਣ 'ਤੇ ਹੀ ਕੋਈ ਗੱਲਬਾਤ ਹੋ ਸਕਦੀ ਹੈ। ਇਸ ਮੌਕੇ ਪੰਡਤ ਮੋਤੀ ਲਾਲ ਨਹਿਰੂ ਚੁਸਤੀ ਵਰਤਦਿਆਂ, ਬੀਮਾਰੀ ਦਾ ਬਹਾਨਾ ਲਾ ਕੇ, ਜੇਲ੍ਹ 'ਚੋਂ ਬਾਹਰ ਆ ਗਿਆ ਸੀ। ਉਸ ਨੇ ਗਣੇਸ਼ ਸ਼ੰਕਰ ਵਿਦਿਆਰਥੀ ਰਾਹੀਂ ਚੰਦਰ ਸ਼ੇਖਰ ਆਜ਼ਾਦ ਨੂੰ ਸੁਨੇਹਾ ਭੇਜਿਆ ਸੀ ਕਿ ਮਹਾਤਮਾ ਗਾਂਧੀ ਦੇ ਹਕੂਮਤ ਅੱਗੇ ਗੋਡੇ

ਟੇਕਣ ਨਾਲ ਆਜ਼ਾਦੀ ਦੀ ਤਹਿਰੀਕ ਉੱਤੇ ਬੜੀ ਭਾਰੀ ਸੱਟ ਵੱਜੇਗੀ। ਕੀ ਕੌਮ ਦੇ ਨੌਜਵਾਨ ਲਹਿਰ ਦੇ ਟੁੱਟ ਜਾਣ ਨੂੰ ਚੁੱਪ ਕੀਤੇ ਤਮਾਸ਼ਬੀਨ ਬਣ ਕੇ ਵੇਖਦੇ ਰਹਿਣਗੇ? ਕੀ ਉਹ ਇਸ ਤਰ੍ਹਾਂ ਦੀ ਆਪਣੀ ਕੌਮ, ਲੋਕਾਂ ਤੇ ਉਨ੍ਹਾਂ ਦੇ ਲੀਡਰਾਂ ਦੀ ਬੇਇਜ਼ਤੀ ਅਤੇ ਬਦਨਾਮੀ ਚੁੱਪ ਕਰ ਕੇ ਵੇਖਦੇ ਤੇ ਜਰਦੇ ਰਹਿਣਗੇ? ਵਾਇਸਰਾਏ ਤਾਂ ਮਹਾਤਮਾ ਗਾਂਧੀ ਤੇ ਦੂਜੇ ਲੀਡਰਾਂ ਨੂੰ ਮਿਲਣ ਤੋਂ ਵੀ ਨਾਂਹ ਕਰ ਰਿਹਾ ਹੈ। ਚੰਦਰ ਸ਼ੇਖਰ ਤੇ ਉਸ ਦੇ ਇਨਕਲਾਬੀ ਸਾਥੀਆਂ ਦੇ ਜਜ਼ਬੇ ਉਭਾਰਨ ਤੇ ਅੱਗ ਲਾਉਣ ਲਈ ਏਨਾ ਹੀ ਕਾਫੀ ਸੀ। ਇਨਕਲਾਬੀਆਂ ਨੇ ਪੰਜਾਬ ਦੇ ਛੇ ਜ਼ਿਲ੍ਹਾ ਹੈੱਡਕੁਆਟਰਾਂ ਉੱਤੇ ਇਕੋ ਸਮੇਂ ਬੰਬ ਸੁੱਟੇ। 23 ਦਸੰਬਰ, 1930 ਨੂੰ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਕਾਨਵੋਕੇਸ਼ਨ ਹਾਲ ਵਿੱਚ ਹਰੀ ਕਿਸ਼ਨ ਨੇ ਪੰਜਾਬ ਦੇ ਗਵਰਨਰ ਨੂੰ ਗੋਲੀ ਮਾਰੀ। ਦੇਸ਼ ਦੇ ਹੋਰ ਵੀ ਬਹੁਤ ਸਾਰੇ ਥਾਈਂ ਖਾੜਕੂ ਕਾਰਵਾਈਆਂ ਹੋਈਆਂ। ਇਨਕਲਾਬੀਆਂ ਦੀਆਂ ਇਨ੍ਹਾਂ ਖਾੜਕੂ ਕਾਰਵਾਈਆਂ ਨੇ ਪਾਸਾ ਹੀ ਪਲਟ ਦਿੱਤਾ ਸੀ। ਉਹ ਵਾਇਸਰਾਏ ਲਾਰਡ ਇਰਵਨ, ਜਿਹੜਾ ਗਾਂਧੀ ਜੀ ਨਾਲ ਗੱਲ ਕਰਨ ਨੂੰ ਵੀ ਤਿਆਰ ਨਹੀਂ ਸੀ, ਸੁਨੇਹੇ ਭੇਜ ਰਿਹਾ ਸੀ। ਪਰ ਇਹ ਸਾਰਾ ਕੁਝ ਗਾਂਧੀ ਜੀ ਦੇ ਸ਼ਾਂਤਮਈ ਸਤਿਆਗ੍ਰਹਿ ਕਰਕੇ ਨਹੀਂ ਸਗੋਂ ਇਨਕਲਾਬੀਆਂ ਦੀਆਂ ਖਾੜਕੂ ਕਾਰਵਾਈਆਂ ਕਰਕੇ ਹੋਇਆ ਸੀ।

ਦੂਜੀ ਮਿਸਾਲ ਉਸ ਨੇ ਗਾਂਧੀ ਜੀ ਦੇ 'ਭਾਰਤ ਛੱਡੋ ਅੰਦੋਲਨ' ਦੀ ਦਿੱਤੀ ਹੈ। ਦੂਜੇ ਸੰਸਾਰ ਯੁੱਧ ਦੌਰਾਨ, ਜਰਮਨੀ ਅਤੇ ਜਾਪਾਨ ਦੀਆਂ ਜਿੱਤਾਂ ਨੂੰ ਵੇਖਦਿਆਂ, ਕਾਂਗਰਸ ਨੇ ਅੰਗਰੇਜ਼ਾਂ ਤੋਂ ਆਜ਼ਾਦੀ ਪ੍ਰਾਪਤ ਕਰਨ ਲਈ 'ਭਾਰਤ ਛੱਡੋ ਅੰਦੋਲਨ' ਸ਼ੁਰੂ ਕੀਤਾ। ਪਰ ਜਰਮਨੀ ਤੇ ਜਾਪਾਨ ਦੀਆਂ ਜਿੱਤਾਂ ਕਾਰਨ ਜਾਨ ਕੁੜਿੱਕੀ ਵਿੱਚ ਫਸੀ ਹੋਣ ਦੇ ਬਾਵਜੂਦ ਅੰਗਰੇਜ਼ ਸਰਕਾਰ ਨੇ ਕਾਂਗਰਸ ਦੀਆਂ ਸਿਆਸੀ ਮੰਗਾਂ ਮੰਨਣ ਲਈ ਭਰੋਸਾ ਤਕ ਦੇਣੋਂ ਨਾਂਹ ਕਰ ਦਿੱਤੀ। ਕਾਂਗਰਸ ਆਪਣੀ ਇੱਜ਼ਤ ਬਚਾਉਣ ਲਈ ਅੰਗਰੇਜ਼ਾਂ ਨਾਲ ਸਮਝੌਤਾ ਕਰਨ ਵਾਸਤੇ ਲੇਲ੍ਹੜੀਆਂ ਕੱਢਦੀ ਫਿਰਦੀ ਸੀ। ਮਜਬੂਰ ਹੋਏ ਗਾਂਧੀ ਜੀ ਨੇ ਆਪਣੇ ਸ਼ਾਂਤਮਈ ਦੇ ਅਸੂਲਾਂ ਨੂੰ ਛਿੱਕੇ ਟੰਗ ਕੇ ਇਹ ਕਹਿ ਦਿੱਤਾ ਸੀ ਕਿ ਜੇ ਅੰਗਰੇਜ਼ ਸਰਕਾਰ ਕਾਂਗਰਸ ਦੀਆਂ ਸ਼ਰਤਾਂ ਮੰਨਣ ਦਾ ਭਰੋਸਾ ਦੇਵੇ ਤਾਂ ਕਾਂਗਰਸ ਬੇਸ਼ਕ ਅੰਗਰੇਜ਼ਾਂ ਨੂੰ ਸੰਸਾਰ ਯੁੱਧ ਵਿੱਚ ਸਹਿਯੋਗ ਦੇ ਦੇਵੇ। ਸੰਸਾਰ ਯੁੱਧ ਵਿੱਚ ਅੰਗਰੇਜ਼ਾਂ ਦੀ ਮਦਦ ਕਰਨ ਲਈ ਗਾਂਧੀ ਜੀ ਦੇ ਸਹਿਮਤ ਹੋ ਜਾਣ ਨਾਲੋਂ 'ਸ਼ਾਂਤਮਈ ਅੰਦੋਲਨ' ਦੀ ਬੇਵਸੀ ਦਾ ਹੋਰ ਕਿਹੜਾ ਵੱਡਾ ਸਬੂਤ ਹੋ ਸਕਦਾ ਸੀ? ਕਾਂਗਰਸ ਦੇ ਸ਼ਾਂਤਮਈ ਅੰਦੋਲਨ ਦੀ ਇਸ ਬੇਵਸੀ ਦਾ ਨਤੀਜਾ ਸੀ ਕਿ ਜੈ ਪ੍ਰਕਾਸ਼ ਨਰਾਇਣ ਨੇ 1942 'ਚ ਖਾੜਕੂ ਲਹਿਰ ਚਲਾਈ। ਉੱਘਾ ਗਾਂਧੀਵਾਦੀ ਪਟਾਭੀ ਸੀਤਾਰਮੱਈਆ ਵੀ ਸ਼ਾਂਤਮਈ ਅੰਦੋਲਨ ਦੀ ਇਸ ਬੇਵਸੀ ਕਾਰਨ ਜੈ ਪ੍ਰਕਾਸ਼ ਨਰਾਇਣ ਦੀ ਖਾੜਕੂ ਲਹਿਰ ਦੇ ਨੇੜੇ ਚਲਾ ਗਿਆ ਸੀ। ਦੂਜੇ ਪਾਸੇ, ਕਾਂਗਰਸ ਦੇ ਸ਼ਾਂਤਮਈ ਅੰਦੋਲਨ ਦੀ ਹਾਰ ਦੇ ਉਲਟ, 1946 'ਚ ਹੋਈ ਨੇਵੀ ਦੀ ਹੜਤਾਲ ਦੇ ਯਕਦਮ ਪਿੱਛੋਂ, ਦੂਜੇ ਸੰਸਾਰ ਯੁੱਧ ਵਿਚ ਜੇਤੂ ਰਹਿਣ ਦੇ ਬਾਵਜੂਦ ਅੰਗਰੇਜ਼ ਸਾਮਰਾਜੀਆਂ ਨੇ ਹਿੰਦੁਸਤਾਨੀਆਂ ਨੂੰ ਆਜ਼ਾਦ ਕਰਨ ਦਾ ਐਲਾਨ ਕਰ ਦਿੱਤਾ ਸੀ।

ਅੰਗਰੇਜ਼ਾਂ ਦੇ ਹਿੰਦੁਸਤਾਨ ਨੂੰ ਛੱਡ ਜਾਣ ਦੇ ਨਿਰਣੇ ਪਿੱਛੇ ਅਸਲ ਕਾਰਨ ਆਜ਼ਾਦ

ਹਿੰਦ ਫ਼ੌਜ ਦੇ ਅਫ਼ਸਰਾਂ 'ਤੇ ਚੱਲੇ ਮੁਕੱਦਮਿਆਂ ਕਾਰਨ ਹਿੰਦੁਸਤਾਨੀ ਫ਼ੌਜਾਂ 'ਚ ਪੈਦਾ ਹੋਈ ਬੇਚੈਨੀ, ਸਮੁੰਦਰੀ ਫ਼ੌਜ ਦਾ ਬਗਾਵਤੀ ਰਵੱਈਆ ਤੇ ਇਸ ਰਵੱਈਏ ਕਾਰਨ ਹਿੰਦੁਸਤਾਨ ਦੀ ਹਵਾਈ ਤੇ ਥਲ ਸੈਨਾ ਦਾ ਬਾਗੀ ਹੋਣ ਦਾ ਖ਼ਤਰਾ ਅਤੇ ਸੰਸਾਰ ਯੁੱਧ ਤੋਂ ਬਾਅਦ ਰੂਸ ਅਤੇ ਅਮਰੀਕਾ ਦੇ ਮੁਕਾਬਲੇ ਬਰਤਾਨੀਆ ਦਾ ਦੂਜੇ ਦਰਜੇ ਦੀ ਤਾਕਤ ਬਣ ਜਾਣਾ ਸੀ। ਜੇ ਸ਼ਾਂਤਮਈ ਅੰਦੋਲਨ ਨਾਲ ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਗੱਲ ਸੱਚੀ ਹੁੰਦੀ ਤਾਂ ਆਜ਼ਾਦੀ ਤੋਂ ਬਾਅਦ ਭਾਰਤ ਦੀ ਕਾਂਗਰਸੀ ਸਰਕਾਰ ਨੂੰ ਕਸ਼ਮੀਰ, ਹੈਦਰਾਬਾਦ, ਜੂਨਾਗੜ੍ਹ ਤੇ ਗੋਆ ਨੂੰ ਆਜ਼ਾਦੀ ਜਿੱਤਣ ਦੇ ਦਮਗਜੇ ਸੱਚੇ ਹੁੰਦੇ ਤਾਂ ਇਸ ਆਜ਼ਾਦੀ ਦੀ ਸੁਰੱਖਿਆ ਵੀ ਸ਼ਾਂਤਮਈ ਢੰਗਾਂ ਨਾਲ ਕੀਤੀ ਜਾ ਸਕਦੀ ਸੀ ਤੇ ਭਾਰਤ ਸਰਕਾਰ ਨੂੰ ਦੇਸ਼ ਦੀ ਸੁਰੱਖਿਆ ਲਈ ਤੇਰਾਂ ਲੱਖ ਫ਼ੌਜ ਤੇ ਐਟਮ ਬੰਬ ਰੱਖਣ ਦੀ ਲੋੜ ਨਹੀਂ ਸੀ ਪੈਣੀ।

ਦਰਅਸਲ, ਕਾਂਗਰਸ ਦੀ ਸੋਚ ਮਿੰਨਤਾਂ-ਤਰਲਿਆਂ ਰਾਹੀਂ ਅੰਗਰੇਜ਼ ਸਰਕਾਰ ਤੋਂ ਕੁਝ ਰਿਆਇਤਾਂ ਲੈਣ ਤਕ ਹੀ ਸੀਮਤ ਸੀ। ਕਾਂਗਰਸ ਵੱਧ ਤੋਂ ਵੱਧ 'ਡੋਮੀਨੀਅਨ ਸਟੇਟਸ' ਦੀ ਮੰਗ ਕਰਦੀ ਸੀ। ਉਹ ਵੀ ਡਰਦੀ ਡਰਦੀ, ਦੱਬਵੀਂ ਆਵਾਜ਼ ਵਿੱਚ। ਕਾਂਗਰਸ ਨੇ ਸੰਪੂਰਨ ਸੁਤੰਤਰਤਾ ਦਾ ਮਤਾ, ਭਗਤ ਸਿੰਘ ਵਰਗੇ ਗਰਮ ਖਿਆਲੀਆਂ ਦਾ ਅਸਰ ਰਸੂਖ ਵਧਦਾ ਵੇਖ ਕੇ, ਦਸੰਬਰ 1929 ਦੇ ਆਪਣੇ ਲਾਹੌਰ ਸੈਸ਼ਨ 'ਚ ਪਾਸ ਕੀਤਾ ਸੀ। ਉਦੋਂ ਤਕ ਤਾਂ ਦੇਸ਼ ਦੀ ਆਜ਼ਾਦੀ ਲਈ ਹਥਿਆਰ ਚੁੱਕ ਕੇ ਲੜਨ ਵਾਲੇ ਗਦਰੀ ਯੋਧੇ ਉਮਰ ਕੈਦਾਂ ਕੱਟ ਕੇ ਘਰੀਂ ਵੀ ਵਾਪਸ ਪਰਤ ਆਏ ਸਨ।

ਸੁਆਲ ਪੈਦਾ ਹੁੰਦਾ ਹੈ ਕਿ ਅੰਗਰੇਜ਼ਾਂ ਨੇ ਕਾਂਗਰਸ ਨੂੰ ਹਕੂਮਤ ਕਿਉਂ ਸੌਂਪੀਂ ? ਇਸ ਸਬੰਧੀ ਉਨ੍ਹਾਂ ਦਾ ਕਹਿਣਾ ਹੈ ਕਿ ਰਾਜਸੀ ਤਾਕਤ ਅਗਾਂਹਵਧੂ ਸੋਚ ਵਾਲੇ ਇਨਕਲਾਬੀ ਧੜੇ ਦੇ ਹੱਥ ਵਿੱਚ ਆ ਜਾਣ ਨਾਲ ਹੇਠਲੀ ਉੱਤੇ ਆ ਜਾਣੀ ਸੀ ਤੇ ਬਰਤਾਨਵੀ ਸਾਮਰਾਜ ਦੇ ਹਿਤਾਂ ਨੂੰ ਨੁਕਸਾਨ ਪਹੁੰਚਣਾ ਸੀ, ਇਸ ਲਈ ਅੰਗਰੇਜ਼ ਸਰਕਾਰ ਦੀ ਇਹ ਸੋਚੀ ਸਮਝੀ ਚਾਲ ਸੀ ਕਿ ਇਨ੍ਹਾਂ ਇਨਕਲਾਬੀਆਂ ਨੂੰ ਸਿਰ-ਫਿਰੇ ਤੇ ਦਹਿਸ਼ਤਗਰਦ ਦੱਸ ਕੇ ਤਾਕਤ ਦੇ ਜ਼ੋਰ ਕੁਚਲਿਆ ਜਾਵੇ ਤੇ ਸੁਧਾਰਵਾਦੀ ਸੋਚ ਵਾਲੇ ਧੜੇ ਨਾਲ ਸਮਝੌਤਾ ਕਰ ਕੇ, ਕੁਝ ਰਿਆਇਤਾਂ ਦੇ ਕੇ, ਇਸ ਨੂੰ ਇਨਕਲਾਬੀ ਹਿੱਸੇ ਨਾਲੋਂ ਅਲੱਗ ਕੀਤਾ ਜਾਵੇ ਤੇ ਜੇ ਹੋ ਸਕੇ ਤਾਂ ਉਸ ਦੇ ਵਿਰੁੱਧ ਖੜਾ ਕਰ ਦਿਤਾ ਜਾਵੇ। ਕਾਂਗਰਸ ਤਾਂ ਸੀ ਹੀ ਅੰਗਰੇਜ਼ਾਂ ਦੀ ਪੈਦਾਇਸ਼। ਅੰਗਰੇਜ਼ਾਂ ਨੇ ਕਾਂਗਰਸ ਨੂੰ ਪਾਲਿਆ ਹੀ ਇਸ ਕਰਕੇ ਸੀ ਕਿ ਜਦ ਕਦੀ ਉਨ੍ਹਾਂ ਨੂੰ ਹਿੰਦੁਸਤਾਨ ਛੱਡਣਾ ਪਵੇ ਤਾਂ ਰਾਜਸੀ ਤਾਕਤ ਕਾਂਗਰਸ ਨੂੰ ਸੰਭਾਲੀ ਜਾ ਸਕੇ। ਇਸੇ ਲਈ ਹਿੰਦੁਸਤਾਨ ਵਿਚ ਜਿਉਂ ਜਿਉਂ ਇਨਕਲਾਬੀ ਲਹਿਰ ਜ਼ੋਰ ਫੜਦੀ ਗਈ, ਤਿਉਂ ਤਿਉਂ ਅੰਗਰੇਜ਼ ਹੁਕਮਰਾਨ ਕਾਂਗਰਸ ਵੱਲ ਝੁੱਕਦੇ ਗਏ। ਜਦ ਅੰਗਰੇਜ਼ਾਂ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਲਈ ਹਿੰਦੁਸਤਾਨ ਨੂੰ ਕਾਬੂ ਕਰੀ ਰੱਖਣਾ ਮੁਸ਼ਕਲ ਹੈ ਤਾਂ ਉਹ ਹਿੰਦੁਸਤਾਨ ਦੀ ਵਾਗਡੋਰ ਕਾਂਗਰਸੀਆਂ ਨੂੰ ਸੰਭਾਲ ਕੇ ਹਿੰਦੁਸਤਾਨ 'ਚੋਂ ਚਲਦੇ ਬਣੇ। ਜੇ ਆਜ਼ਾਦੀ ਗਦਰੀਆਂ ਦੀ ਰਾਹ 'ਤੇ ਚੱਲ ਕੇ ਹਥਿਆਰਬੰਦ ਸੰਘਰਸ਼ ਰਾਹੀਂ ਲਈ ਹੁੰਦੀ ਤਾਂ ਅੰਗਰੇਜ਼ ਇਸ ਖੇਡ 'ਚੋਂ ਬਾਹਰ ਹੋਣੇ ਸੀ ਤੇ ਉਹ ਆਪਣੀ ਮੰਨ ਮਰਜ਼ੀ ਕਰ ਕੇ ਮੁਲਕ ਦੇ ਟੋਟੇ ਨਹੀਂ ਸੀ ਕਰ ਸਕਦੇ।

ਆਜ਼ਾਦੀ 'ਸਮਝੌਤੇ' ਨਾਲ ਮਿਲੀ ਹੋਣ ਕਰਕੇ ਹਿੰਦੁਸਤਾਨ ਨੂੰ ਗੁਲਾਮ ਬਣਾਈ ਰੱਖਣ 'ਚ ਅੰਗਰੇਜ਼ਾਂ ਦੀ ਮਦਦ ਕਰਨ ਵਾਲੀ ਸਾਰੀ ਦੀ ਸਾਰੀ ਸਟੇਟ ਮਸ਼ੀਨਰੀ ਕਾਂਗਰਸ ਸਰਕਾਰ ਨੇ ਉਸੇ ਤਰ੍ਹਾਂ ਕਾਇਮ ਰੱਖੀ। ਅੰਗਰੇਜ਼ਾਂ ਦੀ ਮਦਦ ਕਰਨ ਵਾਲੇ ਉਹ ਹਿੰਦੁਸਤਾਨੀ ਜਿਹੜੇ ਕਿ ਆਜ਼ਾਦ ਭਾਰਤ ਦੀਆਂ ਜੇਲ੍ਹਾਂ 'ਚ ਬੰਦ ਹੋਣੇ ਚਾਹੀਦੇ ਸਨ, 1947 ਤੋਂ ਬਾਅਦ ਉਹ 'ਦੇਸੀ ਅੰਗਰੇਜ਼ਾਂ' ਦੀ ਸੇਵਾ ਕਰਨ ਲੱਗ ਪਏ। ਗਦਰੀ ਦੇਸ਼ ਭਗਤਾਂ ਨੂੰ ਫੜਾਉਣ ਵਾਲੇ ਟਾਊਟਾਂ ਨੂੰ ਅੰਗਰੇਜ਼ਾਂ ਵੱਲੋਂ ਮਿਲੇ ਮੁਰੱਬਿਆਂ ਉੱਤੇ ਉਨ੍ਹਾਂ ਦੇ ਪੁੱਤ-ਪੋਤੇ ਅੱਜ ਵੀ ਐਸ਼ਾਂ ਕਰ ਰਹੇ ਹਨ। ਪਰ ਅੰਗਰੇਜ਼ ਸਰਕਾਰ ਵੱਲੋਂ ਜ਼ਬਤ ਕੀਤੀਆਂ ਗਦਰੀਆਂ ਦੀਆਂ ਜਾਇਦਾਦਾਂ ਹਾਲੇ ਵੀ ਉਨ੍ਹਾਂ ਦੇ ਵਾਰਸਾਂ ਨੂੰ ਵਾਪਸ ਨਹੀਂ ਮੋੜੀਆਂ ਗਈਆਂ। ਦਫੇਦਾਰ ਲਛਮਣ ਸਿੰਘ ਚੂਸਲੇਵਾੜ ਵਰਗੇ ਉਹ ਫ਼ੌਜੀ, ਜਿਨ੍ਹਾਂ ਨੂੰ ਹਿੰਦੁਸਤਾਨ ਦੀ ਆਜ਼ਾਦੀ ਲਈ ਗਦਰ ਪਾਰਟੀ ਦਾ ਸਾਥ ਦੇਣ ਕਰਕੇ ਫਾਂਸੀ ਚਾੜ੍ਹਿਆ ਗਿਆ ਸੀ, ਆਜ਼ਾਦ ਭਾਰਤ ਦੇ ਇਤਿਹਾਸ ਵਿਚ ਅੱਜ ਵੀ ਗਦਾਰ ਲਿਖੇ ਹੋਏ ਹਨ ਤੇ ਹਿੰਦੁਸਤਾਨ ਨੂੰ ਗੁਲਾਮ ਬਣਾਈ ਰੱਖਣ 'ਚ ਅੰਗਰੇਜ਼ਾਂ ਦੀ ਮਦਦ ਕਰਦਿਆਂ ਮਰੇ ਫ਼ੌਜੀ ਅੱਜ ਵੀ ਸ਼ਹੀਦ ਮੰਨੇ ਜਾਂਦੇ ਹਨ ਤੇ ਸਰਕਾਰੀ ਪੱਧਰ 'ਤੇ ਉਨ੍ਹਾਂ ਦੇ ਦਿਨ ਮਨਾਏ ਜਾਂਦੇ ਹਨ।

ਗ਼ਦਰੀਆਂ ਦੀ ਵਡੱਤਣ ਇਸ ਗੱਲ ਵਿਚ ਹੈ ਕਿ ਹਿੰਦੁਸਤਾਨ ਦੀ ਆਜ਼ਾਦੀ ਲਈ ਉਹ ਗੱਲਾਂਬਾਤਾਂ ਨਾਲ ਹੀ ਨਹੀਂ, ਸਗੋਂ ਹੱਥਾਂ ਵਿਚ ਹਥਿਆਰ ਫੜ ਕੇ ਖੜੇ ਹੋਏ। ਉਨ੍ਹਾਂ ਉਸ ਵਕਤ ਹਿੰਦੁਸਤਾਨ ਦੀ ਆਜ਼ਾਦੀ ਲਈ ਯੁੱਧ ਕੀਤਾ, ਜਦੋਂ ਸਾਰੇ ਦਾ ਸਾਰਾ ਹਿੰਦੁਸਤਾਨ, ਸਿਵਾਏ ਬੰਗਾਲ ਦੇ, ਗੁਲਾਮੀ ਦੀਆਂ ਜ਼ੰਜੀਰਾਂ ਨੂੰ ਛਾਤੀ ਨਾਲ ਲਾਈ ਘੂਕ ਸੁਤਾ ਪਿਆ ਸੀ ਤੇ ਉਸ ਦੇ ਵੱਡੇ ਵੱਡੇ ਨੇਤਾ ਨਿੱਕਿਆਂ ਨਿੱਕਿਆਂ ਸੁਧਾਰਾਂ ਲਈ ਅੰਗਰੇਜ਼ ਤੋਂ ਭੀਖ ਮੰਗਦੇ ਫਿਰਦੇ ਸਨ। ਪਰ ਦੇਸ਼ ਦੀ ਆਜ਼ਾਦੀ ਲਈ ਹੋਏ ਸੰਘਰਸ਼ ਦਾ ਜੋ ਇਤਿਹਾਸ ਆਜ਼ਾਦ ਭਾਰਤ ਦੇ ਹੁਕਮਰਾਨਾਂ ਨੇ ਲਿਖਵਾਇਆ ਤੇ ਸਕੂਲਾਂ, ਕਾਲਜਾਂ ਜਾਂ ਯੂਨੀਵਰਸਿਟੀਆਂ ਵਿਚ ਪੜ੍ਹਾਇਆ, ਉਸ ਵਿਚ ਗਦਰੀਆਂ ਦਾ ਜ਼ਿਕਰ ਕਿਧਰੇ ਨਹੀਂ ਆਉਂਦਾ। ਪਰ ਗਦਰੀਆਂ ਦੀਆਂ ਕੁਰਬਾਨੀਆਂ ਤੇ ਪ੍ਰਾਪਤੀਆਂ ਨੂੰ ਝੁਠਲਾਇਆ ਜਾਂ ਛੁਟਿਆਇਆ ਨਹੀਂ ਜਾ ਸਕਦਾ। ਉਹ ਲੋਕਾਂ ਦੇ ਮਨਾਂ ਉੱਤੇ ਬਹਾਦਰੀ ਅਤੇ ਕੁਰਬਾਨੀ ਦੀ ਐਸੀ ਛਾਪ ਛੱਡ ਗਏ ਹਨ, ਜਿਸ ਨੂੰ ਲੱਖ ਕੋਸ਼ਿਸ਼ਾਂ ਕਰਨ 'ਤੇ ਵੀ ਮਿਟਾਇਆ ਨਹੀਂ ਜਾ ਸਕਦਾ। ਅਜਿਹੀ ਸਥਿਤੀ ਬਾਰੇ ਪੰਜਾਬੀ ਸ਼ਾਇਰ ਡਾ. ਜਗਤਾਰ ਲਿਖਦੇ ਹਨ :

ਪੱਥਰ 'ਤੇ ਨਕਸ਼ ਹਾਂ ਮੈਂ, ਕੋਈ ਰੇਤ ਤੇ ਨਹੀਂ ਹਾਂ,
ਜਿਨ੍ਹਾਂ ਕਿਸੇ ਮਿਟਾਇਆ, ਹੁੰਦਾ ਗਿਆ ਡੂੰਘੇਰਾ।

ਸੁਰਜੀਤ ਪਾਤਰ ਇਸ ਬਾਰੇ ਵਖਰੇ ਢੰਗ ਨਾਲ ਗੱਲ ਕਰਦੇ ਹਨ :

ਇਹ ਜੁ ਰੰਗਾਂ 'ਚ ਚਿਤਰੇ ਨੇ ਖੁਰ ਜਾਣਗੇ
ਇਹ ਜੁ ਮਰਮਰ 'ਚ ਉਕਰੇ ਨੇ ਮਿਟ ਜਾਣਗੇ
ਬਲਦੇ ਹੱਥਾਂ ਨੇ ਜਿਹੜੇ ਹਵਾ ਵਿਚ ਲਿਖੇ
ਹਰਫ਼ ਓਹੀ ਹਮੇਸ਼ਾ ਲਿਖੇ ਰਹਿਣਗੇ।

*16 ਅਕਤੂਬਰ 2015*

# ਭੁੱਲਿਆ ਵਿਸਰਿਆ ਹਿੰਦੂ-ਜਰਮਨ ਸਾਜ਼ਿਸ਼ ਕੇਸ

ਅਮਰੀਕਾ ਵਿਚ ਹਿੰਦੁਸਤਾਨ ਗ਼ਦਰ ਪਾਰਟੀ ਦੀ ਸਥਾਪਨਾ ਹੋਈ ਤੇ ਇੱਥੇ ਹੀ ਵਧੀ ਫੁਲੀ। ਇੱਥੋਂ ਹੀ ਗ਼ਦਰੀ ਬਾਬਿਆਂ ਨੇ ਭਾਰਤ ਨੂੰ ਕੂਚ ਕੀਤਾ ਤੇ ਉਨ੍ਹਾਂ ਨਾਲ ਹੋਰਨਾਂ ਮੁਲਕਾਂ ਤੋਂ ਵੀ ਅਨੇਕਾਂ ਗ਼ਦਰੀ ਉਨ੍ਹਾਂ ਨਾਲ ਆ ਰਲੇ। ਇਸ ਦਾ ਕਾਰਨ ਇਹ ਸੀ ਕਿ ਅਮਰੀਕਾ ਨੇ ਵੀ ਹਥਿਆਰਬੰਦ ਸੰਘਰਸ਼ ਰਾਹੀਂ ਬਰਤਾਨੀਆ ਤੋਂ ਆਜ਼ਾਦੀ ਲਈ ਸੀ ਤੇ ਇਸ ਸੰਘਰਸ਼ ਵਿਚ ਫ਼ਰਾਂਸ ਤੋਂ ਮਦਦ ਲਈ ਸੀ। ਅਮਰੀਕਾ ਦੂਜਿਆਂ ਮੁਲਕਾਂ ਦੀ ਵੀ ਸਹਾਇਤਾ ਕਰਦਾ ਸੀ ਜਿਹੜੇ ਬਰਤਾਨੀਆ ਦੇ ਗ਼ੁਲਾਮ ਸਨ। ਇਹੋ ਕਾਰਨ ਸੀ ਅਮਰੀਕਾ ਭਾਰਤੀ, ਚੀਨੀ, ਮਿਸਰੀ, ਇਰਾਨੀ ਤੇ ਆਇਰਿਸ਼ ਇਨਕਲਾਬੀਆਂ ਦਾ ਕੇਂਦਰ ਸੀ। ਕੋਈ 8000 ਤੋਂ ਵੱਧ ਗ਼ਦਰੀ ਯੋਧੇ ਵੱਖ-ਵੱਖ ਦੇਸ਼ਾਂ ਤੋਂ ਆਪਣੀ ਜਾਨ ਤਲੀ 'ਤੇ ਰੱਖ ਕੇ ਭਾਰਤ ਦੀਆਂ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਆਏ। ਗ਼ਦਰ ਅਸਫ਼ਲ ਹੋਣ ਪਿੱਛੋਂ ਨਾ ਕੇਵਲ ਭਾਰਤ ਸਗੋਂ ਵਿਦੇਸ਼ਾਂ ਵਿਚ ਉਨ੍ਹਾਂ ਉਪਰ ਮੁਕੱਦਮੇ ਚਲਾਏ ਗਏ। ਇਨ੍ਹਾਂ ਵਿਚੋਂ ਇਕ ਸੀ ਹਿੰਦੂ-ਜਰਮਨ ਸਾਜਿਸ਼ ਕੇਸ, ਜੋ ਅਮਰੀਕਾ ਦੇ ਪ੍ਰਸਿੱਧ ਸ਼ਹਿਰ ਸਾਨਫ਼ਰਾਂਸਿਸਕੋ ਵਿਚ 20 ਨਵੰਬਰ 1917 ਤੋਂ 24 ਅਪ੍ਰੈਲ 1918 ਤੀਕ ਚਲਿਆ।

ਜਦ 1914 ਵਿਚ ਪਹਿਲਾ ਵਿਸ਼ਵ-ਯੁੱਧ ਸ਼ੁਰੂ ਹੋਇਆ ਤਾਂ ਅਮਰੀਕਾ ਇਸ ਵਿਚ ਸ਼ਾਮਲ ਨਾ ਹੋਇਆ, ਪਰ 1917 ਵਿਚ ਅਮਰੀਕਾ ਜਰਮਨ ਵਿਰੁੱਧ ਲੜਨ ਵਾਲੇ ਧੜੇ ਵਿਚ ਸ਼ਾਮਲ ਹੋ ਗਿਆ। ਇਸ ਘਟਨਾ ਪਿੱਛੋਂ ਬਰਤਾਨੀਆ ਨੇ ਅਮਰੀਕਾ 'ਤੇ ਇਹ ਦਬਾਅ ਪਾਇਆ ਕਿ ਅਮਰੀਕਾ ਵਿਚਲੇ ਭਾਰਤੀ ਇਨਕਲਾਬੀਆਂ ਅਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਗ੍ਰਿਫ਼ਤਾਰ ਕਰਕੇ ਮੁਕੱਦਮਾ ਚਲਾਇਆ ਜਾਵੇ ਕਿਉਂਕਿ ਉਨ੍ਹਾਂ ਦਾ ਪ੍ਰਚਾਰ ਭਾਰਤੀ ਫ਼ੌਜੀਆਂ ਪ੍ਰਭਾਵਿਤ ਨੂੰ ਕਰ ਰਿਹਾ ਹੈ, ਜਿਸ ਦਾ ਅਸਰ ਜੰਗ ਦੀ ਸਫ਼ਲਤਾ ਉਪਰ ਵੀ ਪੈ ਰਿਹਾ ਹੈ। ਉਨ੍ਹਾਂ ਨੇ ਐਸੀ ਸਮਗਰੀ ਦਿੱਤੀ ਕਿ ਅਮਰੀਕਾ ਉਨ੍ਹਾਂ ਦੇ ਝਾਂਸੇ ਵਿਚ ਆ ਗਿਆ। ਅਮਰੀਕਾ ਨੇ ਨਾ ਕੇਵਲ ਗ਼ਦਰੀਆਂ ਸਗੋਂ ਉਨ੍ਹਾਂ ਦੇ ਹਮਾਇਤੀਆਂ ਜਰਮਨ ਅਤੇ ਆਇਰਿਸ਼ ਇਨਕਲਾਬੀਆਂ ਵਿਰੁੱਧ ਵੀ ਬਗ਼ਾਵਤ ਦਾ ਮੁਕੱਦਮਾ ਦਰਜ ਕੀਤਾ। ਗ਼ਦਰੀ ਬਾਬਾ ਹਰਜਾਪ ਸਿੰਘ ਮਾਹਿਲਪੁਰ ਨੇ ਆਪਣੀ ਡਾਇਰੀ ਜੋ ਕਿ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਨੇ 'ਡਾਇਰੀ ਗ਼ਦਰੀ ਬਾਬਾ ਹਰਜਾਪ ਸਿੰਘ' ਸਿਰਲੇਖ ਹੇਠ ਛਾਪੀ ਹੈ, ਵਿਚ ਇਸ ਮੁਕੱਦਮੇ ਬਾਰੇ ਲਿਖਿਆ ਹੈ ਕਿ ਸਭ ਤੋਂ ਪਹਿਲਾਂ ਜਰਮਨ ਸਫ਼ੀਰ ਤੇ ਉਸ ਦੇ ਸਟਾਫ਼ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਨ੍ਹਾਂ ਦੀ ਗਿਣਤੀ 14 ਦੇ ਕਰੀਬ ਸੀ। ਗਿਆਰਾਂ ਭਾਰਤੀਆਂ ਜਿਨ੍ਹਾਂ ਵਿਚ ਭਾਈ ਭਗਵਾਨ ਸਿੰਘ, ਪੰਡਤ ਰਾਮ

ਚੰਦਰ, ਬਾਬੂ ਤਾਰਕਨਾਥ ਦਾਸ, ਮਿਸਟਰ ਚਕਰਵਰਤੀ, ਭਾਈ ਸੰਤੋਖ ਸਿੰਘ, ਭਾਈ ਰਾਮ ਸਿੰਘ ਕੈਨੇਡੀਅਨ, ਭਾਈ ਬਿਸ਼ਨ ਸਿੰਘ ਹਿੰਦੀ, ਲਾਲਾ ਗੋਧਾ ਰਾਮ ਤੇ ਸ. ਸੁੰਦਰ ਸਿੰਘ ਘਾਲੀ ਸ਼ਾਮਲ ਸਨ, ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਆਇਰਿਸ਼ ਦੇਸ਼ ਭਗਤਾਂ ਜੋ ਭਾਰਤੀਆਂ ਦੀ ਆਜ਼ਾਦੀ ਨਾਲ ਹਮਦਰਦੀ ਰਖਦੇ ਸਨ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਮੌਲਵੀ ਬਰਕਤਉੱਲਾ, ਰਾਜਾ ਮਹਿੰਦਰ ਪ੍ਰਤਾਪ, ਮਿਸਟਰ ਐਮ.ਐਨ. ਰਾਏ ਵਰਗੇ ਕਈ ਅਜਿਹੇ ਗ਼ਦਰੀ ਸਨ ਜੋ ਅਮਰੀਕਾ ਜਾਂ ਬਰਤਾਨੀਆ ਦੀ ਹੱਦ ਵਿਚ ਨਾ ਹੋਣ ਕਰਕੇ ਫੜੇ ਨਾ ਜਾ ਸਕੇ ਭਾਵੇਂ ਕਿ ਉਨ੍ਹਾਂ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਹੋ ਚੁੱਕੇ ਸਨ।

ਭਾਈ ਭਗਵਾਨ ਸਿੰਘ ਗ੍ਰਿਫ਼ਤਾਰੀ ਤੋਂ ਬਚਣ ਲਈ ਅਮਰੀਕਾ ਤੋਂ ਮੈਕਸੀਕੋ ਜਾਂਦੇ ਹੋਏ ਸਰਹੱਦ 'ਤੇ ਫੜੇ ਗਏ, ਜਿਨ੍ਹਾਂ ਨੂੰ 35 ਹਜ਼ਾਰ ਡਾਲਰ ਦੀ ਜ਼ਮਾਨਤ ਦੇ ਕੇ ਰਿਹਾਅ ਕਰਵਾਇਆ ਗਿਆ। ਬਾਕੀਆਂ ਨੂੰ ਵੀ ਦੋ ਹਜ਼ਾਰ ਤੋਂ ਪੰਜ ਹਜ਼ਾਰ ਡਾਲਰ ਦੀ ਨਕਦ ਜ਼ਮਾਨਤ ਉਪਰ ਰਿਹਾਅ ਕਰਵਾਇਆ ਗਿਆ। ਭਾਰਤੀਆਂ ਦੀ ਦਾਦ ਦੇਣੀ ਬਣਦੀ ਹੈ ਕਿ ਉਨ੍ਹਾਂ ਨੇ ਇਨ੍ਹਾਂ ਆਗੂਆਂ ਦੀ ਜ਼ਮਾਨਤ ਲਈ ਦਿਲ ਖੋਲ੍ਹ ਕੇ ਪੈਸੇ ਦਿੱਤੇ। ਇਸ ਸਾਜ਼ਿਸ਼ ਕੇਸ ਦੇ ਇਲਜ਼ਾਮਾਂ ਨੂੰ ਸਾਬਤ ਕਰਨ ਲਈ ਹਿੰਦ ਸਰਕਾਰ ਨੇ ਵੱਖ-ਵੱਖ ਸੂਬਿਆਂ ਤੋਂ ਬਾਰਾਂ ਗਵਾਹ ਚੁਣੇ, ਜੋ ਪਹਿਲਾਂ ਹਿੰਦੁਸਤਾਨ ਵਿਚ ਚਲੇ ਮੁਕੱਦਮਿਆਂ ਵਿਚ ਬਤੌਰ ਵਾਅਦਾ ਮੁਆਫ਼ ਗਵਾਹ ਭੁਗਤ ਚੁੱਕੇ ਸਨ। ਇਨ੍ਹਾਂ ਵਿਚ ਪੰਜਾਬ ਦੇ ਪ੍ਰੋ. ਜੋਧ ਸਿੰਘ, ਹਰਚਰਨ ਦਾਸ, ਨਵਾਬ ਖਾਂ ਤੇ ਟਹਿਲ ਸਿੰਘ ਵਾਅਦਾ ਮੁਆਫ਼ ਗਵਾਹ ਸਨ। ਇਨ੍ਹਾਂ ਨੂੰ ਭਾਰਤ ਵਿਚ ਵੀ ਅਤੇ ਅਮਰੀਕਾ ਵਿਚ ਬਰਤਾਨੀਆਂ ਅਧਿਕਾਰੀਆਂ ਦੀ ਨਿਗਰਾਨੀ ਵਿਚ ਜੇਲ੍ਹਾਂ ਵਿਚ ਰਖਿਆ ਗਿਆ। ਉਨ੍ਹਾਂ ਉਪਰ ਤਸ਼ਦਦ ਕੀਤਾ ਜਾਂਦਾ ਸੀ ਤੇ ਉਨ੍ਹਾਂ ਉਪਰ ਹਰ ਸਮੇਂ ਫ਼ਾਂਸੀ ਦੀ ਤਲਵਾਰ ਲਟਕਾਈ ਜਾਂਦੀ ਤਾਂ ਜੋ ਉਨ੍ਹਾਂ ਪਾਸੋਂ ਮਰਜ਼ੀ ਦੇ ਬਿਆਨ ਦੁਆਏ ਜਾ ਸਕਣ। ਜੇ ਉਹ ਅਜਿਹਾ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਫ਼ਾਂਸੀ ਦਿੱਤੀ ਜਾ ਸਕਦੀ ਸੀ।

ਪ੍ਰੋ. ਜੋਧ ਸਿੰਘ ਜਰਮਨੀ ਵਿਚ ਇੰਜੀਨੀਅਰਿੰਗ ਵਿਦਿਆ ਪ੍ਰਾਪਤ ਕਰ ਕੇ ਇੰਡੀਆ ਲੀਗ ਵਿਚ ਸ਼ਾਮਲ ਹੋ ਗਏ ਸਨ। ਇਨਕਲਾਬੀ ਸਰਗਰਮੀਆਂ ਦੇ ਸਿਲਸਿਲੇ ਵਿਚ ਹੋਰ ਸਾਥੀਆਂ ਸਮੇਤ ਸ਼ਿਆਮ ਵਿਚੋਂ ਗ੍ਰਿਫ਼ਤਾਰ ਕੀਤੇ ਗਏ। ਜਾਨ ਬਚਾਉਣ ਲਈ ਉਹ ਵਾਅਦਾ ਮੁਆਫ਼ ਗਵਾਹ ਬਣ ਗਏ। ਉਹ ਪਹਿਲਾਂ ਭਾਰਤ ਤੇ ਬਰਮਾ ਵਿਚ ਚੱਲੇ ਸਾਜਿਸ਼ ਕੇਸਾਂ ਵਿਚ ਬਤੌਰ ਵਾਅਦਾ ਮੁਆਫ਼ ਗਵਾਹ ਬਣੇ ਤੇ ਫਿਰ ਉਨ੍ਹਾਂ ਨੂੰ ਸਰਕਾਰੀ ਗਵਾਹ ਵਜੋਂ ਭੁਗਤਣ ਲਈ ਅਮਰੀਕਾ ਲਿਆਂਦਾ ਗਿਆ। ਟਹਿਲ ਸਿੰਘ ਅਮਰੀਕਾ ਵਿਚੋਂ ਆਉਣ ਵਾਲੇ ਜੱਥਿਆਂ ਨਾਲ ਸ਼ੰਘਾਈ ਵਿਚੋਂ ਸ਼ਾਮਲ ਹੋਇਆ ਸੀ ਤੇ ਲਾਹੌਰ ਮੁਕੱਦਮਾ ਸਾਜ਼ਿਸ਼ ਕੇਸ ਵਾਅਦਾ ਮੁਆਫ਼ ਗਵਾਹ ਬਣ ਗਿਆ ਸੀ। ਇਸੇ ਤਰ੍ਹਾਂ ਦੇ ਬਾਕੀ ਸਰਕਾਰੀ ਗਵਾਹ ਸਨ।

ਮੁਲਜ਼ਮਾਂ ਦੇ ਵਿਰੁੱਧ ਦੋਸ਼ ਇਹ ਸੀ ਕਿ ਉਨ੍ਹਾਂ ਨੇ ਅਮਰੀਕਾ ਤੇ ਬਰਤਾਨਵੀ ਹਕੂਮਤਾਂ ਦੇ ਵਿਚਕਾਰ ਹੋਏ ਸੰਧੀਨਾਮੇ ਦੀ ਵਿਰੋਧਤਾ ਕਰ ਕੇ ਅਮਰੀਕਾ ਵਿਚੋਂ ਹਿੰਦੁਸਤਾਨ ਅੰਦਰ ਬਗ਼ਾਵਤ ਕਰਨ ਲਈ ਅਮਰੀਕਾ ਵਿਚੋਂ ਹਥਿਆਰ ਤੇ ਫ਼ੌਜ ਭੇਜੀ ਸੀ। ਫ਼ੌਜ ਤੋਂ ਭਾਵ ਉਹ ਜਥੇ ਸਨ ਜੋ ਗ਼ਦਰ ਪਾਰਟੀ ਨੇ ਭਾਰਤ ਬਗ਼ਾਵਤ ਕਰਨ

ਲਈ ਘਲੇ ਸਨ। ਹਥਿਆਰਾਂ ਦੇ ਸਬੂਤ ਵਿਚ ਮਾਵੇਰਿਕ ਜਹਾਜ਼ ਦੀ ਉਦਾਹਰਨ ਦਿੱਤੀ ਗਈ।

ਮਾਵੇਰਿਕ ਜਹਾਜ਼ ਦੀ ਕਹਾਣੀ ਗ਼ਦਰ ਪਾਰਟੀ ਦੇ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰਖਦੀ ਹੈ। ਭਾਰਤ ਸਰਕਾਰ ਦਾ ਦੋਸ਼ ਸੀ ਕਿ ਇਹ ਜਹਾਜ਼ ਗ਼ਦਰ ਪਾਰਟੀ ਨੇ ਹਥਿਆਰਾਂ ਨਾਲ ਭਰ ਕੇ ਭਾਰਤ ਭੇਜਿਆ ਸੀ। ਗ਼ਦਰ ਪਾਰਟੀ ਨੂੰ ਹਥਿਆਰਬੰਦ ਇਨਕਲਾਬ ਲਈ ਹਥਿਆਰਾਂ ਦੀ ਲੋੜ ਸੀ। ਜਰਮਨ ਸਫ਼ੀਰ ਦੀ ਸਹਾਇਤਾ ਨਾਲ ਗ਼ਦਰ ਪਾਰਟੀ ਨੇ ਭਾਰੀ ਮਾਤਰਾ ਵਿਚ ਹਥਿਆਰ ਖਰੀਦੇ। ਯੋਜਨਾ ਇਹ ਬਣਾਈ ਗਈ ਕਿ ਇਨ੍ਹਾਂ ਹਥਿਆਰਾਂ ਨੂੰ ਕਿਸੇ ਤੇਲ ਕੰਪਨੀ ਦੇ ਜਹਾਜ਼ ਵਿਚ ਲੱਦ ਕੇ ਕੰਢੇ ਤੋਂ ਦੂਰ ਸਮੁੰਦਰ ਵਿਚ ਭੇਜਿਆ ਜਾਵੇ, ਜਿੱਥੇ ਮਾਵੇਰਿਕ ਨਾਮੀ ਜਹਾਜ਼ ਖੜਾ ਹੋਵੇਗਾ, ਜਿਸ ਵਿਚ ਇਨ੍ਹਾਂ ਨੂੰ ਲੱਦਿਆ ਜਾਵੇ, ਜੋ ਇਨ੍ਹਾਂ ਨੂੰ ਹਿੰਦੁਸਤਾਨ ਲੈ ਜਾਵੇਗਾ। ਪਰ ਹੋਇਆ ਇੰਝ ਕਿ ਇਹ ਦੋਵੇਂ ਜਹਾਜ਼ ਆਪਸ ਵਿਚ ਮਿਲ ਨਾ ਸਕੇ ਤੇ ਮਾਵੇਰਿਕ ਜਹਾਜ਼ ਹਥਿਆਰਾਂ ਨੂੰ ਲਦਣ ਤੋਂ ਬਗ਼ੈਰ ਭਾਰਤ ਆ ਗਿਆ।

ਪਰ ਇਸ ਸਾਜ਼ਿਸ਼ ਦੀ ਖ਼ਬਰ ਅਮਰੀਕੀ ਸੀ.ਆਈ.ਡੀ. ਨੂੰ ਮਿਲ ਗਈ। ਤੇਲ ਵਾਲੀ ਕੰਪਨੀ ਦਾ ਜਹਾਜ਼ ਹਥਿਆਰ ਲੱਦ ਕੇ ਤੁਰਿਆ ਹੀ ਸੀ ਕਿ ਸੀ.ਆਈ.ਡੀ. ਵਾਲੇ ਸਮੁੰਦਰ ਵਿਚ ਜਹਾਜ਼ ਨੂੰ ਜਾ ਮਿਲੇ। ਜਹਾਜ਼ ਨੂੰ ਹੋਕਿਆਮ ਬੰਦਰਗਾਹ ਉੱਤੇ ਲਿਆ ਖੜਾ ਕੀਤਾ ਗਿਆ। ਇਸ ਸੰਬੰਧੀ ਹਿੰਦੁਸਤਾਨੀ, ਆਇਰਿਸ਼ ਦੇਸ਼ ਭਗਤਾਂ ਅਤੇ ਜਰਮਨ ਸਫ਼ਾਰਤਖਾਨੇ ਦੇ ਬਹੁਤ ਸਾਰੇ ਮੈਂਬਰਾਂ 'ਤੇ ਮੁਕੱਦਮਾ ਚਲਾਇਆ ਗਿਆ। ਜਹਾਜ਼ ਸਰਕਾਰ ਨੇ ਜ਼ਬਤ ਕਰ ਲਿਆ। ਮੁਕੱਦਮੇ ਪਿੱਛੋਂ ਅਮਰੀਕਾ ਨੇ ਇਕ ਲੱਖ ਡਾਲਰ ਵਿਚ ਇਹ ਹਥਿਆਰ ਨਿਲਾਮ ਕੀਤੇ।

ਗ਼ਦਰ ਪਾਰਟੀ ਵੱਲੋਂ ਮਾਵੇਰਿਕ ਜਹਾਜ਼ ਵਿਚ ਚੌਧਰੀ ਮੰਗੂ ਰਾਮ, ਸ੍ਰੀ ਹਰਚਰਨ ਦਾਸ ਫਰਵਾਲਾ ਜਿਲ੍ਹਾ ਜਲੰਧਰ, ਸ. ਹਰੀ ਸਿੰਘ ਬੱਦੋਵਾਲ ਜਿਲਾ ਲੁਧਿਆਣਾ ਤੇ ਹੋਰ ਦੋ ਸੱਜਣਾਂ ਨੂੰ ਭੇਜਿਆ ਗਿਆ। ਇਨ੍ਹਾਂ ਵਿੱਚੋਂ ਕੁਝ ਸੱਜਣ ਅੰਗਰੇਜ਼ੀ ਸਰਕਾਰ ਨੇ ਜਹਾਜ਼ ਦੇ ਸਿਆਮ ਪੁੱਜਣ 'ਤੇ ਗ੍ਰਿਫ਼ਤਾਰ ਕਰ ਲਏ। ਹਰਚਰਨ ਦਾਸ ਉਨ੍ਹਾਂ ਵਿਚੋਂ ਵਾਅਦਾ ਮੁਆਫ਼ ਗਵਾਹ ਬਣ ਗਿਆ, ਜਿਸ ਨੂੰ ਅਮਰੀਕਾ ਵਿਚ ਚਲਾਏ ਗਏ ਸਾਜ਼ਿਸ਼ ਦੇ ਮੁਕੱਦਮੇ ਵਿਚ ਸਰਕਾਰੀ ਗਵਾਹ ਬਣਾ ਕੇ ਘਲਿਆ ਗਿਆ। ਬਾਅਦ ਵਿਚ ਪਤਾ ਲੱਗਾ ਕਿ ਉਹ ਬਰਤਾਨੀਆ ਦਾ ਜਸੂਸ ਸੀ, ਜੋ ਗ਼ਦਰ ਪਾਰਟੀ ਵਿਚ ਸ਼ਾਮਲ ਹੋਇਆ ਸੀ।

ਅਮਰੀਕਾ ਵਿਚ ਅਦਾਲਤਾਂ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ। ਇਕ ਸਾਡੇ ਵਾਂਗ ਜੱਜ ਦੀ ਤੇ ਦੂਜੀ ਜਿਊਰੀ ਦੀ। ਜਿਊਰੀ ਦੀ ਅਦਾਲਤ ਦਾ ਤਰੀਕਾ ਇਹ ਹੈ ਕਿ ਸਰਕਾਰ ਨੇ ਹਰ ਹਲਕੇ ਵਿਚ ਮੁਕੱਦਮੇ ਦੀ ਸੁਣਵਾਈ ਲਈ ਕਈ ਸੂਝਵਾਨ ਵਿਅਕਤੀ ਰੱਖੇ ਹੁੰਦੇ ਹਨ, ਜਿਨ੍ਹਾਂ ਵਿਚੋਂ ਜਿਊਰੀ ਦੇ ਮੈਂਬਰਾਂ ਦੀ ਚੋਣ ਕੀਤੀ ਜਾਂਦੀ ਹੈ। ਇਹ ਮੁਲਜ਼ਮ ਦੀ ਮਰਜ਼ੀ ਉੱਪਰ ਨਿਰਭਰ ਕਰਦਾ ਹੈ ਕਿ ਉਹ ਇਨ੍ਹਾਂ ਦੋਵਾਂ ਵਿਚੋਂ ਕਿਸੇ ਇਕ ਦੀ ਚੋਣ ਕਰੇ। ਜਿਊਰੀ ਦੇ ਮੁਕੱਦਮੇ ਦਾ ਤਰੀਕਾ ਇਹ ਹੈ ਕਿ ਮੁਕੱਮਦਾ ਸ਼ੁਰੂ ਹੋਣ ਤੋਂ ਪਹਿਲਾਂ ਜਿਊਰੀ ਦੇ ਮੈਂਬਰਾਂ ਨੂੰ ਦੋਵਾਂ ਧਿਰਾਂ ਦੇ ਸਾਹਮਣੇ ਅਦਾਲਤ ਵਿਚ ਸੱਦ ਲਿਆ ਜਾਂਦਾ ਹੈ। ਉਨ੍ਹਾਂ ਦੇ ਨਾਂ ਲਿਖ ਕੇ ਇਕ ਸੰਦੂਕ ਵਿਚ ਪਾ ਦਿੱਤੇ ਜਾਂਦੇ ਹਨ। ਇਨ੍ਹਾਂ ਵਿਚੋਂ

ਬਾਰਾਂ ਨਾਂ ਵਾਰੀ ਵਾਰੀ ਕੱਢੇ ਜਾਂਦੇ ਹਨ। ਜੇ ਦੋਵੇਂ ਧਿਰਾਂ ਸਹਿਮਤ ਹੋਣ ਤਾਂ ਇਨ੍ਹਾਂ ਬਾਰਾਂ ਮੈਂਬਰਾਂ ਦੀ ਜਿਉਰੀ ਬੈਠ ਜਾਂਦੀ ਹੈ। ਜਿਉਰੀ ਦੇ ਹਰ ਮੈਂਬਰ ਉੱਪਰ ਉੱਤੇ ਇਤਰਾਜ਼ ਕਰਨ ਦਾ ਵੀ ਹਰ ਧਿਰ ਨੂੰ ਹੱਕ ਹੁੰਦਾ ਹੈ। ਜਿਉਰੀ ਦੇ ਮੈਂਬਰ ਬੜੇ ਧਿਆਨ ਨਾਲ ਮੁਕੱਦਮੇ ਦੀ ਕਾਰਵਾਈ ਨੂੰ ਸੁਣਦੇ ਹਨ। ਜੱਜ ਕੇਵਲ ਪ੍ਰਬੰਧਕ ਦਾ ਕੰਮ ਹੀ ਕਰਦਾ ਹੈ ਤੇ ਆਖ਼ਰੀ ਫ਼ੈਸਲਾ ਜਿਊਰੀ ਹੀ ਕਰਦੀ ਹੈ। ਫ਼ੈਸਲੇ ਦਾ ਐਲਾਨ ਜੱਜ ਕਰਦਾ ਹੈ। ਫ਼ੈਸਲੇ ਸਮੇਂ ਮੁਕੱਦਮੇ ਦੀ ਮਿਸਲ ਲੈ ਕੇ ਜਿਊਰੀ ਦੇ ਮੈਂਬਰ ਇਕ ਖ਼ਾਸ ਕਮਰੇ ਵਿਚ ਜਾ ਬੈਠਦੇ ਹਨ ਤੇ ਉੱਨਾ ਚਿਰ ਬੈਠੇ ਰਹਿੰਦੇ ਹਨ, ਜਿੰਨੀ ਦੇਰ ਤੀਕ ਸਰਬ ਸੰਮਤੀ ਨਾਲ ਕੋਈ ਫ਼ੈਸਲਾ ਨਾ ਕਰ ਲੈਣ। ਕਈ ਵੇਰ ਕਈ ਕਈ ਦਿਨ ਫ਼ੈਸਲਾ ਕਰਨ 'ਤੇ ਲੱਗ ਜਾਂਦੇ ਹਨ। ਇਸ ਸਮੇਂ ਦੌਰਾਨ ਜਿਊਰੀ ਦਾ ਹਰ ਮੈਂਬਰ ਨਾ ਤਾਂ ਘਰ ਜਾ ਸਕਦਾ ਹੈ ਤੇ ਨਾ ਹੀ ਕਿਸੇ ਆਦਮੀ ਨੂੰ ਮਿਲ ਸਕਦਾ ਹੈ। ਜੇ ਸਰਬਸੰਮਤੀ ਨਾ ਬਣੇ ਤਾਂ ਨਵੀਂ ਜਿਊਰੀ ਬੈਠਦੀ ਹੈ। ਹਿੰਦੂ ਸਾਜ਼ਿਸ਼ ਕੇਸ ਦੇ ਮੁਲਜ਼ਮਾਂ ਨੇ ਇਸ ਤਰੀਕੇ ਨੂੰ ਪਸੰਦ ਕੀਤਾ।

ਜਿਉਰੀ ਬਣਾਨ ਸਮੇਂ ਮੈਂਬਰਾਂ ਉਪਰ ਕਾਫੀ ਬਹਿਸ ਹੁੰਦੀ ਰਹੀ ਤੇ ਜਿਉਰੀ ਬਣਨ ਲਈ ਇਕ ਮਹੀਨੇ ਦਾ ਸਮਾਂ ਲੱਗ ਗਿਆ। ਗ਼ਦਰ ਪਾਰਟੀ ਨੇ ਮਿਸਟਰ ਹੇਲੀ ਤੇ ਪੰਡਤ ਰਾਮਚੰਦਰ ਨੇ ਮਿਸਟਰ ਮੈਗਨਾਕ ਨੂੰ ਵਕੀਲ ਕੀਤਾ। ਜਰਮਨਾਂ ਅਤੇ ਆਇਰਿਸ਼ ਦੇਸ਼ ਭਗਤਾਂ ਨੇ ਆਪੋ ਆਪਣੇ ਵਕੀਲ ਕੀਤੇ।

ਪ੍ਰੋ. ਜੋਧ ਸਿੰਘ ਜੋ ਕਿ ਇਸ ਮੁਕੱਦਮੇ ਦਾ ਸਭ ਤੋਂ ਮਹੱਤਵਪੂਰਨ ਗਵਾਹ ਸੀ, ਨੂੰ ਪੇਸ਼ ਕੀਤਾ ਗਿਆ। ਇਸ ਗਵਾਹ ਦੇ ਬਿਆਨਾਂ 'ਤੇ ਬਾਕੀ ਗਵਾਹਾਂ ਨੇ ਹੱਕ ਵਿਚ ਬਿਆਨ ਦੇਣੇ ਸਨ ਭਾਵ ਕਿ ਸਾਰਾ ਕੇਸ ਇਸ ਗਵਾਹ ਉਪਰ ਨਿਰਭਰ ਕਰਦਾ ਸੀ।

ਪ੍ਰੋ. ਜੋਧ ਸਿੰਘ ਨੇ ਅਦਾਲਤ ਵਿਚ ਪੇਸ਼ ਹੁੰਦਿਆਂ ਇਹ ਪੁੱਛਿਆ ਕਿ ਕੀ ਗਵਾਹੀ ਦੇਣ ਪਿੱਛੋਂ ਮੈਨੂੰ ਅਮਰੀਕਾ ਅੰਦਰ ਰਹਿਣ ਦੀ ਆਗਿਆ ਮਿਲ ਜਾਵੇਗੀ। ਅਦਾਲਤ ਦਾ ਕਹਿਣਾ ਸੀ ਕਿ ਤੁਸੀਂ ਹਿੰਦੁਸਤਾਨ ਤੋਂ ਗਵਾਹੀ ਦੇਣ ਲਈ ਬਰਤਾਨੀਆ ਸਰਕਾਰ ਦੀ ਨਿਗਰਾਨੀ ਵਿਚ ਲਿਆਂਦੇ ਗਏ ਹੋ, ਜੇ ਅਮਰੀਕਾ ਜਾਂ ਬਰਤਾਨੀਆ ਸਰਕਾਰ ਚਾਹੇ ਤਾਂ ਤੁਹਾਨੂੰ ਅਮਰੀਕਾ ਰਹਿਣ ਦੀ ਆਗਿਆ ਮਿਲ ਸਕਦੀ ਹੈ, ਪਰ ਇਹ ਫੈਸਲਾ ਕਰਨਾ ਇਸ ਅਦਾਲਤ ਦਾ ਕੰਮ ਨਹੀਂ।

ਇਸ ਪਿੱਛੋਂ ਜੋ ਬਿਆਨ ਪ੍ਰੋ. ਜੋਧ ਸਿੰਘ ਨੇ ਦਿੱਤਾ ਉਸ ਨੇ ਸਭ ਨੂੰ ਹੈਰਾਨ ਕਰ ਦਿੱਤਾ। ਉਸ ਨੇ ਕਿਹਾ ਕਿ ਹਿੰਦੁਸਤਾਨ ਵਿਚ ਚਲਾਏ ਗਏ ਸਾਜ਼ਿਸ਼ ਦੇ ਕਈ ਮੁਕੱਦਮਿਆਂ ਵਿਚ ਮੈਨੂੰ ਬਤੌਰ ਸਰਕਾਰੀ ਗਵਾਹ ਦੇ ਪੇਸ਼ ਕੀਤਾ ਗਿਆ ਹੈ। ਮੈਂ ਉੱਥੇ ਹਕੂਮਤ ਦੀਆਂ ਸਖ਼ਤੀਆਂ, ਜਬਰ ਤੇ ਜ਼ੁਲਮ ਨੂੰ ਨਾ ਸਹਿ ਸਕਣ ਦੇ ਕਾਰਨ ਵਾਅਦਾ ਮੁਆਫ਼ ਗਵਾਹ ਬਣ ਗਿਆ ਸੀ, ਜਿਸ ਕਰਕੇ ਕਈ ਬੇਗੁਨਾਹ ਮੇਰੀਆਂ ਗਵਾਹੀਆਂ ਦੇ ਕਾਰਨ ਫ਼ਾਂਸੀ 'ਤੇ ਲਟਕਾਏ ਗਏ ਤੇ ਕਈ ਅਜੇ ਤੱਕ ਲੰਮੀਆਂ ਲੰਮੀਆਂ ਕੈਦਾਂ ਭੁਗਤ ਰਹੇ ਹਨ। ਅੱਜ ਮੈਂ ਇਕ ਸੁਤੰਤਰ ਦੇਸ਼ ਦੀ ਅਦਾਲਤ ਦੇ ਸਾਹਮਣੇ ਖੜ੍ਹਾ ਹਾਂ। ਮੈਨੂੰ ਕਿਸੇ ਜਬਰ, ਧਮਕੀ ਤੇ ਸਖ਼ਤੀ ਦਾ ਇਸ ਵੇਲੇ ਡਰ ਨਹੀਂ ਹੈ। ਅੱਜ ਦੀ ਗਵਾਹੀ ਅਕਾਲ ਪੁਰਖ ਨੂੰ ਹਾਜ਼ਰ-ਨਾਜ਼ਰ ਸਮਝਦੇ ਸੱਚੀ ਸੁੱਚੀ ਹੀ ਦਿਆਂਗਾ। ਮੈਨੂੰ ਇਸ ਮੁਕੱਦਮੇ ਸੰਬੰਧੀ ਅਸਲੋਂ ਹੀ ਕੁਝ ਪਤਾ ਨਹੀਂ। ਨਾ ਹੀ ਮੈਂ ਮੁਲਜ਼ਮਾਂ ਵਿਚੋਂ ਕਿਸੇ ਨੂੰ ਜਾਣਦਾ ਹਾਂ।

ਪ੍ਰੋ. ਜੋਧ ਸਿੰਘ ਦੇ ਇਨ੍ਹਾਂ ਲਫ਼ਜ਼ਾਂ ਨਾਲ ਸਾਰੀ ਅਦਾਲਤ ਵਿਚ ਸਨਸਨੀ ਫੈਲ ਗਈ। ਸਰਕਾਰੀ ਵਕੀਲਾਂ ਤੇ ਜੱਜ ਦੇ ਚਿਹਰੇ ਪੀਲੇ ਪੈ ਗਏ। ਜੱਜ ਨੇ ਪ੍ਰੋ. ਜੋਧ ਸਿੰਘ ਨੂੰ ਕਿਹਾ ਕਿ ਪ੍ਰਤੀਤ ਹੁੰਦਾ ਹੈ ਕਿ ਅੱਜ ਤੁਹਾਡਾ ਦਿਮਾਗ਼ ਠੀਕ ਨਹੀਂ। ਇਸ ਲਈ ਇਹ ਬਿਆਨ ਮਿਸਲ ਨਾਲ ਸ਼ਾਮਲ ਨਹੀਂ ਕੀਤਾ ਜਾਵੇਗਾ ਤੇ ਤੁਹਾਡੀ ਗਵਾਹੀ ਕਿਸੇ ਹੋਰ ਦਿਨ ਹੋਵੇਗੀ। ਇਹ ਕਹਿ ਕੇ ਅਦਾਲਤ ਨੇ ਬਾਕੀ ਕਾਰਵਾਈ ਮੁਲਤਵੀ ਕਰ ਦਿੱਤੀ।

ਅਮਰੀਕੀ ਅਖ਼ਬਾਰਾਂ ਨੇ ਇਸ ਖ਼ਬਰ ਨੂੰ ਵੱਡੀਆਂ ਵੱਡੀਆਂ ਸੁਰਖੀਆਂ ਦੇ ਕੇ ਛਾਪਿਆ ਕਿ ਹਿੰਦੂ ਜਰਮਨ ਸਾਜ਼ਿਸ਼ ਕੇਸ ਦਾ ਸਭ ਤੋਂ ਵੱਡਾ ਗਵਾਹ ਆਪਣੇ ਬਿਆਨ ਤੋਂ ਮੁੱਕਰ ਗਿਆ।

ਦੂਜੀ ਵਾਰ ਜਦੋਂ ਪ੍ਰੋ. ਜੋਧ ਸਿੰਘ ਨੂੰ ਅਦਾਲਤ ਵਿਚ ਲਿਆਂਦਾ ਗਿਆ ਤਾਂ ਉਸ ਨੇ ਮੁੜ ਪਹਿਲਾ ਵਾਲਾ ਬਿਆਨ ਦੁਹਰਾਇਆ। ਉਸ ਨੂੰ ਪਾਗ਼ਲ ਕਹਿ ਕੇ ਸਾਨਫਰਾਂਸਿਸਕੋ ਦੇ ਇਕ ਪਾਗ਼ਲਖਾਨੇ ਭੇਜ ਦਿੱਤਾ ਗਿਆ, ਜਿੱਥੇ ਉਨ੍ਹਾਂ ਚਾਰ ਸਾਲ ਗੁਜ਼ਾਰੇ। ਭਾਈ ਜਗਤ ਸਿੰਘ ਕੰਦੋਲਾ ਜਿਲਾ ਜਲੰਧਰ ਵਾਲੇ ਉਸ ਨੂੰ ਗ਼ਦਰ ਪਾਰਟੀ ਵੱਲੋਂ ਮਿਲਦੇ ਰਹੇ ਤੇ ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਦੀ ਦਿਮਾਗ਼ੀ ਹਾਲਤ ਬਿਲਕੁਲ ਠੀਕ ਸੀ। ਚਾਰ ਸਾਲ ਪਿੱਛੋਂ ਉਨ੍ਹਾਂ ਦੇ ਪਿਤਾ ਭਾਰਤ ਸਰਕਾਰ ਦੀ ਆਗਿਆ ਨਾਲ ਅਮਰੀਕਾ ਆਏ ਤੇ ਉਸ ਨੂੰ ਭਾਰਤ ਲੈ ਗਏ। ਭਾਰਤ ਆ ਕੇ ਪ੍ਰੋ. ਜੋਧ ਸਿੰਘ ਨਾਲ ਕੀ ਬੀਤੀ, ਇਸ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਪਰ ਹੈਰਾਨੀ ਵੱਲ ਗੱਲ ਇਹ ਹੈ ਕਿ ਅਮਰੀਕਾ ਵਰਗੇ ਆਜ਼ਾਦ ਦੇਸ਼ ਵਿਚ ਉਨ੍ਹਾਂ ਨੂੰ ਸੱਚੀ ਗਵਾਹੀ ਦੇਣ ਲਈ ਚਾਰ ਸਾਲ ਪਾਗਲਖਾਨੇ ਕਟਣੇ ਪਏ। ਵਿਚਾਰਨ ਵਾਲੀ ਗੱਲ ਹੈ ਕਿ ਕੀ ਅੱਜ ਵੀ ਹਿੰਦੁਸਤਾਨੀ ਪੁਲਿਸ ਦਾ ਕੰਮ ਕਰਨ ਦਾ ਢੰਗ, ਗੁਲਾਮ ਭਾਰਤ ਵਾਲਾ ਨਹੀਂ ? ਕੀ ਅੱਜ ਵੀ ਭਾਰਤ ਦੀ ਪੁਲਿਸ ਤਸ਼ਦਦ ਦੇ ਜ਼ੋਰ ਨਾਲ ਬੇ-ਦੋਸ਼ਿਆਂ ਨੂੰ ਝੂਠੇ ਜੁਰਮ ਮੰਨਵਾਉਣ ਵਿਚ ਕਾਮਯਾਬ ਨਹੀਂ ਹੋ ਰਹੀ ?

ਪ੍ਰੋ. ਜੋਧ ਸਿੰਘ ਪਿੱਛੋਂ ਹੋਰ ਗਵਾਹ ਪੇਸ਼ ਕੀਤੇ ਗਏ। ਗ਼ਦਰ ਪਾਰਟੀ ਵੱਲੋਂ ਸ. ਜੀਵਨ ਸਿੰਘ ਪਿੰਡ ਢਡਿਆਲ ਜਿਲਾ ਜਲੰਧਰ, ਜੋ ਉਸ ਸਮੇਂ ਕੈਨੇਡਾ ਰਹਿੰਦੇ ਸਨ, ਕੇਵਲ ਇਕੋ ਗਵਾਹ ਵਜੋਂ ਪੇਸ਼ ਹੋਏ। ਉਸ ਨੇ ਕੈਨੇਡਾ ਵਿਚ ਅੰਗਰੇਜ਼ਾਂ ਵੱਲੋਂ ਕੀਤੇ ਜ਼ੁਲਮਾਂ ਦੀ ਸਾਰੀ ਦਾਸਤਾਨ ਦੱਸੀ। ਦੇਸ਼ ਵਿਚ ਤੇ ਵਿਦੇਸ਼ਾਂ ਵਿਚ ਹਿੰਦੁਸਤਾਨੀਆਂ ਵਿਰੁੱਧ ਅੰਗਰੇਜ਼ਾਂ ਵੱਲੋਂ ਕੀਤੇ ਜਾਂਦੇ ਵਿਤਕਰੇ ਤੇ ਮੁਸੀਬਤਾਂ ਦਾ ਕਾਰਨ ਗ਼ੁਲਾਮੀ ਦੱਸਿਆ। ਉਨ੍ਹਾਂ ਕਿਹਾ ਕਿ ਆਜ਼ਾਦੀ ਦੀ ਇਹ ਸਿੱਖਿਆ ਅਸਾਂ ਅਮਰੀਕਾ ਵਿਚ ਆ ਕੇ ਲਈ ਹੈ। ਅਮਰੀਕਾ ਦੇ ਦੇਸ਼ ਭਗਤਾਂ ਨੇ ਬਰਤਾਨੀਆਂ ਪਾਸੋਂ ਆਜ਼ਾਦੀ ਪ੍ਰਾਪਤ ਕਰਨ ਲਈ ਆਪ ਹਥਿਆਰ ਉਠਾਏ ਸਨ ਤੇ ਇਸ ਸੰਘਰਸ਼ ਵਿਚ ਫ਼ਰਾਂਸ ਤੋਂ ਮਦਦ ਲਈ ਸੀ। ਇਸ ਲਈ ਅਸੀਂ ਹਥਿਆਰ ਚੁੱਕ ਕੇ ਤੇ ਜਰਮਨ ਕੋਲੋਂ ਮਦਦ ਲੈ ਕੇ ਕੋਈ ਗੁਨਾਹ ਨਹੀਂ ਕੀਤਾ। ਸਗੋਂ ਅਮਰੀਕੀ ਦੇਸ਼ ਭਗਤਾਂ ਦੇ ਦਰਸਾਏ ਰਸਤੇ 'ਤੇ ਹੀ ਅਮਲ ਕੀਤਾ ਹੈ।

ਸਰਕਾਰੀ ਗੁਆਹਾਂ ਬਾਰੇ ਅਦਾਲਤ ਨੂੰ ਦਸਿਆ ਗਿਆ ਕਿ ਕਿਵੇਂ ਇਨ੍ਹਾਂ ਨੇ ਹਿੰਦੁਸਤਾਨ ਵਿਚ ਝੂਠੀਆਂ ਗਵਾਹੀਆਂ ਦੇ ਕੇ ਲੋਕਾਂ ਨੂੰ ਸਜਾਵਾਂ ਦੁਆਈਆਂ ਹਨ। ਮਿਸਾਲ ਦੇ ਤੌਰ 'ਤੇ ਰਾਮ ਚੰਦਰ ਨੇ ਹਰਚਰਨ ਦਾਸ ਦੀ ਗਵਾਹੀ ਦੀ ਵਿਰੋਧਤਾ ਕਰਦਿਆਂ

ਦਸਿਆ ਕਿ ਉਸ ਦੀ ਗਵਾਹੀ ਕਰਕੇ ਲਾਹੌਰ ਵਿਚ ਸਤਾਂ ਨੂੰ ਫ਼ਾਂਸੀ ਤੇ ਵੀਹ ਤੋਂ ਵਧ ਨੂੰ ਉਮਰ ਕੈਦ ਹੋਈ। ਬਰਮਾ ਵਿਚ ਇਸ ਦੀ ਗਵਾਹੀ ਕਰਕੇ ਪੰਜ ਨੂੰ ਫ਼ਾਂਸੀ ਤੇ ਵੀਹ ਤੋਂ ਵਧ ਨੂੰ ਉਮਰ ਕੈਦ ਹੋਈ। ਪ੍ਰੋਫ਼ੈਸਰ ਜੋਧ ਸਿੰਘ ਦੀਆਂ ਝੂਠੀਆਂ ਗਵਾਹੀਆਂ ਕਾਰਨ ਦਸ ਤੋਂ ਵੀ ਜ਼ਿਆਦਾ ਗ਼ਦਰੀਆਂ ਨੂੰ ਫ਼ਾਂਸੀ ਤੇ ਵੀਹ ਤੋਂ ਵਧ ਨੂੰ ਉਮਰ ਕੈਦ ਹੋਈ ਸੀ, ਜਿਸ ਦਾ ਕਿ ਉਸ ਨੂੰ ਪਛਚਾਤਾਪ ਸੀ। ਇਹੋ ਕਾਰਨ ਸੀ ਕਿ ਉਸ ਨੇ ਅਮਰੀਕਾ ਆ ਕੇ ਝੂਠੀ ਗਵਾਹੀ ਦੇਣ ਤੋਂ ਇਨਕਾਰ ਕਰ ਦਿੱਤਾ। ਬਾਕੀਆਂ ਦੀ ਜ਼ਮੀਰ ਮਰੀ ਹੋਈ ਸੀ ਤੇ ਉਨ੍ਹਾਂ ਨੇ ਝੂਠੀਆਂ ਗਵਾਹੀਆਂ ਦਿਤੀਆਂ।

ਸਾਰੀਆਂ ਗਵਾਹੀਆਂ ਖ਼ਤਮ ਹੋਣ ਪਿੱਛੋਂ ਫ਼ੈਸਲੇ ਵਾਲੇ ਦਿਨ ਖਚਾਖਚ ਭਰੀ ਅਦਾਲਤ ਵਿਚ ਭਾਈ ਰਾਮ ਸਿੰਘ ਨੇ ਪੰਡਤ ਰਾਮ ਚੰਦਰ ਉੱਤੇ ਪਸਤੌਲ ਦੇ ਫਾਇਰ ਕਰ ਕੇ ਉਸ ਨੂੰ ਮਾਰ ਦਿੱਤਾ ਕਿਉਂਕਿ ਉਸ ਨੂੰ ਸ਼ੱਕ ਸੀ ਕਿ ਸਾਰੀ ਲਹਿਰ ਨੂੰ ਅਸਫ਼ਲ ਕਰਨ ਲਈ ਉਹ ਜ਼ੁੰਮੇਵਾਰ ਸੀ। ਇਸ ਲਈ ਮੁਕੱਦਮੇ ਦਾ ਫ਼ੈਸਲਾ ਹੋਣ ਤੋਂ ਪਹਿਲਾਂ ਉਸ ਨੂੰ ਕੀਤੇ ਦੀ ਸਜ਼ਾ ਦਿੱਤੀ ਜਾਵੇ ਤਾਂ ਜੁ ਆਉਣ ਵਾਲੀਆਂ ਨਸਲਾਂ ਸਿਖਿਆ ਲੈ ਸਕਣ। ਅਦਾਲਤ ਵਿਚ ਤੈਨਾਤ ਫ਼ੌਜੀ ਅਫ਼ਸਰ ਨੇ ਉਸ ਸਮੇਂ ਭਾਈ ਰਾਮ ਸਿੰਘ ਨੂੰ ਸ਼ਹੀਦ ਕਰ ਦਿੱਤਾ। ਅਮਰੀਕਾ ਦੇ ਇਤਿਹਾਸ ਵਿਚ ਅਦਾਲਤ ਅੰਦਰ ਗੋਲੀ ਚਲਣ ਦੀ ਇਹ ਪਹਿਲੀ ਘਟਨਾ ਸੀ।

ਜਿਊਰੀ ਨੇ ਕਿਸੇ ਨੂੰ ਵੀ ਦੋ ਸਾਲ ਤੋਂ ਵੱਧ ਸਜ਼ਾ ਨਾ ਦਿੱਤੀ। ਜਰਮਨ ਸਫ਼ੀਰ, ਉਸ ਦੇ ਜ਼ੁੰਮੇਵਾਰ ਸਟਾਫ਼, ਕੁਝ ਆਇਰਿਸ਼ ਦੇਸ਼ ਭਗਤਾਂ, ਭਾਈ ਭਗਵਾਨ ਸਿੰਘ, ਭਾਈ ਸੰਤੋਖ ਸਿੰਘ ਅਤੇ ਬਾਬੂ ਤਾਰਕ ਨਾਥ ਨੂੰ ਦੋ ਦੋ ਸਾਲ ਦੀ ਸਜ਼ਾ ਹੋਈ। ਬਾਕੀ ਹਿੰਦੁਸਤਾਨੀਆਂ ਨੂੰ ਚਾਰ ਮਹੀਨੇ ਤੋਂ ਛੇ ਮਹੀਨੇ ਤੱਕ ਦੀਆਂ ਸਜ਼ਾਵਾਂ ਹੋਈਆਂ।

ਅਮਰੀਕੀ ਅਖ਼ਬਾਰਾਂ ਅਨੁਸਾਰ ਅਮਰੀਕੀ ਸਰਕਾਰ ਦਾ ਇਸ ਮੁਕੱਦਮੇ ਉਪਰ 25 ਲਖ ਡਾਲਰ, ਅੰਗਰੇਜ਼ੀ ਸਰਕਾਰ ਦਾ 75 ਲਖ ਡਾਲਰ ਤੇ ਗ਼ਦਰ ਪਾਰਟੀ ਦਾ ਤਕਰੀਬਨ 50 ਹਜ਼ਾਰ ਡਾਲਰ ਖ਼ਰਚ ਆਇਆ।

*2 ਜੁਲਾਈ 2014*

# ਪਹਿਲਾ ਲਾਹੌਰ ਸਾਜ਼ਿਸ਼ ਕੇਸ ਅਤੇ ਆਜ਼ਾਦੀ ਸੰਗਰਾਮ 'ਚ ਇਸ ਦਾ ਮਹੱਤਵ

ਗ਼ਦਰ ਫੇਲ੍ਹ ਹੋਣ ਉਪਰੰਤ ਸਰਕਾਰ ਨੇ ਗ਼ਦਰੀਆਂ ਨੂੰ ਬੜੀ ਤੇਜ਼ੀ ਨਾਲ ਗ੍ਰਿਫ਼ਤਾਰ ਕਰਨਾ ਸ਼ੁਰੂ ਕੀਤਾ। ਇਸ ਕੰਮ ਵਿਚ ਫੜੇ ਗਏ ਗ਼ਦਰੀਆਂ ਵਿਚੋਂ ਹੀ ਕਈਆਂ ਨੇ ਆਪਣੀਆਂ ਜਾਨਾਂ ਬਚਾਉਣ ਲਈ ਪੁਲਿਸ ਦੀ ਮਦਦ ਕੀਤੀ ਤੇ ਬਾਅਦ ਵਿਚ ਵਾਅਦਾ ਮੁਆਫ਼ ਗੁਆਹ ਬਣ ਕੇ ਫੜੇ ਗ਼ਦਰੀਆਂ ਨੂੰ ਸਜ਼ਾਵਾਂ ਦਿਵਾਉਣ ਵਿਚ ਅਹਿਮ ਭੂਮਿਕਾ ਨਿਭਾਈ। ਸਭ ਤੋਂ ਪਹਿਲਾਂ ਗ੍ਰਿਫ਼ਤਾਰ ਕੀਤੇ ਗਏ ਗ਼ਦਰੀਆਂ ਨੂੰ ਲਾਹੌਰ ਜੇਲ੍ਹ ਵਿਚ ਲਿਆਂਦਾ ਗਿਆ। ਇਨ੍ਹਾਂ ਨਾਲ ਹੀ ਜਹਾਜ਼ੋਂ ਉਤਰਦੇ ਗ੍ਰਿਫ਼ਤਾਰ ਕੀਤੇ ਗ਼ਦਰੀਆਂ ਨੂੰ ਇੱਥੇ ਲਿਆਂਦਾ ਗਿਆ। ਇਨ੍ਹਾਂ ਵਿਚ ਭਾਈ ਸੋਹਣ ਸਿੰਘ ਭਕਨਾ ਪ੍ਰਧਾਨ ਗ਼ਦਰ ਪਾਰਟੀ, ਭਾਈ ਕੇਸਰ ਸਿੰਘ ਠੱਠਗੜ੍ਹ ਮੀਤ ਪ੍ਰਧਾਨ, ਭਾਈ ਜਵਾਲਾ ਸਿੰਘ ਠੱਠੀਆਂ ਦੂਸਰੇ ਮੀਤ ਪ੍ਰਧਾਨ, ਭਾਈ ਸ਼ੇਰ ਸਿੰਘ ਵੇਈਂ ਪੋਈਂ, ਮਾਸਟਰ ਊਧਮ ਸਿੰਘ ਕਸੇਲ ਤੇ ਮੰਗਲ ਸਿੰਘ ਭੰਗੜ ਲਾਲਪੁਰ ਢੋਟੀਆਂ ਸ਼ਾਮਲ ਸਨ। ਇਨ੍ਹਾਂ ਗ੍ਰਿਫ਼ਤਾਰੀਆਂ ਤੋਂ ਪਹਿਲਾਂ ਹੀ ਫੜੇ ਹੋਏ ਪੰਡਿਤ ਜਗਤ ਰਾਮ ਹਰਿਆਣਾ (ਹੁਸ਼ਿਆਰਪੁਰ), ਸ੍ਰੀ ਪ੍ਰਿਥੀ ਸਿੰਘ ਆਜ਼ਾਦ, ਭਾਈ ਗੁਜਰ ਸਿੰਘ ਭਕਨਾ ਆਦਿ ਅਤੇ ਆਰੀਆ ਸਮਾਜ ਲੀਡਰ ਭਾਈ ਪਰਮਾਨੰਦ ਤੇ ਸ੍ਰੀ ਕਿਦਾਰ ਨਾਥ ਸਹਿਗਲ ਵੀ ਇਨ੍ਹਾਂ ਵਿਚ ਰਲਾ ਲਏ ਗਏ।

ਇਨ੍ਹਾਂ ਸਾਰਿਆਂ ਅਤੇ ਕੁਝ ਹੋਰਨਾਂ ਨੂੰ ਜੋ ਅਜੇ ਤੀਕ ਗ੍ਰਿਫ਼ਤਾਰ ਨਹੀਂ ਹੋਏ ਸਨ, ਮਿਲਾ ਕੇ 82 ਵਿਅਕਤੀਆਂ 'ਤੇ 26 ਅਪ੍ਰੈਲ 1915 ਨੂੰ 'ਲਾਹੌਰ ਸਾਜ਼ਿਸ਼' ਨਾਮ ਦਾ ਮੁਕੱਦਮਾ ਚਲਾਇਆ ਗਿਆ। ਪਹਿਲਾ ਕੇਸ ਹੋਣ ਕਰਕੇ ਇਸ ਨੂੰ 'ਪਹਿਲਾ ਲਾਹੌਰ ਸਾਜ਼ਿਸ਼ ਕੇਸ' ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਚਾਰ ਹੋਰ ਲਾਹੌਰ ਸਪਲੀਮੈਂਟਰੀ ਸਾਜ਼ਿਸ਼ ਕੇਸ, ਦੋ ਮੰਡੀ ਸਾਜ਼ਿਸ਼ ਕੇਸ, ਦੋ ਬਰਮਾ ਸਾਜ਼ਿਸ਼ ਕੇਸ, ਫਿਰੋਜ਼ਪੁਰ ਕਤਲ ਕੇਸ, ਅਨਾਰਕਲੀ ਕਤਲ ਕੇਸ, ਪਧਰੀ ਕਤਲ ਕੇਸ, ਵੱਲਾ ਪੁਲ ਕੇਸ, ਜਗਤਪੁਰ ਕਤਲ ਕੇਸ, ਨੰਗਲ ਕਤਲ ਕੇਸ ਆਦਿ ਨਾਂ ਦੇ ਮੁਕੱਦਮੇ ਚਲਾ ਕੇ ਗ਼ਦਰੀਆਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ।

17 ਗ਼ਦਰੀ ਜਿਹੜੇ ਭਗੌੜੇ ਕਰਾਰ ਦਿੱਤੇ ਗਏ, ਉਨ੍ਹਾਂ ਵਿਚ ਭਾਈ ਪ੍ਰੇਮ ਸਿੰਘ ਸੁਰ ਸਿੰਘ, ਭਾਈ ਬੰਤਾ ਸਿੰਘ ਸੰਘਵਾਲ, ਭਾਈ ਬੀਰ ਸਿੰਘ ਬਾਹੋਵਾਲ, ਭਾਈ ਜਵੰਦ ਸਿੰਘ ਨੰਗਲ, ਸ੍ਰੀ ਰਾਮ ਰਖਾ ਸਾਹਿਬਾ ਸੜੋਆ, ਭਾਈ ਬੂਟਾ ਸਿੰਘ ਅਕਾਲਗੜ੍ਹ, ਭਾਈ ਸਜਨ ਸਿੰਘ ਨਾਰੰਗਵਾਲ, ਭਾਈ ਉਤਮ ਸਿੰਘ ਹਾਂਸ, ਭਾਈ ਗਾਂਧਾ ਸਿੰਘ ਕੱਚਰਭੰਨ, ਡਾਕਟਰ ਮਥਰਾ ਸਿੰਘ, ਭਾਈ ਹਰਨਾਮ ਸਿੰਘ ਕਹੂਟਾ, ਸ੍ਰੀ ਵਿਨਾਇਕ ਰਾਉ (ਬੰਗਾਲੀ),

ਸ੍ਰੀ ਰਾਮ ਬਿਹਾਰੀ ਬੋਸ, ਭਾਈ ਅਰਜਨ ਸਿੰਘ ਲੋਹਟਬਧੀ, ਭਾਈ ਕਰਮ ਸਿੰਘ ਕੋਟਲਾ ਅਜਨੇਰ, ਭਾਈ ਕੇਹਰ ਸਿੰਘ ਸੈਦੋ ਮੋਗਾ ਅਤੇ ਅਨੋਖ ਸਿੰਘ ਜੋ ਅਗਲੇ ਮੁਕੱਦਮੇ ਵਿਚ ਵਾਅਦਾ ਮੁਆਫ਼ ਗਵਾਹ ਬਣ ਗਿਆ ਸ਼ਾਮਲ ਸਨ। ਇਨ੍ਹਾਂ ਭਗੌੜਿਆਂ ਵਿਚੋਂ ਸ੍ਰੀ ਰਾਮ ਰਖਾ ਤਾਂ ਚੱਬੇ ਦੇ ਡਾਕੇ ਵਿਚ ਫਟੜ ਹੋ ਕੇ ਸ਼ਹੀਦ ਹੋ ਗਏ, ਭਾਈ ਬੰਤਾ ਸਿੰਘ ਸੰਘਵਾਲ ਤੇ ਭਾਈ ਬੂਟਾ ਸਿੰਘ ਅਕਾਲਗੜ੍ਹ ਨੂੰ ਹੋਰਨਾਂ ਮੁਕੱਦਮਿਆਂ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

ਪੰਜਾਬ ਦਾ ਗਵਰਨਰ ਮਾਈਕਲ ਓਡਵਾਇਰ ਗ਼ਦਰ ਲਹਿਰ ਨੂੰ ਹਿੰਦੁਸਤਾਨ ਵਿਚੋਂ ਅੰਗਰੇਜ਼ੀ ਹਕੂਮਤ ਨੂੰ ਉਲਟਾਉਣ ਵਾਲਾ ਸਭ ਤੋਂ ਖ਼ਤਰਨਾਕ ਯਤਨ ਕਰਾਰ ਦਿੰਦਾ ਹੈ। ਉਸ ਦੇ ਸਤੀਂ ਕਪੜੀਂ ਅੱਗ ਲੱਗੀ ਹੋਈ ਸੀ। ਉਹ ਇਸ ਲਹਿਰ ਨਾਲ ਸੰਬੰਧਿਤ ਦੇਸ਼ ਭਗਤਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣੀ ਚਾਹੁੰਦਾ ਸੀ ਤਾਂ ਜੋ ਭਵਿੱਖ ਵਿਚ ਅਜਿਹੀ ਲਹਿਰ ਸਿਰ ਨਾ ਚੁੱਕ ਸਕੇ। ਇਸ ਮੰਤਵ ਲਈ ਉਸ ਨੇ ਉਸ ਸਮੇਂ ਦੇ ਕਾਨੂੰਨ ਵਿਚ ਸੋਧਾਂ ਕਰਨ ਲਈ ਦਸੰਬਰ 1914 ਵਿਚ ਕੇਂਦਰੀ ਹਕੂਮਤ ਨੂੰ ਲਿਖਿਆ ਤੇ ਇਕ ਆਰਡੀਨੈਂਸ ਦਾ ਖਰੜਾ ਬਣਾ ਕੇ ਹਿੰਦ ਸਰਕਾਰ ਨੂੰ ਭੇਜਿਆ। ਆਪਣਾ ਦਬਾਅ ਬਨਾਉਣ ਲਈ ਉਸ ਨੇ 27 ਫ਼ਰਵਰੀ 1915 ਨੂੰ ਝੋਲੀਚੁਕ ਸਿੱਖ ਸਰਦਾਰਾਂ ਦੀ ਮੀਟਿੰਗ ਸੱਦੀ। ਇਨ੍ਹਾਂ ਝੋਲੀਝੁਕ ਜਾਗੀਰਦਾਰ ਸਰਦਾਰਾਂ ਨੇ ਸਭ ਗ਼ਦਰੀਆਂ ਨੂੰ ਇਕ ਵੱਢੋਂ ਫੜ ਕੇ ਜੇਲ੍ਹਾਂ ਵਿਚ ਬੰਦ ਕਰਨ ਦੀ ਸਲਾਹ ਦਿੱਤੀ। ਲੁਧਿਆਣੇ ਦੇ ਗਜਣ ਸਿੰਘ ਨੇ ਤਾਂ ਇੱਥੋਂ ਤੀਕ ਕਿਹਾ ਕਿ ਜੇ ਮੁਕੱਦਮੇ ਲੰਮੇ ਹੋ ਗਏ ਤਾਂ ਇਸ ਨਾਲ ਲੋਕਾਂ ਉਪਰ ਬੁਰਾ ਪ੍ਰਭਾਵ ਪਵੇਗਾ। ਇਸ ਲਈ ਇਨ੍ਹਾਂ ਉਪਰ ਪੁਲਸ ਦੀ ਰਿਪੋਰਟ ਉੱਤੇ ਹੀ ਮੁਕੱਦਮੇ ਦਰਜ ਕੀਤੇ ਜਾਣ। ਇਸ ਵਿਚਾਰ ਨਾਲ ਸਾਰੇ ਸਹਿਮਤ ਸਨ। ਪੰਜਾਬ ਸਰਕਾਰ ਨੇ ਇਸ ਨੂੰ ਵਿਸ਼ੇਸ਼ ਅਦਾਲਤਾਂ ਸਥਾਪਤ ਕਰਨ ਲਈ ਵਰਤਿਆ।

ਨਵੇਂ ਕਾਨੂੰਨ ਅਨੁਸਾਰ ਸਰਕਾਰ ਹਿੰਦ ਵਿਚ ਰਹਿੰਦੇ ਕਿਸੇ ਵੀ ਵਿਅਕਤੀ ਨੂੰ ਬਿਨਾਂ ਵਰੰਟ ਫੜ ਕੇ ਜੇਲ੍ਹ ਬੰਦ ਕਰ ਸਕਦੀ ਸੀ, ਕਿਸੇ ਵੀ ਇਲਾਕੇ ਵਿੱਚੋਂ ਦੇਸ਼ ਨਿਕਾਲਾ ਦੇ ਸਕਦੀ ਸੀ ਜਾਂ ਕਿਸੇ ਵੀ ਥਾਂ ਨਜ਼ਰਬੰਦ ਕਰ ਸਕਦੀ ਸੀ, ਜਦ ਕਿ ਉਸ ਸਮੇਂ 'ਪਹਿਲਾਂ ਹਿੰਦ ਆਉਣ ਵਾਲੇ ਕਾਨੂੰਨ' ਅਨੁਸਾਰ ਕੇਵਲ ਬਾਹਰੋਂ ਆਉਣ ਵਾਲਿਆਂ ਨੂੰ ਹੀ ਫੜਿਆ ਤੇ ਬੰਦ ਕੀਤਾ ਜਾ ਸਕਦਾ ਸੀ।

ਗ਼ਦਰੀ ਮੁਕੱਦਮਿਆਂ ਲਈ ਵਿਸ਼ੇਸ਼ ਅਦਾਲਤਾਂ (ਟ੍ਰਿਬਿਊਨਲ) ਸਥਾਪਤ ਕਰਨ ਦਾ ਅਧਿਕਾਰ ਸਰਕਾਰ ਨੂੰ ਦਿੱਤਾ ਗਿਆ ਜੋ ਕਿ ਮੌਤ ਤੀਕ ਦੀ ਸਜ਼ਾ ਦੇ ਸਕਦੀਆਂ ਸਨ। ਉਸ ਸਮੇਂ ਪਹਿਲਾਂ ਮੈਜਿਸਟਰੇਟਾਂ ਅੱਗੇ ਕੱਚਾ ਮੁਕੱਦਮਾ ਦਾਇਰ ਹੋਣ ਤੇ ਉਸ ਪਿੱਛੋਂ ਅਪੀਲਾਂ ਕਰਨ ਦੀ ਰਿਆਇਤ ਗ਼ਦਰੀਆਂ ਪਾਸੋਂ ਖੋਹ ਲਈ ਗਈ। ਇਸ ਤਰ੍ਹਾਂ ਗਵਰਨਰ ਓਡਵਾਇਰ ਨੂੰ ਗ਼ਦਰੀਆਂ ਦੇ ਖ਼ੂਨ ਨਾਲ ਨਹਾਉਣ ਦੇ ਪੂਰੇ ਅਧਿਕਾਰ ਦੇ ਦਿੱਤੇ ਗਏ, ਜਿਸ ਲਈ ਉਹ ਤਰਲੋਮੱਛੀ ਹੋ ਰਿਹਾ ਸੀ।

ਇਸ ਕਾਨੂੰਨ ਦੀ ਅਖ਼ਬਾਰਾਂ ਵਿਚ ਬੜੀ ਵਿਰੋਧਤਾ ਹੋਈ। ਵਾਇਸਰਾਇ ਦੀ ਵਿਧਾਨ ਕੌਂਸਲ ਦੇ ਮੈਂਬਰਾਂ ਨੇ ਸਖ਼ਤ ਧਾਰਾਵਾਂ ਵਿਰੁੱਧ ਇਤਰਾਜ਼ ਕੀਤਾ ਤੇ ਇਹ ਮੰਗ ਰੱਖੀ ਕਿ ਅਪੀਲ ਕਰਨ ਦੀ ਸੁਵਿਧਾ ਹੋਣੀ ਚਾਹੀਦੀ ਹੈ। ਪਰ ਇਸ ਬਾਰੇ ਬਹੁ-ਸੰਮਤੀ ਨਾ ਬਣ ਸਕੀ।

ਡੀ.ਫ਼ੈਂਸ ਆਫ਼ ਇੰਡੀਆ ਰੂਲਜ਼ (ਭਾਰਤ ਦੀ ਸੁਰੱਖਿਆ ਕਾਨੂੰਨ) ਅਧੀਨ ਇਕ ਵਿਸ਼ੇਸ਼ ਟ੍ਰਿਬਿਊਨਲ ਬਣਾਇਆ ਗਿਆ। ਮੇਜਰ ਏ.ਏ. ਇਰਵਿਨ ਇਸ ਦੇ ਪ੍ਰਧਾਨ ਸਨ। ਰਾਇ ਬਹਾਦਰ ਪੰਡਿਤ ਸ਼ਿਵ ਨਰਾਇਣ ਤੇ ਟੀ.ਪੀ. ਐਲਿਸ ਇਸ ਦੇ ਮੈਂਬਰ ਸਨ। ਆਪਣੀ ਕਾਰਵਾਈ ਨੂੰ ਲੋਕਾਂ ਤੋਂ ਛੁਪਾਉਣ ਲਈ ਇਹ ਵਿਸ਼ੇਸ਼ ਅਦਾਲਤ ਲਾਹੌਰ ਸੈਂਟਰਲ ਜੇਲ੍ਹ ਅੰਦਰ ਹੀ ਬੈਠਦੀ ਸੀ। ਅਖ਼ਬਾਰਾਂ ਨੂੰ ਇਸ ਦੀ ਕਾਰਵਾਈ ਸੁਣਨ ਤੇ ਨੋਟ ਕਰਨ ਦੀ ਮਨਾਹੀ ਸੀ। ਅਖ਼ਬਾਰਾਂ ਲਈ ਮਾੜੀ ਮੋਟੀ ਕਹਾਣੀ ਬਣਾ ਕੇ ਪੁਲਿਸ ਹੀ ਜਾਰੀ ਕਰਦੀ ਸੀ।

ਇਸ ਅਦਾਲਤ ਵਿਚ ਸੀ.ਆਈ.ਡੀ. ਦੇ ਸੁਪਰਡੈਂਟ ਹੇਅਰ ਸਕਾਟ ਨੇ 81 ਮੁਲਜ਼ਮਾਂ ਵਿਰੁੱਧ ਸ਼ਕਾਇਤ ਪੇਸ਼ ਕੀਤੀ ਤੇ ਗੁਆਹੀਆਂ ਪੇਸ਼ ਕੀਤੀਆਂ। ਇਨ੍ਹਾਂ ਉਪਰ ਬਾਦਸ਼ਾਹ ਦੇ ਵਿਰੁੱਧ ਬਗ਼ਾਵਤ ਕਰਨ ਦਾ ਦੋਸ਼ ਲਾਇਆ ਗਿਆ। ਪੁਲਿਸ ਨੇ ਝੂਠੇ ਗੁਆਹ ਪੇਸ਼ ਕੀਤੇ ਤੇ ਉਨ੍ਹਾਂ ਨੂੰ ਜੋ ਕਹਿਣ ਲਈ ਕਿਹਾ ਗਿਆ, ਉਨ੍ਹਾਂ ਨੇ ਉਹੋ ਹੀ ਕਿਹਾ। ਕਈ ਗੁਆਹ ਗ਼ਦਰੀਆਂ ਨੂੰ ਪਛਾਣ ਨਾ ਸਕੇ ਕਿਉਂਕਿ ਉਨ੍ਹਾਂ ਨੇ ਆਪਣੀਆਂ ਪਗੜੀਆਂ ਜਾਂ ਨਿਸ਼ਾਨੀਆਂ ਲੁਕਾ ਲਈਆਂ ਸਨ। ਇਕ ਗਵਾਹ ਪਛਾਣ ਨਾ ਸਕਿਆ ਤਾਂ ਜਦ ਜੱਜ ਨੇ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ ਕਿ ਮੁਲਜ਼ਮਾਂ ਨੇ ਪੱਗਾਂ ਉਲਟਾ ਕੇ ਬੱਧੀਆਂ ਹੋਈਆਂ ਹਨ, ਇਸ ਲਈ ਪਛਾਣ ਨਹੀਂ ਹੁੰਦੀ। ਇਸ 'ਤੇ ਭਾਈ ਜਵਾਲਾ ਸਿੰਘ ਠੱਠੀਆਂ ਮੀਤ ਪ੍ਰਧਾਨ ਗ਼ਦਰ ਪਾਰਟੀ ਨੇ ਕਿਹਾ ਕਿ ਪੱਗਾਂ ਹੀ ਬਦਲੀਆਂ ਹਨ, ਮੂੰਹ ਤਾਂ ਨਹੀਂ ਬਦਲੇ ਹੋਏ। ਜੱਜ ਲੋਹੇ ਲਾਖੇ ਹੋ ਗਏ। ਇਸੇ ਗੱਲ ਉਤੇ ਭਾਈ ਜਵਾਲਾ ਸਿੰਘ ਨੂੰ ਤੀਹ ਬੈਂਤ ਮਾਰਨ ਦੀ ਸਜ਼ਾ ਦੇ ਦਿੱਤੀ ਤੇ ਉਨ੍ਹਾਂ ਨੂੰ 30 ਬੈਂਤ ਮਾਰੇ ਗਏ।

ਭਾਈ ਹਰੀ ਸਿੰਘ ਦੇ ਮੱਥੇ ਉਤੇ ਰਸੌਲੀ ਸੀ, ਜਿਸ ਨੂੰ ਉਸ ਨੇ ਮੱਥੇ ਉੱਤੇ ਪੱਗ ਅਗਾਂਹ ਕਰਕੇ ਲੁਕਾਇਆ ਹੋਇਆ ਸੀ। ਗਵਾਹ ਸਾਰੇ ਦੋਸ਼ੀਆਂ ਵਿਚੋਂ ਉਸ ਨੂੰ ਪਛਾਣ ਨਾ ਸਕਿਆ। ਜੱਜ ਨੇ ਪੁੱਛਿਆ ਤਾਂ ਉਸ ਨੇ ਕਿਹਾ ਕਿ ਉਸ ਦੇ ਮੱਥੇ ਉਤੇ ਰਸੌਲੀ ਹੈ, ਪੱਗਾਂ ਲੁਹਾ ਕੇ ਵਿਖਾਉ ਤਾਂ ਪਤਾ ਲਗੇਗਾ। ਇਸ ਉਤੇ ਜੱਜਾਂ ਨੇ ਪੱਗਾਂ ਲੁਹਾ ਦਿੱਤੀਆਂ ਤੇ ਉਨ੍ਹਾਂ ਦੀ ਸ਼ਨਾਖਤ ਹੋ ਗਈ।

ਪਹਿਲੇ ਲਾਹੌਰ ਸਾਜ਼ਿਸ਼ ਕੇਸ ਦਾ ਫ਼ੈਸਲਾ 13 ਸਤੰਬਰ 1915 ਨੂੰ ਸੁਣਾਇਆ ਗਿਆ। ਇਨ੍ਹਾਂ ਵਿਚੋਂ 24 ਨੂੰ ਮੌਤ ਦੀ ਸਜ਼ਾ, 27 ਨੂੰ ਉਮਰ ਕੈਦ, ਕਾਲੇ ਪਾਣੀ ਤੇ ਜਾਇਦਾਦ ਜਬਤੀ ਦੀ ਸਜ਼ਾ ਸੁਣਾਈ ਗਈ। ਕੁਝ ਕੁ ਨੂੰ ਇਸ ਤੋਂ ਘੱਟ ਸਜ਼ਾਵਾਂ ਸੁਣਾਈਆਂ ਗਈਆਂ। ਇਨ੍ਹਾਂ ਵਿਚੋਂ ਭਾਈ ਸੋਹਣ ਸਿੰਘ ਭਕਨਾ ਪ੍ਰਧਾਨ ਗ਼ਦਰ ਪਾਰਟੀ ਤੇ ਭਾਈ ਕੇਸਰ ਸਿੰਘ ਠੱਠਗੜ੍ਹ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਤੇ ਭਾਈ ਊਧਮ ਸਿੰਘ ਕਸੇਲ, ਭਾਈ ਜਵਾਲਾ ਸਿੰਘ ਠੱਠੀਆਂ, ਭਾਈ ਸ਼ੇਰ ਸਿੰਘ ਵੇਈਂ ਪੋਈਂ ਤੇ ਭਾਈ ਮੰਗਲ ਸਿੰਘ ਲਾਲਪੁਰ ਢੋਟੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਹਾਲਾਂਕਿ ਇਨ੍ਹਾਂ ਦੀ ਭਾਰਤ ਦੀ ਧਰਤੀ ਉਪਰ ਕੋਈ, ਜੁਰਮ ਨਹੀਂ ਸੀ ਕਿਉਂਕਿ ਇਨ੍ਹਾਂ ਨੂੰ ਆਉਂਦਿਆਂ ਹੀ ਜਹਾਜ਼ੋਂ ਫੜ ਕੇ ਮਿੰਟਗੁਮਰੀ ਜੇਲ੍ਹ ਵਿਚ ਡੱਕ ਦਿੱਤਾ ਗਿਆ ਸੀ। ਇਨ੍ਹਾਂ ਵਿਚੋਂ 11 ਗ਼ਦਰੀ ਅਜਿਹੇ ਸਨ ਜਿੰਨ੍ਹਾਂ ਨੇ ਉਨ੍ਹਾਂ ਘਟਨਾਵਾਂ ਵਿਚ ਭਾਗ ਨਹੀਂ ਸੀ ਲਿਆ, ਜਿਸ ਦੀ ਸਜ਼ਾ ਮੌਤ ਹੁੰਦੀ ਸੀ।

ਇਨ੍ਹਾਂ ਗ਼ਦਰੀਆਂ ਨੂੰ ਰਹਿਮ ਦੀਆਂ ਅਪੀਲਾਂ ਕਰਨ ਨੂੰ ਕਿਹਾ ਗਿਆ ਪਰ ਕਿਸੇ

ਨੇ ਰਹਿਮ ਮੰਗਣਾ ਠੀਕ ਨਾ ਸਮਝਿਆ। ਇਸ ਫ਼ੈਸਲੇ ਵਿਰੁੱਧ ਦੇਸ਼ ਵਿਚ ਕਰੋਧ ਦੀ ਲਹਿਰ ਦੌੜ ਗਈ। ਜਨਤਕ ਬੇਚੈਨੀ 'ਤੇ ਲਾਰਡ ਹਾਰਡਿੰਗ ਪਿੱਟ ਉੱਠਿਆ। ਜਦ ਉਸ ਨੂੰ ਇਹ ਪਤਾ ਲੱਗਾ ਕਿ ਕਲਕੱਤੇ ਦੇ ਵਕੀਲ ਇਸ ਫ਼ੈਸਲੇ ਦੀਆਂ ਕਮਜ਼ੋਰੀਆਂ ਜਾਣ ਗਏ ਹਨ ਤੇ ਉਹ ਉਡੀਕਦੇ ਹਨ ਕਿ ਰਹਿਮ ਦੀਆਂ ਦਰਖਾਸਤਾਂ ਦਾ ਸਮਾਂ ਲੰਘ ਜਾਵੇ ਤਾਂ ਉਹ ਵਿਸ਼ੇਸ਼ ਅਦਾਲਤਾਂ ਵਾਲੇ ਡੀਫ਼ੈਂਸ ਆਫ਼ ਇੰਡੀਆ ਰੂਲਜ ਦੇ ਵਿਰੋਧ ਵਿਚ ਐਜੀਟੇਸ਼ਨ ਸ਼ੁਰੂ ਕਰਨ ਤਾਂ ਉਸ ਨੇ ਆਪ ਲਾਹੌਰ ਆ ਕੇ ਪੰਜਾਬ ਦੇ ਗਵਰਨਰ ਓਡਵਾਇਰ ਨੂੰ ਸਾਫ਼ ਕਹਿ ਦਿੱਤਾ ਕਿ ਉਹ 6 ਜਣਿਆਂ ਨੂੰ ਛੱਡ ਕੇ ਜਿਨ੍ਹਾਂ ਨੇ ਖੁਦ ਕਤਲਾਂ ਤੇ ਡਾਕਿਆਂ ਵਿਚ ਹਿੱਸਾ ਲਿਆ ਹੈ, ਬਾਕੀਆਂ ਦੀ ਕੁਰਬਾਨੀ ਦੀ ਆਗਿਆ ਨਹੀਂ ਦੇ ਸਕਦਾ। ਅਪੀਲਾਂ ਦੀ ਇਸ ਕਾਨੂੰਨ ਵਿਚ ਕੋਈ ਵਿਵਸਥਾ ਨਹੀਂ ਸੀ। ਵਾਇਸਰਾਇ ਨੇ 17 ਗ਼ਦਰੀਆਂ ਦੀਆਂ ਮੌਤਾਂ ਦੀਆਂ ਸਜ਼ਾਵਾਂ ਤੋੜ ਕੇ ਉਮਰ ਕੈਦਾਂ ਕਰ ਦਿੱਤੀਆਂ ਤੇ 7 ਉਮਰ ਕੈਦੀਆਂ ਦੀਆਂ ਸਜ਼ਾਵਾਂ ਘਟਾ ਦਿੱਤੀਆਂ।

ਇਨ੍ਹਾਂ ਗ਼ਦਰੀਆਂ ਨੂੰ ਦੇਸ਼ ਤੋਂ ਕੁਰਬਾਨ ਹੋਣ ਦਾ ਕਿੰਨਾ ਚਾਅ ਸੀ, ਇਸ ਦਾ ਪਤਾ ਮੁਕੱਦਮੇ ਦੌਰਾਨ ਹੀ ਲਗ ਗਿਆ ਸੀ। ਉਨ੍ਹਾਂ ਨੂੰ ਆਪਣੀਆਂ ਸਜ਼ਾਵਾਂ ਦਾ ਜ਼ਰਾ ਜਿੰਨਾ ਵੀ ਡਰ ਨਹੀਂ ਸੀ। ਲਾਹੌਰ ਜੇਲ੍ਹ ਵਿਚ ਅਨਾਰਕਲੀ ਬਜ਼ਾਰ ਵਿਚ 2 ਪੁਲਸ ਅਫ਼ਸਰਾਂ ਨੂੰ ਮਾਰਨ ਦੇ ਦੋਸ਼ ਵਿਚ ਭਾਈ ਅਰਜਨ ਸਿੰਘ ਖੁਖਰਾਣਾ ਨੂੰ, ਸਭ ਤੋਂ ਪਹਿਲਾਂ ਫ਼ਾਂਸੀ ਲੱਗਣ ਦਾ ਫ਼ਖ਼ਰ ਹਾਸਲ ਹੈ, ਨੂੰ ਜਦ ਫ਼ਾਂਸੀ ਲਈ ਲੈ ਜਾ ਰਹੇ ਸਨ ਤਾਂ ਉਹ ਉੱਚੀ ਉੱਚੀ 'ਗ਼ਦਰ ਗੂੰਜ' ਦੀਆਂ ਕਵਿਤਾਵਾਂ ਪੜ੍ਹਦੇ ਜਾ ਰਹੇ ਸਨ। ਭਾਈ ਕਰਤਾਰ ਸਿੰਘ ਸਰਾਭਾ ਨੂੰ ਜੱਜਾਂ ਨੇ ਕਿਹਾ ਕਿ ਉਹ ਅਜੇ ਬੱਚਾ ਹੈ ਤੇ ਇਕਬਾਲ ਨਾ ਕਰੇ ਤਾਂ ਸਰਾਭਾ ਨੇ ਜੱਜਾਂ ਨੂੰ ਉਤਰ ਦਿੱਤਾ, "ਮੈਂ ਇਸ ਦੁਸ਼ਟ ਬੇਗਾਨੀ ਹਕੂਮਤ ਨੂੰ ਉਲਟਾਉਣ ਲਈ ਕੀਤੇ ਹੋਏ ਕਾਰਨਾਮੇ ਲੁਕਾ ਕੇ ਆਪਣੀ ਚਮੜੀ ਨਹੀਂ ਬਚਾਉਣਾ ਚਾਹੁੰਦਾ।" ਜੱਜਾਂ ਨੇ ਉਸ ਨੂੰ ਸੋਚਣ ਦਾ ਮੌਕਾ ਦੇਣ ਲਈ ਫ਼ੈਸਲਾ ਸੁਣਾਉਣਾ ਇਕ ਦਿਨ ਅੱਗੇ ਪਾ ਦਿੱਤਾ ਪਰ ਉਨ੍ਹਾਂ ਨੇ ਅਗਲੇ ਦਿਨ ਵੀ ਇਹੀ ਬਿਆਨ ਦਿੱਤਾ। ਜਦ 13 ਸਤੰਬਰ 1915 ਨੂੰ ਸਜ਼ਾਵਾਂ ਸੁਣਾਈਆਂ ਗਈਆਂ ਤੇ 24 ਗ਼ਦਰੀਆਂ ਨੂੰ ਫਾਂਸੀ ਦੇ ਕੇ ਮਾਰਨ ਦੀ ਸਜ਼ਾ ਦਿੱਤੀ ਗਈ ਤਾਂ ਸਾਰਿਆਂ ਨੇ ਜੱਜਾਂ ਦਾ ਸ਼ੁਕਰੀਆਂ ਅਦਾ ਕੀਤਾ। ਭਾਈ ਨਿਧਾਨ ਚੁੱਘਾ ਨੇ ਆਖਿਆ, "ਬਸ। ਐਨਾ ਹੀ ਜ਼ੋਰ ਸੀ।" ਭਾਈ ਜਵਾਲਾ ਸਿੰਘ ਨੂੰ ਉਮਰ ਕੈਦ ਹੋਈ ਸੀ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਕਿਉਂ ਨਹੀਂ ਦਿੱਤੀ ਗਈ। ਜਦ 24 ਫਾਂਸੀ ਵਾਲਿਆਂ ਨੂੰ ਫਾਂਸੀ ਦੇ ਕੇ ਮਾਰਨ ਲਈ ਤਿਆਰ ਕੀਤਾ ਗਿਆ ਤਾਂ ਉਨ੍ਹਾਂ ਨੂੰ ਲਾੜ੍ਹਿਆਂ ਵਾਂਗ ਚਾਅ ਚੜ੍ਹੇ ਹੋਏ ਸਨ। ਉਨ੍ਹਾਂ ਦੇ ਘਰ ਵਾਲਿਆਂ ਦੀਆਂ ਆਖ਼ਰੀ ਮੁਲਾਕਾਤਾਂ ਕਰਵਾ ਦਿੱਤੀਆਂ ਗਈਆਂ। ਉਨ੍ਹਾਂ ਨੇ ਫਾਂਸੀ ਤੋਂ ਪਹਿਲਾਂ ਵਾਲੀ ਸਾਰੀ ਰਾਤ 'ਗ਼ਦਰ ਦੀ ਗੂੰਜ' ਦੀਆਂ ਕਵਿਤਾਵਾਂ ਪੜ੍ਹਦਿਆਂ ਤੇ ਗਾਉਂਦਿਆਂ ਲੰਘਾਈ। ਸਵੇਰਾ ਹੋਇਆ ਤਾਂ ਜੇਲ੍ਹ ਦੇ ਹਾਕਮਾਂ ਨੇ ਆ ਕੇ ਕਿਹਾ "ਫਾਂਸੀਆਂ ਮੁਲਤਵੀ ਹੋ ਗਈਆਂ ਹਨ।" ਸਿਰਲੱਥੇ ਇਨ੍ਹਾਂ ਗ਼ਦਰੀਆਂ ਦੇ ਚਾਅ ਮਾਰੇ ਗਏ। ਦਿਨ ਨੂੰ 17 ਗ਼ਦਰੀਆਂ ਦੀਆਂ ਸਜ਼ਾਵਾਂ ਉਮਰ ਕੈਦ ਵਿਚ ਬਦਲ ਜਾਣ ਦਾ ਹੁਕਮ ਸੁਣਾਇਆ ਗਿਆ।

ਜਿਨ੍ਹਾਂ ਗ਼ਦਰੀ ਯੋਧਿਆਂ ਨੂੰ 16 ਨਵੰਬਰ 1915 ਈ. ਨੂੰ ਲਾਹੌਰ ਸੈਂਟਰਲ ਜੇਲ੍ਹ

ਵਿਚ ਸ਼ਹੀਦ ਕੀਤਾ ਗਿਆ, ਉਹ ਸਨ (1) ਸ੍ਰੀ ਵਿਸ਼ਨੂੰ ਗਣੇਸ਼ ਪਿੰਗਲੇ (2) ਭਾਈ ਕਰਤਾਰ ਸਿੰਘ ਸਰਾਭਾ (3) ਭਾਈ ਜਗਤ ਸਿੰਘ ਸੁਰ ਸਿੰਘ (4) ਭਾਈ ਹਰਨਾਮ ਸਿੰਘ ਸਿਆਲਕੋਟ (5) ਭਾਈ ਬਖਸ਼ੀਸ਼ ਸਿੰਘ ਗਿੱਲਵਾਲੀ (ਅੰਮ੍ਰਿਤਸਰ) (6) ਭਾਈ ਸੁਰਜਨ ਸਿੰਘ ਗਿੱਲਵਾਲੀ-1 ਅਤੇ (7) ਭਾਈ ਸੁਰਜਨ ਸਿੰਘ ਗਿੱਲਵਾਲੀ-2 ਭਾਵ ਕਿ ਪਿੰਡ ਗਿੱਲਵਾਲੀ (ਅੰਮ੍ਰਿਤਸਰ) ਦੇ ਇਕੋ ਨਾਂ ਦੇ ਦੋ ਸ਼ਹੀਦ ਸਨ। ਇਨ੍ਹਾਂ ਵਿਚੋਂ ਪਿੰਗਲੇ ਬਾਰੇ ਕਿਹਾ ਜਾ ਸਕਦਾ ਹੈ ਕਿ ਉਸ ਨੇ ਕੋਈ ਐਸੀ ਕਾਰਵਾਈ ਨਹੀਂ ਸੀ ਕੀਤੀ ਕਿ ਉਸ ਨੂੰ ਫ਼ਾਂਸੀ ਦੀ ਸਜ਼ਾ ਦਿੱਤੀ ਜਾਂਦੀ। ਉਸ ਨੇ ਨਾ ਕੋਈ ਡਾਕਾ ਮਾਰਿਆ ਸੀ ਤੇ ਨਾ ਹੀ ਕੋਈ ਕਤਲ ਕੀਤਾ ਸੀ। ਉਹ ਪੰਜਾਬੀਆਂ ਅਤੇ ਬੰਗਾਲੀਆਂ ਵਿਚਕਾਰ ਰਾਬਤੇ ਦੀ ਕੜੀ ਬਣਿਆ ਸੀ।

ਕਾਮਰੇਡ ਸੋਹਨ ਸਿੰਘ ਜੋਸ਼ ਨੇ ਆਪਣੀ ਪੁਸਤਕ 'ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ' ਇਤਿਹਾਸ ਵਿਚ ਪਹਿਲੇ ਲਾਹੌਰ ਸਾਜ਼ਿਸ਼ ਕੇਸ ਬਾਰੇ ਕੁਝ ਵਿਸ਼ੇਸ਼ ਪੱਖ ਪੇਸ਼ ਕੀਤੇ ਹਨ। ਉਨ੍ਹਾਂ ਅਨੁਸਾਰ ਜੱਜਾਂ ਨੇ ਭਾਰਤ ਦੀ ਥਾਂ 'ਤੇ ਅਮਰੀਕਾ ਨੂੰ ਸਾਜ਼ਿਸ਼ ਦਾ ਕੇਂਦਰ ਚੁਣਿਆ। ਉਨ੍ਹਾਂ ਨੇ ਅਜਿਹਾ ਕਿਉਂ ਕੀਤਾ ? ਉਨ੍ਹਾਂ ਨੇ 8 ਗ਼ਦਾਰਾਂ ਨਵਾਬ ਖਾਨ, ਮੂਲਾ ਸਿੰਘ, ਉਮਰਾਉ ਸਿੰਘ, ਸੁੱਚਾ ਸਿੰਘ ਜੋ ਕਿ ਇਕ ਵਿਦਿਆਰਥੀ ਸੀ, ਜਵਾਲਾ ਸਿੰਘ, ਅਮਰ ਸਿੰਘ, ਊਧਮ ਸਿੰਘ ਅਤੇ ਨਿਰੰਜਣ ਸਿੰਘ ਦੇ ਕਿਰਦਾਰਾਂ ਬਾਰੇ ਵੀ ਇਸ ਮੁਕੱਦਮੇ ਵਿਚ ਅਦਾ ਕੀਤੇ ਰੋਲ ਬਾਰੇ ਵੀ ਲਿਖਿਆ ਹੈ। ਜੱਜਾਂ ਦੇ ਗ਼ੈਰ ਵਿਗਿਆਨਕ ਰਵੱਈਏ ਬਾਰੇ ਵੀ ਜ਼ੋਸ਼ ਹੁਰਾਂ ਬੜੇ ਵਿਸਥਾਰ ਨਾਲ ਲਿਖਿਆ, ਜੋ ਕਿ ਲੇਖ ਦੀਆਂ ਸੀਮਾਵਾਂ ਕਰਕੇ ਇਥੇ ਵਰਨਣ ਨਹੀਂ ਕੀਤਾ ਜਾ ਰਿਹਾ। ਜਿਹੜੇ ਦੇਸ਼ ਭਗਤ ਮੌਤ ਦੀ ਸਜ਼ਾ ਤੋਂ ਬਚ ਗਏ, ਉਨ੍ਹਾਂ ਨੇ ਸਾਰੀ ਉਮਰ ਗ਼ਦਰ ਪਾਰਟੀ ਦੀ ਵਿਚਾਰਧਾਰਾ 'ਤੇ ਪਹਿਰਾ ਦਿੱਤਾ ਤੇ ਸਾਰੀ ਜ਼ਿੰਦਗੀ ਦਬੇ ਕੁਚਲੇ ਲੋਕਾਂ ਦੀ ਭਲਾਈ ਲਈ ਲਾ ਦਿੱਤੀ। ਇਹ ਲਹਿਰ ਭਾਵੇਂ ਅੰਗਰੇਜ਼ੀ ਹਕੂਮਤ ਦਾ ਤਖ਼ਤਾ ਪਲਟ ਨਾ ਸਕੀ, ਪਰ ਇਸ ਨੇ ਆਉਣ ਵਾਲੇ ਸਮੇਂ ਇਨਕਲਾਬੀ ਲਹਿਰਾਂ ਨੂੰ ਜਨਮ ਦਿੱਤਾ ਤੇ ਆਜ਼ਾਦੀ ਲਈ ਨੌਜੁਆਨ ਪੀੜ੍ਹੀ ਅੰਦਰ ਤੜਪ ਪੈਦਾ ਕੀਤੀ।

ਭਾਰਤੀਆਂ ਨੂੰ ਉਹ ਆਜ਼ਾਦੀ ਨਹੀਂ ਮਿਲੀ, ਜਿਨ੍ਹਾਂ ਲਈ ਇਨ੍ਹਾਂ ਦੇਸ਼ ਭਗਤਾਂ ਨੇ ਕੁਰਬਾਨੀਆਂ ਕੀਤੀਆਂ ਸਨ। ਭਾਰਤ ਵਿਚ ਅੰਗਰੇਜ਼ੀ ਹਕੂਮਤ ਵਾਲੇ ਕਾਲੇ ਕਾਨੂੰਨਾਂ ਤੋਂ ਵੀ ਮਾੜੇ ਕਾਲੇ ਕਾਨੂੰਨ ਚਲ ਰਹੇ ਹਨ ਤੇ ਲੋਕਾਂ ਦੀ ਆਵਾਜ਼ ਨੂੰ ਬੰਦੂਕ ਦੀ ਨੋਕ 'ਤੇ ਦਬਾਇਆ ਜਾ ਰਿਹਾ ਹੈ। ਜਿੰਨੀ ਦੇਰ ਤੀਕ ਭਾਰਤੀ ਪ੍ਰਣਾਲੀ ਨੂੰ ਬਦਲ ਕੇ ਐਸੀ ਵਿਵਸਥਾ ਕਾਇਮ ਨਹੀਂ ਕੀਤੀ ਜਾਂਦੀ ਜਿਸ ਲਈ ਇਨ੍ਹਾਂ ਦੇਸ਼ ਭਗਤਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਸਨ, ਓਨੀ ਦੇਰ ਤੀਕ ਆਮ ਆਦਮੀ ਦੀ ਭਲਾਈ ਨਹੀਂ ਹੋ ਸਕਦੀ। ਸਾਮਰਾਜੀ ਅਰਥ ਵਿਵਸਥਾ ਨੂੰ ਢਹਿ ਢੇਰੀ ਕਰਨਾ ਹੀ ਇਨ੍ਹਾਂ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

*20 ਜੂਨ 2015*

# ਸਾਕਾ ਕਾਮਾਗਾਟਾਮਾਰੂ ਤੇ ਗ਼ਦਰ ਪਾਰਟੀ ਦਾ ਆਪਸੀ ਸਬੰਧ

ਗ਼ਦਰ ਲਹਿਰ ਅਮਰੀਕਾ ਵਿਚ 1913 ਵਿਚ ਸ਼ੁਰੂ ਹੋਈ। ਇਸ ਲਹਿਰ ਦਾ ਮਕਸਦ ਭਾਰਤ ਨੂੰ ਹਥਿਆਰਬੰਦ ਸੰਘਰਸ਼ ਰਾਹੀਂ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਮੁਕਤ ਕਰਵਾ ਕੇ ਧਰਮ ਨਿਰਪੱਖ ਅਤੇ ਸਾਂਝੀਵਾਲਤਾ 'ਤੇ ਆਧਾਰਤ ਰਾਜ ਕਾਇਮ ਕਰਨਾ ਸੀ। ਅਮਰੀਕਾ, ਕੈਨੇਡਾ, ਮਲੇਸ਼ੀਆ, ਸਿੰਗਾਪੁਰ ਅਤੇ ਹੋਰ ਮੁਲਕਾਂ ਤੋਂ 8000 ਤੋਂ ਵੱਧ ਇਹ ਗ਼ਦਰੀ ਯੋਧੇ ਭਾਰਤ ਇਸ ਉਦੇਸ਼ ਲਈ ਪਹੁੰਚੇ। ਇਨ੍ਹਾਂ ਵਿਚੋਂ 166 ਤੋਂ ਵੱਧ ਫ਼ਾਂਸੀ ਜਾਂ ਜੇਲ੍ਹਾਂ ਅੰਦਰ ਤਸੀਹਿਆਂ ਨਾਲ ਸ਼ਹੀਦ ਹੋਏ, 765 ਤੋਂ ਵੱਧ ਨੇ ਉਮਰ ਕੈਦਾਂ ਕੱਟਦਿਆਂ ਆਪਣੀ ਜੁਆਨੀ ਦੇਸ਼ ਦੇ ਲੇਖੇ ਲਾ ਦਿੱਤੀ। ਇਹ ਲਹਿਰ ਭਾਵੇਂ ਥੋੜ੍ਹਾ ਚਿਰ ਚੱਲੀ ਪਰ ਇਸ ਲਈ ਗ਼ਦਰੀ ਬਾਬਿਆਂ ਨੂੰ ਭਾਰੀਆਂ ਕੁਰਬਾਨੀਆਂ ਦੇਣੀਆਂ ਪਈਆਂ। ਭਾਰਤ ਦੀ ਆਜ਼ਾਦੀ ਵਿਚ ਇਸ ਲਹਿਰ ਨੇ ਅਹਿਮ ਭੂਮਿਕਾ ਅਦਾ ਕੀਤੀ।

ਕਾਮਾਗਾਟਾਮਾਰੂ ਜਹਾਜ਼ ਦੇ ਦੁਖਾਂਤ ਅਤੇ ਗ਼ਦਰ ਪਾਰਟੀ ਦੇ ਇਤਿਹਾਸਿਕ ਪਿਛੋਕੜ 'ਤੇ ਝਾਤ ਮਾਰੀਏ ਤਾਂ ਇਨ੍ਹਾਂ ਵਿਚ ਗੂੜ੍ਹੇ ਸੰਬੰਧ ਸਾਹਮਣੇ ਆਉਂਦੇ ਹਨ। ਕੈਨੇਡਾ ਅਤੇ ਅਮਰੀਕਾ ਬਾਹਰੋਂ ਆ ਕੇ ਵੱਸੇ ਲੋਕਾਂ ਦੇ ਦੇਸ਼ ਹਨ। ਦੋਵਾਂ ਮੁਲਕਾਂ ਵਿਚ ਬਾਹਰੋਂ ਆ ਕੇ ਵੱਸਣ ਵਾਲਿਆਂ ਜਿਨ੍ਹਾਂ ਨੂੰ ਆਵਾਸੀ ਕਿਹਾ ਜਾਂਦਾ ਹੈ, ਨੇ ਇਨ੍ਹਾਂ ਮੁਲਕਾਂ ਦੀ ਤਰੱਕੀ ਲਈ ਵੱਡਾ ਯੋਗਦਾਨ ਪਾਇਆ ਹੈ।

ਇਹ ਮੰਨਿਆ ਜਾਂਦਾ ਹੈ ਕਿ ਪਹਿਲਾਂ ਏਸ਼ੀਆ ਦੇ ਲੋਕ ਨਾਰਥ ਅਮਰੀਕਾ ਜਿਸ ਨੂੰ ਯੂਨਾਇਡ ਸਟੇਟਸ ਆਫ਼ ਅਮੈਰਿਕਾ ਜਾਂ ਅਮਰੀਕਾ ਕਿਹਾ ਜਾਂਦਾ ਹੈ, ਵਿਖੇ ਆਏ ਸਨ, ਜਿਨ੍ਹਾਂ ਨੂੰ ਪਹਿਲੀ ਕੌਮ (ਐਬੋਰੀਜਨਲ) ਕਿਹਾ ਜਾਂਦਾ ਹੈ। ਬਰਤਾਨਵੀਂ ਤੇ ਫ਼ਰਾਂਸੀਸੀ ਬਾਅਦ ਵਿਚ ਆਏ ਤੇ ਇਨ੍ਹਾਂ ਨੇ ਅਮਰੀਕਾ ਅਤੇ ਕੈਨੇਡਾ ਉਪਰ ਪਹਿਲੀ ਕੌਮ ਦੇ ਲੋਕਾਂ ਨੂੰ ਆਪਣੀ ਸ਼ਕਤੀ ਨਾਲ ਕਾਬੂ ਕਰ ਲਿਆ। ਹੁਣ ਕੈਨੇਡਾ ਅਤੇ ਅਮਰੀਕਾ ਦੇ ਮੂਲਵਾਸੀ ਆਪਣੀ ਬੋਲੀ ਤੇ ਸਭਿਆਚਾਰ ਗੁਆ ਚੁੱਕੇ ਹਨ।

ਕੈਨੇਡਾ ਸਰਕਾਰ ਇਥੇ ਕੇਵਲ ਇੰਗਲੈਂਡ, ਜਰਮਨੀ, ਫ਼ਰਾਂਸ, ਸਵਿਟਜ਼ਰਲੈਂਡ ਆਦਿ ਯੂਰਪੀ ਲੋਕਾਂ ਨੂੰ ਵਸਾਉਣਾ ਚਾਹੁੰਦੀ ਸੀ। ਏਜੰਟਾਂ ਨੂੰ ਇਕ ਆਦਮੀ ਲਈ ਤਿੰਨ ਡਾਲਰ, ਔਰਤ ਲਈ ਦੋ ਡਾਲਰ ਤੇ ਬੱਚੇ ਲਈ ਇਕ ਡਾਲਰ ਲਿਆਉਣ ਲਈ ਦਿੱਤੇ ਜਾਂਦੇ ਸਨ। ਅਖ਼ਬਾਰਾਂ ਵਿਚ ਇਸ਼ਤਿਹਾਰ ਦਿੱਤੇ ਜਾਂਦੇ ਸਨ। ਇਸ ਕੰਮ ਲਈ 1898 ਤੋਂ 1908 ਈ. ਤੀਕ ਕੈਨੇਡਾ ਸਰਕਾਰ ਨੇ 67 ਲੱਖ 79 ਹਜ਼ਾਰ 832 ਡਾਲਰ ਖਰਚ ਕੀਤੇ।

ਏਸ਼ੀਆ ਤੋਂ ਸਭ ਤੋਂ ਪਹਿਲਾਂ ਚੀਨੇ ਲੋਕ 19ਵੀਂ ਸਦੀ ਦੇ ਅੱਧ ਵਿਚ ਅਮਰੀਕਾ ਦੇ ਕੈਲੀਫੋਰਨੀਆ ਸੂਬਾ ਵਿਚ ਸੋਨੇ ਦੀਆਂ ਖਾਨਾਂ ਵਿਚ ਕੰਮ ਕਰਨ ਗਏ ਤੇ 1858 ਈ. ਵਿਚ ਕੈਨੇਡਾ ਆਉਣ ਲੱਗੇ। ਚੀਨੀਆਂ ਤੋਂ ਬਾਅਦ ਜਾਪਾਨੀ 1887 ਈ. ਵਿਚ ਆਉਣੇ ਸ਼ੁਰੂ ਹੋਏ। ਇਨ੍ਹਾਂ ਪਿੱਛੋਂ ਸਿੱਖ ਆਉਣੇ ਸ਼ੁਰੂ ਹੋਏ। ਮਹਾਰਾਣੀ ਵਿਕਟੋਰੀਆ ਦੀ ਗੋਲਡਨ ਜੁਬਲੀ ਦੇ ਜਸ਼ਨਾਂ ਤੋਂ ਬਾਦ 1897 ਵਿਚ ਕੁਝ ਸਿੱਖ ਫ਼ੌਜੀ ਕੈਨੇਡਾ ਵਿਚੋਂ ਲੰਘੇ ਤੇ ਵੇਖਿਆ ਕਿ ਉੱਥੇ ਰੁਜ਼ਗਾਰ ਦੇ ਬਹੁਤ ਮੌਕੇ ਹਨ ਤੇ ਜ਼ਮੀਨ ਪੰਜਾਬ ਵਰਗੀ ਉਪਜਾਊ ਹੈ। 1904 ਵਿਚ ਸਿੱਖ ਕੈਨੇਡਾ ਜਾਣ ਲਗੇ ਤੇ 1908 ਈ. ਵਿਚ ਉਨ੍ਹਾਂ ਦੀ ਗਿਣਤੀ ਕੋਈ 4 ਹਜ਼ਾਰ ਦੇ ਕਰੀਬ ਸੀ।

ਜਦ ਚੀਨੀਆਂ ਦੀ ਗਿਣਤੀ ਹਜ਼ਾਰਾਂ ਵਿਚ ਹੋ ਗਈ ਤਾਂ ਉਨ੍ਹਾਂ ਦੇ ਦਾਖਲੇ ਨੂੰ ਰੋਕਣ ਲਈ 1903 ਵਿਚ 'ਹੈੱਡ ਟੈਕਸ ਕਾਨੂੰਨ' ਪਾਸ ਕੀਤਾ ਗਿਆ। ਇਸ ਕਾਨੂੰਨ ਅਧੀਨ ਕੈਨੇਡਾ ਜਾਣ ਲਈ ਹਰ ਵਿਅਕਤੀ ਨੂੰ 500 ਡਾਲਰ ਦੇਣੇ ਪੈਂਦੇ ਸਨ ਜਦ ਕਿ ਉਸ ਸਮੇਂ ਇਕ ਮਜ਼ਦੂਰ ਦੀ ਦਿਹਾੜੀ ਇਕ ਡਾਲਰ ਸੀ। ਪਰ ਇਸ ਦੇ ਬਾਵਜੂਦ ਚੀਨੀਆਂ ਦਾ ਆਉਣਾ ਜਾਰੀ ਰਿਹਾ। ਕੈਨੇਡਾ ਸਰਕਾਰ ਨਾਲ ਜਾਪਾਨ ਨਾਲ ਵਿਸ਼ੇਸ਼ ਸੰਧੀ ਸੀ, ਇਸ ਲਈ ਜਾਪਾਨੀਆਂ ਪ੍ਰਤੀ, ਉਨ੍ਹਾਂ ਦੀ ਨੀਤੀ ਨਰਮ ਸੀ। ਗੋਰੇ ਲੋਕ ਕੈਨੇਡਾ ਨੂੰ ਚਿੱਟੀ ਚਮੜੀ ਵਾਲੇ ਲੋਕਾਂ ਦਾ ਦੇਸ਼ ਸਮਝਦੇ ਸਨ ਤੇ ਇਸ ਨੂੰ ਚਿੱਟੇ ਲੋਕਾਂ ਲਈ ਕਾਇਮ ਰਖਣਾ ਚਾਹੁੰਦੇ ਸਨ। ਇਸ ਨੀਤੀ ਅਧੀਨ, ਉਨ੍ਹਾਂ ਨੇ ਏਸ਼ੀਅਨ ਲੋਕਾਂ ਨਾਲ ਖੁਲ੍ਹਮ-ਖੁਲ੍ਹਾ ਵਿਤਕਰਾ ਸ਼ੁਰੂ ਕਰ ਦਿੱਤਾ ਤੇ ਗੋਰੇ ਲੋਕਾਂ ਨੇ ਹਿੰਸਕ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ। 12 ਅਗਸਤ 1907 ਨੂੰ ਚੀਨੀ ਅਤੇ ਜਾਪਾਨੀ ਲੋਕਾਂ ਦੇ ਘਰਾਂ ਅਤੇ ਦੁਕਾਨਾਂ 'ਤੇ ਹਮਲੇ ਕਰ ਕੇ ਭੰਨ ਤੋੜ ਕੀਤੀ ਗਈ।

ਜਿੱਥੋਂ ਤੀਕ ਭਾਰਤੀਆਂ ਦਾ ਸੰਬੰਧ ਹੈ, ਉਹ ਹਿੰਦੁਸਤਾਨੀਆਂ ਨੂੰ ਭੂਰੇ ਲੋਕਾਂ ਦੀ ਘੁਸਪੈਠ (ਬਰਾਊਨ ਇਨਵੇਇਅਨ) ਕਹਿੰਦੇ ਸਨ। ਕਿਉਂਕਿ ਪੰਜਾਬੀ ਥੋੜ੍ਹੇ ਪੈਸਿਆਂ ਨਾਲ ਗੋਰਿਆਂ ਨਾਲੋਂ ਜ਼ਿਆਦਾ ਕੰਮ ਕਰਦੇ ਸਨ, ਇਸ ਲਈ ਕਾਰਖਾਨੇਦਾਰ ਉਨ੍ਹਾਂ ਨੂੰ ਪਹਿਲ ਦਿੰਦੇ ਸਨ, ਜੋ ਉਨ੍ਹਾਂ ਨੂੰ ਚੁਭਦਾ ਸੀ। ਗੋਰੇ ਸਮਝਦੇ ਸਨ ਕਿ ਇਹ ਲੋਕ ਕਾਰਖਾਨਿਆਂ, ਲੱਕੜ-ਮਿੱਲਾਂ, ਬੂਰਾ-ਮਿੱਲਾਂ ਦੀਆਂ ਨੌਕਰੀਆਂ ਖੋਹ ਕੇ ਉਨ੍ਹਾਂ ਦੀ ਰੋਜ਼ੀ-ਰੋਟੀ ਨੂੰ ਲਤ ਮਾਰ ਰਹੇ ਹਨ।

ਭਾਰਤੀਆਂ ਦੇ ਦਾਖਲੇ ਨੂੰ ਰੋਕਣ ਲਈ ਵੱਖ-ਵੱਖ ਯਤਨ ਹੋਏ। 1907 ਵਿਚ ਉਨ੍ਹਾਂ ਪਾਸੋਂ ਵੋਟ ਪਾਉਣ ਦਾ ਅਧਿਕਾਰ ਖੋਹਿਆ ਗਿਆ। 12 ਅਗਸਤ 1907 ਨੂੰ 'ਏਸ਼ੀਏਟਕ ਐਕਸਲਿਉਜ਼ਨ ਲੀਗ' ਨਾਂ ਦੀ ਇਕ ਵੱਖਵਾਦੀ ਜਥੇਬੰਦੀ ਬਣੀ ਜਿਸ ਦਾ ਮੰਤਵ ਏਸ਼ੀਅਨ ਲੋਕਾਂ ਦਾ ਕੈਨੇਡਾ ਆਉਣਾ ਰੋਕਣਾ ਸੀ। ਪਾਰਲੀਮੈਂਟ ਵਿਚ ਭਾਰਤੀਆਂ ਦੇ ਦਾਖਲੇ ਨੂੰ ਰੋਕਣ ਲਈ ਕਈ ਮਤੇ ਪੇਸ਼ ਹੋਏ ਤੇ ਇਹ ਕਿਹਾ ਗਿਆ ਕਿ ਬ੍ਰਿਟਿਸ਼ ਕੋਲੰਬੀਆ ਸੂਬੇ ਨੂੰ ਸਿਰਫ਼ ਗੋਰੇ ਲੋਕਾਂ ਦੇ ਰਹਿਣ ਲਈ ਹੀ ਰਖਿਆ ਜਾਵੇ। ਅਮਰੀਕਾ ਤੋਂ ਵੀ ਏਸ਼ੀਅਨ ਵਿਰੋਧੀ ਨੇਤਾਵਾਂ ਨੇ ਇਸ ਜਥੇਬੰਦੀ ਨੂੰ ਪੂਰਾ ਸਹਿਯੋਗ ਦਿੱਤਾ। 9 ਮਈ 1910 ਨੂੰ ਪਾਰਲੀਮੈਂਟ ਨੇ ਦੋ ਕਾਨੂੰਨ ਪਾਸ ਕੀਤੇ। ਪਹਿਲੇ ਅਨੁਸਾਰ ਕਿਸੇ ਵੀ ਆਵਾਸੀ ਦਾ ਕੈਨੇਡਾ ਦਾਖਲਾ ਬੰਦ ਕੀਤਾ ਗਿਆ ਜੇ ਉਹ ਆਪਣੇ ਦੇਸ਼

ਤੋਂ ਸਿੱਧੀ ਟਿਕਟ ਖਰੀਦ ਕੇ ਬਿਨਾਂ ਜਹਾਜ਼ ਬਦਲਿਆਂ, ਸਿੱਧਾ ਕੈਨੇਡਾ ਨਹੀਂ ਆਉਂਦਾ । ਦੂਜੇ ਕਾਨੂੰਨ ਅਧੀਨ ਏਸ਼ੀਆ ਮੂਲ ਦਾ ਕੋਈ ਵੀ ਵਿਅਕਤੀ ਕੈਨੇਡਾ ਦਾਖ਼ਲ ਨਹੀਂ ਹੋ ਸਕਦਾ, ਜੇ ਉਸ ਪਾਸ 200 ਡਾਲਰ ਨਹੀਂ ਹਨ। ਇਨ੍ਹਾਂ ਦੀ ਪਾਲਣਾ ਲਈ ਜਹਾਜ਼ਰਾਨੀ ਕੰਪਨੀਆਂ ਨੂੰ ਵਿਸ਼ੇਸ਼ ਹਦਾਇਤਾਂ ਦਿੱਤੀਆਂ ਗਈਆਂ।

ਇਹ ਕਾਨੂੰਨ ਕੇਵਲ ਹਿੰਦੁਸਤਾਨੀਆਂ ਦੇ ਦਾਖ਼ਲੇ ਨੂੰ ਰੋਕਣ ਲਈ ਬਣਾਏ ਗਏ ਸਨ ਕਿਉਂਕਿ ਕੋਈ ਵੀ ਸਿੱਧਾ ਜਹਾਜ਼ ਭਾਰਤ ਤੋਂ ਨਹੀਂ ਸੀ ਆਉਂਦਾ ਤੇ 200 ਡਾਲਰ ਰਕਮ ਵੀ ਬਹੁਤ ਜ਼ਿਆਦਾ ਸੀ। ਚੀਨੀਆਂ, ਜਾਪਾਨੀਆਂ ਅਤੇ ਗੋਰਿਆਂ ਲਈ ਅਜਿਹੀਆਂ ਕੋਈ ਸ਼ਰਤਾਂ ਨਹੀਂ ਸਨ। ਕੈਨੇਡਾ ਤੇ ਭਾਰਤ ਸਰਕਾਰ ਨੇ ਵੀ ਸਮੁੰਦਰੀ ਜਹਾਜ਼ਾਂ ਦੀਆਂ ਕੰਪਨੀਆਂ ਨੂੰ ਆਦੇਸ਼ ਦਿੱਤਾ ਹੋਇਆ ਸੀ ਕਿ ਉਹ ਕਿਸੇ ਵੀ ਹਿੰਦੁਸਤਾਨੀ ਨੂੰ ਕੈਨੇਡਾ ਦੀ ਟਿਕਟ ਨਾ ਵੇਚਣ। ਜਦ ਕੈਨੇਡਾ ਵਿਚ ਹਿੰਦੁਸਤਾਨੀਆਂ ਦੀ ਕੋਈ ਪੇਸ਼ ਨਾ ਗਈ ਤਾਂ ਉਨ੍ਹਾਂ ਨੇ ਕੋਲੰਬੀਆ ਦੀ ਹਾਈਕੋਰਟ ਵਿਚ ਮੁਕੱਦਮਾ ਦਾਇਰ ਕਰ ਦਿੱਤਾ। ਅਦਾਲਤ ਨੇ ਇਸ ਕੇਸ ਦਾ ਫ਼ੈਸਲਾ 24 ਨਵੰਬਰ 1913 ਨੂੰ ਹਿੰਦੁਸਤਾਨੀਆਂ ਦੇ ਹੱਕ ਵਿਚ ਦੇ ਦਿੱਤਾ।

ਬਾਬਾ ਗੁਰਦਿੱਤ ਸਿੰਘ ਸਰਹਾਲੀ ਨੇ ਹਿੰਦੁਸਤਾਨੀਆਂ ਦੇ ਦਰਦ ਨੂੰ ਸਮਝਦੇ ਹੋਏ, ਕਾਮਾਗਾਟਾਮਾਰੂ ਜਹਾਜ਼ ਕਿਰਾਏ 'ਤੇ ਲੈ ਕੇ ਭਾਰਤ ਤੋਂ ਚਾਲੇ ਪਾਏ। ਉਨ੍ਹਾਂ ਨੇ ਕਾਮਾਗਾਟਾਮਾਰੂ ਦੇ ਤੁਰਨ ਤੋਂ ਪਹਿਲਾਂ ਹਾਂਗਕਾਂਗ ਦੇ ਤਿੰਨ ਚੋਟੀ ਦੇ ਵਕੀਲਾਂ ਤੋਂ ਯਾਤਰੀਆਂ ਨੂੰ ਕੈਨੇਡਾ ਲੈ ਜਾਣ ਲਈ ਰਾਏ ਪੁੱਛੀ। ਵਕੀਲਾਂ ਦਾ ਕਹਿਣਾ ਸੀ ਕਿ ਭਾਰਤ ਤੋਂ ਸਿੱਧੇ ਆਉਣ ਦੀ ਸ਼ਰਤ ਅਤੇ 200 ਡਾਲਰ ਨਕਦ ਦੀ ਸ਼ਰਤ ਚੀਫ਼ ਜਸਟਿਸ ਮਿ. ਹੰਟਰ ਨੇ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤੀ ਹੈ, ਇਸ ਲਈ ਸਮੁੰਦਰੀ ਜਹਾਜ਼ ਨੂੰ ਕੈਨੇਡਾ ਲੈ ਜਾਣ 'ਤੇ ਕੋਈ ਰੋਕ ਨਹੀਂ।

ਬਾਬਾ ਜੀ ਨੂੰ ਰੋਕਣ ਲਈ ਕਈ ਰੁਕਾਵਟਾਂ ਖੜੀਆਂ ਕੀਤੀਆਂ ਗਈਆਂ। ਹਾਂਗਕਾਂਗ ਪੁਲਿਸ ਨੇ ਉਨ੍ਹਾਂ ਨੂੰ ਗ਼ੈਰ-ਕਾਨੂੰਨੀ ਗ੍ਰਿਫ਼ਤਾਰ ਵੀ ਕੀਤਾ ਪਰ ਉਹ ਸਾਰੀਆਂ ਮੁਸ਼ਕਲਾਂ ਪਾਰ ਕਰਕੇ 23 ਮਈ 1914 ਨੂੰ ਸ਼ਨਿਚਰਵਾਰ ਵਾਲੇ ਦਿਨ ਵੈਨਕੂਅਰ ਪੁੱਜ ਗਏ ਪਰ ਕੈਨੇਡੀਅਨ ਸਰਕਾਰ ਨੇ ਇਸ ਨੂੰ ਕਿਨਾਰੇ ਨਾ ਲੱਗਣ ਦਿੱਤਾ। ਕੈਨੇਡੀਅਨ ਅਧਿਕਾਰੀਆਂ ਅਤੇ ਉੱਥੋਂ ਦੇ ਭਾਰਤੀਆਂ ਵਿਚਕਾਰ ਕਾਨੂੰਨੀ ਲੜਾਈ ਦੋ ਮਹੀਨੇ ਦੇ ਕਰੀਬ ਚਲਦੀ ਰਹੀ ਪਰ ਕੇਵਲ 24 ਯਾਤਰੀਆਂ ਨੂੰ ਹੀ ਉਤਰਨ ਦੀ ਆਗਿਆ ਦਿੱਤੀ ਗਈ ਜੋ ਕਿ ਕੇਵਲ ਭਾਰਤ ਤੋਂ ਵਾਪਸ ਆਏ ਸਨ। ਕੈਨੇਡਾ ਦੀ ਸਰਕਾਰ ਵਲੋਂ ਬਣਾਏ ਕਾਨੂੰਨਾਂ ਨੂੰ ਭਾਵੇਂ ਚੀਫ਼ ਜਸਟਿਸ ਹੰਟਰ ਨੇ ਰੱਦ ਕਰ ਦਿੱਤਾ ਸੀ ਪਰ ਕੈਨੇਡਾ ਸਰਕਾਰ ਇਨ੍ਹਾਂ ਤੋਂ ਪਿੱਛੋਂ ਹਟਣਾ ਨਹੀਂ ਸੀ ਚਾਹੁੰਦੀ। ਬਾਬਾ ਗੁਰਦਿੱਤ ਸਿੰਘ ਨੂੰ ਮਜਬੂਰ ਹੋ ਕੇ ਇਕ ਸਮਝੌਤੇ ਅਧੀਨ 23 ਜੁਲਾਈ 1914 ਨੂੰ ਵਾਪਸ ਮੁੜਨਾ ਪਿਆ।

ਕੈਨੇਡਾ ਵਿਚਲੇ ਭਾਰਤੀ ਉਨ੍ਹਾਂ ਨਾਲ ਦੁਰਵਿਹਾਰ ਦਾ ਕਾਰਨ, ਭਾਰਤ ਦਾ ਗ਼ੁਲਾਮ ਹੋਣਾ ਸਮਝਦੇ ਸਨ। ਇਸ ਲਈ ਉਨ੍ਹਾਂ ਨੇ 1907 ਵਿਚ ਭਾਰਤ ਦੀ ਆਜ਼ਾਦੀ ਲਈ ਜਥੇਬੰਦ ਹੋ ਕੇ ਅੰਦੋਲਨ ਕੈਨੇਡਾ ਤੋਂ ਹੀ ਸ਼ੁਰੂ ਕੀਤਾ, ਜਿਸ ਦੀ ਗਵਾਹੀ ਉੱਥੇ ਛਪਦੇ ਪਰਚਿਆਂ 'ਸੁਦੇਸ਼ ਸੇਵਕ' ਤੇ 'ਸੰਸਾਰ' ਤੋਂ ਮਿਲਦੀ ਹੈ। ਕੈਨੇਡਾ ਵਿਚ ਕਈ ਤਰ੍ਹਾਂ ਦੀਆਂ

ਪਾਬੰਦੀਆਂ ਹੋਣ ਕਰਕੇ ਬਹੁਤੇ ਗ਼ਦਰੀ ਅਮਰੀਕਾ ਆ ਗਏ। ਅਮਰੀਕਾ ਵਿਚ ਵੀ ਉਨ੍ਹਾਂ ਨੂੰ ਨਸਲੀ ਵਿਤਕਰੇ ਦਾ ਸ਼ਿਕਾਰ ਹੋਣਾ ਪਿਆ ਤੇ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਦੀ ਸੁਣਵਾਈ ਇਸ ਕਰਕੇ ਨਹੀਂ ਹੋ ਰਹੀ ਕਿਉਂਕਿ ਉਹ ਗ਼ੁਲਾਮ ਭਾਰਤ ਦੇ ਬਸ਼ਿੰਦੇ ਹਨ।

21 ਅਪ੍ਰੈਲ 1913 ਨੂੰ ਭਾਈ ਕੇਸਰ ਸਿੰਘ ਠਠਗੜ੍ਹ, ਜ਼ਿਲ੍ਹਾ ਅੰਮ੍ਰਿਤਸਰ ਦੇ ਡੇਰੇ ਅਸਟੋਰੀਆ ਵਿਚ ਇਕੱਠ ਹੋਇਆ, ਜਿਸ ਵਿਚ 'ਹਿੰਦੀ ਐਸੋਸੀਏਸ਼ਨ ਆਫ਼ ਪੈਸਿਫਿਕ ਕੋਸਟ' ਨਾਂ ਦੀ ਜਥੇਬੰਦੀ ਬਨਾਉਣ ਦਾ ਮਤਾ ਪਾਸ ਹੋਇਆ ਜਿਸ ਵਿਚ ਭਾਈ ਸੋਹਣ ਸਿੰਘ ਭਕਨਾ ਪ੍ਰਧਾਨ, ਭਾਈ ਕੇਸਰ ਸਿੰਘ ਠਠਗੜ੍ਹ ਮੀਤ ਪ੍ਰਧਾਨ ਤੇ ਲਾਲਾ ਹਰਦਿਆਲ ਨੂੰ ਜਨਰਲ ਸਕੱਤਰ, ਲਾਲਾ ਠਾਕੁਰ ਦਾਸ ਧੂਰੀ ਨੂੰ ਜਾਇੰਟ ਸਕੱਤਰ ਤੇ ਪੰਡਤ ਕਾਸ਼ੀ ਰਾਮ ਮੜੌਲੀ ਨੂੰ ਖ਼ਜ਼ਾਨਚੀ ਚੁਣਿਆ ਗਿਆ।

ਨਵੰਬਰ 1913 ਦੇ ਪਹਿਲੇ ਹਫ਼ਤੇ 'ਗ਼ਦਰ' ਦਾ ਪਹਿਲਾ ਉਰਦੂ ਅੰਕ ਕਢਿਆ ਗਿਆ ਤੇ ਕੁਝ ਹਫ਼ਤਿਆਂ ਬਾਅਦ ਪੰਜਾਬੀ ਪਰਚਾ ਵੀ ਸ਼ੁਰੂ ਹੋ ਗਿਆ। ਅਮਰੀਕਾ, ਕੈਨੇਡਾ ਤੋਂ ਇਲਾਵਾ 'ਗ਼ਦਰ' ਪਰਚਾ ਜਾਪਾਨ, ਸ਼ੰਗਾਈ, ਹਾਂਗਕਾਂਗ, ਜਾਵਾ, ਸਮਾਟਰਾ, ਮਲਾਇਆ, ਸਿਆਮ, ਬਰਮਾ, ਹਿੰਦੁਸਤਾਨ, ਫ਼ਿਲਪਾਇਨ, ਫ਼ਿਜੀ ਆਦਿ ਦੇਸ਼ਾਂ ਵਿਚ ਜਾਣ ਲੱਗ ਪਿਆ ਜਿੱਥੇ ਵੀ ਭਾਰਤੀ ਰਹਿੰਦੇ ਸਨ। ਗ਼ਦਰ ਪਰਚੇ ਕਰਕੇ ਇਸ ਸੰਸਥਾ ਦਾ ਨਾਂ ਗ਼ਦਰ ਪਾਰਟੀ ਕਰਕੇ ਪ੍ਰਸਿੱਧ ਹੋ ਗਿਆ।

ਕਾਮਾਗਾਟਾਮਾਰੂ ਜਹਾਜ਼ ਦੇ ਇਤਿਹਾਸ ਦਾ ਸਮਾਂ ਗ਼ਦਰ ਪਾਰਟੀ ਦੀਆਂ ਸਰਗਰਮੀਆਂ ਦਾ ਸਮਾਂ ਸੀ। ਇਸ ਲਹਿਰ ਨੂੰ ਪ੍ਰਚੰਡ ਕਰਨ ਲਈ ਕਾਮਾਗਾਟਾਮਾਰੂ ਦੇ ਯਾਤਰੂਆਂ ਨਾਲ ਜੋ ਕੈਨੇਡਾ ਦੀ ਸਰਕਾਰ ਨੇ ਧੱਕੇਸ਼ਾਹੀ ਕੀਤੀ, ਉਸ ਨੇ ਬਲਦੀ ਉੱਤੇ ਤੇਲ ਪਾਉਣ ਦਾ ਕੰਮ ਕੀਤਾ। ਕੈਨੇਡਾ ਵਿਚ ਹਿੰਦੀਆਂ ਨੂੰ ਨਾ ਦਾਖਲ ਹੋਣ ਦੀ ਨੀਤੀ ਹਿੰਦੀਆਂ ਦੇ ਜਾਤੀ ਲਾਭਾਂ ਅਤੇ ਸਵੈਮਾਨ ਦੋਵਾਂ ਨੂੰ ਸੱਟ ਮਾਰਦੀ ਸੀ ਅਤੇ ਇਸ ਦੇ ਸ਼ਿਕਾਰ ਹੋਏ ਅਨੇਕਾਂ ਧੁਰ ਪੂਰਬ ਅਤੇ ਅਮਰੀਕਾ ਵਿਚ ਖਿਲਰੇ ਹੋਏ ਸਨ। ਜਾਤੀ ਲਾਭਾਂ ਅਤੇ ਸਵੈਮਾਨ ਤੋਂ ਵੀ ਵੱਧ, ਕੈਨੇਡਾ, ਅਮਰੀਕਾ ਵਿਚ ਕੌਮੀ ਅਣਖ ਦਾ ਜਜ਼ਬਾ ਭਰ ਚੁੱਕਾ ਸੀ। ਕੌਮੀ ਮਾਨ-ਸਨਮਾਨ ਦਾ ਸਵਾਲ ਹੁਣ, ਉਨ੍ਹਾਂ ਵਾਸਤੇ ਜ਼ਿੰਦਗੀ ਮੌਤ ਦਾ ਸਵਾਲ ਬਣ ਗਿਆ ਸੀ। ਇਸ ਘਟਨਾ ਨੇ ਹਿੰਦੀਆਂ ਦੀ ਕੌਮੀ ਨਿਰਾਦਰੀ ਅਤੇ ਇਸ ਨਿਰਾਦਰੀ ਦਾ ਕਾਰਨ ਗ਼ੁਲਾਮੀ ਦਾ ਹੋਣਾ ਸਾਹਮਣੇ ਲਿਆਂਦਾ।

ਗ਼ਦਰ ਅਖ਼ਬਾਰ ਨੇ 'ਕਾਮਾਗਾਟਾਮਾਰੂ' ਬਾਰੇ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤਾ। ਅਮਰੀਕਾ ਅਤੇ ਕੈਨੇਡਾ ਵਿਚ ਥਾਂ-ਥਾਂ ਜਲਸੇ ਕੀਤੇ ਗਏ ਅਤੇ ਕਾਮਾਗਾਟਾ ਮਾਰੂ ਦੇ ਜਹਾਜ਼ੀਆਂ ਨੂੰ ਉਤਾਰਨ ਲਈ ਮੁਕੱਦਮਾ ਲੜਨ ਵਾਸਤੇ ਚੰਦੇ ਇਕੱਠੇ ਕਰਕੇ ਭੇਜੇ ਗਏ। ਜਦ ਸਭ ਕਾਨੂੰਨੀ ਕਾਰਗੁਜ਼ਾਰੀ ਅਸਫ਼ਲ ਰਹੀ ਤਾਂ ਕਾਮਾਗਾਟਾਮਾਰੂ ਦੇ ਜਹਾਜ਼ੀਆਂ ਨੂੰ ਹਥਿਆਰ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ। ਭਾਰਤ ਵਿਚ ਜਾ ਕੇ ਅੰਗਰੇਜ਼ਾਂ ਨੂੰ ਹਥਿਆਰਬੰਦ ਬਗ਼ਾਵਤ ਰਾਹੀਂ ਕੱਢਣ ਦੀ ਖੁੱਲ੍ਹਮ-ਖੁੱਲ੍ਹਾ ਚਰਚਾ ਹੋਣ ਲਈ।

ਅਸਲ ਵਿਚ ਕਾਮਾਗਾਟਾਮਾਰੂ ਜਹਾਜ਼ ਨਾਲ ਗ਼ਦਰੀਆਂ ਦਾ ਸੰਬੰਧ ਉਸ ਸਮੇਂ ਤੋਂ ਸੀ, ਜਦ ਇਹ ਹਾਂਗਕਾਂਗ ਤੋਂ ਵੈਨਕੂਅਰ ਨੂੰ ਰਵਾਨਾ ਹੋਇਆ ਸੀ। ਹਾਂਗਕਾਂਗ ਵਿਚ

ਗ਼ਦਰ ਪਾਰਟੀ ਨਾਲ ਪਿਆਰ ਰਖਣ ਵਾਲੇ ਮੁਖੀ ਬੰਦੇ, ਜੋ ਗੁਰਦੁਆਰਾ ਕਮੇਟੀ ਦੇ ਮੁਖੀਏ ਸਨ, ਜਹਾਜ਼ ਨੂੰ ਤੋਰਨ ਵਿਚ ਸਿੱਧਾ ਹਿੱਸਾ ਲੈ ਰਹੇ ਸਨ, ਜਿਨ੍ਹਾਂ ਵਿਚੋਂ ਭਾਈ ਹਰਨਾਮ ਸਿੰਘ ਕਹੂਟਾ ਤੇ ਬਾਬਾ ਹਰਨਾਮ ਸਿੰਘ ਗੁਜਰਵਾਲਾ ਦੇ ਨਾਂ ਵਰਨਣਯੋਗ ਹਨ। ਇਹ ਜਹਾਜ਼ ਦੇ ਮੁਸਾਫ਼ਰ ਬਣ ਕੇ ਵੀ ਨਾਲ ਗਏ। ਸ਼ੰਘਾਈ, ਮੌਜੀ ਤੇ ਵੈਨਕੂਅਰ ਵਿਚ ਇਨ੍ਹਾਂ ਨੂੰ 'ਗ਼ਦਰ' ਅਖ਼ਬਾਰ ਤੇ ਹੋਰ ਛਪਿਆ ਹੋਇਆ ਗ਼ਦਰੀ ਮਸਾਲਾ ਮਿਲਦਾ ਰਿਹਾ। ਵੈਨਕੂਅਰ ਵਿਚ ਆਟੇ ਦੀਆਂ ਬੋਰੀਆਂ ਵਿਚ ਲੁਕਾ ਕੇ 'ਗ਼ਦਰ' ਅਖ਼ਬਾਰ ਜਹਾਜ਼ ਵਿਚ ਪਹੁੰਚਾਇਆ ਜਾਂਦਾ ਰਿਹਾ। ਜਾਂਦਿਆਂ ਹੋਇਆਂ, ਇਨ੍ਹਾਂ ਮੁਸਾਫ਼ਰਾਂ ਨੂੰ ਯੋਕੋਹਾਮਾ ਵਿਖੇ ਭਾਈ ਭਗਵਾਨ ਸਿੰਘ ਤੇ ਮੌਲਵੀ ਬਰਕਤ ਉੱਲਾ ਮਿਲੇ ਤੇ ਉਨ੍ਹਾਂ ਨੇ ਅੰਗਰੇਜ਼ੀ ਰਾਜ ਦਾ ਤਖ਼ਤਾ ਉਲਟਾਉਣ ਦਾ ਪ੍ਰਚਾਰ ਕੀਤਾ।

ਜਦ ਗ਼ਦਰ ਪਾਰਟੀ ਨੂੰ ਪਤਾ ਲਗਾ ਕਿ ਹੁਣ ਕਾਮਾਗਾਟਾਮਾਰੂ ਵਾਪਸ ਜਾ ਰਿਹਾ ਹੈ ਤਾਂ ਗ਼ਦਰ ਪਾਰਟੀ ਦੇ ਗੁਪਤ ਕਮਿਸ਼ਨ ਦੀ ਮੀਟਿੰਗ ਹੋਈ ਜਿਸ ਵਿਚ ਫ਼ੈਸਲਾ ਕੀਤਾ ਗਿਆ ਕਿ ਗ਼ਦਰ ਪਾਰਟੀ ਦੇ ਪ੍ਰਧਾਨ ਸ. ਸੋਹਣ ਸਿੰਘ ਭਕਨਾ ਨੂੰ ਯੋਕੋਹਾਮਾ (ਜਾਪਾਨ) ਰਾਹੀਂ ਭਾਰਤ ਭੇਜਿਆ ਜਾਵੇ। ਇਸ ਦੇ ਤਿੰਨ ਉਦੇਸ਼ ਸਨ : (1) ਕਾਮਾਗਾਟਾਮਾਰੂ ਦੇ ਜਹਾਜ਼ੀਆਂ ਦੇ ਲੀਡਰਾਂ ਨੂੰ ਯੋਕੋਹਾਮਾ (ਜਾਪਾਨ) ਮਿਲ ਕੇ ਉਨ੍ਹਾਂ ਨੂੰ ਗ਼ਦਰ ਪਾਰਟੀ ਦਾ ਪ੍ਰੋਗਰਾਮ ਸਮਝਾਇਆ ਜਾਵੇ ਤਾਂ ਜੋ ਉਹ ਦੇਸ਼ ਜਾ ਕੇ ਇਸ ਉੱਤੇ ਅਮਲ ਕਰਨ। (2) ਕਾਮਾਗਾਟਾਮਾਰੂ ਦੇ ਜਹਾਜ਼ੀਆਂ ਨੂੰ ਹਥਿਆਰ ਪਹੁੰਚਾਉਣੇ। (3) ਧੁਰ ਪੂਰਬ ਅਤੇ ਦੇਸ਼ ਵਿਚ ਗ਼ਦਰ ਪਾਰਟੀ ਦੀਆਂ ਸ਼ਾਖਾਵਾਂ ਖੋਲਣੀਆਂ ਅਤੇ ਗ਼ਦਰ ਪਾਰਟੀ ਦੇ ਪ੍ਰੋਗਰਾਮ ਵਾਸਤੇ ਜ਼ਮੀਨ ਤਿਆਰ ਕਰਨੀ।

ਕਾਮਾਗਾਟਾਮਾਰੂ ਜਹਾਜ਼ ਨੇ 23 ਜੁਲਾਈ 1914 ਨੂੰ ਤੁਰਨਾ ਸੀ ਪਰ ਭਕਨਾ ਜੀ 21 ਜੁਲਾਈ 1914 ਨੂੰ ਦੋ ਸੌ ਪਿਸਤੌਲ ਤੇ ਦੋ ਹਜ਼ਾਰ ਗੋਲੀਆਂ ਸਮੇਤ ਸਾਨਫਰਾਂਸਿਸਕੋ ਤੋਂ ਰਵਾਨਾ ਹੋ ਗਏ। ਇਸ ਬਾਰੇ ਗੁਪਤ ਕਮਿਸ਼ਨ ਤੇ ਸ. ਕਰਤਾਰ ਸਿੰਘ ਸਰਾਭਾ ਨੂੰ ਹੀ ਪਤਾ ਸੀ। ਜਹਾਜ਼ ਅਜੇ ਅਮਰੀਕਾ ਅਤੇ ਜਾਪਾਨ ਦੇ ਸਮੁੰਦਰ ਵਿਚਕਾਰ ਸੀ ਕਿ ਪਹਿਲੇ ਯੁੱਧ ਛਿੜਨ ਦੀ ਉਨ੍ਹਾਂ ਨੂੰ ਖ਼ਬਰ ਮਿਲੀ। ਯੋਕੋਹਾਮਾ ਦੀ ਗ਼ਦਰ ਪਾਰਟੀ ਦੇ ਬੰਦਿਆਂ ਨੇ ਉਨ੍ਹਾਂ ਨੂੰ ਸੰਭਾਲਿਆ। ਪਹਿਲਾਂ ਉਨ੍ਹਾਂ ਨੇ ਭਾਈ ਹਰਨਾਮ ਸਿੰਘ ਗੁਜਰਵਾਲ ਤੇ ਸ. ਰਾਏ ਸਿੰਘ ਕਮੇਟੀ ਦੇ ਸਕੱਤਰ ਨੂੰ ਮਿਲਾਇਆ। ਯੋਕੋਹਾਮਾ ਦੀ ਗ਼ਦਰ ਪਾਰਟੀ ਦੇ ਬੰਦਿਆਂ ਨੇ ਰਾਤ ਨੂੰ ਇਕ ਬੇੜੀ ਵਿਚ ਹਥਿਆਰਾਂ ਦੀ ਪੇਟੀ ਲੱਦ ਕੇ ਰਸਿਆਂ ਰਾਹੀਂ ਪਹੁੰਚਾਈ ਤੇ ਸ. ਸੋਹਣ ਸਿੰਘ ਭਕਨਾ ਨੂੰ ਲੈ ਜਾ ਕੇ ਜਹਾਜ਼ ਕਮੇਟੀ ਦੇ ਮੈਂਬਰਾਂ ਨਾਲ ਮੁਲਾਕਾਤ ਕਰਵਾਈ। ਸਾਰੀ ਜਹਾਜ਼ ਕਮੇਟੀ ਨੇ ਦੇਸ਼ ਵਿਚ ਪ੍ਰਚਾਰ ਕਰਨ ਅਤੇ ਗ਼ਦਰ ਪਾਰਟੀ ਨਾਲ ਮਿਲ ਕੇ ਗ਼ਦਰ ਮਚਾਉਣ ਦੀ ਸਲਾਹ ਨੂੰ ਪ੍ਰਵਾਨ ਕਰ ਲਿਆ।

ਇਸ ਤਰ੍ਹਾਂ ਗ਼ਦਰ ਪਾਰਟੀ ਨੇ ਇਨ੍ਹਾਂ ਮੁਸਾਫ਼ਰਾਂ ਅੰਦਰ ਅੰਗਰੇਜ਼ੀ ਹਕੂਮਤ ਵਿਰੁੱਧ ਜਾਗੇ ਰੋਹ ਨੂੰ ਹਿੰਦ ਦੀ ਆਜ਼ਾਦੀ ਲਈ ਤਿਆਰ ਕੀਤੀ ਜਾ ਰਹੀ ਲੜਾਈ ਵਿਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਯੋਕੋਹਾਮਾ ਦੇ ਹੋਟਲ ਵਿਚ ਹੀ ਸ. ਕਰਤਾਰ ਸਿੰਘ ਸਰਾਭਾ ਇਕ ਹੋਰ ਸਾਥੀ ਨਾਲ ਸ. ਸੋਹਣ ਸਿੰਘ ਭਕਨਾ ਨੂੰ ਮਿਲੇ ਤੇ ਇਤਲਾਹ ਦਿਤੀ ਕਿ ਪਾਰਟੀ

ਨੇ ਮੌਕੇ ਦੇ ਹਾਲਾਤ ਸਾਹਮਣੇ ਰਖਦਿਆਂ ਹੋਇਆਂ ਅੰਗਰੇਜ਼ਾਂ ਵਿਰੁੱਧ ਹਿੰਦੁਸਤਾਨ ਜਾ ਕੇ ਇਨਕਲਾਬ ਕਰਨ ਦਾ ਐਲਾਨ ਕਰ ਦਿੱਤਾ ਸੀ।

ਸ. ਸੋਹਣ ਸਿੰਘ ਭਕਨਾ ਯੋਕੋਹਾਮਾ ਤੋਂ ਸ਼ੰਘਾਈ ਪਹੁੰਚੇ। ਭਾਈ ਗੁਜਰ ਸਿੰਘ ਭਕਨਾ ਸ਼ੰਘਾਈ ਪੁਲਿਸ ਵਿਚ ਨੌਕਰ ਸਨ ਤੇ ਪੁਲਿਸ ਵਿਚ ਪਾਰਟੀ ਦੀ ਜ਼ਬਰਦਸਤ ਸ਼ਾਖ਼ ਬਣ ਚੁੱਕੀ ਸੀ। ਉੱਥੋਂ ਕੋਈ ਤੀਹ ਪਾਰਟੀ ਮੈਂਬਰ ਨੌਕਰੀ ਛੱਡ ਕੇ ਤਿਆਰ ਹੋ ਪਏ ਤੇ ਉਹ ਸਾਰੇ ਹਾਂਗਕਾਂਗ ਪਹੁੰਚ ਗਏ। ਹਾਂਗਕਾਂਗ ਵਿਚ ਅਮਰੀਕਾ, ਕੈਨੇਡਾ ਤੇ ਸ਼ੰਘਾਈ ਤੋਂ ਆਉਣ ਵਾਲੇ ਇਨਕਲਾਬੀਆਂ ਨੂੰ ਕਾਬੂ ਕਰਨ ਲਈ ਪੰਜਾਬ ਦੀ ਸੀ.ਆਈ.ਡੀ. ਭਾਰੀ ਗਿਣਤੀ ਵਿਚ ਪਹੁੰਚੀ ਹੋਈ ਸੀ ਤੇ ਆਉਣ ਵਾਲਿਆਂ ਦੇ ਨਾਂ ਪਤੇ ਦਰਜ ਕਰ ਰਹੀ ਸੀ। ਟਿਕਟ ਵੀ ਇਹ ਨਾਂ ਪਤੇ ਪੁਲਿਸ ਨੂੰ ਲਿਖਵਾਉਣ ਬਾਅਦ ਮਿਲਦਾ ਸੀ।

ਹਾਂਗਕਾਂਗ ਤੋਂ 100 ਮੁਸਾਫ਼ਿਰ 'ਨਾਮਸਿੰਗ' ਜਹਾਜ਼ ਤੇ ਸਵਾਰ ਹੋਏ, ਜਿਨ੍ਹਾਂ ਵਿਚ ਬਹੁਤੀ ਗਿਣਤੀ ਗ਼ਦਰ ਪਾਰਟੀ ਦੇ ਇਨਕਲਾਬੀਆਂ ਦੀ ਸੀ। ਹਾਂਗਕਾਂਗ ਤੋਂ ਜਹਾਜ਼ ਚਲ ਕੇ ਸਿੰਗਾਪੁਰ ਠਹਿਰਨ ਪਿੱਛੋਂ ਪਿਨਾਂਗ ਰੋਕ ਲਿਆ ਗਿਆ ਤੇ ਇਸ ਨੂੰ ਰੋਕਣ ਦਾ ਕਾਰਨ ਇਕ ਦਿਨ ਪਹਿਲਾਂ ਬਜਬਜ ਘਾਟ ਦੇ ਸਾਕੇ ਦਾ ਵਾਪਰਨਾ ਸੀ। ਇਕ ਹਫ਼ਤੇ ਪਿੱਛੋਂ ਜਹਾਜ਼ ਨੂੰ ਚਲਣ ਦੀ ਆਗਿਆ ਮਿਲੀ। ਜਦ ਇਹ ਜਹਾਜ਼ ਕਲਕੱਤੇ ਪੁੱਜਾ ਤਾਂ ਸ. ਸੋਹਣ ਸਿੰਘ ਭਕਨਾ ਤੇ ਦੋ ਹੋਰ ਸਾਥੀ ਜੋ ਕੈਨੇਡਾ ਤੋਂ ਆਏ ਸਨ, ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਕੇ ਕਲਕੱਤੇ ਦੀ ਕੋਤਵਾਲੀ ਬੰਦ ਕਰ ਦਿੱਤਾ। ਦੋ ਦਿਨਾਂ ਬਾਅਦ ਪੁਲਿਸ ਦੇ ਪਹਿਰੇ ਹੇਠ ਲੁਧਿਆਣਾ ਜੇਲ੍ਹ ਵਿਚ ਲਿਆਂਦਾ ਗਿਆ ਜੋ ਬਾਹਰੋਂ ਆਏ ਇਨਕਲਾਬੀਆਂ ਦੀ ਪੁੱਛ ਪੜਤਾਲ ਲਈ ਮੁਕੱਰਰ ਕੀਤੀ ਗਈ ਸੀ। ਕੈਨੇਡਾ ਤੋਂ ਆਏ ਦੋਵਾਂ ਵਿਅਕਤੀਆਂ ਨੂੰ ਤਾਂ ਰਿਹਾਅ ਕਰ ਦਿੱਤਾ ਗਿਆ ਪਰ ਸ. ਸੋਹਣ ਸਿੰਘ ਭਕਨਾ ਨੂੰ ਪੁਲਿਸ ਪਹਿਰੇ ਹੇਠ ਜ਼ਿਲ੍ਹਾ ਜੇਲ੍ਹ ਮੁਲਤਾਨ ਭੇਜ ਦਿਤਾ ਗਿਆ। ਜਦ ਲੁਧਿਆਣਾ ਜੇਲ੍ਹ ਤੋਂ ਪੁਲਿਸ ਉਨ੍ਹਾਂ ਨੂੰ ਰੇਲਵੇ ਸਟੇਸ਼ਨ ਟਾਂਗੇ ਵਿਚ ਬਿਠਾਅ ਕੇ ਲੈ ਜਾ ਰਹੀ ਸੀ ਤਾਂ ਪਿੱਛੋਂ ਸਾਈਕਲ 'ਤੇ ਸ. ਕਰਤਾਰ ਸਿੰਘ ਸਰਾਭਾ ਆ ਮਿਲਿਆ, ਜਿਨ੍ਹਾਂ ਨੂੰ ਭਕਨਾ ਜੀ ਨੇ ਕਿਹਾ ਕਿ ਮੇਰਾ ਚਲਾਨ ਡਿਸਟ੍ਰਿਕਟ ਜੇਲ੍ਹ ਮੁਲਤਾਨ ਹੋ ਚੁੱਕਾ ਹੈ ਤੇ ਤੁਸੀਂ ਜਾਉ।

ਓਧਰ ਕਾਮਾਗਾਟਾਮਾਰੂ ਨੇ ਜਹਾਜ਼ ਨੂੰ ਮਾਲਕਾਂ ਨੇ ਕੋਬੀ ਮੰਗਵਾ ਲਿਆ। 21 ਅਗਸਤ 1914 ਨੂੰ ਜਹਾਜ਼ ਕੋਬੀ ਪਹੁੰਚਿਆ। ਇੱਥੇ ਗ਼ਦਰ ਪਾਰਟੀ ਦੇ ਬੰਦਿਆਂ ਨੇ ਜਵਾਹਰ ਮਲ ਤੇ ਤੋਤੀਰਾਮ ਮਾਨਸੁਖਾਨੀ (ਸਿੰਧੀ) ਮੁਸਾਫ਼ਰਾਂ ਦਾ ਜਲੂਸ ਕੱਢਿਆ ਤੇ ਅੰਗਰੇਜ਼ੀ ਦੂਤ ਦੇ ਦਫ਼ਤਰ ਸਾਹਮਣੇ ਮੁਜ਼ਾਹਰਾ ਕੀਤਾ ਤੇ ਹਿੰਦ ਸਰਕਾਰ ਤੋਂ 19 ਹਜ਼ਾਰ ਯੈਨ (ਜਾਪਾਨੀ ਸਿੱਕਾ) ਦੇਣ ਦੀ ਮੰਗ ਕੀਤੀ ਤਾਂ ਜੁ ਮੁਸਾਫ਼ਰਾਂ ਨੂੰ ਸਿੱਧੇ ਕਲਕੱਤਾ ਪਹੁੰਚਾਇਆ ਜਾਵੇ। ਹਿੰਦ ਸਰਕਾਰ ਉਸ ਸਮੇਂ ਤਾਂ ਮੰਨ ਗਈ ਕਿਉਂਕਿ ਉਹ ਉਨ੍ਹਾਂ ਨੂੰ ਹਿੰਦ ਪੁਜਣ 'ਤੇ ਗ੍ਰਿਫ਼ਤਾਰ ਕਰਨਾ ਚਾਹੁੰਦੀ ਸੀ ਪਰ ਬਜਬਜ ਘਾਟ ਦੇ ਸਾਕੇ ਦੀ ਘਟਨਾ ਦਾ ਉਸ ਨੇ ਬੁਰਾ ਮਨਾਇਆ ਤੇ ਇਹ ਰਕਮ ਅਦਾ ਨਾ ਕੀਤੀ।

ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਨਾਲ ਹੋਏ ਮਾੜੇ ਸਲੂਕ ਤੋਂ ਜਾਣੂ ਹੋਣ ਕਰਕੇ ਤੇ ਗ਼ਦਰ ਲਹਿਰ ਨੂੰ ਹੋਰ ਤਿੱਖਾ ਕਰਨ ਲਈ ਭਾਈ ਹਰਨਾਮ ਸਿੰਘ ਕਹੂਟਾ ਜੋ ਭਾਈ

ਭਗਵਾਨ ਸਿੰਘ ਤੋਂ ਬਾਅਦ ਹਾਂਗਕਾਂਗ ਦੇ ਗ੍ਰੰਥੀ ਸਨ ਤੇ ਚੰਗੇ ਪ੍ਰਚਾਰਕ ਸਨ ਅਤੇ ਭਾਈ ਬੀਰ ਸਿੰਘ ਬੜਿੰਗ ਨੂੰ ਕੋਬੀ ਉਤਾਰ ਦਿੱਤਾ ਤਾਂ ਜੋ ਉਹ ਸ਼ੰਘਾਈ, ਹਾਂਗਕਾਂਗ, ਮਨੀਲਾ, ਸਿੰਗਾਪੁਰ ਮਲਾਇਆ ਆਦਿ ਥਾਵਾਂ 'ਤੇ ਪ੍ਰਚਾਰ ਕਰਕੇ ਭਾਰਤ ਪੁੱਜ ਸਕਣ। ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਦੇ ਰੋਹ ਨੂੰ ਬਰਕਰਾਰ ਰਖਣ ਲਈ ਜਾਪਾਨ ਤੋਂ ਸ੍ਰੀ ਜਵਾਹਰ ਮੱਲ ਤੇ ਉਸ ਦੇ ਸਕੇ ਭਰਾ ਸ੍ਰੀ ਨਰਾਇਣ ਦਾਸ ਨੂੰ ਜਹਾਜ਼ ਵਿਚ ਚੜ੍ਹਾ ਲਿਆ ਗਿਆ।

ਕਾਮਾਗਾਟਾ ਮਾਰੂ ਜਹਾਜ਼ 2 ਸਤੰਬਰ 1914 ਨੂੰ ਕੋਬੀ ਤੋਂ ਚਲ ਕੇ 16 ਸਤੰਬਰ 1914 ਨੂੰ ਸਿੰਗਾਪੁਰ ਆ ਗਿਆ ਪਰ ਇੱਥੋਂ ਜਹਾਜ਼ ਨੂੰ ਘਾਟ 'ਤੇ ਲੱਗਣ ਨਾ ਦਿੱਤਾ ਗਿਆ। 19 ਸਤੰਬਰ 1914 ਨੂੰ ਇਹ ਜਹਾਜ਼ ਸਿੰਗਾਪੁਰ ਤੋਂ ਚਲ ਕੇ 26 ਸਤੰਬਰ ਨੂੰ ਹੁਗਲੀ ਦਰਿਆ ਆ ਵੜਿਆ।

ਸਿੰਗਾਪੁਰ ਦੇ ਹਾਕਮਾਂ ਦੇ ਵਤੀਰੇ ਤੋਂ ਮੁਸਾਫ਼ਰਾਂ ਨੂੰ ਆਉਣ ਵਾਲੇ ਦਿਨਾਂ ਵਿਚ ਹੋਣ ਵਾਲੇ ਮਾੜੇ ਸਲੂਕ ਦਾ ਪਤਾ ਚਲ ਗਿਆ। ਬਾਬਾ ਗੁਰਦਿਤ ਸਿੰਘ ਸਮੇਤ ਸਾਰਿਆਂ ਨੇ ਸੋਚਿਆ ਕਿ ਉਨ੍ਹਾਂ ਪਾਸ ਕੋਈ ਇਤਰਾਜ਼ਯੋਗ ਸਮਗਰੀ ਨਹੀਂ ਮਿਲਣੀ ਚਾਹੀਦੀ। ਬਾਬਾ ਗੁਰਦਿਤ ਸਿੰਘ ਨੇ ਗ਼ਦਰ ਅਖ਼ਬਾਰ ਤੇ ਹੋਰ ਇਤਰਾਜ਼ਯੋਗ ਕਾਗਜ਼ ਪੱਤਰ ਹੁਗਲੀ ਦੇ ਲਾਗੇ ਆ ਕੇ ਸਮੁੰਦਰ ਵਿਚ ਸੁੱਟ ਦਿੱਤੇ। ਹਥਿਆਰਾਂ ਦੇ ਦੋਵੇਂ ਬਕਸਿਆਂ ਨੂੰ ਲੁਕਾ ਕੇ ਪਾਣੀ ਦੀ ਟੈਂਕੀ ਲਾਗੇ ਲਮਕਾਇਆ ਗਿਆ ਸੀ। ਜਦ ਇਨ੍ਹਾਂ ਨੂੰ ਖੋਲ੍ਹਿਆ ਗਿਆ ਤਾਂ ਵੇਖਿਆ ਕਿ ਹਥਿਆਰ ਜੰਗਾਲ ਨਾਲ ਖ਼ਰਾਬ ਹੋ ਚੁੱਕੇ ਸਨ। ਜਿਹੜਾ ਹਥਿਆਰ ਜਾਂ ਗੋਲੀ ਸਿੱਕਾ ਚੰਗਾ ਸੀ ਉਹ ਤਾਂ ਮੁਸਾਖ਼ਰਾਂ ਨੇ ਸਾਂਭ ਲਿਆ, ਬਾਕੀ ਸਾਰੇ ਹਥਿਆਰ ਤੇ ਗੋਲੀ ਸਿੱਕਾ ਸਮੁੰਦਰ ਵਿਚ ਸੁੱਟ ਦਿੱਤਾ ਗਿਆ।

ਕਾਮਾਗਾਟਾਮਾਰੂ ਦੇ ਮਗਰ ਅਮਰੀਕਾ, ਕੈਨੇਡਾ, ਮਨੀਲਾ, ਸ਼ੰਘਾਈ, ਹਾਂਗਕਾਂਗ ਤੇ ਹੋਰ ਟਾਪੂਆਂ ਤੋਂ ਗ਼ਦਰੀਆਂ ਦੇ ਦਲ ਆ ਰਹੇ ਸਨ। ਇਨ੍ਹਾਂ ਨੂੰ ਸਾਰਿਆਂ ਨੂੰ ਕਾਬੂ ਕਰਨ ਲਈ ਹਿੰਦਸਤਾਨ ਅੰਗਰੇਜ਼ੀ ਸਰਕਾਰ ਨੇ 5 ਸਤੰਬਰ 1914 ਨੂੰ ਇਕ ਫ਼ੁਰਮਾਨ (ਆਰਡੀਨੈਂਸ) ਨੰ: 5 'ਅੰਤਰ-ਪ੍ਰਵੇਸ਼ ਆਰਡੀਨੈਂਸ' ਜਾਰੀ ਕੀਤਾ ਜੋ 16 ਸਤੰਬਰ 1914 ਦੇ ਗਜ਼ਟ ਆਫ਼ ਇੰਡੀਆ ਵਿਚ ਪ੍ਰਕਾਸ਼ਿਤ ਹੋਇਆ। ਇਸ ਫ਼ੁਰਮਾਨ ਰਾਹੀਂ ਪੰਜਾਬ ਅਤੇ ਬੰਗਾਲ ਸਰਕਾਰਾਂ ਨੂੰ ਵਿਸ਼ੇਸ਼ ਅਧਿਕਾਰ ਦਿੱਤੇ ਗਏ ਸਨ ਕਿ ਉਹ ਵਿਦੇਸ਼ਾਂ ਤੋਂ ਆਉਣ ਵਾਲੇ ਬੰਦਿਆਂ ਨੂੰ ਜੇ ਖ਼ਤਰਨਾਕ ਸਮਝਣ ਤਾਂ ਪੁੱਛ ਪੜਤਾਲ ਲਈ ਗ੍ਰਿਫ਼ਤਾਰ ਕਰ ਕੇ ਪੁਲਿਸ ਦੇ ਹਵਾਲੇ ਕਰ ਦੇਣ। ਜੇ ਉਹ ਪੁੱਛ ਪੜਤਾਲ ਵਿਚ ਖਤਰਨਾਕ ਨਿਕਲਣ ਤਾਂ ਉਨ੍ਹਾਂ ਨੂੰ ਬਿਨਾਂ ਮੁਕੱਦਮਾ ਚਲਾਇਆ ਪਿੰਡਾਂ ਜਾਂ ਜੇਲ੍ਹਾਂ ਵਿਚ ਬੰਦ ਕਰ ਦੇਣ। ਪੁੱਛ ਪੜਤਾਲ ਲਈ ਲੁਧਿਆਣੇ ਵਿਸ਼ੇਸ਼ ਦਫ਼ਤਰ ਖੋਲ੍ਹਿਆ ਗਿਆ।

29 ਸਤੰਬਰ 1914 ਨੂੰ ਬਜ ਬਜ ਘਾਟ 'ਤੇ ਜਹਾਜ਼ ਨੂੰ ਰੋਕ ਕੇ ਜਬਰੀ ਉਤਾਰਿਆ ਗਿਆ। ਮੁਸਾਫ਼ਰ ਕਲਕੱਤੇ ਜਾਣਾ ਚਾਹੁੰਦੇ ਸਨ ਪਰ ਉਨ੍ਹਾਂ ਨੂੰ ਬਜਬਜ ਘਾਟ ਲਾਗੇ ਖੜੀ ਗੱਡੀ ਵਿਚ ਬਿਠਾ ਕੇ ਪੰਜਾਬ ਲਿਆਉਣ ਦੀ ਯੋਜਨਾ ਸੀ ਤਾਂ ਜੋ ਉਨ੍ਹਾਂ ਉਪਰ ਮੁਕੱਦਮੇ ਚਲਾਏ ਜਾਣ। ਜ਼ਿਲ੍ਹਾ ਸ਼ਾਹਕੋਟ ਦੇ 17 ਮੁਸਲਮਾਨ ਤੇ 42 ਹੋਰ ਮੁਸਾਫ਼ਰ ਗੱਡੀ 'ਤੇ ਸਵਾਰ ਹੋਣ ਲਈ ਮੰਨ ਗਏ ਤੇ ਇਨ੍ਹਾਂ ਨੂੰ ਗੱਡੀ ਲੈ ਕੇ ਤੁਰ ਪਈ। ਪਰ ਬਾਕੀ

260 ਮੁਸਾਫ਼ਰ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲੈ ਕੇ ਕਲੱਕਤੇ ਵੱਲ ਨੂੰ ਜਾਣ ਲੱਗੇ ਤਾਂ ਪੁਲਿਸ ਨਾਲ ਟਕਰਾਓ ਹੋ ਗਿਆ। ਇਸ ਘਟਨਾ ਵਿਚ 19 ਮੁਸਾਫ਼ਰ ਸ਼ਹੀਦ ਹੋਏ, ਦੋ ਬਾਹਰਲੇ ਬੰਦੇ ਮਾਰੇ ਗਏ, 21 ਮੁਸਾਫ਼ਰ ਤੇ ਇਕ ਬਾਹਰਲਾ ਵਿਅਕਤੀ ਜ਼ਖ਼ਮੀ ਹੋਇਆ। ਇਸ ਵਿਚ 2 ਅਫ਼ਸਰ, 2 ਪੰਜਾਬੀ ਸਿਪਾਹੀ ਮਾਰੇ ਗਏ, 11 ਅਫ਼ਸਰ ਤੇ ਸਿਪਾਹੀ ਜ਼ਖ਼ਮੀ ਹੋਏ, ਇਨ੍ਹਾਂ ਵਿਚੋਂ 6 ਗੋਰੇ ਤੇ 5 ਪੰਜਾਬੀ ਸਨ। 21 ਮੁਸਾਫ਼ਰ ਫੜੇ ਗਏ। ਸ. ਗੁਰਦਿਤ ਸਿੰਘ ਸਰਹਾਲੀ ਸਮੇਤ 28 ਭੱਜ ਕੇ ਨਿਕਲਣ ਵਿਚ ਕਾਮਯਾਬ ਹੋਏ। ਇਸ ਨੂੰ ਬਜਬਜ ਘਾਟ ਦਾ ਸਾਕਾ ਕਿਹਾ ਜਾਂਦਾ ਹੈ।

ਸਰਕਾਰ ਨੇ ਬਜਬਜ ਘਾਟ ਦੇ ਸਾਕੇ 'ਤੇ ਪਰਦਾ ਪਾਉਣ ਲਈ ਇਕ ਪੜਤਾਲੀਆ ਕਮੇਟੀ ਬਣਾਈ। ਕੁਝ ਮਹੀਨਿਆਂ ਬਾਅਦ ਸਵਾਏ 31 ਮੁਸਾਫ਼ਰਾਂ ਤੋਂ ਜਿਨ੍ਹਾਂ ਬਾਰੇ ਪੰਜਾਬ ਸਰਕਾਰ ਨੇ ਜੇਲ੍ਹ ਬੰਦ ਰਖਣ ਲਈ ਲਿਖਿਆ ਸੀ, ਬਾਕੀ ਸਭ ਰਿਹਾਅ ਕਰ ਦਿੱਤੇ ਗਏ। ਜਾਪਾਨ ਤੋਂ ਆਏ ਦੋ ਸਿੰਧੀ ਭਰਾ ਸ੍ਰੀ ਜਵਾਹਰ ਮਲ ਤੇ ਸ੍ਰੀ ਨਰਾਇਣ ਦਾਸ ਬੰਬਈ ਸਰਕਾਰ ਨੇ ਜੇਲ੍ਹ ਬੰਦ ਕਰ ਦਿੱਤੇ। 29 ਮੁਸਾਫ਼ਰ ਭਗੌੜੇ ਕਰਾਰ ਦਿੱਤੇ ਗਏ। ਬਾਬਾ ਗੁਰਦਿੱਤ ਸਿੰਘ ਜੋ ਉੱਥੋਂ ਬਚ ਕੇ ਨਿਕਲਣ ਵਿਚ ਕਾਮਯਾਬ ਹੋਏ ਸਨ, ਨੂੰ 1922 ਵਿਚ ਮਹਾਤਮਾ ਗਾਂਧੀ ਨੇ ਗ੍ਰਿਫ਼ਤਾਰੀ ਦੇਣ ਲਈ ਮਨਾ ਲਿਆ ਤੇ ਉਨ੍ਹਾਂ ਨੇ ਅਜਿਹਾ ਹੀ ਕੀਤਾ। ਉਨ੍ਹਾਂ ਨੂੰ 5 ਸਾਲ ਲਈ ਜੇਲ੍ਹ ਵਿਚ ਡੱਕ ਦਿੱਤਾ ਗਿਆ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਕਾਮਾਗਾਟਾਮਾਰੂ ਦੇ ਯਾਤਰੂਆਂ ਦੇ ਗ਼ਦਰ ਨੇਤਾਵਾਂ ਨਾਲ ਨੇੜਲੇ ਸਬੰਧ ਹੋਣ ਕਰਕੇ ਸਰਕਾਰ ਇਨ੍ਹਾਂ ਨੂੰ ਭਾਰਤ ਲਿਆ ਕੇ ਗ੍ਰਿਫ਼ਤਾਰ ਕਰਨਾ ਚਾਹੁੰਦੀ ਸੀ ਤੇ ਉਹ ਚਾਹੁੰਦੀ ਸੀ ਕਿ ਇਨ੍ਹਾਂ ਨੂੰ ਗ਼ਦਰ ਪਾਰਟੀ ਵਿਚ ਸ਼ਾਮਲ ਹੋਣੋ ਰੋਕਿਆ ਜਾਵੇ ਤੇ ਜਿਹੜੇ ਪਹਿਲਾਂ ਸ਼ਾਮਲ ਹਨ, ਉਨ੍ਹਾਂ ਨੂੰ ਜੇਲ੍ਹੀਂ ਡਕ ਕੇ ਮੁਕਦਮੇ ਚਲਾਏ ਜਾਣ।

ਸੋਹਣ ਸਿੰਘ ਜੋਸ਼ ਅਨੁਸਾਰ ਬਜਬਜ ਦਾ ਕਤਲੇਆਮ ਵੀ ਇਕ ਛੋਟਾ ਜਲ੍ਹਿਆਂਵਾਲਾ ਬਾਗ ਸਾਕਾ ਸੀ ਜੋ ਬਰਤਾਨਵੀ ਗੋਰੀ ਫ਼ੌਜ ਨੇ ਪਹਿਲੀ ਮਹਾਂ ਜੰਗ ਤੋਂ ਪਹਿਲਾਂ ਕੀਤਾ। ਇਨਗਰੈੱਸ ਆਰਡੀਨੈਂਸ ਨਾਲ ਬਰਤਾਨਵੀਂ ਸਰਕਾਰ ਲਈ ਹਿੰਦੁਸਤਾਨੀ ਲੀਡਰਾਂ ਦੀ ਵਫ਼ਾਦਾਰੀ, ਬਰਤਾਨਵੀਂ ਇਨਸਾਫ਼ ਵਿਚ ਉਨ੍ਹਾਂ ਦਾ ਵਿਸ਼ਵਾਸ, ਜੰਗ ਵਿਚ ਉਨ੍ਹਾਂ ਦੀ ਪੂਰੀ ਮਦਦ, ਪ੍ਰਚਾਰ ਮਸ਼ੀਨਰੀ ਨੂੰ ਆਪਣੇ ਹੱਕ ਵਿਚ ਭੁਗਤਣ ਅਤੇ ਪ੍ਰੈੱਸ ਦਾ ਮੂੰਹ ਬੰਦ ਕਰਕੇ ਸੈਂਸਰਸ਼ਿਪ ਨਾਲ ਕਤਲੇਆਮ ਤੋਂ ਬਾਅਦ ਬਰਤਾਨਵੀਂ ਹਾਕਮਾਂ ਦਾ ਅਪਰਾਧ ਛੁਪਾਉਣਾ ਪੱਕਾ ਕੀਤਾ ਗਿਆ ਸੀ ਅਤੇ ਕਿਸੇ ਨੇ ਵੀ ਬਰਤਾਨਵੀਂ ਹਾਕਮਾਂ ਵੱਲੋਂ ਕੀਤੇ ਇਸ ਘੋਰ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਉਠਾਉਣ ਦੀ ਹਿੰਮਤ ਨਾ ਕੀਤੀ। ਇਸ ਜ਼ੁਲਮ ਦੇ ਖਿਲਾਫ ਕਾਂਗਰਸ ਪਾਰਟੀ ਨੇ ਬਤੌਰ ਜਮਾਤ ਮੂੰਹ ਨਹੀਂ ਖੋਲ੍ਹਿਆ ਮਤਾ ਅੰਗਰੇਜ਼ੀ ਸਰਕਾਰ ਉਸ ਨਾਲ ਨਾਰਾਜ਼ ਨਾ ਹੋ ਜਾਵੇ।

ਗ਼ਦਰ ਪਾਰਟੀ ਲਹਿਰ ਜੋ 1912 ਵਿਚ ਉਤਰੀ ਅਮਰੀਕਾ ਵਿਚ ਸ਼ੁਰੂ ਹੋ ਕਿ 1918 ਵਿਚ ਪਹਿਲੀ ਜੰਗ ਖਤਮ ਹੋਣ ਤੀਕ ਚਲਦੀ ਰਹੀ, ਦੇ ਬੀਜ ਕੈਨੇਡਾ ਦੀ ਧਰਤੀ ਵਿਚ 1907 ਵਿਚ ਬੋਏ ਗਏ ਸਨ। ਬਰਤਾਨੀਆ ਸਰਕਾਰ ਨੇ ਕਾਮਾਗਾਟਾਮਾਰੂ ਜਹਾਜ਼ ਦੇ ਯਾਤਰੀਆਂ ਅਤੇ ਗ਼ਦਰੀ ਬਾਬਿਆਂ ਨਾਲ ਪਰਲੇ ਦਰਜੇ ਦੇ ਘਿਨੌਣੇ ਅਤਿਆਚਾਰ

ਕੀਤੇ ਪਰ ਉਹ ਇਸ ਆਜ਼ਾਦੀ ਦੀ ਇਸ ਲਹਿਰ ਨੂੰ ਦਬਾਅ ਨਾ ਸਕੇ। ਆਜ਼ਾਦੀ ਦੇ ਪ੍ਰਵਾਨਿਆਂ ਨੂੰ ਕੁਝ ਸਮੇਂ ਲਈ ਧੱਕਾ ਜ਼ਰੂਰ ਲੱਗਾ ਪਰ ਉਨ੍ਹਾਂ ਦੀ ਕਮਰ ਟੁੱਟੀ ਨਹੀਂ।

ਕਾਮਾਗਾਟਾਮਾਰੂ ਜਹਾਜ਼ 'ਚੋਂ ਫੜੇ ਹੋਏ ਲੋਕਾਂ ਨੂੰ ਜਦ ਜੇਲ੍ਹਾਂ ਵਿਚੋਂ ਰਿਹਾਈ ਮਿਲੀ ਤਾਂ ਗ਼ਦਰ ਲਹਿਰ ਨੇ ਭਾਰਤ ਵਿਚ ਫਿਰ ਸਿਰ ਚੁੱਕਿਆ। ਕੁਝ ਨਵੇਂ ਲੋਕ ਭਰਤੀ ਹੋਏ। ਉਧਰ ਪਹਿਲਾਂ ਵਿਸ਼ਵ-ਯੁੱਧ ਸ਼ੁਰੂ ਹੋਣ ਕਰਕੇ ਗ਼ਦਰ ਪਾਰਟੀ ਨੇ ਅੰਗਰੇਜ਼ੀ ਰਾਜ ਵਿਰੁੱਧ ਐਲਾਨੇ ਜੰਗ ਦਾ ਫ਼ੈਸਲਾ ਕੀਤਾ ਜੋ 5 ਅਗਸਤ 1914 ਦੇ 'ਗ਼ਦਰ' ਅੰਕ ਵਿਚ ਛਾਪ ਦਿੱਤਾ ਗਿਆ। ਵੱਖ-ਵੱਖ ਥਾਵਾਂ ਤੇ ਕਾਨਫ਼ਰੰਸਾਂ ਕਰ ਕੇ ਐਲਾਨੇ-ਜੰਗ ਦੇ ਮਤੇ ਦੀ ਪ੍ਰਵਾਨਗੀ ਲਈ ਗਈ ਤੇ ਸਭ ਹਿੰਦੀਆਂ ਨੂੰ ਦੇਸ਼ ਜਾ ਕੇ ਹਥਿਆਰ ਚੁਕਣ ਤੇ ਬਗ਼ਾਵਤ ਕਰਨ ਦਾ ਸੱਦਾ ਦਿੱਤਾ ਗਿਆ ਤੇ ਇਹ ਮਿਥਿਆ ਗਿਆ ਕਿ ਨਵੰਬਰ 1914 ਦੇ ਪਹਿਲੇ ਹਫ਼ਤੇ ਤੀਕ ਸਭ ਹਿੰਦੀ ਦੇਸ਼ ਨੂੰ ਚਲੇ ਜਾਣ।

ਪਾਰਟੀ ਅਤੇ 'ਗਦਰ' ਅਖ਼ਬਾਰ ਦੇ ਸੱਦੇ ਨੂੰ ਨਾ ਕੇਵਲ ਅਮਰੀਕਾ ਤੇ ਕੈਨੇਡਾ ਸਗੋਂ ਦਖਣੀ ਪੂਰਬੀ ਏਸ਼ੀਆ ਦੇ ਦੇਸ਼ਾਂ ਵਿਚ 'ਇਲਾਹੀ ਹੁਕਮ' ਸਮਝਿਆ ਗਿਆ। ਸਭ ਤੋਂ ਪਹਿਲਾਂ 22 ਅਗਸਤ 1914 ਨੂੰ ਵੈਨਕੂਅਰ ਤੋਂ ਇਕ ਜਹਾਜ਼ ਜਿਸ ਵਿਚ 26 ਮੁਸਾਫ਼ਰ ਸਨ, ਚਲਿਆ। ਇਨ੍ਹਾਂ ਵਿਚ ਭਾਈ ਜਵੰਦ ਸਿੰਘ ਨੰਗਲ, ਭਾਈ ਬੀਰ ਸਿੰਘ ਬਾਹੋਵਾਲ ਤੇ ਭਾਈ ਹਰੀ ਸਿੰਘ ਸੂੰਢ ਵੀ ਸ਼ਾਮਲ ਸਨ। 29 ਅਗਸਤ 1914 ਨੂੰ 'ਕੋਰੀਆ' ਨਾਮੀ ਜਹਾਜ਼ 60-70 ਲੀਡਰਾਂ ਤੇ ਵਰਕਰਾਂ ਨੂੰ ਲੈ ਕੇ ਸਾਨਫਰਾਂਸਿਸਕੋ (ਅਮਰੀਕਾ) ਤੋਂ ਚਲਿਆ ਜਿਸ ਵਿਚ ਭਾਈ ਕੇਸਰ ਸਿੰਘ ਮੀਤ ਪ੍ਰਧਾਨ, ਭਾਈ ਜਵਾਲਾ ਸਿੰਘ ਠਠੀਆਂ ਮੀਤ ਪ੍ਰਧਾਨ, ਮਾਸਟਰ ਊਧਮ ਸਿੰਘ ਕਸੇਲ, ਭਾਈ ਨਿਧਾਨ ਸਿੰਘ ਚੁਘਾ, ਭਾਈ ਈਸ਼ਰ ਸਿੰਘ ਮਰਹਾਣਾ, ਭਾਈ ਰੂੜ ਸਿੰਘ ਚੂਹੜਚੱਕ, ਭਾਈ ਪ੍ਰਿਥੀ ਸਿੰਘ ਲਾਲੜੂ, ਪੰਡਤ ਜਗਤ ਰਾਮ ਹਰਿਆਣਾ, ਭਾਈ ਪਿਆਰਾ ਸਿੰਘ ਲੰਗੇਰੀ ਆਦਿ ਲੀਡਰ ਤੇ ਵਰਕਰ ਸ਼ਾਮਲ ਸਨ।

ਪਾਰਟੀ ਦੇ ਐਲਾਨ ਨੇ ਅਮਰੀਕਾ, ਕੈਨੇਡਾ, ਚੀਨ ਦੇ ਘਾਟਾਂ, ਫਿਲਪਾਇਨ, ਸਿੰਗਾਪੁਰ, ਮਲਾਇਆ, ਸਮਾਟਰਾ, ਮਨੀਲਾ ਤੇ ਹਾਂਗਕਾਂਗ ਦੇ ਹਿੰਦੀਆਂ ਵਿਚ ਧਾਕਾਂ ਪਾ ਦਿੱਤੀਆਂ। ਸਰਕਾਰੀ ਰਿਕਾਰਡ ਅਨੁਸਾਰ ਕਾਮਾਗਾਟਾਮਾਰੂ ਜਹਾਜ਼ ਤੋਂ ਬਾਅਦ 13 ਅਕਤੂਬਰ 1914 ਤੋਂ 25 ਫ਼ਰਵਰੀ 1915 ਤੀਕ 2312 ਹਿੰਦੀ ਦੇਸ਼ ਆਏ। ਇਨ੍ਹਾਂ ਵਿਚੋਂ 305 ਅਮਰੀਕਾ, 235 ਕੈਨੇਡਾ, 6 ਪਨਾਮਾ ਤੇ ਬਾਕੀ 1473 ਚੀਨ, ਮਲਾਇਆ, ਹਾਂਗਕਾਂਗ, ਸਿੰਗਾਪੁਰ ਤੇ ਮਨੀਲਾ ਤੋਂ ਸਨ। ਇਹ ਗ਼ਦਰੀ 1916 ਤੀਕ ਹਿੰਦ ਆਉਂਦੇ ਰਹੇ ਤੇ ਸਰਕਾਰੀ ਅੰਕੜਿਆਂ ਅਨੁਸਾਰ ਉਨ੍ਹਾਂ ਦੀ ਗਿਣਤੀ 8 ਹਜ਼ਾਰ ਤੋਂ ਵੱਧ ਸੀ ਪਰ ਅਸਲ ਗਿਣਤੀ ਇਸ ਤੋਂ ਜ਼ਿਆਦਾ ਸੀ ਕਿਉਂਕਿ ਕੋਲੰਬੋ (ਸ੍ਰੀ ਲੰਕਾ) ਰਾਹੀਂ ਸੈਂਕੜੇ ਗ਼ਦਰੀ ਆਏ ਜਿਨ੍ਹਾਂ ਬਾਰੇ ਅਕਤੂਬਰ ਦੇ ਚੌਥੇ ਹਫ਼ਤੇ ਸਰਕਾਰ ਨੂੰ ਪਤਾ ਲੱਗਾ।

ਜਿਵੇਂ ਕਿ ਉਪਰ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਪੰਜਾਬ ਅਤੇ ਬੰਗਾਲ ਸਰਕਾਰ ਨੂੰ ਇਨਕਲਾਬੀਆਂ ਨੂੰ ਫੜਨ ਲਈ ਭਾਰਤ ਸਰਕਾਰ ਨੇ ਵਿਸ਼ੇਸ਼ ਫੁਰਮਾਨ ਜਾਰੀ ਕੀਤੇ ਸਨ, ਕਿਉਂਕਿ ਭਾਰਤ ਸਰਕਾਰ ਸਮਝਦੀ ਸੀ ਕਿ ਇਹ ਜਹਾਜ਼ ਕਲਕਤੇ ਹੀ ਆਉਣਗੇ। ਪਰ ਗ੍ਰਿਫ਼ਤਾਰੀ ਤੋਂ ਬਚਣ ਲਈ ਗ਼ਦਰੀਆਂ ਨੇ ਕਲਕੱਤੇ ਦਾ ਰਾਹ ਛੱਡ ਕੇ ਲੰਕਾ ਦੇ

ਰਸਤੇ ਨੂੰ ਫੜਿਆ ਤੇ ਉਹ ਮਦਰਾਸ ਰਾਹੀਂ ਬਚ ਨਿਕਲੇ। ਸ. ਕਰਤਾਰ ਸਿੰਘ ਸਰਾਭਾ ਤੇ ਉਸ ਦੇ ਸਾਥੀ 15-16 ਸਤੰਬਰ 1914 ਨੂੰ ਇਸ ਰਸਤੇ ਰਾਹੀਂ ਬਚ ਨਿਕਲ ਕੇ ਪੰਜਾਬ ਸੁਖੀ ਸਾਂਦੀ ਪੁੱਜ ਗਏ।

ਕਾਮਾਗਾਟਾਮਾਰੂ ਤੋਂ ਬਾਦ ਗ਼ਦਰੀਆਂ ਨੂੰ ਲੈ ਕੇ ਸਭ ਤੋਂ ਪਹਿਲਾ ਜਹਾਜ਼ 12 ਅਕਤੂਬਰ 1914 ਨੂੰ ਕਲਕਤੇ ਆਇਆ, ਜਿਸ ਵਿਚ 57 ਹਿੰਦੀ ਸਨ। 13 ਅਕਤੂਬਰ 1914 ਨੂੰ 'ਨਾਮਸਿੰਗ' ਨਾਮੀ ਜਹਾਜ਼ ਆਇਆ ਜਿਸ ਵਿਚ ਸ. ਸੋਹਣ ਸਿੰਘ ਭਕਨਾ ਸਨ ਤੇ ਜਿਨ੍ਹਾਂ ਬਾਰੇ ਪਹਿਲਾਂ ਵਰਣਨ ਕੀਤਾ ਜਾ ਚੁੱਕਾ ਹੈ। ਇਸ ਜਹਾਜ਼ ਵਿਚ 80 ਗ਼ਦਰੀ ਕੈਨੇਡਾ ਤੋਂ ਸਨ। ਇਨ੍ਹਾਂ ਸਾਰਿਆਂ ਨੂੰ 1914 ਦੇ ਪੰਜਵੇਂ ਫ਼ੁਰਮਾਨ ਅਧੀਨ ਗ੍ਰਿਫਤਾਰ ਕਰ ਲਿਆ ਗਿਆ ਜਿਸ ਅਧੀਨ ਕਾਮਾਗਾਟਾਮਾਰੂ ਦੇ ਯਾਤਰੂਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

ਕੁਝ ਹੋਰ ਜਹਾਜ਼ਾਂ ਤੋਂ ਬਾਅਦ 29 ਅਕਤੂਬਰ 1914 ਨੂੰ 'ਤੋਸ਼ਾ ਮਾਰੂ' ਜਹਾਜ਼ ਕਲਕਤੇ ਆ ਕੇ ਲਗਾ ਜਿਸ ਵਿਚ ਗ਼ਦਰ ਲਹਿਰ ਦੇ ਸਾਰੇ ਲੀਡਰ ਸਨ। ਇਸ ਵਿਚ 173 ਮੁਸਾਫ਼ਰ ਸਨ। ਇਨ੍ਹਾਂ ਨੂੰ ਗ੍ਰਿਫਤਾਰ ਕਰਕੇ ਮੁਲਤਾਨ ਤੇ ਮਿੰਟਗੁਮਰੀ ਦੀਆਂ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਗਿਆ। ਅੰਗਰੇਜ਼ਾਂ ਨੇ ਇਸ ਨੂੰ ਸਿੱਖ ਲਹਿਰ ਸਮਝ ਕੇ ਕਈ ਹਿੰਦੂ, ਮੁਸਲਮਾਨ ਤੇ ਮੋਨੇ ਗਦਰੀ ਛੱਡ ਦਿੱਤੇ ਜਿਨ੍ਹਾਂ ਵਿਚ ਪੰਡਤ ਜਗਤ ਰਾਮ, ਭਾਈ ਪ੍ਰਿਥੀ ਸਿੰਘ ਆਜ਼ਾਦ, ਭਾਈ ਪ੍ਰਮਾਨੰਦ ਝਾਂਸੀ ਦੇ ਨਾਂ ਵਿਸ਼ੇਸ਼ ਵਰਨਣਯੋਗ ਹਨ।

ਇਸ ਤਰ੍ਹਾਂ ਸਰਕਾਰ ਨੇ ਬਾਹਰੋਂ ਦੇਸ਼ ਵਿਚ ਆ ਰਹੀ ਇਸ ਲਹਿਰ ਨੂੰ ਦੇਸ਼ ਵਿਚ ਵੜਦਿਆਂ ਹੀ ਨੱਪਣ ਦਾ ਜਤਨ ਕੀਤਾ। ਤਕਰੀਬਨ ਸਾਰੀ ਲੀਡਰਸ਼ਿਪ ਫੜ ਲਈ ਗਈ। ਸਰਕਾਰ ਪਹਿਲੀ ਚੋਟ ਵਿਚ ਹੀ ਸਫ਼ਲ ਹੋ ਗਈ।

ਭਾਈ ਕਰਤਾਰ ਸਿੰਘ ਸਰਾਭਾ, ਭਾਈ ਨਿਧਾਨ ਸਿੰਘ ਚੁੱਘਾ, ਪੰਡਤ ਜਗਤ ਰਾਮ, ਭਾਈ ਪ੍ਰਿਥੀ ਸਿੰਘ ਲਾਲੜੂ, ਭਾਈ ਬੰਤਾ ਸਿੰਘ ਸੰਘਵਾਲ, ਭਾਈ ਰੂੜ ਸਿੰਘ ਚੂਹੜਚੱਕ ਤੇ ਦੋ ਹੋਰ ਸਾਥੀਆਂ ਨੇ ਇਕ ਕਮੇਟੀ ਬਣਾ ਕੇ ਨਵੇਂ ਸਿਰੇ ਤੋਂ ਕੰਮ ਕਰਨਾ ਸ਼ੁਰੂ ਕੀਤਾ। ਜਦ ਥੋੜ੍ਹਾ ਵਿਸ਼ਵਾਸ ਬੱਝ ਗਿਆ ਤਾਂ 21 ਫ਼ਰਵਰੀ 1915 ਨੂੰ ਬਗਾਵਤ ਦੀ ਵਿਉਂਤ ਬਣਾਈ ਗਈ। ਸਰਕਾਰ ਨੇ ਮੁਖਬਰਾਂ ਕੋਲੋਂ ਯੋਜਨਾ ਦੀ ਸੂਹ ਕੱਢ ਲਈ ਤੇ ਇਸ ਗ਼ਦਰ ਨੂੰ ਫੇਲ੍ਹ ਕਰ ਦਿੱਤਾ, ਜੋ ਕਿ ਵਖਰੇ ਲੇਖ ਦੀ ਮੰਗ ਕਰਦਾ ਹੈ। ਭਾਵੇਂ ਇਹ ਗਦਰ ਫੇਲ੍ਹ ਹੋ ਗਿਆ ਪਰ ਇਸ ਦਾ ਆਉਣ ਵਾਲੇ ਸਮੇਂ ਤੇਂ ਡੂੰਘਾ ਪ੍ਰਭਾਵ ਪਿਆ। ਇਹ ਦੇਸ਼ ਅੰਦਰ ਇਨਕਲਾਬੀ ਭਾਵਨਾ ਤੇ ਹੌਂਸਲੇ ਦੀ ਅਮਿੱਟ ਛਾਪ ਛੱਡ ਗਿਆ।

ਗ਼ਦਰੀ ਸੂਰਬੀਰਾਂ ਤੇ ਸ਼ਹੀਦਾਂ ਦੀ ਦੇਣ ਇਹ ਸੀ ਕਿ ਉਨ੍ਹਾਂ, ਨੇ ਭਾਰਤ ਵਾਸੀਆਂ ਨੂੰ ਇਹ ਚੇਤੇ ਕਰਵਾਇਆ ਕਿ ਭਾਰਤ ਮਾਤਾ ਹਾਲੇ ਵੀ ਬਰਤਾਨਵੀਂ ਜ਼ੰਜੀਰਾਂ ਵਿਚ ਨੂੜੀ ਪਈ ਸੀ ਤੇ ਇਨ੍ਹਾਂ ਨੂੰ ਹਰ ਹੀਲੇ ਤੋੜਨਾ ਚਾਹੀਦਾ ਸੀ। ਉਹ ਸਾਨੂੰ ਯਾਦ ਕਰਾਉਂਦੇ ਸਨ ਕਿ 1857 ਵਿਚ ਸ਼ੁਰੂ ਹੋਈ ਤੇ 1914-15 ਵਿਚ ਅਗਾਂਹ-ਖੜੀ ਆਜ਼ਾਦੀ ਦੀ ਜੰਗ ਅਜੇ ਵੀ ਅਧੂਰੀ ਹੈ ਤੇ ਇਸ ਨੂੰ ਸੰਪੂਰਨ ਕਰਨਾ ਪੈਂਣਾ ਹੈ। ਗ਼ਦਰੀ ਬਾਬਿਆਂ ਦੀਆਂ ਕੁਰਬਾਨੀਆਂ ਨੇ ਅਕਾਲੀ, ਬੱਬਰ ਅਕਾਲੀ ਤੇ ਮਗਰਲੀਆਂ ਲਹਿਰਾਂ ਨੂੰ ਬਹੁਤ ਉਤਸ਼ਾਹਿਤ ਕੀਤਾ। ਲੋਕਾਂ ਵਿਚ ਜਾਗਰਤੀ ਲਿਆਂਦੀ। ਹਜ਼ਾਰਾਂ ਹੀ ਵਿਦਿਆਰਥੀਆਂ

ਤੇ ਨੌਜੁਆਨਾਂ ਦਾ ਸਿਆਸੀਕਰਨ ਕਰਕੇ ਉਨ੍ਹਾਂ ਨੂੰ ਆਜ਼ਾਦੀ ਦੇ ਸੰਗਰਾਮ ਵਿਚ ਧੂਹ ਲਿਆਂਦਾ।

ਅੰਗਰੇਜ਼ ਚਾਹੁੰਦੇ ਸਨ ਕਿ ਹਿੰਦੁਸਤਾਨੀ ਲੰਮੇ ਸਮੇਂ ਲਈ ਉਨ੍ਹਾਂ ਦੇ ਆਗਿਆਕਾਰ ਬਣ ਕੇ ਰਹਿਣ। ਇਸ ਨੀਤੀ ਅਧੀਨ ਉਨ੍ਹਾਂ ਨੇ ਪੰਜਾਬ ਦੇ ਗਵਰਨਰ ਤਾਨਾਸ਼ਾਹ ਮਾਈਕਲ ਉਡਵਾਇਰ ਨੂੰ ਜਿੰਨੀ ਛੇਤੀ ਹੋ ਸਕੇ ਇਨਕਲਾਬੀ ਲਹਿਰਾਂ ਨੂੰ ਕੁਚਲਣ ਲਈ ਅਥਾਹ ਸ਼ਕਤੀ ਦਿੱਤੀ ਹੋਈ ਸੀ। ਇਸ ਅਸੀਮ ਸ਼ਕਤੀ ਨੂੰ ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਅਤੇ ਗ਼ਦਰੀਆਂ ਨੂੰ ਦਬਾਉਣ ਲਈ ਉਸ ਨੇ ਵਰਤਿਆ। ਬਜਬਜ ਘਾਟ ਦੇ ਕਤਲਕਾਂਡ ਤੋਂ ਬਚ ਕੇ ਜਿਉਂਦੇ ਨਿਕਲ ਆਏ ਜਾਂ ਜੇਲ੍ਹਾਂ ਵਿਚੋਂ ਵੀ ਜੋ ਬਚ ਗਏ, ਉਨ੍ਹਾਂ ਨੇ ਦੇਸ਼ ਦੀ ਸਾਮਰਾਜ ਵਿਰੋਧੀ ਲਹਿਰ ਵਿਚ ਸ਼ਾਮਲ ਹੋ ਕੇ ਹਿੰਦੁਸਤਾਨ ਦੀ ਆਜ਼ਾਦੀ ਲਈ ਦੇਸ਼ ਵਿਚ ਬੜੀ ਸੇਵਾ ਕੀਤੀ। ਉਨ੍ਹਾਂ ਵਿਚੋਂ ਸਭ ਤੋਂ ਉੱਘੇ ਸਨ ਬਾਬਾ ਗੁਰਮੁਖ ਸਿੰਘ, ਬਾਬਾ ਗੁਰਦਿੱਤ ਸਿੰਘ, ਸਰਦਾਰ ਰਾਏ ਸਿੰਘ, ਸ. ਦਲਜੀਤ ਸਿੰਘ (ਕਾਮਾਗਾਟਾਮਾਰੂ ਦੇ ਸਕੱਤਰ), ਬਾਬਾ ਹਰਨਾਮ ਸਿੰਘ ਗੁਜਰਵਾਲ, ਦਰਬਾਰਾ ਸਿੰਘ ਮੱਲਾਂ ਅਤੇ ਹੋਰ। ਉਨ੍ਹਾਂ ਵਿਚੋਂ ਬਹੁਤੇ ਜਾਂ ਤਾਂ ਭਾਰਤੀ ਕਮਿਊਨਿਸਟ ਪਾਰਟੀ ਦੇ ਮੈਂਬਰ ਬਣ ਗਏ ਜਾਂ ਉਸ ਦੇ ਹਮਦਰਦ ਬਣ ਗਏ। ਕਾਮਰੇਡ ਸੋਹਣ ਸਿੰਘ ਜੋਸ਼ ਨੇ ਠੀਕ ਹੀ ਲਿਖਿਆ ਹੈ ਕਿ ਬਜਬਜ ਘਾਟ ਦਾ ਕਤਲਕਾਂਡ ਸਾਡੇ ਆਜ਼ਾਦੀ ਦੇ ਇਤਿਹਾਸ ਦਾ ਪਹਿਲਾ ਅਧਿਆਇ ਸੀ, ਜੋ ਖ਼ੂਨ ਨਾਲ ਲਿਖਿਆ ਗਿਆ। ਕਾਮਾਗਾਟਾਮਾਰੂ ਦੇਸ਼ ਦੀ ਆਜ਼ਾਦੀ ਦੇ ਕਾਜ ਲਈ ਕੁਰਬਾਨੀ ਅਤੇ ਸਮਰਪਣ ਦਾ ਪ੍ਰਤੀਕ ਬਣ ਗਿਆ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫ਼ਰਾਂ ਦੀ ਸੰਘਰਸ਼ਮਈ ਗਾਥਾ ਤੇ ਗਦਰ ਪਾਰਟੀ ਦੇ ਸੰਘਰਸ਼ ਵਿਚ ਬਹੁਤ ਸਾਂਝ ਹੈ। ਵੈਨਕੂਅਰ ਵਿਚ ਜੋ ਦੁਰਵਿਵਹਾਰ ਮੁਸਾਫ਼ਰਾਂ ਨਾਲ ਕੀਤਾ ਗਿਆ, ਇਸ ਨੇ ਗ਼ਦਰ ਪਾਰਟੀ ਨੂੰ ਹੋਰ ਮਜ਼ਬੂਤ ਕੀਤਾ ਤੇ ਹਜ਼ਾਰਾਂ ਇਨਕਲਾਬੀ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨ ਲਈ ਵਿਦੇਸ਼ਾਂ ਤੋਂ ਭਾਰਤ ਵੱਲ ਨੂੰ ਵਹੀਰਾਂ ਘੱਤ ਕੇ ਆਉਣ ਲੱਗੇ। ਜਦ ਵੀ ਭਾਰਤ ਦੀ ਆਜ਼ਾਦੀ ਦਾ ਇਤਿਹਾਸ ਲਿਖਿਆ ਜਾਵੇਗਾ, ਉਸ ਵਿਚ ਇਨ੍ਹਾਂ ਦੋਵਾਂ ਨੂੰ ਹਮੇਸ਼ਾਂ ਅਹਿਮ ਸਥਾਨ ਮਿਲਦਾ ਰਹੇਗਾ।

*19 ਨਵੰਬਰ 2015*

# ਸੋਹਣਾ ਮੁਲਕ ਅਮਰੀਕਾ

ਜਦ ਭਾਰਤ ਤੋਂ ਕੋਈ ਵਿਅਕਤੀ ਅਮਰੀਕਾ ਆਉਂਦਾ ਹੈ ਤਾਂ ਉਸ ਨੂੰ ਅਮਰੀਕਾ ਇਕ ਵੱਖਰੀ ਭਾਂਤ ਦੀ ਦੁਨੀਆਂ ਮਹਿਸੂਸ ਹੁੰਦੀ ਹੈ। ਹਵਾਈ ਅੱਡੇ ਤੋਂ ਉਤਰਦੇ ਸਾਰ ਸੜਕਾਂ ਉਪਰ ਤੇਜ਼ ਰਫ਼ਤਾਰ ਦੌੜਦੀਆਂ ਕਾਰਾਂ, ਬਹੁਤ ਵਧੀਆ ਸੜਕਾਂ, ਸੜਕਾਂ ਉਪਰ ਬਣੇ ਫਲਾਈ ਓਵਰ, ਬਿਨਾਂ ਹਾਰਨ ਵਜਾਏ ਚਲਦੀਆਂ ਕਾਰਾਂ ਤੇ ਟਰੱਕ ਟਰਾਲੇ, ਸਫ਼ਾਈ ਏਨੀ ਵਧੀਆ ਕਿ ਜਿੰਨਾਂ ਵੀ ਝੂਠ ਬੋਲਿਆ ਜਾਵੇ ਥੋੜ੍ਹਾ ਹੈ, ਨੂੰ ਵੇਖ ਕੇ ਅਜੀਬ ਜਿਹਾ ਮਹਿਸੂਸ ਹੁੰਦਾ ਹੈ। ਸੜਕਾਂ ਕੰਢੇ ਕੋਈ ਮਿੱਟੀ ਘੱਟਾ ਨਹੀਂ। ਸਭ ਪਾਸੇ ਹਰਿਆਵਲ ਹੀ ਹਰਿਆਵਲ। ਹਰ ਥਾਂ ਜਾਂ ਤਾਂ ਪੱਕੀ ਹੈ ਜਾਂ ਘਾਹ ਨਾਲ ਢੱਕੀ ਹੋਈ। ਬਿਜਲੀ ਪਾਣੀ ਚੌਵੀ ਘੰਟੇ। ਜੇ ਕਦੇ ਕੋਈ ਗਰਿਡ ਫ਼ੇਲ ਹੋਣ ਨਾਲ ਬਿਜਲੀ ਚਲੇ ਜਾਵੇ ਤਾਂ ਸਾਰੇ ਅਮਰੀਕਾ ਅੰਦਰ ਹਾਲ ਦੁਹਾਈ ਮੱਚ ਜਾਂਦੀ ਹੈ ਕਿਉਂਕਿ ਸਾਰਾ ਕੰਮ ਹੀ ਬਿਜਲੀ ਨਾਲ ਹੁੰਦਾ ਹੈ। ਹਰੇਕ ਮਕਾਨ, ਦੁਕਾਨ, ਸਕੂਲ, ਕਾਲਜ, ਸਟੋਰ ਸਭ ਏਅਰ ਕੰਡੀਸ਼ਨ ਹਨ। ਅਤਿ ਦੀ ਗਰਮੀ ਸਰਦੀ ਹੋਣ ਦੇ ਬਾਵਜੂਦ ਵੀ ਤੁਸੀਂ ਸਰਦੀ ਗਰਮੀ ਤੋਂ ਬਚੇ ਰਹਿੰਦੇ ਹੋ ਕਿਉਂਕਿ ਕਾਰਾਂ ਵੀ ਏਅਰ ਕੰਡੀਸ਼ਨ ਹਨ ਤੇ ਬਾਕੀ ਥਾਵਾਂ ਵੀ। ਏਸੇ ਲਈ ਇੱਥੇ ਪਸੀਨਾ ਨਹੀਂ ਆਉਂਦਾ। ਤੁਹਾਡੇ ਕਪੜੇ ਕਈ ਕਈ ਵਾਰ ਪਾਉਣ 'ਤੇ ਵੀ ਗੰਦੇ ਨਹੀਂ ਹੁੰਦੇ।

ਸਾਰੇ ਘਰ ਲੱਕੜ ਦੇ ਬਣੇ ਹੋਏ ਹਨ। ਹਰੇਕ ਕਮਰੇ ਵਿੱਚ ਕਾਰਪੈਟ ਵਿੱਛਿਆ ਹੁੰਦਾ ਹੈ। ਇਸ ਲਈ ਘਰ ਵੜਦਿਆਂ ਪਹਿਲਾਂ ਜੁਤੀ ਉਤਾਰਨੀ ਪੈਂਦੀ ਹੈ। ਹਨੇਰੀਆਂ ਆਉਂਦੀਆਂ ਹਨ ਪਰ ਉਹ ਸਾਡੇ ਘਰਾਂ ਵਾਂਗ ਮਿੱਟੀ ਘੱਟੇ ਨਾਲ ਘਰ ਨਹੀਂ ਭਰਦੀਆਂ ਕਿਉਂਕਿ ਮਿੱਟੀ ਘੱਟਾ ਇੱਥੇ ਹੈ ਹੀ ਨਹੀਂ। ਹਰੇਕ ਕਮਰੇ ਵਿੱਚ ਕੂੜਾਦਾਨ ਹੈ। ਇਨ੍ਹਾਂ ਦੀ ਵਰਤੋਂ ਸਾਰੇ ਕਰਦੇ ਹਨ। ਕਿਸੇ ਵੀ ਜਗਾਹ ਕੋਈ ਕਾਗਜ਼ ਦਾ ਟੁਕੜਾ ਡਿਗਿਆ ਹੋਇਆ ਨਹੀਂ ਮਿਲੇਗਾ। ਇਹੋ ਹਾਲ ਸਟੋਰਾਂ ਦਾ, ਦਫਤਰਾਂ, ਸਕੂਲਾਂ ਦਾ ਹੈ। ਸਭ ਥਾਈਂ ਕੂੜਾਦਾਨ ਹਨ ਜਿਨ੍ਹਾਂ ਵਿੱਚ ਕੂੜਾ ਪਾਇਆ ਜਾਂਦਾ ਹੈ। ਕੂੜੇਦਾਨਾਂ ਵਿਚ ਕੂੜਾ ਪਾਉਣ ਦੀ ਆਦਤ ਬੱਚਿਆਂ ਨੂੰ ਨਿੱਕੇ ਹੁੰਦਿਆਂ ਹੀ ਸਿਖਾ ਦਿਤੀ ਜਾਂਦੀ ਹੈ। ਕੱਚ, ਟੀਨ ਆਦਿ ਮੁੜ ਵਰਤੋਂ ਵਿੱਚ ਆਉਣ ਲਈ ਵਸਤੂਆਂ ਲਈ ਵੱਖਰੇ ਕੂੜਾਦਾਨ ਹੁੰਦੇ ਹਨ।

ਸਾਡੇ ਵਾਂਗ ਬਿਜਲੀ, ਪਾਣੀ, ਟੈਲੀਫ਼ੋਨ ਆਦਿ ਦੇ ਬਿਲ ਤਾਰਨ ਲਈ ਦਫਤਰਾਂ ਵਿੱਚ ਲਾਈਨਾਂ ਵਿੱਚ ਨਹੀਂ ਖਲੋਣਾ ਪੈਂਦਾ। ਘਰ ਬੈਠੇ ਹੀ ਇੰਟਰਨੈਟ ਜਾਂ ਡਾਕ ਰਾਹੀਂ ਬਿਲ ਤਾਰੇ ਜਾਂਦੇ ਹਨ। ਇੰਟਰਨੈਟ ਉਪਰ ਸਾਰਾ ਲੈਣ ਦੇਣ ਹੁੰਦਾ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਅਮਰੀਕੀ ਜੇਬ ਵਿੱਚ ਪੈਸਾ ਬਹੁਤ ਘੱਟ ਰਖਦੇ ਹਨ। ਸਾਰਾ ਲੈਣ ਦੇਣ

ਕਰੈਡਿਟ ਕਾਰਡਾਂ ਰਾਹੀਂ ਹੁੰਦਾ ਹੈ। ਵੱਡੇ ਵੱਡੇ ਸਟੋਰ ਹਨ, ਜਿੱਥੇ ਘਰ ਦੀ ਤਕਰੀਬਨ ਹਰੇਕ ਚੀਜ਼ ਮਿਲ ਜਾਂਦੀ ਹੈ। ਕੋਈ ਵੀ ਖਰੀਦੀ ਚੀਜ਼ ਵਾਪਸ ਹੋ ਜਾਂਦੀ ਹੈ। ਜੇ ਕੋਈ ਨੁਕਸ ਹੈ ਤਾਂ ਤੁਸੀਂ ਫੌਰਨ ਪਹਿਲੀ ਚੀਜ਼ ਵਾਪਸ ਕਰ ਕੇ ਨਵੀਂ ਲੈ ਸਕਦੇ ਹੋ ਭਾਵੇਂ ਉਹ ਚੀਜ਼ ਵਰਤੀ ਵੀ ਕਿਉਂ ਨਾ ਹੋਵੇ। ਇਥੋਂ ਤੀਕ ਕਿ ਕਈ ਵਸਤੂਆਂ ਦੇ ਵਾਪਸ ਪੈਸੇ ਵੀ ਮਿਲ ਜਾਂਦੇ ਹਨ। ਭਾਰਤ ਵਾਂਗ ਇੱਥੇ ਖਪਤਕਾਰ ਅਦਾਲਤਾਂ ਵਿੱਚ ਜਾਣ ਦੀ ਲੋੜ ਹੀ ਨਹੀਂ ਪੈਂਦੀ। ਸਾਰੇ ਕੰਮ ਪ੍ਰਾਈਵੇਟ ਕੰਪਨੀਆਂ ਪਾਸ ਹਨ।

ਇੱਥੇ ਸਾਰਾ ਕੰਮ ਕਰਜ਼ੇ ਨਾਲ ਚਲ ਰਿਹਾ ਹੈ। ਇੱਥੇ ਹਰੇਕ ਵਿਅਕਤੀ ਕੋਲ ਸੋਸ਼ਲ ਸਿਕਿਓਰਟੀ ਨੰਬਰ ਹੁੰਦਾ ਹੈ। ਕਰਜ਼ਾ ਦੇਣ ਵਾਲਾ ਉਸ ਵਿਅਕਤੀ ਦੀ ਹਿਸਟਰੀ ਵੇਖ ਲੈਂਦਾ ਹੈ। ਜੇ ਤੁਸੀਂ ਪੈਸੇ ਵਾਪਸ ਕਰੀ ਜਾਵੋਗੇ ਤਾਂ ਤੁਹਾਨੂੰ ਹੋਰ ਜ਼ਿਆਦਾ ਕਰਜ਼ਾ ਮਿਲਦਾ ਜਾਵੇਗਾ। ਏਸੇ ਲਈ ਲੋਕੀਂ ਮਕਾਨ, ਕਾਰਾਂ ਤੇ ਹੋਰ ਵਸਤੂਆਂ ਕਰਜ਼ੇ 'ਤੇ ਲੈਂਦੇ ਹਨ ਤੇ ਕਿਸ਼ਤਾਂ ਨਾਲ ਪੈਸੇ ਤਾਰਦੇ ਰਹਿੰਦੇ ਹਨ। ਤੁਸੀਂ ਪੈਸੇ ਮਾਰ ਕੇ ਜਾ ਨਹੀਂ ਸਕਦੇ ਕਿਉਂਕਿ ਕਰਜ਼ੇ ਤੋਂ ਬਗੈਰ ਤੁਹਾਡਾ ਗੁਜ਼ਾਰਾ ਨਹੀਂ। ਇਕ ਪੰਜਾਬੀ ਦਾ ਕਹਿਣਾ ਸੀ ਕਿ ਅਮਰੀਕਾ ਵਿੱਚ ਕਰੈਡਿਟ ਕਾਰਡਾਂ ਦੀ ਪੰਜਾਲੀ ਤੁਹਾਡੇ ਗਲ ਪੈ ਜਾਂਦੀ ਹੈ ਜੋ ਤੁਹਾਨੂੰ ਵਾਪਸ ਜਾਣ ਨਹੀਂ ਦਿੰਦੀ।

ਸਭ ਤੋਂ ਵਧੀਆ ਇਥੋਂ ਦੀ ਟਰੈਫਿਕ ਪ੍ਰਣਾਲੀ ਹੈ। ਤੁਸੀਂ ਹਾਈ-ਵੇਅ ਤੇ ਸਾਰਾ ਅਮਰੀਕਾ ਘੁੰਮ ਲਉ, ਤੁਹਾਨੂੰ ਲਾਲ ਬੱਤੀ ਨਹੀਂ ਮਿਲੇਗੀ ਅਤੇ ਨਾ ਹੀ ਪੁਲੀਸ ਦਾ ਨਾਕਾ। ਹਾਈ-ਵੇਅ ਵਿੱਚਕਾਰ ਡੀਵਾਈਡਰ ਹੈ ਤੇ ਸੜਕ ਦੇ ਦੂਜੇ ਪਾਸੇ ਜਾਣ ਲਈ ਫਲਾਈ ਓਵਰ ਹਨ। ਸਭ ਤੋਂ ਵੱਧੀਆ ਗੱਲ ਇਹ ਹੈ ਕਿ ਸੜਕਾਂ ਬਹੁਤ ਹੀ ਵਿਗਿਆਨਕ ਢੰਗ ਨਾਲ ਮਾਰਕ ਕੀਤੀਆਂ ਹਨ। ਦੂਰੋਂ ਹੀ ਖ਼ੱਬੇ, ਸੱਜੇ ਮੁੜਨ ਲਈ ਲੇਨਾਂ ਮਾਰਕ ਕੀਤੀਆਂ ਹਨ। ਸੜਕਾਂ ਤੇ ਨੰਬਰ ਲਾਏ ਹੋਏ ਹਨ ਤੇ ਐਗਜ਼ਿਟ (ਮੋੜਾਂ) ਦੇ ਵੀ ਨੰਬਰ ਹਨ। ਸੜਕਾਂ ਉਪਰ ਪਾਰਕਿੰਗ ਨਹੀਂ ਹੁੰਦੀ। ਹਰੇਕ ਸੜਕ ਦੇ ਪਾਸੇ ਪੀਲੀ ਲਾਈਨ ਲਾ ਕੇ ਪਾਰਕਿੰਗ ਬਣਾਈ ਹੋਈ ਹੈ ਤਾਂ ਜੋ ਖੜੀ ਗੱਡੀ ਵਿੱਚ ਕੋਈ ਗੱਡੀ ਨਾ ਵਜੇ ਜਿਵੇਂ ਕਿ ਭਾਰਤ ਵਿੱਚ ਹੋ ਰਿਹਾ ਹੈ। ਹਰੇਕ ਵਿਅਕਤੀ ਕੋਲ ਕਾਰ ਹੈ। ਕਾਰ ਬਿਨਾਂ ਅਮਰੀਕੀ ਅੰਗਹੀਣ ਹੈ। ਬੱਸਾਂ ਤੇ ਗਡੀਆਂ ਵਿੱਚ ਬਹੁਤ ਘੱਟ ਲੋਕ ਸਫ਼ਰ ਕਰਦੇ ਹਨ। ਲੰਮੇ ਸਫ਼ਰ ਲਈ ਵੀ ਕਾਰਾਂ ਹੀ ਵਰਤੀਆਂ ਜਾਂਦੀਆਂ ਹਨ। ਕਿਰਾਏ 'ਤੇ ਗੱਡੀਆਂ ਦੀ ਬਹੁਤ ਵਧੀਆ ਸਹੂਲਤ ਹੈ। ਤੁਸੀਂ ਨਵੀਂ ਗੱਡੀ ਥੋੜੇ ਜਿਹੇ ਕਿਰਾਏ 'ਤੇ ਦੂਰ ਦੇ ਸਫ਼ਰ ਲਈ ਖੜ੍ਹ ਸਕਦੇ ਹੋ। ਹਵਾਈ ਅੱਡੇ ਤੋਂ ਘਰ ਜਾਣ ਲਈ ਜਾਂ ਘਰੋਂ ਕਿਤੇ ਵੀ ਜਾਣ ਲਈ ਕਾਰ ਕਿਰਾਏ ਤੇ ਲਉ ਤੇ ਜਿੱਥੇ ਪਹੁੰਚਣਾ ਹੈ, ਉੱਥੇ ਜਮ੍ਹਾਂ ਕਰਵਾ ਦਿਉ। ਤੁਹਾਨੂੰ ਵਾਪਸ ਉਸੇ ਥਾਂ ਤੇ ਕਾਰ ਜਮ੍ਹਾਂ ਕਰਾਉਣ ਦੀ ਜ਼ਰੂਰਤ ਨਹੀਂ। ਸੜਕਾਂ ਕੰਢੇ ਆਰਾਮ ਕਰਨ ਲਈ, ਖਾਣ ਪੀਣ ਲਈ, ਪੈਟਰੋਲ ਪਾਉਣ ਲਈ ਸੜਕਾਂ ਤੋਂ ਹਟਵੀਆਂ ਜਗਾਹ ਬਣੀਆ ਹੋਈਆਂ ਹਨ। ਹਾਰਨ ਮਾਰਨਾ ਗ਼ਾਲ ਕੱਢਣਾ ਸਮਝਿਆ ਜਾਂਦਾ ਹੈ।

ਟਰੈਫਿਕ ਨਿਯਮ ਬੜੇ ਸਖ਼ਤੀ ਨਾਲ ਲਾਗੂ ਹਨ। ਚਲਾਨ ਹੋ ਜਾਵੇ ਤਾਂ ਇਸ ਨੂੰ ਬਹੁਤ ਮਾੜਾ ਗਿਣਿਆ ਜਾਂਦਾ ਹੈ। ਸ਼ਰਾਬ ਪੀ ਕੇ ਗੱਡੀ ਚਲਾਉਣਾ ਤਾਂ ਬਹੁਤ ਹੀ ਵੱਡਾ ਅਪਰਾਧ ਮੰਨਿਆ ਜਾਂਦਾ ਹੈ। ਇਹੋ ਕਾਰਨ ਹੈ ਕਿ ਸ਼ਰਾਬੀਆਂ ਨੂੰ ਜਾਂ ਤਾਂ ਘਰ ਵਾਲੀਆਂ

ਖੜਦੀਆਂ ਹਨ ਜਾਂ ਕੋਈ ਹੋਰ। ਜੇ ਲਾਈਸੈਂਸ ਕੈਂਸਲ ਹੋ ਜਾਵੇ ਤਾਂ ਤੁਸੀ ਸਮਝੋ ਅੰਗਹੀਣ ਹੋ। ਕਿਤੇ ਜਾ ਆ ਨਹੀਂ ਸਕਦੇ। ਸੜਕਾਂ ਉਪਰ ਸਿਰਫ਼ ਕਾਰਾਂ, ਟਰੱਕ, ਮੋਟਰਸਾਈਕਲ ਹੀ ਹਨ। ਟਰੈਕਟਰਾਂ ਨੂੰ ਟਰੱਕਾਂ ਵਿੱਚ ਲੱਦ ਕੇ ਖੜ੍ਹਿਆ ਜਾਂਦਾ ਹੈ। ਸਾਰੇ ਅਮਰੀਕਾ ਦਾ ਨਕਸ਼ਾ ਇੰਟਰਨੈਟ ਉਪਰ ਹੈ। ਤੁਸੀਂ ਜਿੱਥੇ ਵੀ ਜਾਣਾ ਹੈ, ਜੀ.ਪੀ.ਐੱਸ. ਦੀ ਸਹਾਇਤਾ ਨਾਲ ਆਸਾਨੀ ਨਾਲ ਜਾ ਸਕਦੇ ਹੋ। ਹੁਣ ਤਾਂ ਮੋਬਾਇਲ ਉਪਰ ਹੀ ਹੁਣ ਹੀ ਇਹ ਪ੍ਰਣਾਲੀ ਆ ਗਈ ਹੈ। ਸਿੱਧੇ ਜਾਣਾ ਹੈ, ਖਬੇ, ਸਜੇ ਮੁੜਨਾ ਹੈ ਤੁਹਾਨੂੰ ਨਾਲ ਹੀ ਦਸਿਆ ਜਾਂਦਾ ਹੈ। ਏਸੇ ਤਰ੍ਹਾਂ ਖ਼ਰਾਬ ਮੌਸਮ ਦੀ ਜਾਣਕਾਰੀ ਰੇਡੀਓ ਅਤੇ ਕਈ ਵਾਰ ਰਸਤੇ ਵਿੱਚ ਪੀਲੀਆਂ ਲਾਈਟਾਂ ਲਾ ਕੇ ਦੱਸੀ ਜਾਂਦੀ ਹੈ। ਵੈਸੇ ਵੀ ਤੁਸੀਂ ਰਸਤੇ ਦਾ ਮੌਸਮ ਇੰਟਰਨੈਟ ਉਪਰ ਵੇਖ ਸਕਦੇ ਹੋ। ਸਪੀਡ ਨੂੰ ਚੈਕ ਕਰਨ ਲਈ ਅਕਸਰ ਸੜਕਾਂ ਕੰਢੇ ਲੁਕਵੀਆਂ ਥਾਵਾਂ ਉਪਰ ਟਰੈਫਿਕ ਪੁਲੀਸ ਵਾਲੇ ਕਾਰਾਂ ਵਿਚ ਖੜ੍ਹੇ ਹੁੰਦੇ ਹਨ ਤੇ ਜਿਹੜਾ ਉਨ੍ਹਾਂ ਦੇ ਕਾਬੂ ਆਉਂਦਾ ਹੈ, ਉਸ ਦਾ ਉਹ ਲਿਹਾਜ਼ ਨਹੀਂ ਕਰਦੇ। ਡਰਾਈਵਿੰਗ ਲਾਈਸੈਂਸ ਬਨਾਉਣ ਲਈ ਪਹਿਲਾਂ ਲਿਖ਼ਤੀ ਪ੍ਰੀਖਿਆ ਹੁੰਦੀ ਹੈ ਤੇ ਇਸ ਦੇ ਪਾਸ ਕਰਨ ਪਿੱਛੋਂ ਹੀ ਡਰਾਈਵਿੰਗ ਟੈਸਟ ਹੁੰਦਾ ਹੈ ਜੋ ਕਿ ਬਹੁਤ ਹੀ ਸਖ਼ਤ ਹੁੰਦਾ ਹੈ। ਅਗ਼ਲੀ ਸੀਟ ਉਪਰ ਬੱਚੇ ਬਿਠਾਉਣ ਦੀ ਮਨਾਹੀ ਹੈ। ਪਿਛਲੀ ਸੀਟ 'ਤੇ ਵੀ ਬੈਲਟ ਲਾਉਣੀ ਪੈਂਦੀ ਹੈ।

ਪੁਲੀਸ ਪ੍ਰਬੰਧ ਬਹੁਤ ਹੀ ਚੰਗਾ ਹੈ। ਏਨਾ ਚੰਗਾ ਕਿ ਜਿੰਨਾ ਸਾਡਾ ਬੁਰਾ। ਤੁਹਾਨੂੰ ਕੋਈ ਔਕੜ ਹੈ ਤਾਂ ਤੁਸੀ ਪੁਲੀਸ ਨੂੰ 911 ਨੰਬਰ 'ਤੇ ਫੋਨ ਕਰੋ, ਉਹ ਤੁਹਾਡੀ ਸੇਵਾ ਲਈ ਉਸੇ ਸਮੇਂ ਪਹੁੰਚ ਜਾਣਗੇ ਤੇ ਤੁਹਾਡੀ ਹਰ ਤਰ੍ਹਾਂ ਦੀ ਸਹਾਇਤਾ ਕਰਨਗੇ। ਜੇ ਟਰੈਫਿਕ ਕਰਮਚਾਰੀ ਤੁਹਾਡਾ ਚਲਾਣ ਕਰੇਗਾ ਤਾਂ ਵੀ ਉਹ ਤੁਹਾਨੂੰ 'ਸਰ' ਕਹਿ ਕੇ ਬੁਲਾਏਗਾ। ਇਕ ਪੰਜਾਬੀ ਬਜ਼ੁਰਗ ਦਾ ਚਲਾਨ ਹੋ ਗਿਆ। ਉਹ ਏਨੇ ਨਾਲ ਬੜਾ ਖ਼ੁਸ਼ ਸੀ ਕਿ ਪੁਲਿਸ ਕਰਮਚਾਰੀ ਉਸ ਨੂੰ 'ਸਰ' ਕਹਿ ਬੁਲਾਉਂਦਾ ਸੀ। ਇੱਥੇ ਬੇ-ਵਜ੍ਹਾ ਪੁਲੀਸ ਤੰਗ ਨਹੀਂ ਕਰਦੀ। ਸੜਕਾਂ ਉਪਰ ਟਰੱਕਾਂ ਦੇ ਭਾਰ ਨੂੰ ਚੈੱਕ ਕਰਨ ਲਈ ਖਾਸ ਥਾਵਾਂ ਹਨ ਤੇ ਜੇ ਸਿਗਨਲ ਹੋਵੇ ਤਾਂ ਹੀ ਟਰੱਕਾਂ ਵਾਲੇ ਉਧਰ ਨੂੰ ਜਾਂਦੇ ਹਨ। ਰਿਸ਼ਵਤ ਖੋਰੀ ਬਿਲਕੁਲ ਨਹੀਂ। ਸਟਾਪ ਦਾ ਅਰਥ ਸਟਾਪ ਹੈ। ਜੇ ਵਨ-ਵੇਅ ਹੈ ਤਾਂ ਇਸ ਦਾ ਮਤਲਬ ਵੀ ਵਨ-ਵੇਅ ਹੈ। ਤੁਸੀਂ ਕਿਸੇ ਨਿਯਮ ਦੀ ਉਲੰਘਣਾ ਕੀਤੀ ਨਹੀਂ ਤੇ ਤੁਹਾਡਾ ਚਲਾਣ ਹੋਇਆ ਨਹੀਂ। ਇੱਥੇ ਮੁੰਡੇ ਕੁੜੀਆਂ ਇਕਠੇ ਤੁਰੇ ਫਿਰਦੇ ਹਨ, ਪੁਲੀਸ ਉਨ੍ਹਾਂ ਦੀ ਕੋਈ ਪੁੱਛ ਗਿਛ ਨਹੀਂ ਕਰਦੀ। ਹਾਂ ਜੇ ਕੋਈ ਕਿਸੇ ਨੂੰ ਨਜ਼ਾਇਜ਼ ਤੰਗ ਕਰਦਾ ਹੈ ਤੇ ਜੇ ਉਸ ਨੇ ਸ਼ਿਕਾਇਤ ਕਰ ਦਿਤੀ ਤਾਂ ਉਸ ਦੀ ਖ਼ੈਰ ਨਹੀਂ। ਇੱਥੇ 17 ਸਾਲ ਤੋਂ ਘੱਟ ਉਮਰ ਦਾ ਵਿਅਕਤੀ ਸ਼ਰਾਬ ਨਹੀਂ ਪੀ ਸਕਦਾ ਤੇ 21 ਸਾਲ ਤੋਂ ਘੱਟ ਵਿਅਕਤੀ ਸ਼ਰਾਬ ਖਰੀਦ ਨਹੀਂ ਸਕਦਾ।

ਪੁਲੀਸ ਵਾਲੇ ਸੜਕਾਂ ਉਪਰ ਕਾਰਾਂ ਵਿੱਚ ਘੁੰਮਦੇ ਰਹਿੰਦੇ ਹਨ ਤੇ ਤੁਹਾਡੀ ਸਹਾਇਤਾ ਲਈ ਤਿਆਰ ਰਹਿੰਦੇ ਹਨ। ਜੇ ਤੁਹਾਡੀ ਗੱਡੀ ਖਰਾਬ ਹੋ ਗਈ ਹੈ ਤਾਂ ਪੁਲੀਸ ਵਾਲੇ ਪੁੱਛਣਗੇ, "ਕੀ ਮੈਂ ਤੁਹਾਡੀ ਮਦਦ ਕਰ ਸਕਦਾ ਹਾਂ ?" ਇੱਥੇ ਹਰ ਅਮਰੀਕੀ ਦਾ ਗੱਲ ਕਰਨ ਦਾ ਲਹਿਜ਼ਾ ਬਹੁਤ ਵਧੀਆ ਹੈ। ਤੁਸੀ ਪੈਦਲ ਜਾ ਰਹੇ ਹੋ, ਤੁਹਾਨੂੰ ਮੁਸਕਰਾ ਕੇ 'ਹਾਇ' ਕਹਿਣਗੇ। ਇਹੋ ਜਿਹਾ ਵਤੀਰਾ ਪੁਲੀਸ ਕਰਮਚਾਰੀਆਂ ਦਾ ਵੀ ਹੈ।

ਇੱਥੇ ਹਰੇਕ ਵਿਅਕਤੀ ਨੂੰ ਕੋਈ ਨਾ ਕੋਈ ਕੰਮ ਮਿਲ ਜਾਂਦਾ ਹੈ। ਦੁੱਧ, ਮੀਟ, ਫ਼ਲ ਬਹੁਤ ਸਸਤੇ ਅਤੇ ਮਿਆਰੀ ਹਨ। ਸਾਰੇ ਫ਼ਲ ਸਾਰਾ ਸਾਲ ਮਿਲਦੇ ਹਨ। ਇੱਥੇ ਇਲਾਜ ਬਹੁਤ ਮਹਿੰਗਾ ਹੈ ਤੇ ਬੀਮੇ ਦੇ ਸਿਰ 'ਤੇ ਲੋਕ ਆਪਣਾ ਇਲਾਜ ਕਰਵਾਉਂਦੇ ਹਨ। 65 ਸਾਲ ਦੀ ਉਮਰ ਤੋਂ ਬਾਅਦ ਇਲਾਜ ਮੁਫ਼ਤ ਹੈ। ਅੰਗਹੀਣਾਂ ਦੇ ਇਲਾਜ ਦਾ ਖ਼ਰਚਾ ਸਰਕਾਰ ਝਲਦੀ ਹੈ। ਪਰ ਇੱਥੇ ਸਭ ਤੋਂ ਵਧੀਆ ਗੱਲ ਇਹ ਹੈ ਕਿ ਐਮਰਜੈਂਸੀ ਵੇਲੇ ਹਰੇਕ ਵਿਅਕਤੀ ਦਾ ਇਲਾਜ ਕਰਨਾ ਹਸਪਤਾਲਾਂ ਦੀ ਕਾਨੂੰਨੀ ਜ਼ੁਮੇਵਾਰੀ ਹੈ। ਖ਼ਰਚਾ ਕੌਣ ਦੇਵੇਗਾ, ਇਸ ਦਾ ਫੈਸਲਾ ਬਾਅਦ ਵਿੱਚ ਹੁੰਦਾ ਹੈ। ਮਨੁੱਖੀ ਜਾਨ ਬਹੁਤ ਕੀਮਤੀ ਹੈ ਇਸ ਲਈ ਉਸ ਨੂੰ ਬਚਾਉਣਾ ਡਾਕਟਰਾਂ ਦਾ ਪਹਿਲਾਂ ਫਰਜ਼ ਹੈ। ਤੁਸੀਂ ਹਸਪਤਾਲ ਨੂੰ ਫੋਨ ਕਰੋ ,ਫੌਰਨ ਐਮਬੂਲੈਂਸ ਆ ਜਾਵੇਗੀ। ਮਰੀਜ਼ ਦਾ ਫੌਰਨ ਇਲਾਜ ਸ਼ੁਰੂ ਹੋ ਜਾਵੇਗਾ। ਮਰੀਜ਼ ਦੀ ਸਾਂਭ ਸੰਭਾਲ ਦੀ ਜ਼ਿੰਮੇਦਾਰੀ ਹਸਪਤਾਲ ਦੀ ਹੈ। ਇੱਥੇ ਜਦ ਫਾਇਰ ਬਰਗੇਡ ਸੜਕ ਤੋਂ ਲੰਘਦੀ ਹੈ ਤਾਂ ਲੋਕ ਕਾਰਾਂ ਨੂੰ ਇਕ ਪਾਸੇ ਖੜਾ ਕਰ ਲੈਂਦੇ ਹਨ। ਜੇ ਕਦੇ ਸੜਕ ਉਪਰ ਕਿਸੇ ਗੱਡੀ ਨੂੰ ਅੱਗ ਲੱਗ ਜਾਵੇ ਤਾਂ ਓਨੀ ਦੇਰ ਤਕ ਟਰੈਫਿਕ ਰੁਕੀ ਰਹਿੰਦੀ ਹੈ, ਜਿੰਨੀ ਦੇਰ ਤੀਕ ਫਾਇਰਬਰਗੇਡ ਵਾਲੇ ਉਸ ਦੀ ਅੱਗ ਨਾ ਬੁਝਾ ਦੇਣ।

ਇੱਥੇ ਬੱਚਿਆਂ ਨੂੰ ਪੂਰਨ ਆਜ਼ਾਦੀ ਹੈ। ਬੱਚੇ ਨੂੰ ਮਾਰਕੁਟਾਈ ਕਰਨ 'ਤੇ ਕਾਨੂੰਨੀ ਤੌਰ 'ਤੇ ਮਨਾਹੀ ਹੈ। ਮੁੰਡੇ-ਕੁੜੀ ਦਾ ਹੱਥ ਵਿੱਚ ਹੱਥ ਪਾ ਕੇ ਚਲਣਾ ਸਭਿਆ ਹੈ ਪਰ ਮੁੰਡੇ ਦਾ ਮੁੰਡੇ ਨਾਲ ਅਤੇ ਕੁੜੀ ਦਾ ਕੁੜੀ ਨਾਲ ਹੱਥ ਪਾਕੇ ਚਲਣਾ ਅਸਭਿਆ ਹੈ। ਮੁੰਡਾ ਕੁੜੀ ਕੀ ਕਰ ਰਹੇ ਹਨ, ਵੱਲ ਕੋਈ ਧਿਆਨ ਨਹੀਂ ਦੇਂਦਾ। ਹਰ ਕੋਈ ਆਪਣੇ ਕੰਮ ਵਿਚ ਮਸਤ ਹੈ। ਇਹੋ ਕਾਰਨ ਹੈ ਕਿ ਕਾਲਜਾਂ, ਪਾਰਕਾਂ, ਸਵਿਮਿੰਗ ਪੂਲਜ਼, ਬੀਚ 'ਚ ਮੁੰਡੇ ਕੁੜੀਆਂ ਨੂੰ ਮੌਜ ਮਸਤੀ ਕਰਦੇ ਵੇਖ ਸਕਦੇ ਹੋ। 17 ਸਾਲ ਦੇ ਬੱਚੇ ਨੂੰ ਅਮਰੀਕੀ ਕਮਾਈ ਕਰਕੇ ਖਾਣ ਲਈ ਕਹਿੰਦੇ ਹਨ ਤੇ ਇਸ ਉਮਰ ਵਿਚ ਉਹ ਮਾਪਿਆਂ ਨਾਲੋਂ ਵੱਖਰੇ ਰਹਿਣ ਲਗਦੇ ਹਨ। ਮੁੰਡੇ ਕੁੜੀਆਂ ਇਕੱਠੇ ਰਹਿੰਦੇ ਹਨ ਤੇ ਕਈ ਵਾਰ ਲੜਕੀਆਂ ਅਣ-ਵਿਆਹੀਆਂ ਮਾਵਾਂ ਬਣ ਜਾਂਦੀਆਂ ਹਨ। ਅਮਰੀਕੀ ਬੱਚੇ ਅਤੇ ਮਾਂ ਪਿਉ ਵਖੋ ਵਖਰੇ ਰਹਿੰਦੇ ਹਨ। ਦਾਜ ਦੇਣ ਲੈਣ ਦਾ ਇੱਥੇ ਕੋਈ ਰਿਵਾਜ ਨਹੀਂ। ਪ੍ਰੇਮ ਵਿਆਹ ਆਮ ਹਨ। ਮਾਂ ਬਾਪ ਦਾ ਕੋਈ ਦਖ਼ਲ ਨਹੀਂ। ਇਹੋ ਕਾਰਨ ਹੈ ਕਿ ਸਿਖਾਂ ਦੀਆਂ ਕੁੜੀਆਂ ਅਮਰੀਕੀ ਗੋਰਿਆਂ, ਅਮਰੀਕੀ ਕਾਲਿਆਂ, ਹਿੰਦੂਆਂ ਤੇ ਮੁਸਲਮਾਨ ਮੁੰਡਿਆਂ ਨਾਲ ਵਿਆਹ ਕਰਵਾ ਰਹੀਆਂ ਹਨ। ਇਹੋ ਹਾਲ ਮੁੰਡਿਆਂ ਦਾ ਹੈ। ਗੋਰੀਆਂ ਕੁੜੀਆਂ ਕਾਲੇ ਅਮਰੀਕੀਆਂ ਨਾਲ ਤੇ ਕਾਲੀਆਂ ਕੁੜੀਆਂ ਗੋਰੇ ਮੁੰਡਿਆਂ ਨਾਲ ਆਮ ਵੇਖੀਆਂ ਜਾ ਸਕਦੀਆਂ ਹਨ। ਤਲਾਕ ਲੈਣੇ ਆਮ ਹਨ ਪਰ ਹੈਰਾਨੀ ਵਾਲੀ ਗਲ ਹੈ ਕਿ ਤਲਾਕ ਲੈਣ ਪਿੱਛੋਂ ਵੀ ਉਹ ਮਿਲਵਰਤਨ ਜਾਰੀ ਰਖਦੇ ਹਨ ਤੇ ਖ਼ੁਸ਼ੀ ਗ਼ਮੀ ਵਿਚ ਸ਼ਾਮਲ ਹੁੰਦੇ ਹਨ ਕਿਉਂਕਿ ਉਹ ਤਲਾਕ ਨੂੰ ਸਮਾਜਿਕ ਬੁਰਿਆਈ ਨਹੀਂ ਸਮਝਦੇ।

ਹਰੇਕ ਕਲੋਨੀ ਦਾ ਪ੍ਰਬੰਧ ਉਸ ਵਿੱਚ ਰਹਿਣ ਵਾਲਿਆਂ ਨੂੰ ਕਰਨਾ ਪੈਂਦਾ ਹੈ। ਸੜਕਾਂ ਠੀਕ ਕਰਨੀਆਂ, ਸਟਰੀਟ ਲਾਈਟ ਤੇ ਹੋਰ ਸਹੂਲਤਾਂ ਦਾ ਪ੍ਰਬੰਧ ਉਨ੍ਹਾਂ ਨੂੰ ਆਪ ਕਰਨਾ ਪੈਂਦਾ ਹੈ। ਹਰੇਕ ਕਲੋਨੀ ਵਿੱਚ ਬੱਚਿਆਂ ਦੇ ਖੇਡਣ ਲਈ ਗਰਾਊਂਡ, ਨਹਾਉਣ ਲਈ ਸਵਿਮਿੰਗ ਪੂਲ ਹੈ। ਛੋਟੇ ਛੋਟੇ ਬੱਚਿਆਂ ਨੂੰ ਤਲਾਅ ਵਿੱਚ ਨਹਾਉਣ ਦੀ ਆਦਤ

ਪਾਈ ਜਾਂਦੀ ਹੈ। ਮੁੰਡੇ ਕੁੜੀਆਂ ਇਕੋ ਥਾਂ ਤੇ ਨਹਾਉਂਦੇ ਹਨ । ਇਹੋ ਕਾਰਨ ਹੈ ਕਿ ਉਨ੍ਹਾਂ ਦਾ ਝਾਕਾ ਖੁੱਲ ਜਾਂਦਾ ਹੈ। ਗਰਮੀਆਂ ਵਿੱਚ ਨੰਗੇ ਪਿੰਡੇ ਧੁਪ ਸੇਕਣ ਦਾ ਰਿਵਾਜ ਹੈ। ਸ਼ਾਇਦ ਗੋਰੀਆਂ ਕੁੜੀਆਂ ਆਪਣੇ ਹੁਸਨ ਨੂੰ ਹੋਰ ਨਿਖ਼ਾਰਨ ਅਤੇ ਇਸ ਵਿੱਚ ਲਾਲੀ ਭਰਨ ਲਈ ਅਜਿਹਾ ਕਰਦੀਆਂ ਹਨ। ਹਰੇਕ ਕਲੋਨੀ ਦੇ ਨਾਲ ਕੁਝ ਜਗਾਹ ਵਿਚ ਜੰਗਲ ਹੈ। ਇੱਥੇ ਜੰਗਲਾਂ ਲਈ ਜਗਾਹ ਰਾਖਵੀਂ ਰਖੀ ਗਈ ਹੈ ਤਾਂ ਜੋ ਅਮਰੀਕਾ ਨੂੰ ਹਰਿਆ ਭਰਿਆ ਰਖਿਆ ਜਾ ਸਕੇ।

ਵੱਡੇ ਵੱਡੇ ਸ਼ਹਿਰਾਂ ਵਿੱਚ ਬਹੁਤ ਹੀ ਜ਼ਿਆਦਾ ਮੰਜ਼ਲਾਂ ਵਾਲੀਆਂ ਇਮਾਰਤਾਂ ਹਨ। ਹਰੇਕ ਸ਼ਹਿਰ ਵਿੱਚ ਮਨੋਰੰਜਨ ਦੇ ਸਾਧਨ ਹਨ। ਅਜਾਇਬਘਰ, ਚਿੜੀਆਘਰ, ਪਾਣੀ ਵਾਲੇ ਜਾਨਵਰ ਘਰ (ਅਕਵੇਰੀਅਮ), ਪਲਾਨੀਟੋਰੀਅਮ ਆਦਿ ਆਮ ਹਨ। ਦਰਿਆਵਾਂ, ਝੀਲਾਂ, ਸਮੁੰਦਰਾਂ ਕੰਢੇ ਮਨੋਰੰਜਨ ਦੇ ਸਾਧਨ ਬਣਾਏ ਗਏ ਹਨ। ਅਮਰੀਕੀ ਲੋਕ ਕੁਦਰਤ ਦੀ ਇਸ ਨਿਆਮਤ ਦਾ ਖ਼ੂਬ ਆਨੰਦ ਮਾਣਦੇ ਹਨ। ਇਹੋ ਕਾਰਨ ਹੈ ਕਿ ਛੁੱਟੀਆਂ ਵਿੱਚ ਬੀਚ ਲੋਕਾਂ ਨਾਲ ਭਰੇ ਹੁੰਦੇ ਹਨ।

ਪੜ੍ਹਾਈ ਦਾ ਪ੍ਰਬੰਧ ਬਹੁਤ ਹੀ ਵਧੀਆ ਹੈ। ਹਰੇਕ ਇਲਾਕੇ ਦਾ ਆਪਣਾ ਸਕੂਲ ਹੈ, ਜਿਸ ਦਾ ਪ੍ਰਬੰਧ ਉਸ ਇਲਾਕੇ ਦੇ ਲੋਕਾਂ ਵਲੋਂ ਚੁਣੇ ਹੋਏ ਨੁਮਾਇੰਦੇ ਕਰਦੇ ਹਨ। ਉਹੋ ਅਧਿਆਪਕ ਰਖਦੇ ਹਨ। ਅਧਿਆਪਕ ਦੀ ਬਦਲੀ ਨਹੀਂ ਹੋ ਸਕਦੀ। ਸਰਕਾਰ ਦਾ ਕੋਈ ਦਖਲ ਨਹੀਂ। ਸਕੂਲ ਬਾਰਵੀਂ ਤਕ ਹਨ ਤੇ ਇਨ੍ਹਾਂ ਨੂੰ ਹਾਈ ਸਕੂਲ ਕਹਿੰਦੇ ਹਨ। ਇੱਥੇ ਪੜ੍ਹਾਈ ਮੁਫਤ ਹੁੰਦੀ ਹੈ। ਪਰ ਜੇ ਇਕ ਇਲਾਕੇ ਦਾ ਬੱਚਾ ਦੂਜੇ ਇਲਾਕੇ ਦੇ ਸਕੂਲ ਵਿੱਚ ਪੜ੍ਹਨਾ ਚਾਹੇ ਤਾਂ ਫਿਰ ਫੀਸ ਲਗਦੀ ਹੈ ਜੋ ਬਹੁਤ ਜ਼ਿਆਦਾ ਹੈ। ਇਸ ਲਈ ਹਰੇਕ ਆਪਣੇ ਇਲਾਕੇ ਦੇ ਸਕੂਲ ਵਿਚ ਹੀ ਬੱਚੇ ਨੂੰ ਪੜ੍ਹਾਈ ਕਰਾਉਣ ਨੂੰ ਪਹਿਲ ਦਿੰਦਾ ਹੈ। ਯੂਨੀਵਰਸਿਟੀ ਵਿਦਿਆ ਮਹਿੰਗੀ ਹੈ। ਦੂਜੇ ਸੂਬਿਆਂ ਅਤੇ ਵਿਦੇਸ਼ੀਆਂ ਪਾਸੋਂ ਆਊਟ ਆਫ਼ ਸਟੇਟ ਫ਼ੀਸ ਲਈ ਜਾਂਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਲਾਕੇ ਵਾਲੇ ਸਥਾਨਕ ਟੈਕਸ ਦਿੰਦੇ ਹਨ। ਯੂਨੀਵਰਸਿਟੀ ਵਿੱਚ ਪੜ੍ਹਾਈ ਘੰਟਿਆਂ ਦੇ ਹਿਸਾਬ ਨਾਲ ਹੁੰਦੀ ਹੈ। ਜਿਨ੍ਹਾਂ ਜ਼ਿਆਦਾ ਪੜ੍ਹੋ ਉਨੀ ਜ਼ਿਆਦਾ ਫ਼ੀਸ। ਤੁਸੀ ਬਹੁਤੇ ਕੋਰਸ ਲੈ ਕੇ ਪੜ੍ਹਾਈ ਛੇਤੀ ਪੂਰੀ ਕਰ ਸਕਦੇ ਹੋ ਤੇ ਥੋੜੇ ਕੋਰਸ ਲੈ ਕੇ ਜ਼ਿਆਦਾ ਸਮਾਂ ਵੀ ਲਗਾ ਸਕਦੇ ਹੋ। ਇਹੋ ਕਾਰਨ ਹੈ ਕਈ ਬੱਚੇ ਬੀ.ਟੈਕ, ਬੀ.ਐਸ-ਸੀ. ਜਿਸ ਨੂੰ ਇੱਥੇ ਬੀ.ਐਸ. ਕਹਿੰਦੇ ਹਨ, ਚਾਰ ਸਾਲਾਂ ਦੀ ਥਾਂ ਤੇ ਤਿੰਨ ਸਾਲ ਵਿੱਚ ਕਰ ਜਾਂਦੇ ਹਨ ਤੇ ਕਈ ਸਤ ਸਾਲ ਲਾਉਂਦੇ ਹਨ। ਕਹਿਣ ਦਾ ਭਾਵ ਇੱਥੇ ਲਚਕਤਾ ਹੈ। ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਲੋੜਾਂ ਮੁਤਾਬਕ ਸਹੂਲਤਾਂ ਹਨ। ਵਿਦਿਆਰਥੀ ਪੜ੍ਹਾਈ ਦੇ ਨਾਲ ਕੰਮ ਕਰਦੇ ਹਨ। ਜਿਹੜਾ ਪ੍ਰੋਫ਼ੈਸਰ ਪੜ੍ਹਾਉਂਦਾ ਹੈ ਉਹੋ ਹੀ ਪ੍ਰੀਖਿਆ ਲੈਂਦਾ ਹੈ। ਬਾਹਰਲਾ ਕੋਈ ਪ੍ਰੀਖਿਅਕ ਨਹੀਂ। ਅਧਿਆਪਕਾਂ ਦੀ ਕਾਰਗੁਜ਼ਾਰੀ ਬਾਰੇ ਵਿਦਿਆਰਥੀਆਂ ਤੋਂ ਲਿਖਤੀ ਪੁੱਛਿਆ ਜਾਂਦਾ ਹੈ। ਯੂਨੀਵਰਸਿਟੀਆਂ ਵੱਡੀ ਪੱਧਰ ਤੇ ਆਪਣੇ ਫੰਡਾਂ ਦਾ ਪ੍ਰਬੰਧ ਆਪ ਕਰਦੀਆਂ ਹਨ। ਉਹ ਖੋਜਾਂ ਦੇ ਪ੍ਰੋਜੈਕਟ ਲਿਆਉਂਦੀਆਂ ਹਨ ਤੇ ਉੱਥੋਂ ਉਨ੍ਹਾਂ ਨੂੰ ਕਮਾਈ ਹੁੰਦੀ ਹੈ। ਇਹੋ ਕਾਰਨ ਹੈ ਕਿ ਦੁਨੀਆਂ ਦੀਆਂ ਖੋਜਾਂ ਵਿੱਚ ਮੱਲਾਂ ਮਾਰਨ ਵਾਲੀਆਂ ਪਹਿਲੀਆਂ 17 ਯੂਨੀਵਰਸਿਟੀਆਂ ਅਮਰੀਕਾ ਦੀਆਂ ਹਨ।

ਅਮਰੀਕਾ ਦੀ ਤਰੱਕੀ ਦਾ ਰਾਜ ਇੱਥੋਂ ਦਾ ਕੰਮ ਸਭਿਆਚਾਰ ਹੈ। ਤੁਸੀਂ ਕਿਸੇ ਵੀ ਦਫ਼ਤਰ ਚਲੇ ਜਾਉ, ਤੁਹਾਡਾ ਕੰਮ ਹਰ ਹਾਲਤ ਹੋਵੇਗਾ। ਜਿਹੜਾ ਵਿਅਕਤੀ ਹਾਜ਼ਰ ਹੈ, ਉਹ ਤੁਹਾਡਾ ਕੰਮ ਕਰੇਗਾ। 'ਫਿਰ ਆਉਣਾਂ' ਕਹਿਣ ਦਾ ਇੱਥੇ ਰਿਵਾਜ ਨਹੀਂ। ਜੇ ਪੁਲੀਸ ਪੜਤਾਲ ਦੀ ਲੋੜ ਪਵੇ ਤਾਂ ਤੁਸੀਂ ਥਾਣੇ ਜਾਉ, ਆਪਣਾ ਸੋਸ਼ਲ ਸੀਕਿਉਰਟੀ ਨੰਬਰ ਦੱਸੋ। ਉਹ ਸੋਸ਼ਲ ਸੀਕਿਊਰਟੀ ਨੰਬਰ ਤੋਂ ਤੁਹਾਡੇ ਬਾਰੇ ਚੈਕ ਕਰ ਲੈਣਗੇ ਤੇ ਦਸ ਪੰਦਰਾਂ ਮਿੰਟਾਂ ਵਿੱਚ ਹੀ ਉਹ ਤੁਹਾਡੇ ਹੱਥ ਪੁਲਸ ਪੜਤਾਲ ਸਰਟੀਫਿਕੇਟ ਫੜ੍ਹਾ ਦੇਣਗੇ। ਇਸੇ ਤਰ੍ਹਾਂ ਡਰਾਈਵਿੰਗ ਲਾਇਸੈਂਸ ਖ਼ਤਮ ਹੋਣ ਤੋਂ ਪਹਿਲਾਂ ਚਿੱਠੀ ਘਰ ਆ ਜਾਂਦੀ ਹੈ ਕਿ ਤੁਹਾਡਾ ਲਾਇਸੈਂਸ ਇਸ ਮਿਤੀ ਨੂੰ ਖ਼ਤਮ ਹੋ ਰਿਹਾ ਹੈ। ਤੁਸੀਂ ਡੀ.ਐਮ.ਵੀ. ਦਫਤਰ ਜਾਉ । ਉਹ ਤੁਹਾਡਾ ਪਹਿਲਾ ਡਰਾਇਵਿੰਗ ਲਾਈਸੈਂਸ ਰਖ ਲੈਣਗੇ ਤੇ ਤੁਹਾਡੇ ਬੈਠਿਆਂ ਪੰਜ ਦਸ ਮਿੰਟਾਂ ਵਿੱਚ ਨਵਾਂ ਡਰਾਈਵਿੰਗ ਲਾਈਸੈਂਸ ਬਣਾ ਕਿ ਤੁਹਾਡੇ ਹੱਥ ਫੜਾ ਦੇਣਗੇ। ਮਜਾਲ ਹੈ ਕਿ ਕੋਈ ਕਰਮਚਾਰੀ ਰਿਸ਼ਵਤ ਮੰਗਣ ਦੀ ਜ਼ੁਰਅਤ ਕਰੇ। ਕਾਰਾਂ, ਟਰੱਕਾਂ ਆਦਿ ਦੇ ਬੀਮੇ ਦੀ ਅਦਾਇਗੀ ਫੌਰੀ ਕੀਤੀ ਜਾਂਦੀ ਹੈ। ਸਬੰਧਤ ਕਰਮਚਾਰੀ ਆਉਂਦਾ ਹੈ ਤੇ ਤੁਹਾਡੀ ਗੱਡੀ ਦਾ ਨੁਕਸਾਨ ਵੇਖ ਕੇ ਮੌਕੇ 'ਤੇ ਹੀ ਚੈਕ ਦੇ ਦਿੰਦਾ ਹੈ।

ਇੱਥੇ ਕੰਮ ਕਰੋਗੇ ਤਾਂ ਨੌਕਰੀ ਹੈ ਨਹੀਂ ਤਾਂ ਛੁੱਟੀ। ਸਾਰੀ ਦੁਨੀਆਂ ਦੇ ਪੜ੍ਹੇ ਲਿਖੇ ਲੋਕ ਜਿਨ੍ਹਾਂ ਵਿੱਚ ਵਿਗਿਆਨੀ, ਡਾਕਟਰ, ਇੰਜੀਨੀਅਰ ਇਧਰ ਨੂੰ ਦੌੜ ਰਹੇ ਹਨ ਕਿਉਂਕਿ ਇੱਥੇ ਕੰਮ ਦੀ ਕਦਰ ਹੈ। ਇੱਥੇ ਬੇ-ਲੋੜਾ ਖ਼ਰਚਾ ਬਿਲਕੁਲ ਨਹੀਂ। ਸਾਡੇ ਸਿਆਸਤਦਾਨ ਤੇ ਅਫ਼ਸਰ ਜੋ ਸਰਕਾਰੀ ਖ਼ਜ਼ਾਨੇ ਦੇ ਸਿਰ 'ਤੇ ਮੌਜਾਂ ਮਾਣ ਰਹੇ ਹਨ, ਉਹ ਇੱਥੇ ਬਿਲਕੁਲ ਨਹੀਂ। ਦਰਜਾ ਚਾਰ ਦੀ ਇਥੇ ਕੋਈ ਅਸਾਮੀ ਨਹੀਂ। ਕਿਸੇ ਸਿਆਸਤਦਾਨ ਅਤੇ ਅਫਸਰ ਦੀ ਕਾਰ ਉਪਰ ਲਾਲ ਬੱਤੀ ਤੇ ਹੂਟਰ ਨਹੀਂ। ਮੰਤਰੀ ਅਤੇ ਅਫ਼ਸਰ ਨਿਜੀ ਕਾਰਾਂ ਵਿਚ ਦਫ਼ਤਰ ਆਉਂਦੇ ਹਨ। ਰਾਸ਼ਟਰਪਤੀ ਤੇ ਕੁਝ ਹੋਰਨਾਂ ਨੂੰ ਸਹੂਲਤਾਂ ਹਨ, ਪਰ ਆਮ ਵਜ਼ੀਰ, ਮੇਅਰ, ਵਿਧਾਇਕ, ਐਮ.ਪੀ. ਆਮ ਸ਼ਹਿਰੀਆਂ ਦੀ ਤਰ੍ਹਾਂ ਵਿਚਰ ਰਹੇ ਹਨ।

ਪੱਗੜੀਧਾਰੀ ਸਿੱਖ਼ਾਂ ਨੂੰ ਅਮਰੀਕਾ ਵਿਚ ਅਰਬ ਦੇ ਮੁਸਲਮਾਨ ਹੀ ਸਮਝਿਆ ਜਾਂਦਾ ਹੈ ਤੇ ਕਈ ਵੇਰ ਉਨ੍ਹਾਂ 'ਤੇ ਅਵਾਜ਼ੇ ਕੱਸੇ ਜਾਂਦੇ ਹਨ। ਗੁਰਦੁਆਰਿਆਂ ਵਿਚ ਲੜਾਈ ਹੋਣ ਦੀਆਂ ਖ਼ਬਰਾਂ ਆਮ ਆਉਂਦੀਆਂ ਰਹਿੰਦੀਆਂ ਹਨ। ਸਹਿਜਧਾਰੀ ਸਿੱਖ ਵੀ ਗੁਰਦੁਆਰਾ ਪ੍ਰਬੰਧਕਾਂ ਕਮੇਟੀਆਂ ਵਿਚ ਸ਼ਾਮਲ ਹਨ।

ਇੱਥੇ ਕਈ ਤਰ੍ਹਾਂ ਦੇ ਦਿਨ ਮਨਾਏ ਜਾਂਦੇ ਹਨ। ਫ਼ਾਦਰ ਡੇ, ਮਦਰ ਡੇ ਦੇ ਦਿਨ, ਬੱਚੇ ਮਾਤਾ ਪਿਤਾ ਨੂੰ ਖਾਣਾ ਬਣਾ ਕੇ ਦਿੰਦੇ ਹਨ ਤੇ ਤੋਹਫ਼ੇ ਦਿੰਦੇ ਹਨ। ਸਤੰਬਰ ਦੇ ਪਹਿਲੇ ਸੋਮਵਾਰ ਲੇਬਰ ਡੇ ਹੁੰਦਾ ਹੈ । ਉਸ ਦਿਨ ਮਾਲਕ ਕਾਮਿਆਂ ਦੀ ਖ਼ੂਬ ਸੇਵਾ ਕਰਦੇ ਹਨ। ਅਮਰੀਕਾ ਵਿੱਚ ਛੁੱਟੀਆਂ ਬਹੁਤ ਥੋੜੀਆਂ ਹੁੰਦੀਆਂ ਹਨ। ਆਜ਼ਾਦੀ ਦਿਵਸ 4 ਜੁਲਾਈ ਨੂੰ ਹੁੰਦਾ ਹੈ । ਹੈਲੋਵੀਨ ਡੇ ਸਾਡੀ ਲੋਹੜੀ ਵਾਂਗ ਹੈ, ਜਦੋਂ ਬਚੇ ਘਰਾਂ ਵਿਚ ਮੰਗਣ ਆਉਂਦੇ ਹਨ।

ਅਮਰੀਕਾ ਦੀ ਹਰੇਕ ਚੀਜ਼ ਨਿਆਰੀ ਹੈ। ਜਦ ਭਾਰਤ ਵਿਚ ਦਿਨ ਹੁੰਦਾ ਹੈ ਇੱਥੇ ਰਾਤ ਹੁੰਦੀ ਹੈ, ਜਦ ਰਾਤ ਹੁੰਦੀ ਤਾਂ ਇੱਥੇ ਦਿਨ। ਇੱਥੇ ਟਰੈਫਿਕ ਸੱਜੇ ਪਾਸੇ, ਜਦ ਕਿ

ਭਾਰਤ ਵਿਚ ਖ਼ੱਬੇ ਪਾਸੇ। ਇੱਥੇ ਸਵਿਚ ਉਪਰ ਨੂੰ ਚਾਲੂ ਹੁੰਦੇ ਹਨ, ਭਾਰਤ ਵਿਚ ਉਪਰ ਨੂੰ ਬੰਦ ਹੁੰਦੇ ਹਨ। ਇੱਥੇ 120 ਵੋਲਟ ਬਿਜਲੀ ਹੈ ਜਦ ਕਿ ਭਾਰਤ ਵਿਚ 220 ਵੋਲਟ। ਇੱਥੇ ਮਿਣਤੀ ਮੀਲਾਂ, ਗਜ਼ਾਂ, ਫੁੱਟਾਂ ਤੇ ਇੰਚਾਂ ਵਿਚ ਕੀਤੀ ਜਾਂਦੀ ਹੈ। ਭਾਰ ਪੌਂਡਾਂ ਵਿਚ ਤੋਲਿਆ ਜਾਂਦਾ ਹੈ। ਤਾਪਮਾਨ ਫ਼ਾਰਨਹੀਟ ਵਿਚ ਤੇ ਆਇਤਨ ਔਂਸਾਂ ਤੇ ਗੈਲਨਾਂ ਵਿਚ। ਭਾਵ ਕਿ ਇਨ੍ਹਾਂ ਨੇ ਅਜੇ ਪੁਰਾਣਾ ਸਿਸਟਮ ਹੀ ਰਖਿਆ ਹੈ। ਮੀਟਰਿਕ ਪ੍ਰਣਾਲੀ ਨਹੀਂ ਅਪਣਾਈ। ਇੱਥੇ ਜੱਜ ਅਤੇ ਪ੍ਰੋਫ਼ੈਸਰ ਦੀ ਰਿਟਾਇਰ ਹੋਣ ਦੀ ਕੋਈ ਉਮਰ ਨਹੀਂ। ਉਹ ਜ਼ਿੰਦਗੀ ਦੇ ਆਖ਼ਰੀ ਸਾਹਾਂ ਤੀਕ ਆਪਣੇ ਆਹੁਦੇ 'ਤੇ ਬਿਰਾਜਮਾਨ ਰਹਿ ਸਕਦੇ ਹਨ।

ਅਮਰੀਕਾ ਦੁਨੀਆਂ ਦਾ ਸਭ ਤੋਂ ਵਿਕਸਤ ਭਾਵ ਅਮੀਰ ਦੇਸ਼ ਹੈ ਅਤੇ ਦੁਨੀਆਂ ਦੀ ਸੁਪਰ ਪਾਵਰ ਹੈ। ਇਹੋ ਕਾਰਨ ਹੈ ਕਿ ਦੁਨੀਆਂ ਇਸ ਮੁਲਕ ਵੱਲ ਨੂੰ ਦੌੜਦੀ ਹੈ। ਇਹ ਏਨਾ ਖ਼ੂਬਸੂਰਤ ਤੇ ਮਨ-ਮੋਹਣਾ ਦੇਸ਼ ਹੈ, ਜਿਹੜਾ ਇੱਕ ਵਾਰ ਇੱਥੇ ਆ ਜਾਂਦਾ ਹੈ, ਉਹ ਇੱਥੋਂ ਦਾ ਹੋ ਕਿ ਰਹਿ ਜਾਂਦਾ ਹੈ। ਇੱਥੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਧਰਮ ਦੀ ਪੜ੍ਹਾਈ ਕਰਾਉਣ ਦੀ ਕਾਨੂੰਨੀ ਮਨਾਹੀ ਹੈ, ਭਾਵੇਂ ਕੋਈ ਵਿਦਿਅਕ ਅਦਾਰਾ ਪ੍ਰਾਈਵੇਟ ਕਿਉਂ ਨਾ ਹੋਵੇ। ਇੱਥੇ ਸਭ ਦੇਸ਼ਾਂ, ਧਰਮਾਂ, ਨਸਲਾਂ ਦੇ ਲੋਕ ਮਿਲਦੇ ਹਨ। ਇੱਥੋਂ ਦੇ ਹਸੀਨ ਦਿਨ ਤੇ ਰੰਗੀਲੀਆਂ ਰਾਤਾਂ ਦਾ ਆਨੰਦ ਮਾਨਣ ਦਾ ਮੌਕਾ ਮਿਲੇ ਤਾਂ ਅਜਾਈਂ ਨਾ ਜਾਣ ਦੇਣਾ।

# ਸੜਕੀ ਆਵਾਜਾਈ: ਅਮਰੀਕਾ ਤੋਂ ਸੇਧ ਲੈ ਸਕਦਾ ਹੈ ਭਾਰਤ

ਵਿਦੇਸ਼ਾਂ ਵਿਚ ਪ੍ਰਧਾਨ ਮੰਤਰੀ, ਮੰਤਰੀ, ਵਿਧਾਇਕ, ਪਾਰਲੀਮੈਂਟ ਮੈਂਬਰ ਆਦਿ ਆਮ ਲੋਕਾਂ ਦੀ ਤਰ੍ਹਾਂ ਕਾਰਾਂ ਤੇ ਸਾਈਕਲ ਚਲਾਉਂਦੇ ਹਨ। ਬੱਸਾਂ, ਰੇਲ ਗੱਡੀਆਂ ਵਿਚ ਸਫ਼ਰ ਕਰਦੇ ਹਨ। ਇਸ ਤਰ੍ਹਾਂ ਉਨ੍ਹਾਂ ਨੂੰ ਨਾਗਰਿਕਾਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਪਤਾ ਲੱਗਦਾ ਹੈ। ਉਹ ਵੀ ਆਮ ਨਾਗਰਿਕ ਵਾਂਗ ਸੜਕੀ ਦੁਰਘਟਨਾਵਾਂ ਦਾ ਸ਼ਿਕਾਰ ਹੁੰਦੇ ਹਨ। ਇਸ ਲਈ ਸੜਕੀ ਦੁਰਘਟਨਾਵਾਂ ਰੋਕਣ ਲਈ ਸਮੇਂ ਸਮੇਂ ਕਦਮ ਚੁੱਕਦੇ ਰਹਿੰਦੇ ਹਨ। ਜਿੱਥੇ ਭਾਰਤ ਵਿਚ ਘਰ ਬੈਠਿਆਂ ਡਰਾਇਵਿੰਗ ਲਾਇਸੈਂਸ ਬਣ ਜਾਂਦੇ ਹਨ ਉਥੇ ਅਗਾਂਹਵਧੂ ਦੇਸ਼ਾਂ ਵਿਚ ਪਹਿਲਾਂ ਲਿਖਤੀ ਪ੍ਰੀਖਿਆ ਹੁੰਦੀ ਹੈ, ਜਿਸ ਦੇ ਆਧਾਰ 'ਤੇ ਆਰਜ਼ੀ ਲਾਇਸੈਂਸ ਮਿਲਦਾ ਹੈ। ਆਰਜ਼ੀ ਲਾਇਸੈਂਸ ਵਾਲਾ ਇਕੱਲਾ ਗੱਡੀ ਨਹੀਂ ਚਲਾ ਸਕਦਾ। ਉਸ ਨੂੰ ਆਪਣੇ ਨਾਲ ਇਕ ਵਿਅਕਤੀ ਅਗਲੀ ਸੀਟ 'ਤੇ ਬਠਾਉਣਾ ਪੈਂਦਾ ਹੈ, ਜਿਸ ਪਾਸ ਡਰਾਇਵਿੰਗ ਲਾਇਸੈਂਸ ਹੋਵੇ। ਸੜਕਾਂ ਉਪਰ ਬਕਾਇਦਾ ਨਿਸ਼ਾਨ ਲੱਗੇ ਹੋਏ ਹਨ। ਟਰੱਕਾਂ ਵਾਲਿਆਂ ਲਈ ਖਾਸ ਨਿਯਮ ਹਨ। ਉਨ੍ਹਾਂ ਲਈ ਵੱਧ ਤੋਂ ਵੱਧ ਸਮਾਂ ਨਿਰਧਾਰਿਤ ਹੈ। ਅਮਰੀਕਾ ਵਿੱਚ ਟਰੱਕਾਂ ਅਤੇ ਭਾਰੀਆਂ ਗੱਡੀਆਂ ਵਾਲੇ ਹਫ਼ਤੇ ਵਿਚ ਵੱਧ ਤੋਂ ਵੱਧ 70 ਘੰਟੇ ਗੱਡੀ ਚਲਾ ਸਕਦੇ ਹਨ। ਵਾਧੂ ਭਾਰ ਨਾ ਢੋਣ, ਉਸ ਲਈ ਸੜਕਾਂ ਦੇ ਨਾਲ ਭਾਰ ਤੋਲਣ ਲਈ ਕੰਡੇ ਹਨ। ਜੇ ਪੀਲੀ ਬੱਤੀ ਜੱਗਦੀ ਹੋਵੇ ਤਾਂ ਟਰੱਕ ਵਾਲੇ ਲਈ ਉਸ ਕੰਡੇ ਉਪਰ ਜਾਕੇ ਭਾਰ ਤੋਲਣਾ ਲਾਜ਼ਮੀ ਹੈ। ਸੜਕਾਂ ਉਪਰ ਟਰੈਕਟਰ, ਟਰਾਲੀਆਂ, ਘੜੁਕੇ, ਓਵਰਲੋਡਿਡ ਗੱਡੀਆਂ ਵਗੈਰਾ ਚਲਾਉਣੀਆਂ ਮਨ੍ਹਾਂ ਹਨ। ਜੇ ਟਰੈਕਟਰ ਕਿਤੇ ਲੈ ਜਾਣਾ ਹੋਵੇ ਤਾਂ ਉਸ ਨੂੰ ਚਲਾ ਕੇ ਖੜ੍ਹਨ ਦੀ ਥਾਂ 'ਤੇ ਕਿਸੇ ਗੱਡੀ ਵਿਚ ਲੱਦ ਕੇ ਖੜਨਾ ਪੈਂਦਾ ਹੈ। ਜੇ ਕੋਈ ਸੜਕੀ ਦੁਰਘਟਨਾ ਹੁੰਦੀ ਹੈ ਤਾਂ ਉਸ ਦੇ ਕਾਰਨਾਂ ਦਾ ਪਤਾ ਲਾਇਆ ਜਾਂਦਾ ਹੈ। ਇਨ੍ਹਾਂ ਦੇਸ਼ਾਂ ਵਿਚ ਸੰਵਿਧਾਨ ਨੂੰ ਇਕ ਪਵਿੱਤਰ ਗ੍ਰੰਥ ਸਮਝਿਆ ਜਾਂਦਾ ਹੈ ਤੇ ਹਰ ਇਕ ਨੂੰ ਇਸ ਦੀ ਪਾਲਣਾ ਕਰਨੀ ਪੈਂਦੀ ਹੈ। ਪਾਲਣਾ ਨਾ ਕਰਨ ਵਾਲੇ ਦੇ ਵਿਰੁੱਧ ਕਾਰਵਾਈ ਹੁੰਦੀ ਹੈ ਭਾਵੇਂ ਉਸ ਦਾ ਕੱਦ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ। ਇਹੋ ਕਾਰਨ ਹੈ ਕਿ ਟ੍ਰੈਫਿਕ ਪੁਲਿਸ ਵਾਲਾ ਕੈਨੇਡਾ ਦੇ ਪ੍ਰਧਾਨ ਮੰਤਰੀ ਦਾ, ਠਹਿਰਨ ਦੀ ਨਿਸ਼ਾਨੀ (ਸਟਾਪ ਸਾਇਨ) 'ਤੇ ਕਾਰ ਖੜੀ ਨਾ ਕਰਨ 'ਤੇ ਉਸ ਨੂੰ 50 ਡਾਲਰ ਜੁਰਮਾਨਾ ਕਰਦਾ ਹੈ। ਉਹ ਇਸ ਨੂੰ ਅਦਾਲਤ ਵਿਚ ਚੁਣੌਤੀ ਦਿੰਦਾ ਹੈ। ਅਦਾਲਤ ਉਸ ਦਾ ਜੁਰਮਾਨਾ ਦੁਗਣਾ ਕਰ ਦਿੰਦੀ ਹੈ ਕਿਉਂਕਿ

ਅਦਾਲਤ ਵਿਚ ਆ ਕੇ ਉਸ ਨੇ ਅਦਾਲਤ ਦਾ ਸਮਾਂ ਬਰਬਾਦ ਕੀਤਾ ਹੈ।

ਭਾਰਤ ਬਾਰੇ ਲਿਖਣ ਦੀ ਇਥੇ ਬਹੁਤੀ ਲੋੜ ਨਹੀਂ। ਇੰਨਾ ਹੀ ਕਾਫੀ ਹੈ ਜਦ ਡਾ. ਕਿਰਨ ਬੇਦੀ ਦਿੱਲੀ ਦੀ ਪੁਲਿਸ ਕਮਿਸ਼ਨਰ ਸੀ ਤਾਂ ਉਸ ਨੇ ਉਸ ਸਮੇਂ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਕਾਫਲੇ ਦੀ ਇਕ ਕਾਰ ਜੋ ਕਿ ਪੀਲੀ ਲਾਇਨ ਤੋਂ ਬਾਹਰ ਸੀ ਦਾ ਚਲਾਨ ਕੱਟ ਦਿੱਤਾ ਤਾਂ ਸਾਰੇ ਦੇਸ਼ ਵਿਚ ਇਸ ਦੀ ਚਰਚਾ ਹੋ ਗਈ ਤੇ ਉਸ ਦੀ ਫੌਰੀ ਬਦਲੀ ਕਰ ਦਿੱਤੀ ਗਈ। ਇਹੋ ਹਾਲ ਪੰਜਾਬ ਸਮੇਤ ਸੂਬਾਈ ਸਰਕਾਰਾਂ ਦਾ ਹੈ। ਚੰਡੀਗੜ੍ਹ ਵਿਚ ਟ੍ਰੈਫਿਕ ਨਿਯਮ ਲਾਗੂ ਹਨ ਕਿਉਂਕਿ ਉੱਥੇ ਸਿਆਸੀ ਦਖ਼ਲ ਅੰਦਾਜ਼ੀ ਨਹੀਂ। ਨਾਲ ਲੱਗਦੇ ਸ਼ਹਿਰ ਮੁਹਾਲੀ ਵਿਚ ਟ੍ਰੈਫਿਕ ਨਿਯਮਾਂ ਦੀਆਂ ਧੱਜੀਆਂ ਉਡ ਰਹੀਆਂ ਤੇ ਜੇ ਕੋਈ ਪੁਲਿਸ ਅਧਿਕਾਰੀ ਨਿਯਮਾਂ ਨੂੰ ਲਾਗੂ ਕਰਦਾ ਹੈ ਤਾਂ ਉਸ ਦੀ ਬਦਲੀ ਕਰ ਦਿੱਤੀ ਜਾਂਦੀ ਹੈ।

ਸੜਕੀ ਦੁਰਘਟਨਾਵਾਂ ਦਾ ਇਕ ਕਾਰਨ ਤੇਜ਼ ਰਫ਼ਤਾਰ ਗੱਡੀਆਂ ਚਲਾਉਣਾ ਵੀ ਹੈ। ਬਹੁਤ ਸਾਰੇ ਚੌਂਕਾਂ ਵਿਚ ਟ੍ਰੈਫਿਕ ਲਾਇਟਾਂ ਦੇ ਨਾਲ ਹੀ ਸੀ.ਸੀ.ਟੀ.ਵੀ. ਕੈਮਰੇ ਲੱਗੇ ਹੋਏ ਹਨ ਜੋ ਲਾਲ ਬੱਤੀ ਦੀ ਉਲੰਘਣਾ ਕਰਨ ਵਾਲੇ ਦਾ ਆਪੇ ਚਲਾਣ ਕੱਟ ਦਿੰਦੇ ਹਨ। ਸ਼ਹਿਰਾਂ ਨੂੰ ਇਨ੍ਹਾਂ ਤੋਂ ਮੋਟੀ ਕਮਾਈ ਹੁੰਦੀ ਹੈ। ਭਾਰਤ ਕਈ ਸ਼ਹਿਰਾਂ ਵਿਚ ਅਜਿਹੀ ਵਿਵਸਥਾ ਹੈ ਪਰ ਪੰਜਾਬ ਵਿਚ ਨਹੀਂ। ਪੰਜਾਬ ਸਰਕਾਰ ਨੇ 3 ਸਾਲ ਪਹਿਲਾਂ ਬੱਸਾਂ ਵਿਚ ਸਪੀਡ ਗਵਰਨਰ ਲਾਉਣ ਦਾ ਐਲਾਨ ਕੀਤਾ ਸੀ, ਜੋ ਅਜੇ ਤੀਕ ਲਾਗੂ ਨਹੀਂ ਕੀਤਾ ਗਿਆ। ਇਸ ਨੂੰ ਫੌਰੀ ਲਾਗੂ ਕਰਨ ਦੀ ਲੋੜ ਹੈ।

ਅਮਰੀਕਾ ਵਿਚ ਥਾਂ ਥਾਂ ਡਰਾਇਵਿੰਗ ਸਕੂਲ ਖੁੱਲ੍ਹੇ ਹੋਏ ਹਨ, ਜੋ ਪਹਿਲਾਂ ਸੜਕੀ ਨਿਯਮਾਂ ਬਾਰੇ, ਗੱਡੀ ਚਲਾਉਣ ਲਈ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਬਾਰੇ ਜਾਣਕਾਰੀ ਦਿੰਦੇ ਹਨ ਤੇ ਬਾਅਦ ਵਿਚ ਸੜਕ ਉਪਰ ਗੱਡੀ ਚਲਾਉਣ ਦੀ ਟ੍ਰੇਨਿੰਗ ਦੇਂਦੇ ਹਨ। ਸਕੂਲਾਂ ਵਿਚ ਵੀ ਬੱਚਿਆਂ ਨੂੰ ਬਕਾਇਦਾ ਇਸ ਤਰ੍ਹਾਂ ਦੀ ਵਿਸ਼ੇਸ਼ ਪੜ੍ਹਾਈ ਕਰਵਾਈ ਜਾਂਦੀ ਹੈ ਕਿਉਂਕਿ ਅਮਰੀਕਾ ਵਿਚ ਕਾਰ ਤੋਂ ਬਿਨਾਂ ਤੁਹਾਡਾ ਗੁਜ਼ਾਰਾ ਨਹੀਂ। ਪੰਜਾਬ ਵਿਚ ਸਕੂਲਾਂ ਵਿਚ ਪੜ੍ਹਾਈ ਕੀ ਕਰਾਉਣੀ, ਇੱਥੇ ਤਾਂ ਸ਼ਾਇਦ ਹੀ ਕੋਈ ਮਿਆਰੀ ਡਰਾਇਵਿੰਗ ਸਕੂਲ ਹੋਵੇ।

ਅਮਰੀਕਾ ਵਿਚ ਟਰਾਲੇ ਹੀ ਸਮਾਨ ਢੋਂਦੇ ਹਨ, ਪਰ ਭਾਰਤ ਵਿਚ ਟਰੈਕਟਰ ਟਰਾਲੀਆਂ ਤੇ ਟਰੱਕ ਪਰਾਲੀ, ਤੂੜੀ, ਫੱਕ, ਗੰਨੇ ਆਦਿ ਵਸਤੂਆਂ ਨਾਲ ਏਨੇ ਲੱਦੇ ਹੁੰਦੇ ਹਨ ਕਿ ਉਹ ਅਕਸਰ ਲੋੜ ਤੋਂ ਬਹੁਤ ਜ਼ਿਆਦਾ ਸੜਕ ਘੇਰ ਲੈਂਦੇ ਹਨ, ਜਿਸ ਨਾਲ ਦੂਸਰੀਆਂ ਗੱਡੀਆਂ ਨੂੰ ਚਲਣ ਵਿਚ ਕਠਿਨਾਈ ਆਉਂਦੀ ਹੈ। ਕਈ ਵੇਰ ਇਹ ਗੱਡੀਆਂ ਪਲਟ ਜਾਂਦੀਆਂ ਹਨ ਜਿਸ ਨਾਲ ਦੁਰਘਟਨਾਵਾਂ ਹੋ ਰਹੀਆਂ ਹਨ। ਅਮਰੀਕਾ ਵਿਚ ਆਮ ਤੌਰ 'ਤੇ ਅਜਿਹਾ ਨਹੀਂ ਹੁੰਦਾ। ਜੇ ਲੋੜ ਪਵੇ ਤਾਂ ਗੱਡੀ ਦੇ ਅੱਗੇ ਪੀਲੀਆਂ ਬੱਤੀਆਂ ਤੇ ਪਿੱਛੇ ਲਾਲ ਬੱਤੀਆਂ ਦਾ ਜਗਣਾ ਲਾਜ਼ਮੀ ਹੁੰਦਾ ਹੈ ਅਤੇ ਉਸ ਉਪਰ ਵਾਧੂ ਭਾਰ (ਵਾਇਲਡ ਲੋਡ) ਦਾ ਫੱਟਾ ਹੁੰਦਾ ਹੈ। ਖ਼ਤਰਨਾਕ ਵਸਤੂਆਂ ਢੋਣ ਵਾਲੀਆਂ ਗਡੀਆਂ ਵਿਸ਼ੇਸ਼ ਤਰ੍ਹਾਂ ਦੀਆਂ ਹੁੰਦੀਆਂ ਹਨ ਤੇ ਇਨ੍ਹਾਂ ਦੇ ਡਰਾਈਵਰਾਂ ਨੂੰ ਵਧ ਤਨਖਾਹ ਮਿਲਦੀ ਹੈ। ਇਸੇ ਤਰ੍ਹਾਂ ਟੈਕਸੀਆਂ ਲਈ ਵਿਸ਼ੇਸ਼ ਨਿਯਮ ਹਨ ਤਾਂ ਜੋ ਯਾਤਰੂ ਨੂੰ ਕੋਈ

ਮੁਸ਼ਕਲ ਨਾ ਆਵੇ।

ਭਾਰਤ ਵਿਚ ਜਦ ਗੱਡੀ ਖਰਾਬ ਹੋ ਜਾਂਦੀ ਹੈ ਤਾਂ ਉਸ ਨੂੰ ਸੜਕ ਉਪਰ ਹੀ ਖੜਾ ਰਹਿਣ ਦਿੱਤਾ ਜਾਂਦਾ ਹੈ ਕਿਉਂਕਿ ਸੜਕ ਦੇ ਕੰਡੇ ਖੜੇ ਕਰਨ ਲਈ ਜਗਾਹ ਨਹੀਂ ਹੁੰਦੀ। ਇਸ ਨਾਲ ਰਾਤ ਨੂੰ ਗਡੀਆਂ ਉਸ ਵਿਚ ਵਜਦੀਆਂ ਹਨ ਤੇ ਮੌਤਾਂ ਦਾ ਕਾਰਨ ਬਣਦੀਆਂ ਹਨ। ਅਮਰੀਕਾ ਵਿਚ ਹਰ ਸੜਕ ਦੇ ਨਾਲ ਗੱਡੀ ਖੜੀ ਕਰਨ ਲਈ ਜਗਾਹ ਬਣੀ ਹੁੰਦੀ ਹੈ। ਕੁਝ ਮੀਲਾਂ ਪਿੱਛੋਂ ਆਰਾਮ ਘਰ (ਰੈਸਟ ਏਰੀਆ) ਬਣੇ ਹਨ, ਜਿੱਥੇ ਟਰੱਕਾਂ ਤੇ ਕਾਰਾਂ ਵਾਲੇ ਗੱਡੀਆਂ ਖੜੀਆਂ ਕਰਕੇ ਆਰਾਮ ਕਰਦੇ ਹਨ। ਇਥੇ ਪਖਾਨੇ ਬਣੇ ਹੁੰਦੇ ਹਨ ਤੇ ਖਾਣ ਪੀਣ ਦਾ ਸਾਮਾਨ ਵੀ ਮਿਲਦਾ ਹੈ। ਭਾਰਤ ਨੂੰ ਵੀ ਅਜਿਹੀ ਵਿਵਸਥਾ ਕਰਨੀ ਚਾਹੀਦੀ ਹੈ।

ਭਾਰਤ ਵਿਚ ਸਭ ਤੋਂ ਵੱਡੀ ਘਾਟ ਲਿੰਕ ਸੜਕਾਂ ਉਪਰ ਰੁਕਣ ਦੇ ਸੰਕੇਤ (ਸਟਾਪ ਸਾਇਨ) ਨਹੀਂ ਹਨ। ਅਮਰੀਕਾ ਵਿਚ ਲਿੰਕ ਰੋਡ ਤੇ ਗੱਡੀ ਖੜੀ ਕਰਕੇ ਵੇਖ ਕੇ ਮੁੱਖ ਸੜਕ ਉਪਰ ਚੜ੍ਹਨਾ ਪੈਂਦਾ ਹੈ, ਇਸ ਤਰ੍ਹਾਂ ਸੜਕੀ ਦੁਰਘਟਨਾਵਾਂ ਨਹੀਂ ਹੁੰਦੀਆਂ। ਅਜਿਹੀ ਵਿਵਸਥਾ ਸਾਨੂੰ ਵੀ ਲਾਗੂ ਕਰਨੀ ਚਾਹੀਦੀ ਹੈ।

ਪੰਜਾਬ ਦੀਆਂ ਸੜਕਾਂ ਖੂਨੀ ਸੜਕਾਂ ਹਨ। ਭਾਰਤ ਵਿਚ ਸਭ ਤੋਂ ਜ਼ਿਆਦਾ ਸੜਕ ਹਾਦਸਿਆਂ ਵਿਚ ਹੁੰਦੀਆਂ ਮੌਤਾਂ ਦੀ ਦਰ ਪੰਜਾਬ ਵਿਚ ਸਭ ਤੋਂ ਵੱਧ ਹੈ। ਪੰਜਾਬ ਵਿਚ ਹਰ ਮਹੀਨੇ ਔਸਤਨ 300 ਦੇ ਕਰੀਬ ਵਿਅਕਤੀ ਸੜਕ ਹਾਦਸਿਆਂ ਕਰਕੇ ਮੌਤ ਦੇ ਮੂੰਹ ਜਾਂਦੇ ਹਨ ਤੇ 500 ਦੇ ਕਰੀਬ ਜ਼ਖ਼ਮੀ ਹੁੰਦੇ ਹਨ। ਇਸ ਲਈ ਪੰਜਾਬ ਸਰਕਾਰ ਇਨ੍ਹਾਂ ਮੌਤਾਂ ਲਈ ਸਿੱਧੀ ਜ਼ੁੰਮੇਵਾਰ ਹੈ। ਪੰਜਾਬ ਦੇ ਮੁੱਖ ਮੰਤਰੀ ਨੂੰ ਅਮਰੀਕਾ ਵਾਂਗ ਬਿਨਾਂ ਲਾਲ ਬੱਤੀ ਅਤੇ ਪਾਇਲਟ ਗੱਡੀ ਦੇ ਖੁਦ ਗੱਡੀ ਚਲਾਉਣੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਨੂੰ ਲੋਕਾਂ ਦੀਆਂ ਮੁਸ਼ਕਲਾਂ ਦਾ ਪਤਾ ਲਗ ਸਕੇ। ਆਮ ਜਨਤਾ ਨੂੰ ਚਾਹੀਦਾ ਹੈ ਕਿ ਲਾਲ ਬੱਤੀਆਂ ਵਿਰੁੱਧ ਆਵਾਜ਼ ਬੁਲੰਦ ਕਰਨ। ਜਿੰਨੀ ਦੇਰ ਤੀਕ ਅਜਿਹਾ ਨਹੀਂ ਹੁੰਦਾ, ਓਨੀ ਦੇਰ ਤੀਕ ਪੰਜਾਬ ਵਿਚ ਹੁੰਦੀਆਂ ਬੇਲੋੜੀਆਂ ਮੌਤਾਂ ਘੱਟ ਨਹੀਂ ਸਕਦੀਆਂ, ਕਿਉਂਕਿ ਭਾਰਤੀ ਹਾਕਮਾਂ ਦੀਆਂ ਨਜ਼ਰਾਂ ਵਿਚ ਆਮ ਆਦਮੀ ਦੀ ਕੋਈ ਕੀਮਤ ਨਹੀਂ। ਵੋਟਰਾਂ ਨੂੰ ਚਾਹੀਦਾ ਹੈ, ਉਹ ਅਜਿਹੇ ਸਿਆਸਤਦਾਨਾਂ ਨੂੰ ਅਗੇ ਲਿਆਉਣ ਜਿਹੜੇ ਵਾਅਦਾ ਕਰਨ ਕਿ ਉਹ ਬਿਨਾਂ ਲਾਲ ਬਤੀ ਤੇ ਸੁਰਖਿਆ ਕਰਮਚਾਰੀਆਂ ਦੇ ਆਮ ਲੋਕਾਂ ਦੀ ਤਰ੍ਹਾਂ ਰਹਿਣਗੇ ਜਿਵੇਂ ਅਗਾਂਹਵਧੂ ਦੇਸ਼ਾਂ ਵਿਚ।

*25 ਦਸੰਬਰ 2015*

# ਅਤਿਵਾਦੀ ਹਮਲਿਆਂ ਪ੍ਰਤੀ ਭਾਰਤ ਅਮਰੀਕਾ ਤੋਂ ਸਬਕ ਸਿੱਖੇ

ਭਾਰਤ ਦੀ ਰਾਜਧਾਨੀ ਵਿਚ 7 ਸਤੰਬਰ2011 ਨੂੰ ਦਿੱਲੀ ਹਾਈਕੋਰਟ ਦੇ ਗੇਟ ਨੰ: 5 ਵਿਚ ਹੋਣ ਵਾਲਾ ਬੰਬ ਧਮਾਕਾ ਕੋਈ ਨਵਾਂ ਨਹੀਂ। ਭਾਰਤ ਵਿਚ ਬੰਬ ਧਮਾਕਿਆਂ ਦੀਆਂ ਘਟਨਾਵਾਂ ਦੀ ਬਹੁਤ ਲੰਬੀ ਸੂਚੀ ਹੈ। ਇੱਕਲੀ ਦਿੱਲੀ ਵਿਚ ਹੀ 1996 ਤੋਂ ਪਿਛੋਂ ਇਹ 19ਵਾਂ ਬੰਬ ਧਮਾਕਾ ਹੈ। 29 ਅਕਤੂਬਰ 2005 ਨੂੰ ਦਿੱਲੀ ਵਿਚ ਦੀਵਾਲੀ ਤੋਂ ਇਕ ਦਿਨ ਪਹਿਲਾਂ 62 ਲੋਕ ਵੱਖ ਵੱਖ ਥਾਵਾਂ 'ਤੇ ਮਾਰੇ ਗਏ। 26 ਨਵੰਬਰ 2008 ਨੂੰ ਮੁੰਬਈ ਹਮਲੇ ਵਿਚ 166 ਲੋਕ ਮਾਰੇ ਗਏ। 13 ਦਸੰਬਰ 2001 ਨੂੰ ਪਾਰਲੀਮੈਂਟ ਹਾਊਸ 'ਤੇ ਹਮਲਾ ਹੋਇਆ। ਇਸ ਨੂੰ ਸਾਡੇ ਸੁਰੱਖਿਆ ਦਸਤਿਆਂ ਨੇ ਆਪਣੀਆਂ ਕੀਮਤੀ ਜਾਨਾਂ ਦੇ ਕੇ ਰੋਕਿਆ। ਜੇ ਕਿਤੇ ਇਹ ਹਮਲਾ ਕਾਮਯਾਬ ਹੋ ਜਾਂਦਾ ਤਾਂ ਅਮਰੀਕਾ ਵਿਚ 11 ਸਤੰਬਰ 2001 ਨੂੰ ਹੋਏ ਹਮਲੇ ਨਾਲੋਂ ਵੀ ਇਹ ਵੀ ਭਿਆਨਕ ਹਮਲਾ ਸਿੱਧ ਹੋਣਾ ਸੀ, ਕਿਉਂਕਿ ਉਸ ਸਮੇਂ ਪਾਰਲੀਮੈਂਟ ਦਾ ਅਜਲਾਸ ਚਲ ਰਿਹਾ ਸੀ। ਇਸ ਹਮਲੇ ਵਿਚ 11 ਮੌਤਾਂ ਹੋਈਆਂ।

ਦੇਸ਼ ਵਿਚ ਪਿਛਲੇ ਦੋ ਸਾਲਾਂ ਤੋਂ ਅੱਤਵਾਦੀ ਹਮਲਿਆਂ ਵਿਚ ਕਿਸੇ ਵੀ ਦੋਸ਼ੀ ਦਾ ਪਤਾ ਨਾ ਲਗਾ ਸਕਣਾ ਸਾਡੀਆਂ ਖੁਫ਼ੀਆ ਏਜੰਸੀਆਂ ਦੀ ਬਹੁਤ ਵੱਡੀ ਨਾ-ਕਾਮਯਾਬੀ ਹੈ ਤੇ ਸਾਡੇ ਹਾਕਮਾਂ ਦੀ ਨਾ-ਅਹਿਲੀਅਤ ਹੈ । ਇਹੋ ਕਾਰਨ ਹੈ ਕਿ ਇਨ੍ਹਾਂ ਅਤਿਵਾਦੀਆਂ ਦੇ ਹੌਂਸਲੇ ਬੁਲੰਦ ਹਨ। ਅਮਰੀਕਾ ਵਿਚ ਅੱਜ ਤੋਂ 10 ਸਾਲ ਪਹਿਲਾਂ ਹੋਏ ਅੱਤਵਾਦੀ ਹਮਲੇ ਪਿੱਛੋਂ, ਅਮਰੀਕੀ ਸਰਕਾਰ ਨੇ ਜੋ ਕਦਮ ਚੁੱਕੇ, ਉਹ ਬਹੁਤ ਹੀ ਸ਼ਲਾਘਾ ਭਰਪੂਰ ਹਨ, ਜਿਨ੍ਹਾਂ ਤੋਂ ਭਾਰਤ ਵੀ ਸਬਕ ਸਿਖ ਸਕਦਾ ਹੈ। ਇਸ ਹਮਲੇ ਤੋਂ ਫੌਰੀ ਬਾਅਦ ਅਮਰੀਕਾ ਨੇ ਪੈਟਰੀਓਟ ਐਕਟ ਪਾਸ ਕੀਤਾ, ਜਿਸ ਅਨੁਸਾਰ ਸਰਕਾਰੀ ਅਧਿਕਾਰੀਆਂ ਨੂੰ ਕਿਸੇ ਵੀ ਵਿਅਕਤੀ ਦੀ ਨਿੱਜੀ ਜਾਣਕਾਰੀ ਕਿਸੇ ਵੀ ਸ੍ਰੋਤ ਤੋਂ ਪ੍ਰਾਪਤ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਇਸ ਅਨੁਸਾਰ ਕ੍ਰੈਡਿਟ ਕਾਰਡ ਤੋਂ ਲੈ ਕੇ ਮੋਬਾਇਲ ਫੋਨ ਦੀਆਂ ਕਾਲਾਂ ਤੇ ਇਥੋਂ ਤੀਕ ਕਿ ਕਾਰ ਸਫ਼ਰ ਦੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਸਮੇਂ 4 ਹਜ਼ਾਰ ਦੇ ਕਰੀਬ ਕੇਂਦਰੀ (ਫੈਡਰਲ) ਰਾਜ ਤੇ ਸਥਾਨਕ ਸੰਸਥਾਵਾਂ ਅੱਤਵਾਦੀ ਵਿਰੋਧੀ ਗਤੀਵਿਧੀਆਂ ਵਿਚ ਜੁੱਟੀਆਂ ਹੋਈਆਂ ਹਨ। ਕੌਮੀ ਸੁਰੱਖਿਆ ਏਜੰਸੀ ਨੇ 30 ਹਜ਼ਾਰ ਕਰਮਚਾਰੀ ਰੱਖੇ ਹੋਏ ਹਨ, ਜੋ ਰੋਜ਼ਾਨਾ 1 ਅਰਬ 70 ਹਜ਼ਾਰ ਤੋਂ ਵੱਧ ਈ-ਮੇਲ ਅਤੇ ਹੋਰ ਸੰਚਾਰ ਸਾਧਨਾਂ ਨੂੰ ਚੈਕ ਕਰਦੇ ਹਨ। ਇੱਥੋ

ਦੀ ਖੁਫੀਆ ਏਜੰਸੀ ਐਫ.ਬੀ.ਆਈ. ਨੇ ਇਸ ਸਾਲ ਜੂਨ 2011 ਵਿਚ 14 ਹਜ਼ਾਰ ਏਜੰਟਾਂ ਨੂੰ ਵਿਸ਼ੇਸ਼ ਵਿਅਕਤੀਆਂ ਦੇ ਅੰਕੜੇ ਇੱਕਠੇ ਕਰਨ ਲਈ ਟੀਮਾਂ ਬਨਾਉਣ ਦੇ ਅਧਿਕਾਰ ਦਿੱਤੇ ਹਨ। ਉਨ੍ਹਾਂ ਨੇ ਪੰਜਾਬੀ ਸਮੇਤ ਸਭ ਭਾਸ਼ਾਵਾਂ ਦੇ ਵਿਅਕਤੀ ਰਖੇ ਹੋਏ ਹਨ। ਹਰ ਵਿਅਕਤੀ ਵਿਦੇਸ਼ ਕਦੋਂ ਗਿਆ, ਉਸ ਨੇ ਕਦੋਂ ਕੋਈ ਜੁਰਮ ਕੀਤਾ ਤੇ ਕਿੰਨੀ ਸਜ਼ਾ ਮਿਲੀ, ਵਗੈਰਾ ਦਾ ਰਿਕਾਰਡ ਅਮਰੀਕੀ ਸਰਕਾਰ ਪਾਸ ਹੈ। ਇਹੋ ਕਾਰਨ ਹੈ ਕਿ ਬੰਬਈ ਕਾਂਡ ਨਾਲ ਸਬੰਧਿਤ ਵਿਅਕਤੀਆਂ ਦਾ ਉਨ੍ਹਾਂ ਨੇ ਪਤਾ ਲਾ ਲਿਆ।

ਰੀਡਰਜ਼ ਡਾਈਜੈਸਟ ਦੀ ਅਮਰੀਕੀ ਐਡੀਸ਼ਨ ਵਿਚ ਪ੍ਰਕਾਸ਼ਿਤ ਇਕ ਲੇਖ ਵਿਚ ਅਮਰੀਕਾ ਵਿਚ ਇਨ੍ਹਾਂ 10 ਸਾਲਾਂ ਵਿਚ ਆਈਆਂ ਤਬਦੀਲੀਆਂ ਸੰਬੰਧੀ ਵਿਸਤ੍ਰਿਤ ਜਾਣਕਾਰੀ ਦਿੱਤੀ ਗਈ ਹੈ। ਇਸ ਅਨੁਸਾਰ ਦੁਨੀਆਂ ਵਿਚ 5 ਅਰਬ ਮੋਬਾਇਲ ਫੋਨ ਵਰਤੇ ਜਾ ਰਹੇ ਹਨ। ਉਨ੍ਹਾਂ ਵਿਚ 95 ਪ੍ਰਤੀਸ਼ਤ ਲੋਕ ਇਨ੍ਹਾਂ ਨੂੰ ਆਪਣੇ ਆਸ-ਪਾਸ ਹੀ ਰੱਖਦੇ ਹਨ। ਇਸ ਲਈ ਕਿਸੇ ਵੀ ਸਮੇਂ ਕਿਸੇ ਵੀ ਵਿਅਕਤੀ ਦੀ ਮੌਜੂਦਗੀ ਦਾ ਸਥਾਨ ਸੌਖਿਆਂ ਹੀ ਪਤਾ ਲਾਇਆ ਜਾ ਸਕਦਾ ਹੈ। ਕੰਪਨੀਆਂ ਪਾਸੋਂ ਕਿਸੇ ਵੀ ਵਿਅਕਤੀ ਦੀ ਗੱਲਬਾਤ ਦੀ ਜਾਣਕਾਰੀ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਇਸੇ ਤਰ੍ਹਾਂ ਪੈਸੇ ਦਾ ਲੈਣ ਦੇਣ ਕਰਨ ਵਾਲੀਆਂ ਸੰਸਥਾਵਾਂ ਵੀ ਅੱਤਵਾਦੀ ਗਤੀਵਿਧੀਆਂ ਰੋਕਣ ਵਿਚ ਸਹਾਈ ਹੋ ਸਕਦੀਆਂ ਹਨ। ਅਮਰੀਕਾ ਦੇ ਖ਼ਜ਼ਾਨਾ ਵਿਭਾਗ ਨੇ ਕਰੋੜਾਂ ਖਾਤਿਆਂ ਨੂੰ ਆਪਣੀ ਨਜ਼ਰ ਵਿਚ ਰੱਖਿਆ ਹੋਇਆ ਹੈ। ਹਜ਼ਾਰਾਂ ਵਿਅਕਤੀ ਇਹ ਅੰਕੜੇ ਇਕੱਠੇ ਕਰਨ ਵਿਚ ਲੱਗੇ ਹੋਏ ਹਨ ਕਿ ਜਥੇਬੰਦਕ ਜੁਰਮ ਲਈ ਪੈਸਾ ਕਿੱਥੋਂ ਆਉਂਦਾ ਹੈ ਤੇ ਕਿੱਥੇ ਖਰਚ ਹੁੰਦਾ ਹੈ?

ਅਮਰੀਕਾ ਵਿਚ 11 ਸਤੰਬਰ 2001 ਵਿਚ ਹੋਏ ਅੱਤਵਾਦੀ ਹਮਲੇ, ਜਿਸ ਨੂੰ ਕਿ ਨਾਈਨ ਅਲੈਵਨ ਕਿਹਾ ਜਾਂਦਾ ਹੈ, ਪਿਛੋਂ ਜਿਹੜੀ ਤਬਦੀਲੀ ਆਈ, ਉਹ ਸੀ ਹਵਾਈ ਅੱਡੇ ਉਪਰ ਸਾਡੇ ਸਰੀਰ ਨੂੰ ਸਕੈਨ ਕਰਨ ਦੀਆਂ ਮਸ਼ੀਨਾਂ ਦਾ ਲਾਉਣਾ। ਤਿੰਨ ਚੌਥਾਈ ਅਮਰੀਕਨਾਂ ਦਾ ਕਹਿਣਾ ਹੈ ਕਿ ਅੱਤਵਾਦ ਨੂੰ ਰੋਕਣ ਲਈ ਉਹ ਇਨ੍ਹਾਂ ਸਕੈਨਰਾਂ ਦੀ ਵਰਤੋਂ ਕਰਨ ਲਈ ਸਹਿਮਤ ਹਨ।

ਅਤਿਵਾਦੀਆਂ ਵਲੋਂ ਅਮਰੀਕਾ ਅੰਦਰ ਹਮਲੇ ਕਰਨ ਦੀਆਂ ਕੋਸ਼ਿਸ਼ਾਂ ਲਗਾਤਾਰ ਜਾਰੀ ਹਨ ਤੇ ਇਹ ਜਾਰੀ ਰਹਿਣਗੀਆਂ। ਪਰ ਅਮਰੀਕੀ ਚੌਕਸੀ ਕਾਰਨ ਅੱਤਵਾਦੀਆਂ ਦੇ ਮਨਸੂਬੇ ਕਾਮਯਾਬ ਨਹੀਂ ਹੋ ਰਹੇ। ਅਮਰੀਕਾ ਤੇ ਭਾਰਤ ਦੀ ਪ੍ਰਸ਼ਾਸ਼ਨਕ ਪ੍ਰਣਾਲੀ ਦਾ ਇਕ ਬਹੁਤ ਵੱਡਾ ਅੰਤਰ ਜੋ ਹੈ, ਉਹ ਹੈ, ਜਿਥੇ ਭਾਰਤ ਵਿਚ ਸਰਕਾਰ ਆਮ ਨਾਗਰਿਕ ਨੂੰ ਸੁਰੱਖਿਆ ਦੇਣ ਦੀ ਥਾਂ ਤੇ ਕੇਵਲ ਚੋਣਵੇਂ ਵਿਅਕਤੀਆਂ ਨੂੰ ਸੁਰੱਖਿਆ ਦਿੱਤੀ ਜਾਂਦੀ ਹੈ। ਵਿਧਾਇਕਾਂ, ਪਾਰਲੀਮੈਂਟ ਮੈਂਬਰਾਂ, ਮੰਤਰੀਆਂ, ਮੇਅਰਾਂ ਤੇ ਅਫਸਰਾਂ ਨੇ ਆਪਣੀ ਸੁਰੱਖਿਆ ਲਈ ਵਿਸ਼ੇਸ਼ ਦਸਤੇ ਰੱਖੇ ਹੋਏ ਹਨ। ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆ ਵਗੈਰਾ ਵਿਚ ਭਾਰਤ ਵਰਗਾ ਵੀ.ਆਈ.ਪੀ. ਸਭਿਆਚਾਰ ਨਹੀਂ ਹੈ। ਅਮਰੀਕਾ ਵਿਚ ਕੇਵਲ ਰਾਸ਼ਟਰਪਤੀ ਨੂੰ ਸਖਤ ਸੁਰੱਖਿਆ ਦਿੱਤੀ ਹੋਈ ਹੈ, ਬਾਕੀ ਸਿਆਸਤਦਾਨ, ਮੇਅਰ, ਗਵਰਨਰ ਆਦਿ ਆਮ ਲੋਕਾਂ ਵਿਚ ਵਿਚਰਦੇ ਹਨ। ਉਨ੍ਹਾਂ ਨੇ ਕੋਈ ਗਨਮੈਨ ਜਾਂ ਲਾਲ ਬੱਤੀ ਵਾਲੀਆਂ ਕਾਰਾਂ ਨਹੀਂ ਰੱਖੀਆਂ ਹੋਈਆਂ। ਪਿਛਲੇ

ਸਾਲ ਕਲੀਵਲੈਂਡ ਵਿਖੇ ਰਾਸ਼ਟਰਪਤੀ ਦੇ ਆਦੇਸ਼ 'ਤੇ ਸ਼ਿਕਾਗੋ ਦੇ ਗਵਰਨਰ ਨੇ ਇਕ ਹੋਟਲ ਵਿਚ ਅਮਰੀਕਾ ਵਿਚ ਘੱਟ ਗਿਣਤੀ ਫਿਰਕਿਆਂ ਦੀਆਂ ਸਮੱਸਿਆਵਾਂ ਤੋਂ ਜਾਣੂ ਹੋਣ ਲਈ ਇਕ ਮੀਟਿੰਗ ਬੁਲਾਈ ਸੀ। ਇਸ ਮੀਟਿੰਗ ਵਿਚ ਇਸ ਲੇਖਕ ਨੂੰ ਵੀ ਸ਼ਾਮਲ ਹੋਣ ਦਾ ਅਵਸਰ ਪ੍ਰਾਪਤ ਹੋਇਆ। ਹੋਟਲ ਦੇ ਬਾਹਰ ਤੇ ਅੰਦਰ ਕੋਈ ਸੁਰੱਖਿਆ ਕਰਮਚਾਰੀ ਨਹੀਂ ਸੀ। ਕਿਸੇ ਨੇ ਸਾਡੀ ਤਲਾਸ਼ੀ ਨਹੀਂ ਲਈ। ਅਸੀਂ ਸਿੱਧੇ ਹੀ ਹੋਟਲ ਦੇ ਕਰਮਚਾਰੀ ਨੂੰ ਕਮਰਾ ਨੰਬਰ ਪੁੱਛ ਕੇ ਸਿੱਧੇ ਕਮਰੇ ਵਿਚ ਪਹੁੰਚ ਗਏ।

ਸਭ ਤੋਂ ਜ਼ਰੂਰੀ ਹੈ ਕਿ ਅਸੀਂ ਵੀ ਅਮਰੀਕਾ ਵਾਂਗ ਖ਼ੁਫ਼ੀਆਤੰਤਰ ਨੂੰ ਮਜ਼ਬੂਤ ਕਰੀਏ, ਜਿਵੇਂ ਕਿ ਉਪਰ ਵਰਣਨ ਕੀਤਾ ਗਿਆ ਹੈ। ਭਾਰਤ ਨੇ ਹੁਣ ਵਿਸ਼ੇਸ਼ ਯੂ.ਡੀ.ਆਈ. ਪਛਾਣ ਪੱਤਰ ਬਨਾਉਣੇ ਸ਼ੁਰੂ ਕੀਤੇ ਹਨ। ਇਹ ਪ੍ਰਣਾਲੀ ਅਮਰੀਕਾ ਵਿਚ ਪਿਛਲੇ ਕਈ ਸਾਲਾਂ ਤੋਂ ਚਾਲੂ ਹੈ। ਇੱਥੇ ਹਰ ਵਿਅਕਤੀ ਨੂੰ ਸੋਸ਼ਲ ਸਿਕਿਓਰਟੀ ਨੰਬਰ ਅਲਾਟ ਹੋਇਆ ਹੈ, ਜਿਸ ਵਿਚ ਹਰ ਤਰ੍ਹਾਂ ਦੀ ਜਾਣਕਾਰੀ ਦਰਜ ਕੀਤੀ ਜਾਂਦੀ ਹੈ। ਜੇ ਕਿਸੇ ਵਿਅਕਤੀ ਨੇ ਬੈਂਕ ਤੋਂ ਕਰਜ਼ਾ ਲੈਣਾ ਹੈ ਤਾਂ ਇਸ ਤੋਂ ਬੈਂਕ ਵਾਲੇ ਉਸ ਵਿਅਕਤੀ ਦਾ ਪਿਛਲਾ ਰਿਕਾਰਡ ਦੇਖਣਗੇ ਕਿ ਉਸ ਨੇ ਕਿਸ-ਕਿਸ ਬੈਂਕ ਤੋਂ ਕਦੋਂ-ਕਦੋਂ, ਕਿੰਨਾ-ਕਿੰਨਾ ਕਰਜ਼ਾ ਲਿਆ ਤੇ ਉਸ ਨੂੰ ਕਦੋਂ-ਕਦੋਂ ਮੋੜਿਆ ? ਅਮਰੀਕਾ ਇਕ ਐਸਾ ਮੁਲਕ ਹੈ, ਜਿੱਥੇ ਕਿ ਬੋਲਣ ਤੇ ਲਿਖਣ ਦੀ ਆਜ਼ਾਦੀ ਤੋਂ ਇਲਾਵਾ ਵਿਅਕਤੀਗਤ ਆਜ਼ਾਦੀ ਹੈ। ਅਮਰੀਕਾ ਵੱਲੋਂ ਜੋ ਪੈਟਰੀਓਟ ਐਕਟ ਪਾਸ ਕੀਤਾ ਗਿਆ ਹੈ, ਉਹ ਵਿਅਕਤੀਗਤ ਆਜ਼ਾਦੀ ਦੇ ਵਿਰੁਧ ਹੈ। ਪਰ ਦੇਸ਼ ਨੂੰ ਅੱਤਵਾਦੀ ਹਮਲਿਆਂ ਤੋਂ ਬਚਉਣ ਲਈ ਅਮਰੀਕਨ ਲੋਕ ਇਸ ਨੂੰ ਸਹਿਣ ਕਰਨ ਲਈ ਸਹਿਮਤ ਹਨ।

ਵੀ.ਆਈ.ਪੀ. ਸਭਿਆਚਾਰ ਗ਼ੁਲਾਮ ਭਾਰਤ ਦੀ ਦੇਣ ਹੈ। ਇਸ ਲਈ ਸਭ ਤੋਂ ਪਹਿਲਾਂ ਇਸ ਨੂੰ ਖ਼ਤਮ ਕਰਨਾ ਚਾਹੀਦਾ ਹੈ। ਸਾਡੇ ਸੁਰੱਖਿਆ ਕਰਮਚਾਰੀ ਆਮ ਸ਼ਹਿਰੀਆਂ ਦੀ ਹਿਫ਼ਾਜ਼ਤ ਕਰਨ ਦੀ ਥਾਂ 'ਤੇ ਇਨ੍ਹਾਂ ਦੀ ਹਿਫ਼ਾਜ਼ਤ ਕਰਨ ਵਿਚ ਰੁਝੇ ਹੋਏ ਹਨ। ਇਸ ਲਈ ਭਾਰਤ ਵਿਚ ਵੀ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਨੂੰ ਛੱਡ ਕੇ ਗਵਰਨਰ, ਮੁੱਖ ਮੰਤਰੀ ਸਮੇਤ ਕਿਸੇ ਨੂੰ ਵੀ ਲਾਲ ਬੱਤੀ ਵਾਲੀ ਗੱਡੀ ਤੇ ਸੁਰੱਖਿਆ ਗਾਰਡ ਨਹੀਂ ਦੇਣੇ ਚਾਹੀਦੇ। ਜੇ ਲੋੜ ਹੋਵੇ ਤਾਂ ਉਹ ਆਪਣੇ ਨਿਜੀ ਖਰਚੇ ਵਿਚੋਂ ਪ੍ਰਾਈਵੇਟ ਗਨਮੈਨ ਰੱਖਣ। ਜਿਵੇਂ ਕਿ ਦਿੱਲੀ ਹਾਈਕੋਰਟ ਨੇ ਕਿਹਾ ਹੈ ਕਿ ਜਿਨ੍ਹਾਂ ਦੀ ਜਾਨ ਨੂੰ ਖ਼ਤਰਾ ਹੈ, ਉਨ੍ਹਾਂ ਨੂੰ ਸਿਆਸਤ ਵਿਚ ਹੀ ਨਹੀਂ ਆਉਣਾ ਚਾਹੀਦਾ। ਇਸ ਨਾਲ ਦੇਸ਼ ਅਰਬਾਂ ਰੁਪਏ ਬਚ ਸਕਦੇ ਹਨ।

ਕੇਂਦਰੀ ਮੰਤਰੀਆਂ, ਮੁੱਖ-ਮੰਤਰੀਆਂ ਤੇ ਮੰਤਰੀਆਂ ਨੂੰ ਜੁਆਬਦੇਹ ਬਣਾਇਆ ਜਾਵੇ। ਨਾ-ਅਹਿਲ ਕੇਂਦਰੀ ਮੰਤਰੀਆਂ, ਮੁੱਖ ਮੰਤਰੀਆਂ ਤੇ ਮੰਤਰੀਆਂ ਨੂੰ ਫੌਰੀ ਹਟਾਉਣ ਅਤੇ ਅੱਗੇ ਤੋਂ ਚੋਣ ਨਾ ਲੜਨ ਦੀ ਪਾਬੰਦੀ ਲਗਾਈ ਜਾਵੇ। ਪਾਰਲੀਮੈਂਟ ਹਮਲੇ ਨੂੰ ਵੀ 13 ਦਸੰਬਰ ਨੂੰ 10 ਸਾਲ ਹੋ ਜਾਣੇ ਹਨ। ਇਨ੍ਹਾਂ 10 ਸਾਲਾਂ ਵਿਚ ਅਮਰੀਕਾ ਦੇ ਮੁਕਾਬਲੇ 'ਤੇ ਭਾਰਤ ਨੇ ਕੁਝ ਵੀ ਨਹੀਂ ਕੀਤਾ ਸਿਵਾਏ ਬਿਆਨਬਾਜ਼ੀ ਦੇ। 25 ਮਈ 2011 ਨੂੰ ਦਿੱਲੀ ਹਾਈਕੋਰਟ 'ਤੇ ਹੋਏ ਬੰਬ ਧਮਾਕੇ ਪਿਛੋਂ ਜਦ ਪੁਲਿਸ ਨੇ ਇਥੇ ਸੀ.ਸੀ.ਟੀ.ਵੀ. ਕੈਮਰੇ ਲਾਉਣ ਦੀ ਸਿਫਾਰਸ਼ ਕੀਤੀ ਸੀ ਤਾਂ ਉਹ ਕਿਉਂ ਨਾ ਲਾਏ ਗਏ ?

ਇਸ ਤਰ੍ਹਾਂ 7 ਸਤੰਬਰ ਦੇ ਹਮਲੇ ਲਈ ਦਿੱਲੀ ਦਾ ਸੰਬੰਧਿਤ ਮੰਤਰੀ ਅਤੇ ਪ੍ਰਸ਼ਾਸ਼ਨਿਕ ਅਧਿਕਾਰੀ ਸਿੱਧੇ ਰੂਪ ਵਿਚ ਜ਼ੁੰਮੇਵਾਰ ਹਨ। ਇਨ੍ਹਾਂ ਨੂੰ ਅਜਿਹਾ ਸਬਕ ਸਿਖਾਉਣਾ ਚਾਹੀਦਾ ਹੈ ਕਿ ਜੋ ਬਾਕੀਆਂ ਲਈ ਮਿਸਾਲ ਬਣੇ।

ਭਾਰਤ ਦੀਆਂ ਮੂਲ ਸਮੱਸਿਆਵਾਂ ਦੀ ਜੜ੍ਹ ਸੂਝਵਾਨ ਤੇ ਦੂਰ-ਅੰਦੇਸ਼ੀ ਵਿਅਕਤੀਆਂ ਦਾ ਰਾਜਨੀਤੀ ਵਿਚ ਨਾ ਆਉਣਾ ਹੈ। ਭਾਰਤ ਦੀ ਚੋਣ ਪ੍ਰਣਾਲੀ ਅਜਿਹੀ ਹੈ ਜਿਸ ਵਿਚ ਪੈਸੇ ਦੀ ਦੁਰਵਰਤੋਂ ਹੋ ਰਹੀ ਹੈ। ਕੋਈ ਵੀ ਇਮਾਨਦਾਰ ਵਿਅਕਤੀ ਮੌਜੂਦਾ ਸਥਿਤੀ ਵਿਚ ਚੋਣ ਨਹੀਂ ਲੜ ਸਕਦਾ। ਚੰਡੀਗੜ੍ਹ ਦੇਸ਼ ਦਾ ਸਭ ਤੋਂ ਵੱਧ ਪੜ੍ਹਿਆ ਲਿਖਿਆ ਸ਼ਹਿਰ ਹੈ, ਪਰ ਇਥੇ ਪੈਂਦੀਆਂ ਵੋਟਾਂ ਦੀ ਪ੍ਰਤੀਸ਼ਤਤਾ ਦੇਸ਼ ਵਿਚੋਂ ਸਭ ਤੋਂ ਘੱਟ ਹੈ। ਇਸ ਲਈ ਪੜ੍ਹੇ ਲਿਖੇ ਤੇ ਇਮਾਨਦਾਰ ਵਿਅਕਤੀਆਂ ਦੀ ਬਹੁ ਗਿਣਤੀ ਨਾ ਤਾਂ ਵੋਟਾਂ ਵਿਚ ਦਿਲਚਸਪੀ ਲੈਂਦੀ ਤੇ ਨਾ ਹੀ ਸਿਆਸਤ ਵਿਚ। ਵੋਟਰ ਵੀ ਵਿਅਕਤੀ ਦੀ ਸਿਆਣਪ ਨੂੰ ਵੇਖ ਕੇ ਵੋਟ ਨਹੀਂ ਪਾਉਂਦੇ, ਉਨ੍ਹਾਂ ਦੀ ਪਹਿਲ ਹੋਰਨਾਂ ਗੱਲਾਂ ਵੱਲ ਹੈ। ਡਾ. ਮਨਮੋਹਨ ਸਿੰਘ ਨੇ ਦਿੱਲੀ ਤੋਂ ਇਕ ਵੇਰਾਂ ਲੋਕ ਸਭਾ ਦੀ ਚੋਣ ਲੜੀ ਸੀ ਪਰ ਉਹ ਬੀ.ਜੇ.ਪੀ. ਦੇ ਉਮੀਦਵਾਰ ਪਾਸੋਂ ਹਾਰ ਗਏ। ਉਹ ਜੋ ਕੁਝ ਵੀ ਹਨ, ਉਹ ਰਾਜ ਸਭਾ ਦੇ ਮੈਂਬਰ ਵਜੋਂ ਹਨ।

ਸਿਆਸਤਦਾਨ ਤੇ ਅਫਸਰ ਵਿਦੇਸ਼ਾਂ ਵਿਚ ਅਕਸਰ ਜਾਂਦੇ ਰਹਿੰਦੇ ਹਨ ਤੇ ਕਈ ਤਾਂ ਪੜ੍ਹੇ ਵੀ ਵਿਦੇਸ਼ਾਂ ਵਿਚ ਹਨ। ਪਰ ਇਹ ਉਸ ਨਜ਼ਰੀਏ ਤੋਂ ਭਾਰਤੀ ਸਮੱਸਿਆਵਾਂ ਨੂੰ ਨਹੀਂ ਨਜਿੱਠ ਰਹੇ ਜਿਵੇਂ ਕਿ ਵਿਦੇਸ਼ੀਆਂ ਨੇ ਉਨ੍ਹਾਂ ਨੂੰ ਹੱਲ ਕੀਤਾ ਹੈ। ਜਿਨ੍ਹਾਂ ਗੱਲਾਂ ਦਾ ਇਸ ਲੇਖ ਵਿਚ ਵਰਨਣ ਕੀਤਾ ਗਿਆ ਹੈ, ਉਸ ਬਾਰੇ ਇਹ ਸਭ ਕੁਝ ਜਾਣਦੇ ਹਨ। ਇਨ੍ਹਾਂ ਦੀ ਦਿਲਚਸਪੀ ਨਿਜੀ ਪ੍ਰਾਪਤੀਆਂ ਵਿਚ ਹੈ। ਅੱਤਵਾਦ ਹੀ ਨਹੀਂ ਵਿਦੇਸ਼ਾਂ ਵਿਚ ਗ਼ੈਰ-ਕਾਨੂੰਨੀ ਧਨ ਨੂੰ ਕਿਵੇਂ ਦੂਜੇ ਮੁਲਕਾਂ ਨੇ ਵਾਪਸ ਲਿਆਂਦਾ ਹੈ, ਇਸ ਦਾ ਸਭ ਇਨ੍ਹਾਂ ਨੂੰ ਪਤਾ ਹੈ। ਦੂਜੇ ਮੁਲਕਾਂ ਨੇ ਰਿਸ਼ਵਤਖੋਰੀ ਨੂੰ ਕਿਵੇਂ ਠੱਲ੍ਹ ਪਾਈ, ਇਸ ਦਾ ਵੀ ਇਨ੍ਹਾਂ ਨੂੰ ਪਤਾ ਹੈ। ਇਹ ਜਾਣ ਬੁਝ ਕੇ ਇਨ੍ਹਾਂ ਮਸਲਿਆਂ ਨੂੰ ਨਜਿੱਠ ਨਹੀਂ ਰਹੇ ਕਿਉਂਕਿ ਅਜਿਹਾ ਕਰਨਾ ਇਨ੍ਹਾਂ ਦੇ ਆਪਣੇ ਹਿੱਤ ਵਿਚ ਨਹੀਂ। ਇਹ ਏਨੇ ਦੂਰ-ਅੰਦੇਸ਼ ਨਹੀਂ ਕਿ ਕਾਨੂੰਨ ਮਨੁੱਖ ਦੇ ਭਲੇ ਲਈ ਬਣੇ ਹਨ ਤੇ ਇਨ੍ਹਾਂ ਨੂੰ ਲਾਗੂ ਕਰਨਾ ਸਾਡਾ ਪਵਿੱਤਰ ਫਰਜ਼ ਹੈ। ਇਸ ਲਈ ਭਾਰਤ ਦੀ ਚੋਣ ਪ੍ਰਣਾਲੀ ਵਿਚ ਕ੍ਰਾਂਤੀਕਾਰੀ ਸੁਧਾਰ ਕਰਨ ਦੀ ਲੋੜ ਹੈ ਤਾਂ ਜੋ ਚੋਣਾਂ ਵਿਚ ਦੂਰ-ਅੰਦੇਸ਼ੀ, ਸੂਝਵਾਨ ਤੇ ਇਮਾਨਦਾਰ ਵਿਅਕਤੀ ਭਾਗ ਲੈ ਕੇ ਦੇਸ਼ ਦੀ ਵਾਗ ਡੋਰ ਸੰਭਾਲਣ। ਪਰ ਵੱਡਾ ਸੁਆਲ ਇਹੋ ਹੈ ਕਿ ਅਜਿਹਾ ਕਰੇਗਾ ਕੌਣ?

*13 ਸਤੰਬਰ 2011*

# ਭਾਰਤੀ ਸਿਆਸਤਦਾਨਾਂ ਨੂੰ ਦੇਸ਼ ਨਾਲੋਂ ਆਪਣੇ ਹਿੱਤ ਪਿਆਰੇ

ਅਮਰੀਕਾ ਵਿਚ ਭਾਰਤੀ ਮੂਲ ਦੇ ਪਰਚੇ 'ਇੰਡੀਆ ਅਬਰੌਡ' ਦੇ 20 ਸਤੰਬਰ 2013 ਦੇ ਅੰਕ ਵਿਚ ਇਕ ਵਿਸ਼ਵ-ਪੱਧਰੀ ਉਦਮੀ ਦੀ ਮੁਲਾਕਾਤ ਪ੍ਰਕਾਸ਼ਿਤ ਹੋਈ ਹੈ, ਜਿਸ ਵਿਚ ਭਾਰਤੀ ਸਿਆਸਤਦਾਨਾਂ ਉਪਰ ਬੜੀਆਂ ਸਾਰਥਕ ਟਿੱਪਣੀਆਂ ਕੀਤੀਆਂ ਗਈਆਂ ਹਨ। ਰੋਜ਼ਰਜ਼ ਹੋਲਡਿੰਗਜ਼ ਐਂਡ ਬੀਲੈਂਡ ਇੰਨਟਰੈਸਟੇਸ ਇੰਨਕ ਦੇ ਚੇਅਰਮੈਨ ਜੇਮਜ਼ ਬੀਲੈਂਡ ਰੋਜ਼ਰਜ਼ ਜੂਨੀਅਰ ਨੇ ਆਪਣੀ ਹਾਲ ਹੀ ਵਿਚ ਪ੍ਰਕਾਸ਼ਿਤ ਪੁਸਤਕ 'ਸਟਰੀਟ ਸਮਾਰਟਸ ਐਂਡਵੈਂਚਰਜ਼ ਔਨ ਦਾ ਰੋਡ ਐਂਡ ਦਾ ਮਾਰਕੀਟ' ਵਿਚ ਭਾਰਤੀ ਸਰਕਾਰ ਦੀ ਖਿਚਾਈ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਭਾਰਤ ਦੁਨੀਆਂ ਦਾ ਸੈਰ-ਸਪਾਟੇ ਲਈ ਸਭ ਤੋਂ ਵਧੀਆ ਦੇਸ਼ ਹੈ ਪਰ ਪੈਸੇ ਲਾਉਣ ਪੱਖੋਂ ਸਭ ਤੋਂ ਮਾੜਾ ਦੇਸ਼ ਹੈ।

ਰੋਜ਼ਰਜ਼ ਜੂਨੀਅਰ 1930 ਵਿਚ ਲੰਡਨ ਤੋਂ ਅਮਰੀਕਾ ਆਇਆ। ਦਸੰਬਰ 2007 ਵਿਚ ਉਹ ਅਮਰੀਕਾ ਵਿਚਲੀ ਆਪਣੀ ਕੋਠੀ 1 ਕਰੋੜ 60 ਲੱਖ ਡਾਲਰ ਦੀ ਵੇਚ ਕੇ ਸਿੰਘਾਪੁਰ ਚਲਿਆ ਗਿਆ। ਅਮਰੀਕਾ ਦੇ ਇਸ ਪ੍ਰਸਿੱਧ ਉਦਮੀ ਨਾਲ ਏ. ਗਣੇਸ਼ ਨਾਦਰ ਨੇ ਭਾਰਤੀ ਅਰਥ ਵਿਵਸਥਾ ਬਾਰੇ ਜੋ ਪ੍ਰਸ਼ਨ ਪੁੱਛੇ, ਉਨ੍ਹਾਂ ਬਾਰੇ ਜੋ ਉੱਤਰ ਦਿੱਤੇ ਉਨ੍ਹਾਂ ਵਿਚੋਂ ਕਈਆਂ ਦੇ ਭਾਵੇਂ ਮੰਨਣਯੋਗ ਨਾ ਹੋਣ ਪਰ ਉਹ ਵਿਚਾਰਨਯੋਗ ਜ਼ਰੂਰ ਹਨ।

ਇਹ ਪੁੱਛੇ ਜਾਣ 'ਤੇ ਕਿ ਤੁਸੀਂ ਕਹਿੰਦੇ ਹੋ ਕਿ ਅਰਥ ਵਿਵਸਥਾ ਨਾਲ ਨਿਪਟਣ ਲਈ ਭਾਰਤੀ ਸਿਆਸਤਦਾਨਾਂ ਨੇ ਇਕ ਦੇ ਬਾਅਦ ਦੂਜੀ ਗਲਤੀ ਕੀਤੀ, ਪਰ ਹੁਣ ਇਹ ਦੱਸੋ ਕਿ ਉਹ ਹੁਣ ਕੀ ਕਰਨ ?

ਇਸ ਦੇ ਉਤਰ ਵਿਚ ਉਸ ਦਾ ਕਹਿਣਾ ਹੈ ਕਿ ਭਾਰਤੀ ਸਿਆਸਤਦਾਨ ਆਪਣੇ ਅਤੇ ਆਪਣੇ ਦੋਸਤਾਂ ਦੇ ਹਿੱਤਾਂ ਦਾ ਧਿਆਨ ਰੱਖਣ ਵਿਚ ਬੜੇ ਨਿਪੁੰਨ ਹਨ, ਪਰ ਉਨ੍ਹਾਂ ਨੂੰ ਆਪਣੇ ਦੇਸ਼ ਨੂੰ ਕਿਵੇਂ ਚਲਾਉਣਾ ਹੈ, ਇਸ ਦਾ ਪਤਾ ਨਹੀਂ। ਉਨ੍ਹਾਂ ਨੂੰ ਸਭ ਤੋਂ ਪਹਿਲਾਂ ਕਰੰਸੀ ਨੂੰ ਤਬਦੀਲ ਕਰਨਯੋਗ (ਕਨਵਰਟੀਬਲ) ਬਨਾਉਣਾ ਚਾਹੀਦਾ ਹੈ। ਉਨ੍ਹਾਂ ਨੂੰ ਅਮਰੀਕਾ, ਆਸਟਰੇਲੀਆ, ਜਰਮਨੀ ਅਤੇ ਦੂਜੇ ਆਜ਼ਾਦ ਅਰਥਕ ਵਿਵਸਥਾ ਵਾਲੇ ਮੁਲਕਾਂ ਵਾਂਗ ਆਪਣੀ ਮਾਰਕੀਟ ਨੂੰ ਖੋਲ੍ਹ ਦੇਣਾ ਚਾਹੀਦਾ ਹੈ। ਦੁਨੀਆਂ ਦਾ ਕੋਈ ਵੀ ਵਿਅਕਤੀ ਭਾਰਤ ਵਿਚ ਪੈਸਾ ਲਾਵੇ, ਇਸ ਦੀ ਖੁੱਲ੍ਹ ਹੋਣੀ ਚਾਹੀਦੀ ਹੈ ਤੇ ਭਾਰਤੀਆਂ

ਨੂੰ ਦੁਨੀਆਂ ਦੇ ਕਿਸੇ ਵੀ ਦੇਸ਼ ਵਿਚ ਪੈਸਾ ਲਾਉਣ ਦੀ ਆਗਿਆ ਹੋਣੀ ਚਾਹੀਦੀ ਹੈ। ਉਸ ਦਾ ਕਹਿਣਾ ਹੈ ਕਿ ਭਾਰਤ ਪਹਿਲਾਂ ਵਾਂਗ ਮਹਾਨ ਦੇਸ਼ ਬਣ ਸਕਦਾ ਹੈ ਜੇ ਸਬਸਿਡੀਆਂ ਖ਼ਤਮ ਕਰ ਦਿੱਤੀਆਂ ਜਾਣ, ਮਾਰਕੀਟ ਵਿਚ ਕੋਈ ਦਖਲ ਅੰਦਾਜ਼ੀ ਨਾ ਹੋਵੇ ਤੇ ਕਰੰਸੀ ਤਬਦੀਲ ਕਰਨਯੋਗ ਹੋਵੇ।

ਜਦੋਂ ਉਸ ਨੂੰ ਪੁੱਛਿਆ ਗਿਆ ਕਿ ਤੁਹਾਡਾ ਕਹਿਣਾ ਹੈ ਕਿ ਕੇਂਦਰੀ ਬੈਂਕਾਂ ਨੇ ਆਰਥਕ ਸੰਕਟ ਨੂੰ ਠੀਕ ਢੰਗ ਨਾਲ ਨਹੀਂ ਨਜਿਠਿਆ, ਠੀਕ ਢੰਗ ਕੀ ਸੀ ? ਤਾਂ ਉਸਦਾ ਕਹਿਣਾ ਸੀ ਕਿ ਹਾਲਾਤ ਨੂੰ ਆਪਣੇ ਆਪ ਨਜਿੱਠਣ ਦੇਣਾ ਚਾਹੀਦਾ ਸੀ। ਲੋਕਾਂ ਦਾ ਦਿਵਾਲਾ ਨਿਕਲ ਰਿਹਾ ਸੀ, ਦਿਵਾਲਾ ਨਿਕਲਣ ਦੇਣਾ ਚਾਹੀਦਾ ਸੀ। ਬੈਂਕ ਅੱਗੇ ਆਏ ਤੇ ਬੈਂਕਾਂ ਨੇ ਕਰਜ਼ਾ ਦੇ ਦਿੱਤਾ। ਬਾਅਦ ਵਿਚ ਲੋਕਾਂ ਨੂੰ ਪਤਾ ਲੱਗਾ ਕਿ ਜਿਹੜਾ ਕਰਜ਼ਾ ਅਸੀਂ ਬੈਂਕਾਂ ਤੋਂ ਲਿਆ ਹੈ ਉਹ ਦੇਣਾ ਪੈਣਾ ਹੈ। ਬੈਂਕਾਂ ਨੇ ਉਨ੍ਹਾਂ ਨੂੰ ਕਰਜ਼ਾ ਦੇ ਕੇ ਉਨ੍ਹਾਂ ਦਾ ਕਰਜ਼ਾ ਹੋਰ ਵਧਾ ਦਿੱਤਾ।

ਭਾਰਤ ਸਰਕਾਰ ਵਲੋਂ ਸੋਨੇ 'ਤੇ ਦਰਾਮਦੀ ਡਿਊਟੀ ਵਧਾਉਣ 'ਤੇ ਉਸ ਵੇਲੇ ਕੀਤੀ ਗਈ ਨੁਕਤਾਚੀਨੀ ਬਾਰੇ ਰੋਜ਼ਰਜ਼ ਜੂਨੀਅਰ ਦਾ ਕਹਿਣਾ ਹੈ ਕਿ ਭਾਰਤੀ ਔਰਤਾਂ ਸੋਨੇ ਉਪਰ ਵਧੇਰੇ ਇਸ ਲਈ ਖ਼ਰਚ ਕਰਦੀਆਂ ਹਨ ਕਿਉਂਕਿ ਉਹ ਇਸ ਵਿਚ ਪੈਸਾ ਲਾਉਣਾ ਵਧੇਰੇ ਸੁਰੱਖਿਅਤ ਸਮਝਦੀਆਂ ਹਨ ਜਦ ਕਿ ਅਮਰੀਕਾ ਵਿਚ ਔਰਤਾਂ ਸੋਨੇ ਦੀ ਥਾਂ 'ਤੇ ਮਾਰਕੀਟ ਵਿਚ ਪੈਸਾ ਲਾਉਣ ਨੂੰ ਪਹਿਲ ਦੇਂਦੀਆਂ ਹਨ। ਇਸ ਵਿਚ ਸਰਕਾਰ ਦਾ ਕਸੂਰ ਹੈ ਕਿ ਨਾ ਕਿ ਔਰਤਾਂ ਦਾ ਕਿਉਂਕਿ ਉਹ ਭਾਰਤੀ ਔਰਤ ਨੂੰ ਸੋਨੇ ਵਿਚ ਪੈਸਾ ਲਾਉਣ ਦੀ ਥਾਂ ਤੇ ਕਿਸੇ ਹੋਰ ਜਗ੍ਹਾ ਲਾਉਣ ਦਾ ਬਦਲ ਨਹੀਂ ਦੇ ਰਹੀ।

ਜੇ ਭਾਰਤ ਸਰਕਾਰ ਤੇਲ ਉੱਤੇ ਸਾਰੀਆਂ ਸਬਸਿਡੀਆਂ ਬੰਦ ਕਰ ਦੇਵੇ ਤੇ ਟੈਕਸ ਵੀ ਖ਼ਤਮ ਕਰ ਦੇਵੇ ਤਾਂ ਇਸ ਦਾ ਕੀ ਪ੍ਰਭਾਵ ਪਵੇਗਾ ? ਇਸ ਸੰਬੰਧੀ ਉਸ ਦਾ ਕਹਿਣਾ ਹੈ ਕਿ ਟੈਕਸਾਂ ਨਾਲ ਕੀਮਤਾਂ ਵੱਧਦੀਆਂ ਹਨ ਅਤੇ ਸਬਸਿਡੀਆਂ ਨਾਲ ਘਟਦੀਆਂ ਹਨ। ਸਬਸਿਡੀਆਂ ਬੰਦ ਕਰਨ ਨਾਲ ਸਰਕਾਰ ਦਾ ਬੋਝ ਘਟਦਾ ਹੈ। ਅਮਰੀਕਾ ਵਿਚ ਜਦ ਤੇਲ ਦੀਆਂ ਕੀਮਤਾਂ ਵਧਦੀਆਂ ਹਨ ਤੇ ਲੋਕ ਤੇਲ ਦੀ ਵਰਤੋਂ ਘੱਟ ਕਰ ਦਿੰਦੇ ਹਨ, ਜਿਸ ਨਾਲ ਉਨ੍ਹਾ ਦੀ ਕੁਸ਼ਲਤਾ ਵਧਦੀ ਹੈ। ਭਾਰਤ ਵਿਚ ਵੀ ਜ਼ਿਆਦਾ ਕੀਮਤਾਂ ਨਾਲ ਤੇਲ ਦੀ ਖਪਤ ਘਟੇਗੀ ਤੇ ਲੋਕਾਂ ਵਿਚ ਕੁਸ਼ਲਤਾ ਆਵੇਗੀ।

ਮੁਦਰਾ ਨੂੰ ਤਬਦੀਲ ਕਰਨਯੋਗ ਬਣਾਉਣ ਨਾਲ ਇਸ ਦਾ ਕੀ ਲਾਭ ਹੋਵੇਗਾ ? ਇਸ ਸੰਬੰਧੀ ਉਨ੍ਹਾਂ ਦਾ ਕਹਿਣਾ ਹੈ ਕਿ ਹੋ ਸਕਦਾ ਹੈ ਇਹ ਹੋਰ ਹੇਠਾਂ ਜਾਵੇ ਪਰ ਅਖ਼ੀਰ ਵਿਚ ਇਹ ਸਹੀ ਠਿਕਾਣੇ 'ਤੇ ਆ ਜਾਵੇਗੀ, ਜਦੋਂ ਆਰਥਕਤਾ ਸੁਧਰੇਗੀ। ਵਿਸ਼ੇਸ਼ ਕੀਮਤ 'ਤੇ ਇਸ ਨੂੰ ਰੱਖਣ ਨਾਲ ਜੋ ਬੋਝ ਸਰਕਾਰ ਉਪਰ ਪੈ ਰਿਹਾ ਹੈ ਉਹ ਖ਼ਤਮ ਹੋ ਜਾਵੇਗਾ।

ਜੇ ਉਹ ਖ਼ਜ਼ਾਨਾ ਮੰਤਰੀ ਹੋਣ ਤਾਂ ਕੀ ਕਰਨਗੇ ? ਇਸ ਦੇ ਜੁਆਬ ਵਿਚ ਉਨ੍ਹਾਂ ਦਾ ਕਹਿਣਾ ਹੈ ਕਿ ਉਹ ਸਵੇਰੇ ਮੁਦਰਾ (ਕਰੰਸੀ) ਨੂੰ ਤਬਦੀਲ ਕਰਨਯੋਗ ਬਨਾਉਣਗੇ ਤੇ ਦੁਪਹਿਰ ਬਾਅਦ ਘਾਟੇ ਦੇ ਬਜਟ ਨਾਲ ਖਰਚ ਕਰਨ ਨੂੰ ਕਰਜ਼ੇ ਵਾਲੀਆਂ ਸਕੀਮਾਂ ਨਹੀਂ ਚਲਾਉਣ ਦੇਣਗੇ। ਉਹ ਖੁੱਲੀ (ਫਰੀ) ਮਾਰਕੀਟ ਦੇ ਹੱਕ ਵਿਚ ਹਨ। ਉਹ ਖੇਤੀਬਾੜੀ ਨੂੰ ਕੰਟਰੋਲ ਮੁਕਤ ਕਰ ਕੇ ਦੁਨੀਆਂ ਦੇ ਮੁਕਾਬਲੇ 'ਤੇ ਖੜਾ ਕਰਨਗੇ। ਸਾਰੀਆਂ

ਸਬਸਿਡੀਆਂ ਬੰਦ ਕਰਨਗੇ। ਕਿਸਾਨਾਂ ਨੂੰ ਹਰ ਚੀਜ਼ ਦੀ ਖੁੱਲ੍ਹ ਹੋਣੀ ਚਾਹੀਦੀ ਹੈ। ਜ਼ਮੀਨਾਂ ਕੰਟਰੋਲ ਮੁਕਤ ਹੋਣ, ਸਬਸਿਡੀਆਂ ਬੰਦ ਹੋਣ, ਖਾਦਾਂ ਦੀਆਂ ਉੱਚੀਆਂ ਕੀਮਤਾਂ ਤੋਂ ਕਿਸਾਨਾਂ ਨੂੰ ਮੁਕਤੀ ਦਿਵਾਈ ਜਾਵੇ। ਇਸ ਨਾਲ ਭਾਰਤੀ ਕਿਸਾਨ ਵਿਦੇਸ਼ਾਂ ਵਿਚ ਆਪਣਾ ਸਾਮਾਨ ਬਰਾਮਦ ਕਰਕੇ ਚੰਗੀ ਕਮਾਈ ਕਰ ਸਕਦੇ ਹਨ। ਕੋਈ ਵੀ ਵਿਅਕਤੀ ਭਾਰਤ ਵਿਚ ਪੈਸੇ ਲਾਵੇ ਉਸ ਨੂੰ ਜੀਅ ਆਇਆਂ ਤੇ ਜਿਹੜਾ ਭਾਰਤੀ ਬਾਹਰ ਪੈਸਾ ਲਾਵੇ ਉਸ ਦਾ ਵੀ ਸੁਆਗਤ।

ਜੇ ਅਸੀਂ ਇਸ ਅਮਰੀਕੀ ਉਦਮੀ ਦੇ ਵਿਚਾਰਾਂ ਵੱਲ ਝਾਤ ਮਾਰੀਏ ਤਾਂ ਕਈ ਗੱਲਾਂ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ। ਜਿੱਥੋਂ ਤੀਕ ਕਿਸਾਨਾਂ ਦੀਆਂ ਸਬਸਿਡੀਆਂ ਦਾ ਸਬੰਧ ਹੈ, ਅਮਰੀਕਾ ਵਿਚ ਵੀ ਕਿਸਾਨਾਂ ਨੂੰ ਸਬਸਿਡੀ ਦਿੱਤੀ ਜਾਂਦੀ ਹੈ। ਜਿਹੋ ਜਿਹੀ ਅਰਥ ਵਿਵਸਥਾ ਉਹ ਚਾਹੁੰਦੇ ਹਨ ਉਸ ਨਾਲ ਭਾਰਤੀ ਅਰਥ ਸ਼ਾਸਤਰੀਆਂ ਦਾ ਕਈ ਨੁਕਤਿਆਂ ਤੋਂ ਸਹਿਮਤ ਹੋਣਾ ਮੁਮਕਨ ਨਹੀਂ। ਪਰ ਫਿਰ ਵੀ ਉਨ੍ਹਾਂ ਦੀ ਪੁਸਤਕ ਦਾ ਅਧਿਐਨ ਭਾਰਤੀ-ਸ਼ਾਸਤਰੀਆਂ ਲਈ ਮਹੱਤਵਪੂਰਨ ਹੈ। ਉਸ ਦੀ ਇਹ ਗਲ ਠੀਕ ਹੈ ਕਿ ਸਿਆਸਤਦਾਨਾਂ ਨੂੰ ਦੇਸ਼ ਨਾਲੋਂ ਨਿੱਜੀ ਹਿੱਤ ਪਿਆਰੇ ਹਨ। ਉਨ੍ਹਾਂ ਨੂੰ ਦੇਸ਼ ਚਲਾਉਣਾ ਨਹੀਂ ਆ ਰਿਹਾ। ਇਸ ਦੀ ਮਿਸਾਲ ਅਸੀਂ ਰੁਪਏ ਦੀ ਕੀਮਤ ਤੋਂ ਲੈ ਲੈਂਦੇ ਹਾਂ। ਜੇ ਗ਼ਦਰ ਪਾਰਟੀ ਦਾ ਇਤਿਹਾਸ ਪੜ੍ਹੋ ਤਾਂ ਪਤਾ ਲਗਦਾ ਹੈ ਕਿ 1912-13 ਵਿਚ ਅਮਰੀਕੀ ਡਾਲਰ ਦੀ ਕੀਮਤ 3 ਰੁਪਏ ਹੁੰਦੀ ਸੀ, ਜੋ 1964 ਵਿਚ ਤਕਰੀਬਨ 6 ਰੁਪਏ ਸੀ ਪਰ ਹੁਣ 66 ਰੁਪਏ ਦੇ ਕਰੀਬ ਹੈ। ਇਹ ਭਾਰਤ ਸਰਕਾਰ ਦੀ ਨਾਕਾਮੀ ਦਾ ਪ੍ਰਤੱਖ ਸਬੂਤ ਹੈ। ਇਸ ਨਾਲ ਸਾਨੂੰ ਤੇਲ ਤੇ ਹੋਰ ਦਰਾਮਦਾਂ ਮਹਿੰਗੀਆਂ ਪੈ ਰਹੀਆਂ ਹਨ ਤੇ ਜਿਹੜਾ ਮਾਲ ਬਾਹਰ ਭੇਜਦੇ ਹਾਂ, ਉਸ ਤੋਂ ਘੱਟ ਡਾਲਰ ਆ ਰਹੇ ਹਨ। ਰਿਸ਼ਵਤਖੋਰੀ ਤੇ ਬਲੈਕ ਮਨੀ ਵਿਰੁਧ ਸਖ਼ਤ ਕਦਮ ਨਾ ਚੁਕਣੇ, ਇਸ ਭਾਰਤੀ ਸਿਆਸਤਦਾਨਾਂ ਦੀ ਖ਼ੁਦਗਰਜ਼ੀ ਦੀ ਸਭ ਤੋਂ ਵਡੀ ਮਿਸਾਲ ਹੈ।

*26 ਦਸੰਬਰ 2013*

# ਅਮਰੀਕਾ ਵਿਚ ਉਸਰ ਰਹੀ ਹੈ ਮੋਦੀ ਵਿਰੋਧੀ ਲਹਿਰ

ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਉਪਰ 2002 ਵਿਚ ਮੁਸਲਮਾਨਾਂ ਦੇ ਕਤਲੇਆਮ ਕਰਕੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਦੋਸ਼ ਹੈ, ਜਦ ਉਹ ਗੁਜਰਾਤ ਦੇ ਮੁੱਖ-ਮੰਤਰੀ ਸਨ। ਇਸ ਕਰਕੇ ਅਮਰੀਕਾ ਵਿਚ ਉਨ੍ਹਾਂ ਦਾ ਦਾਖਲਾ ਬੰਦ ਸੀ। ਪਿਛਲੇ ਸਾਲ ਉਨ੍ਹਾਂ ਨੂੰ ਬਤੌਰ ਪ੍ਰਧਾਨ ਮੰਤਰੀ ਅਮਰੀਕਾ ਜਾਣ ਦੀ ਆਗਿਆ ਮਿਲ ਗਈ। ਇਸ ਤੋਂ ਪਹਿਲਾਂ ਮਾਰਚ 2013 ਵਿਚ ਉਨ੍ਹਾਂ ਨੇ ਪੈਨੀਸਲਵੇਨੀਆ ਦੇ ਇਕ ਬਹੁਤ ਹੀ ਮਹੱਤਵਪੂਰਨ ਵਾਰਟਨ ਇੰਡੀਆ ਐਕਨਾਮਿਕ ਫੋਰਮ ਵਿਚ ਕੁੰਜੀਗਤ ਭਾਸ਼ਨ ਪੜ੍ਹਨਾ ਸੀ, ਜੋ ਵਿਦਿਆਰਥੀਆਂ ਅਤੇ ਪ੍ਰੋਫ਼ੈਸਰਾਂ ਦੇ ਵਿਰੋਧ ਕਾਰਨ ਰਦ ਹੋ ਗਿਆ।

2002 ਵਿਚ ਮੁਸਲਮਾਨਾਂ ਦੇ ਕਤਲੇਆਮ ਤੋਂ ਬਾਅਦ ਉਨ੍ਹਾਂ ਉਪਰ ਗੁਜਰਾਤ ਦੇ ਭੁਜ ਦੇ ਕਿਸਾਨਾਂ ਨੂੰ ਉਜਾੜਨ ਦਾ ਦੋਸ਼ ਹੈ, ਜਿਨ੍ਹਾਂ ਵਿਚ ਬਹੁਤੇ ਸਿੱਖ ਹਨ। ਜਦ 1965 ਵਿਚ ਹਿੰਦ ਪਾਕਿਸਤਾਨ ਲੜਾਈ ਹੋਈ ਸੀ ਤਾਂ ਪੰਜਾਬ ਵਿਚ ਲੋਕਾਂ ਨੇ ਫ਼ੌਜ ਦੀ ਬੜੀ ਮਦਦ ਕੀਤੀ ਸੀ ਪਰ ਗੁਜਰਾਤ ਦਾ ਸਰਹੱਦੀ ਇਲਾਕਾ ਸਾਰਾ ਵਿਰਾਨ ਸੀ ਤਾਂ ਉਸ ਸਮੇਂ ਦੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਪੰਜਾਬੀਆਂ ਨੂੰ ਉਥੇ ਜਾ ਕੇ ਵਾਹੀ ਕਰਨ ਲਈ ਪ੍ਰੇਰਿਆ। ਸਭ ਤੋਂ ਪਹਿਲਾਂ 100 ਸਿੱਖ ਪੰਜਾਬੀ ਪਰਿਵਾਰ ਆਏ ਤੇ ਹਰੇਕ ਨੂੰ 48 ਏਕੜ ਜ਼ਮੀਨ ਦਿੱਤੀ ਗਈ। ਬਾਅਦ ਵਿਚ ਹਰਿਆਣਾ, ਮੱਧ ਪ੍ਰਦੇਸ਼ ਤੇ ਰਾਜਸਥਾਨ ਤੋਂ ਸਿੱਖ ਤੇ ਹੋਰ ਪਰਿਵਾਰਾਂ ਨੇ ਆ ਕੇ ਇਸ ਵਿਰਾਨ ਇਲਾਕੇ ਨੂੰ ਹਰਾ ਭਰਾ ਕਰ ਦਿੱਤਾ ਤੇ ਇਹ ਕਪਾਹ, ਕਣਕ ਤੇ ਬੀਜ ਪੈਦਾ ਕਰਨ ਵਾਲਾ ਖੇਤਰ ਬਣ ਗਿਆ। ਇਸ ਸਮੇਂ 5000 ਪਰਿਵਾਰਾਂ ਜਿਨ੍ਹਾਂ ਵਿਚੋਂ ਬਹੁਤੇ ਸਿੱਖ ਹਨ ਪਾਸ 1 ਲੱਖ ਏਕੜ ਜ਼ਮੀਨ ਹੈ। ਬਤੌਰ ਮੁੱਖ-ਮੰਤਰੀ ਮੋਦੀ ਨੇ ਉਨ੍ਹਾਂ ਦੀ ਲੀਜ਼ ਨੂੰ ਮੁੜ ਜਾਰੀ ਨਾ ਕੀਤਾ ਜਦ ਕਿ ਹਰਿਆਣਾ ਵਿਚ ਮੁੱਖ ਮੰਤਰੀ ਭੁਪਿੰਦਰ ਸਿੰਘ ਹੁਡਾ ਨੇ ਅਜਿਹੇ ਮਾਮਲੇ ਵਿਚ ਪੰਜਾਬੀ ਕਿਸਾਨਾਂ ਦੀ ਲੀਜ਼ ਮੁੜ ਜਾਰੀ ਕਰ ਦਿੱਤੀ। ਗੁਜਰਾਤ ਦੇ ਕਿਸਾਨਾਂ ਨੇ ਉਨ੍ਹਾਂ ਨੂੰ ਉਜਾੜਨ ਵਿਰੁੱਧ ਗੁਜਰਾਤ ਹਾਈਕੋਰਟ ਵਿਚ ਕੇਸ ਕਰ ਦਿੱਤਾ। ਗੁਜਰਾਤ ਹਾਈਕੋਰਟ ਨੇ ਕਿਸਾਨਾਂ ਦੇ ਹੱਕ ਵਿਚ ਫ਼ੈਸਲਾ ਦੇ ਦਿੱਤਾ। ਮੋਦੀ ਦੀ ਅਗਵਾਈ ਵਾਲੀ ਗੁਜਰਾਤ ਸਰਕਾਰ ਸੁਪਰੀਮ ਕੋਰਟ ਵਿਚ ਚਲੀ ਗਈ ਤੇ ਇਹ ਕੇਸ ਅਜੇ ਵੀ ਸੁਪਰੀਮ ਕੋਰਟ ਵਿਚ ਹੈ। ਕਿਸਾਨਾਂ ਦਾ ਇਹ ਕੇਸ ਆਮ ਪਾਰਟੀ ਦੇ ਆਨੰਦਪੁਰ ਸਾਹਿਬ ਤੋਂ ਹਾਰੇ ਲੋਕ ਸਭਾ ਉਮੀਦਵਾਰ ਐਡਵੋਕੇਟ ਹਿੰਮਤ ਸਿੰਘ ਸ਼ੇਰਗਿੱਲ ਲੜ ਰਹੇ ਹਨ।

ਇਸ ਤਰ੍ਹਾਂ ਜਿਥੇ ਮੁਸਲਮਾਨਾਂ ਵੱਲੋਂ ਮੋਦੀ ਵਿਰੁੱਧ ਗੁੱਸਾ ਸੀ, ਉਸ ਦੇ ਨਾਲ ਸਿੱਖ ਵੀ ਰਲ ਗਏ। ਇਸ ਦਾ ਸਿੱਟਾ ਇਹ ਨਿਕਲਿਆ ਕਿ ਜਦ ਪਿਛਲੇ ਸਾਲ ਸਤੰਬਰ ਵਿਚ

ਪ੍ਰਧਾਨ ਮੰਤਰੀ ਅਮਰੀਕਾ ਗਏ ਤਾਂ ਮਨੁੱਖੀ ਅਧਿਕਾਰ ਸੰਸਥਾਵਾਂ ਉਨ੍ਹਾਂ ਵਿਰੁੱਧ ਲਾਮਬੰਦ ਹੋ ਗਈਆਂ। ਜਦ ਹਜ਼ਾਰਾਂ ਵਿਅਕਤੀ ਪ੍ਰਧਾਨ ਮੰਤਰੀ ਦਾ ਨਿਊਯਾਰਕ ਦੇ ਮੈਡੀਸਨ ਸੁਕੇਅਰ ਵਿਚ ਸੁਆਗਤ ਕਰ ਰਹੇ ਸਨ ਤਾਂ ਉਨ੍ਹਾਂ ਦੇ ਸਾਹਮਣੇ ਐਲੀਆਂਸ ਫਾਰ ਜਸਟਿਸ ਐਂਡ ਅਕਾਊਂਟੀਬਿਲਟੀ (ਏ.ਜੀ.ਏ.) ਦੇ ਮੈਂਬਰ ਰੋਸ ਪ੍ਰਦਰਸ਼ਨ ਕਰ ਰਹੇ ਸਨ। ਉਨ੍ਹਾਂ ਨੇ ਹੱਥਾਂ ਵਿਚ ਬੈਨਰ ਤੇ ਤਖ਼ਤੀਆਂ ਫੜੀਆਂ ਹੋਈਆਂ ਸਨ ਜਿਨ੍ਹਾਂ 'ਤੇ ਲਿਖਿਆ ਹੋਇਆ ਸੀ 'ਹੋਰ ਨਫ਼ਰਤ ਨਹੀਂ, ਹੋਰ ਕਤਲ ਨਹੀਂ', 'ਮੋਦੀ ਨੂੰ ਗ੍ਰਿਫ਼ਤਾਰ ਕਰੋ ਤੇ ਮੁਕੱਦਮਾ ਚਲਾਉ' ਵਗੈਰਾ ਵਗੈਰਾ। ਇਕ ਮੈਂਬਰ ਦਾ ਕਹਿਣਾ ਸੀ ਕਿ 70% ਭਾਰਤੀਆਂ ਨੇ ਮੋਦੀ ਨੂੰ ਵੋਟਾਂ ਨਹੀਂ ਪਾਈਆਂ ਅਤੇ ਵੀ ਉਨ੍ਹਾਂ ਵਿਚੋਂ ਇਕ ਹੈ।

ਜਦ 30 ਸਤੰਬਰ 2014 ਨੂੰ ਵਾਇਟ ਹਾਊਸ ਵਿਚ ਪ੍ਰਧਾਨ ਮੰਤਰੀ ਦੀ ਅਮਰੀਕੀ ਰਾਸ਼ਟਰਪਤੀ ਨਾਲ ਮੀਟਿੰਗ ਹੋਈ ਤਾਂ ਵਾਇਟ ਹਾਊਸ ਦੇ ਸਾਹਮਣੇ ਪਾਰਕ ਵਿਚ 'ਦਾ ਸਿੱਖ ਫਾਰ ਜਸਟਿਸ' ਵੱਲੋਂ 'ਸਿਟੀਜ਼ਨ'ਸ ਕੋਰਟ' (ਭਾਵ ਕਿ ਸ਼ਹਿਰੀਆਂ ਦੀ ਅਦਾਲਤ) ਲਾਈ ਗਈ ਜਿਸ ਵਿਚ ਇਕ ਨਕਲੀ ਅਦਾਲਤੀ ਕਮਰਾ ਸਥਾਪਤ ਕੀਤਾ ਗਿਆ, ਜਿਥੇ ਮੁਕੱਦਮੇ ਦੀ ਕਾਰਵਾਈ ਹੋਈ। ਅਮਰੀਕਾ ਵਿਚ ਪੰਜਾਬੀ ਚੈਨਲਾਂ ਨੇ ਇਸ ਦਾ ਸਿੱਧਾ ਪ੍ਰਸਾਰਨ ਕੀਤਾ।

ਹੁਣ ਜਦ 23 ਸਤੰਬਰ 2015 ਮੋਦੀ ਅਮਰੀਕਾ ਜਾ ਰਹੇ ਹਨ ਤਾਂ ਗੁਜਰਾਤ ਦੇ ਪਟੀਦਾਰਾਂ ਵੱਲੋਂ ਜ਼ਬਰਦਸਤ ਵਿਖਾਵੇ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਗੁਜਰਾਤ ਵਿਚ ਪਟੇਲਾਂ ਵੱਲੋਂ ਰਾਖਵਾਂਕਰਨ ਅੰਦੋਲਨ ਸਮੇਂ ਪੁਲਿਸ ਵੱਲੋਂ ਮੁਜ਼ਾਹਰਾਕਾਰੀਆਂ ਨਾਲ ਕੀਤੇ ਦੁਰਵਿਹਾਰ ਦਾ ਪਟੇਲਾਂ ਵਿਚ ਬਹੁਤ ਗੁੱਸਾ ਹੈ। ਅਮਰੀਕਾ ਵਿਚ ਰਹਿੰਦੇ ਪਟੇਲਾਂ ਨੇ 'ਓਵਰਸੀਜ਼ ਪਟੀਦਾਰ ਅੰਦੋਲਨ ਸਮਿਤੀ' (ਓ.ਪੀ.ਏ.ਐਸ.) ਨਾਂ ਦੀ ਸੰਸਥਾ ਬਣਾਈ ਹੈ, ਜੋ ਰੋਸ ਮੁਜ਼ਾਹਰਿਆਂ ਦਾ ਪ੍ਰੋਗਰਾਮ ਉਲੀਕ ਰਹੀ ਹੈ। ਇਸ ਸੰਸਥਾ ਦੇ ਤੇਜਾਸ ਪਟੇਲ ਅਨੁਸਾਰ ਉਨ੍ਹਾਂ ਅਮਰੀਕੀ ਅਧਿਕਾਰੀਆਂ ਵੱਲੋਂ ਯੂ.ਐਨ. ਹੈੱਡਕੁਆਟਰ ਤੋਂ ਨਿਊਯਾਰਕ ਦੇ ਭਾਰਤੀ ਸਫ਼ਾਰਤਖਾਨੇ ਦੇ 3.5 ਕਿਲੋਮੀਟਰ ਰਸਤੇ 'ਤੇ ਮਾਰਚ ਕਰਨ ਦੀ ਆਗਿਆ ਲੈ ਲਈ ਹੈ। ਉਨ੍ਹਾਂ ਵੱਲੋਂ ਕਾਲੇ ਕਪੜੇ ਪਾ ਕੇ ਮੋਦੀ ਨੂੰ ਕਾਲੇ ਝੰਡੇ ਵਿਖਾ ਕੇ ਮੁਜ਼ਾਹਰਾ ਕੀਤਾ ਜਾਵੇਗਾ।

ਇਸੇ ਸੰਸਥਾ ਦੇ ਇਕ ਹੋਰ ਆਗੂ ਸਤੀਸ਼ ਪਟੇਲ ਅਨੁਸਾਰ ਉਨ੍ਹਾਂ ਨੇ ਮੈਡੀਸਨ ਸੁਕੇਅਰ ਦੇ ਸਮਾਗਮ ਲਈ 11.86 ਲੱਖ ਡਾਲਰ ਦਿੱਤੇ ਸਨ। ਉਹ ਹੁਣ ਇਸ ਰਕਮ ਦੀ ਮੰਗ ਕਰਨਗੇ। ਇਕ ਹੋਰ ਖਬਰ ਅਨੁਸਾਰ ਪਟੀਦਾਰ ਫਿਰਕੇ ਦੇ ਗੁਜਰਾਤੀ ਮੂਲ ਦੇ ਲੋਕ ਅਮਰੀਕਾ, ਆਸਟਰੇਲੀਆ ਅਤੇ ਇੰਗਲੈਂਡ ਵਿਚ ਵੱਡੀ ਗਿਣਤੀ ਵਿਚ ਰਹਿੰਦੇ ਹਨ। ਵਿਦੇਸ਼ਾਂ ਤੋਂ ਵੱਡੀ ਗਿਣਤੀ ਵਿਚ ਪਟੀਦਾਰ ਸਮਾਜ ਦੇ ਲੋਕ ਅਮਰੀਕਾ ਆਉਣਗੇ। ਅਮਰੀਕਾ ਵਿਚ ਬੀ.ਜੇ.ਪੀ. ਦੇ ਆਗੂ ਵੀ ਆਪਣੇ ਭਰਾਵਾਂ ਨਾਲ ਖੜ੍ਹੇ ਹਨ ਤੇ ਉਹ ਮੋਦੀ ਨੂੰ ਜ਼ਰੂਰ ਪੁਛਣਗੇ ਕਿ 25 ਅਗਸਤ ਨੂੰ ਰਾਖਵੇਂਕਰਨ ਅੰਦੋਲਨ ਸਮੇਂ ਪੁਲਿਸ ਨੂੰ ਗੋਲੀਆਂ ਚਲਾਉਣ ਦਾ ਅਧਿਕਾਰ ਕਿਸ ਨੇ ਦਿੱਤਾ ? ਅੰਦੋਲਨ ਚਲਾ ਰਹੇ ਆਗੂਆਂ ਅਨੁਸਾਰ ਉਨ੍ਹਾਂ ਨੇ ਭਾਰਤ ਵਿਚਲੇ ਭਰਾਵਾਂ ਨੂੰ ਕਿਹਾ ਕਿ ਉਹ ਸਰਦਾਰ ਪਟੇਲ ਦੇ ਜਨਮ ਦਿਨ 31 ਅਕਤੂਬਰ ਤੋਂ ਪਿੱਛੋਂ ਟੈਕਸ ਦੇਣੇ ਬੰਦ ਕਰ ਦੇਣ।

ਪਰਵਾਸੀ ਗੁਜਰਾਤੀ ਇਸ ਲਈ ਪ੍ਰੇਸ਼ਾਨ ਹਨ ਕਿ ਉਨ੍ਹਾਂ ਨੇ ਲੋਕ ਸਭਾ ਚੋਣਾਂ ਸਮੇਂ ਦਿਲ ਖੋਲ੍ਹ ਕੇ ਫੰਡ ਦਿੱਤਾ ਅਤੇ ਮੋਦੀ ਦੇ ਹੱਕ ਵਿਚ ਐਸਾ ਮਾਹੌਲ ਬਣਾਇਆ ਜੋ ਉਸ ਦੀ ਜਿੱਤ ਦਾ ਕਾਰਨ ਬਣਿਆ ਤੇ ਉਸ ਪਿੱਛੋਂ ਮੈਡੀਸਨ ਸੁਕੇਅਰ ਲਈ ਦਿਲ ਖੋਲ੍ਹ ਕੇ ਫੰਡ ਦਿੱਤੇ ਪਰ 25 ਅਗਸਤ ਨੂੰ ਉਨ੍ਹਾਂ ਨਾਲ ਜੋ ਅਣਮਨੁੱਖੀ ਵਰਤਾਅ ਪੁਲਿਸ ਤੇ ਗੁਜਰਾਤ ਸਰਕਾਰ ਨੇ ਕੀਤਾ, ਉਹ ਬਰਦਾਸ਼ਤ ਕਰਨ ਤੋਂ ਬਾਹਰ ਹੈ।

ਉਧਰ ਸਿਲੀਕਾਨ ਵੈਲੀ ਵਿਚ ਮੋਦੀ ਦੀ ਆਉ ਭਗਤ ਲਈ ਤਿਆਰੀਆਂ ਜ਼ੋਰਾਂ ਸ਼ੋਰਾਂ 'ਤੇ ਹਨ। ਸਾਨਫਰਾਂਸਿਸਕੋ ਉਹ ਜਗਾਹ ਹੈ ਜੋ ਕਿ ਗ਼ਦਰ ਪਾਰਟੀ ਦਾ ਹੈਡ ਕੁਆਟਰ ਸੀ। ਇਥੋਂ ਦੀ ਯੂਨੀਵਰਸਿਟੀ ਆਫ਼ ਕੈਲੀਫੋਰਨੀਆ, ਬਰਕਲੇ ਤੋਂ ਲਾਲਾ ਹਰਦਿਆਲ, ਤਾਰਕ ਨਾਥ ਦਾਸ, ਮੁਹੰਮਦ ਬਰਕਤਉਲਾ, ਜੈ ਪ੍ਰਕਾਸ਼ ਨਰੈਣ ਅਤੇ ਹੋਰ ਅਨੇਕਾਂ ਭਾਰਤੀ ਪੜ੍ਹੇ। ਕੈਲੀਫੋਰਨੀਆ ਸੂਬੇ ਵਿਚ ਸਭ ਤੋਂ ਵੱਧ ਭਾਰਤੀ ਰਹਿੰਦੇ ਹਨ ਤੇ ਇਨ੍ਹਾਂ ਦੀ ਗਿਣਤੀ ਕੋਈ 5 ਲੱਖ ਦੇ ਉਪਰ ਹੈ। ਸਿਲੀਕਾਨ ਵੈਲੀ ਐਚ.ਪੀ., ਗੁਗਲ, ਔਰੇਕਲ, ਇਨਟੈਲ, ਫੇਸ ਬੁਕ, ਟਵਿਟਰ ਆਦਿ ਦਾ ਘਰ ਹੈ। ਇਨ੍ਹਾਂ ਨੂੰ ਸ਼ੁਰੂ ਕਰਨ ਵਾਲਿਆਂ ਵਿਚੋਂ ਪਰਵਾਸੀਆਂ ਦਾ ਵਿਸ਼ੇਸ਼ ਯੋਗਦਾਨ ਹੈ। ਇਨ੍ਹਾਂ ਵਿਚੋਂ 15% ਭਾਰਤੀ ਹਨ।

ਪ੍ਰਧਾਨ ਮੰਤਰੀ ਦਾ ਸਿਲੀਕਾਨ ਵੈਲੀ ਦਾ ਦੌਰੇ ਨੂੰ ਉਨ੍ਹਾਂ ਵੱਲੋਂ ਸ਼ੁਰੂ ਕੀਤੀ ਗਈ ਡਿਜ਼ੀਟਲ ਇੰਡੀਆ ਇਨੀਸੀਏਟਿਵ ਮੁਹਿੰਮ ਵੱਲੋਂ ਵੇਖਿਆ ਜਾ ਰਿਹਾ ਹੈ। ਉਹ ਚਾਹੁੰਦੇ ਹਨ ਸਿਲੀਕਾਨ ਵੈਲੀ ਵਾਂਗ ਭਾਰਤ ਵੀ ਇਸ ਖੇਤਰ ਵਿਚ ਪਹਿਲ ਕਰੇ ਤੇ ਉਨ੍ਹਾਂ ਦਾ ਮਕਸਦ ਇਸ ਕੰਮ ਲਈ ਇਨ੍ਹਾਂ ਕੰਪਨੀਆਂ ਦੀ ਹਮਾਇਤ ਜੁਟਾਉਣਾ ਹੈ।

ਪਰ 100 ਤੋਂ ਵੱਧ ਵੱਡੀਆਂ ਅਮਰੀਕੀ ਯੂਨੀਵਰਸਿਟੀਆਂ ਦੇ ਅਕਾਦਿਮਕ ਨੇ ਸਿਲੀਕਾਨ ਵੈਲੀ ਦੀ ਫੇਰੀ ਤੋਂ ਪਹਿਲਾਂ ਇਕ ਆਲੋਚਨਾ ਭਰਿਆ ਪੱਤਰ ਜਾਰੀ ਕੀਤਾ ਹੈ, ਜਿਸ ਵਿਚ ਅਮਰੀਕੀ ਤਕਨੀਕੀ ਕਾਰਜਕਾਰੀ ਅਧਿਕਾਰੀਆਂ ਨੂੰ ਡਿਜ਼ੀਟਲ ਇੰਡੀਆ ਦੀ ਹਮਾਇਤ ਵਿਰੁੱਧ ਚਿਤਾਵਨੀ ਦਿੱਤੀ ਗਈ ਹੈ। ਉਨ੍ਹਾਂ ਅਨੁਸਾਰ ਮੋਦੀ ਸਰਕਾਰ ਆਪਣੀ ਸਰਕਾਰ ਦੀ ਕਾਰਗੁਜ਼ਾਰੀ ਵਿਚ ਸੁਧਾਰ ਲਿਆਉਣ ਲਈ ਇੰਟਰਨੈਸ਼ਨਲ ਅਤੇ ਔਨਲਾਇਨ ਸੰਦਾਂ ਨੂੰ ਵਿਕਸਤ ਕਰਨਾ ਚਾਹੁੰਦੀ ਹੈ। ਉਨ੍ਹਾਂ ਅਨੁਸਾਰ ਇਹ ਖਤਰੇ ਭਰਿਆ ਕੰਮ ਹੈ ਕਿਉਂਕਿ ਭਾਰਤ ਪਾਸ ਪ੍ਰਾਈਵੇਸੀ ਨੂੰ ਸੁਰੱਖਿਅਤ ਰੱਖਣ ਦਾ ਢੁਕਵਾਂ ਪ੍ਰਬੰਧ ਨਹੀਂ ਹੈ। ਪਤਰ ਵਿਚ ਮੋਦੀ ਸਰਕਾਰ ਵੱਲੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ, ਤਾਨਾਸ਼ਾਹੀ ਰਵੱਈਆ, ਆਲੋਚਕਾਂ ਨੂੰ ਪ੍ਰੇਸ਼ਾਨ ਕਰਨਾ, ਅਕਾਦਮਿਕ ਅਦਾਰਿਆਂ ਵਿਚ ਗੈਰ-ਕਾਨੂੰਨੀ ਦਖਲ ਅੰਦਾਜ਼ੀ ਅਤੇ ਵਿਦੇਸ਼ੀ ਵਿਦਵਾਨਾਂ ਨੂੰ ਭਾਰਤ ਵਿਚ ਕਾਨਫ਼ਰੰਸਾਂ ਵਿਚ ਭਾਗ ਲੈਣ ਤੋਂ ਰੋਕਣਾ ਆਦਿ ਸ਼ਾਮਲ ਹੈ। ਉਨ੍ਹਾਂ ਵੱਲੋਂ ਵਿਦਿਅਕ ਅਦਾਰਿਆਂ ਅਤੇ ਸੰਸਥਾਵਾਂ ਦੀ ਖੁਦਮੁਖਤਾਰੀ ਨੂੰ ਖਤਮ ਕਰਨਾ ਵਰਗੇ ਦੋਸ਼ ਵੀ ਲਾਏ ਗਏ ਹਨ। ਯਾਦ ਰਹੇ ਕਿ ਅਮਰੀਕਾ ਵਿਚ ਯੂਨੀਵਰਸਿਟੀਆਂ ਅਤੇ ਵਿਦਿਅਕ ਅਦਾਰਿਆਂ ਵਿਚ ਸਰਕਾਰ ਦਾ ਕੋਈ ਦਖਲ ਨਹੀਂ ਹੈ। ਇਥੇ ਹੀ ਬੱਸ ਨਹੀਂ ਮੋਦੀ ਉਪਰ 2002 ਵਿਚ ਜਦ ਉਹ ਗੁਜਰਾਤ ਦੇ ਮੁੱਖ ਮੰਤਰੀ ਸਨ, ਫਿਰਕੂ ਦੰਗਿਆਂ ਵਿਚ ਸੈਂਕੜੇ ਲੋਕ ਜਿਨ੍ਹਾਂ ਵਿਚ ਬਹੁਤੇ ਮੁਸਲਮਾਨ ਮਾਰੇ ਗਏ ਸਨ ਲਈ ਵੀ ਦੋਸ਼ੀ ਠਹਿਰਾਇਆ ਹੈ ਤੇ ਇਸ ਅਣਮਨੁੱਖੀ ਕਾਰੇ ਲਈ ਉਨ੍ਹਾਂ ਨੂੰ ਅਮਰੀਕਾ ਲਈ ਵੀਜ਼ਾ ਜਾਰੀ ਕਰਨ 'ਤੇ ਰੋਕ ਲਾਈ ਗਈ ਸੀ।

ਇਸ ਪੱਤਰ ਵਿਚ ਦਸਖਤ ਕਰਨ ਵਾਲਿਆਂ ਵਿਚ ਹਾਰਵਰਡ, ਸਟੈਨਫੋਰਡ ਅਤੇ ਯੂ.ਐਸ.ਸੀ. ਯੂਨੀਵਰਸਿਟੀਆਂ ਤੇ ਪ੍ਰੋਫ਼ੈਸਰ ਹਨ। ਇਨ੍ਹਾਂ ਵਿਚ ਦੋ ਅੰਗਰੇਜ਼ੀ ਦੇ ਪ੍ਰੋਫ਼ੈਸਰ ਆਨੀਆ ਲੂੰਬਾ ਅਤੇ ਸੁਵੀਰ ਕੌਲ, ਸ਼ਿਕਾਗੋ ਯੂਨੀਵਰਸਿਟੀ ਦੇ ਧਾਰਮਿਕ ਦੇ ਪ੍ਰੋਫ਼ੈਸਰ ਵੈਂਡੀ ਡੋਨੀਗਰ ਜਿਸ ਨੇ ਹਿੰਦੂ ਧਰਮ 'ਤੇ ਵਿਵਾਦਕ ਪੁਸਤਕ ਲਿਖੀ ਸੀ।

ਉਧਰ ਮੋਦੀ ਦੇ ਹਮਾਇਤੀਆਂ ਦਾ ਕਹਿਣਾ ਹੈ ਕਿ ਅਜਿਹਾ ਕੁਝ ਵੀ ਨਹੀਂ ਹੈ। ਇਸ ਪੱਤਰ 'ਤੇ ਦਸਖਤ ਕਰਨ ਵਾਲੇ ਪੇਸ਼ਾਵਰ ਵਿਅਕਤੀ ਨਹੀਂ ਹਨ ਤੇ ਸਿਲੀਕਾਨ ਵੈਲੀ ਵਿਚ ਮੋਦੀ ਦਾ ਭਰਪੂਰ ਸੁਆਗਤ ਹੋਵੇਗਾ। ਇਹ ਸਮਾਂ ਹੀ ਦੱਸੇਗਾ ਕਿ ਪਟੇਲਾਂ ਦੇ ਅੰਦੋਲਨ ਨੂੰ ਕਿਹੋ ਜਿਹਾ ਹੁੰਗਾਰਾ ਮਿਲਦਾ ਹੈ। ਪਰ ਇਕ ਗੱਲ ਜ਼ਰੂਰ ਹੈ ਕਿ ਜਿੱਥੇ ਪਹਿਲਾਂ ਭਾਰਤੀ ਘੱਟ ਗਿਣਤੀਆਂ ਮੋਦੀ ਦੀ ਵਿਰੋਧਤਾ ਕਰਦੀਆਂ ਸਨ ਹੁਣ ਉਸ ਦੇ ਗੁਜਰਾਤੀ ਭਾਈ ਵੀ ਵਿਰੋਧੀਆਂ ਨਾਲ ਜਾ ਰਲੇ ਹਨ। ਇਸ ਸੰਕਟ ਵਿਚੋਂ ਮੋਦੀ ਕਿਵੇਂ ਨਿਕਲਣਗੇ ? ਇਹ ਆਉਣ ਵਾਲਾ ਸਮਾਂ ਹੀ ਦੱਸੇਗਾ।

*19 ਸਤੰਬਰ 2015*

# ਭਾਸ਼ਾਵਾਂ ਪ੍ਰਤੀ ਸਰਕਾਰ ਦੀ ਨੀਤੀ ਬਦਨੀਤੀ

ਗ਼ੈਰ-ਹਿੰਦੀ ਸੂਬਿਆਂ ਵੱਲੋਂ ਹਿੰਦੀ ਨੂੰ ਬਤੌਰ ਕੌਮੀ ਭਾਸ਼ਾ ਲਾਗੂ ਕਰਨ ਸੰਬੰਧੀ ਵਿਰੋਧ ਅੰਗਰੇਜ਼ੀ ਰਾਜ ਸਮੇਂ ਤੋਂ ਹੀ ਹੋ ਰਿਹਾ ਹੈ। ਕਾਂਗਰਸੀ ਸਰਕਾਰ ਵਲੋਂ ਰਾਜ ਗੋਪਾਲਚਾਰੀਆ ਦੀ ਰਹਿਨੁਮਾਈ ਵਿਚ 1937 ਵਿਚ ਮਦਰਾਸ ਸੂਬੇ (ਮੌਜੂਦਾ ਤਾਮਿਲਨਾਡੂ) ਵਿਚ ਸਾਰੇ ਹਾਈ ਸਕੂਲਾਂ ਵਿਚ ਹਿੰਦੀ ਲਾਗੂ ਕੀਤੀ ਗਈ। ਕਰੁਣਾਨਿਧੀ ਦੀ ਡੀ ਐਮ ਕੇ ਪਾਰਟੀ ਨੇ ਉਸ ਸਮੇਂ ਇਸ ਵਿਰੁੱਧ ਜ਼ਬਰਦਸਤ ਮੁਹਿੰਮ ਸ਼ੁਰੂ ਕੀਤੀ, ਜਿਸ ਵਿਚ ਦੰਗੇ ਵੀ ਹੋਏ। 1939 ਵਿਚ ਕਾਂਗਰਸੀ ਸਰਕਾਰ ਟੁੱਟ ਗਈ ਤੇ ਮਦਰਾਸ ਦੇ ਗਵਰਨਰ ਲਾਰਡ ਐਰਬਕੀਨ ਨੇ ਫ਼ਰਵਰੀ 1940 ਵਿਚ ਹਿੰਦੀ ਨੂੰ ਬਤੌਰ ਲਾਜਮੀ ਭਾਸ਼ਾ ਪੜ੍ਹਾਉਣ ਦਾ ਕਾਨੂੰਨ ਵਾਪਸ ਲੈ ਲਿਆ ।

1950 ਦੇ ਭਾਰਤੀ ਸਵਿਧਾਨ ਵਿਚ ਲਿਖਿਆ ਗਿਆ ਹੈ ਕਿ ਹਿੰਦੀ ਦੇਵਨਾਗਰੀ ਲਿਪੀ ਵਿਚ ਭਾਰਤ ਦੀ ਸਰਕਾਰੀ ਭਾਸ਼ਾ ਹੋਵੇਗੀ। ਪੰਡਿਤ ਜਵਾਹਰ ਲਾਲ ਨਹਿਰੂ ਸਮੇਂ ਹੀ ਗ਼ੈਰ ਹਿੰਦੀ ਭਾਸ਼ਾਈ ਸੂਬਿਆਂ ਵੱਲੋਂ ਇਸ ਦਾ ਜ਼ਬਰਦਸਤ ਵਿਰੋਧ ਕੀਤਾ ਗਿਆ। ਕਰੁਣਾਨਿਧੀ ਨੇ ਸਵਿਧਾਨ ਦਾ ਉਹ ਪੰਨਾ ਸਾੜਿਆ ਜਿਸ ਵਿਚ ਹਿੰਦੀ ਨੂੰ ਸਰਕਾਰੀ ਭਾਸ਼ਾ ਬਣਾਇਆ ਗਿਆ ਸੀ। ਆਂਧਰਾ ਪ੍ਰਦੇਸ਼, ਮੈਸੂਰ, ਮਦਰਾਸ ਤੇ ਬੰਗਾਲ ਸੂਬਿਆਂ ਵਲੋਂ ਕੇਂਦਰ ਸਰਕਾਰ ਨੂੰ ਹਿੰਦੀ ਜ਼ਬਰੀ ਲਾਗੂ ਕਰਨ ਵਿਰੁੱਧ ਚਿਤਾਵਨੀ ਦਿੱਤੀ ਗਈ ਤੇ ਕੇਂਦਰੀ ਪੱਧਰ 'ਤੇ ਦੋ-ਭਾਸ਼ਾਈ ਨੀਤੀ ਅਪਨਾਉਣ ਲਈ ਕਿਹਾ ਗਿਆ ਭਾਵ ਕਿ ਹਿੰਦੀ ਦੇ ਨਾਲ ਨਾਲ ਅੰਗਰੇਜ਼ੀ ਦੀ ਵਰਤੋਂ ਵੀ ਕੀਤੀ ਜਾਵੇ। ਪਾਰਲੀਮੈਂਟ ਵਿਚ ਵੀ ਹਿੰਦੀ ਦਾ ਅੰਗਰੇਜ਼ੀ ਵਿਚ ਤੇ ਅੰਗਰੇਜ਼ੀ ਦਾ ਹਿੰਦੀ ਵਿਚ ਤਰਜਮਾ ਕਰਨ ਦੀ ਮੰਗ ਕੀਤੀ ਗਈ। ਇਹ ਵੀ ਮੰਗ ਕੀਤੀ ਗਈ ਕਿ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦੀਆਂ ਪ੍ਰੀਖਿਆਵਾਂ ਸੂਬਾਈ ਭਾਸ਼ਾਵਾਂ ਵਿਚ ਲਈਆਂ ਜਾਣ, ਸੂਬਾਈ ਭਾਸ਼ਾ ਨੂੰ ਅਦਾਲਤੀ ਭਾਸ਼ਾ ਬਣਾਇਆ ਜਾਵੇ ਤੇ ਕਾਲਜਾਂ ਵਿਚ ਵੀ ਸੂਬਾਈ ਭਾਸ਼ਾ ਵਿਚ ਪੜ੍ਹਾਈ ਕਰਵਾਈ ਜਾਵੇ।

ਉਸ ਸਮੇਂ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਭਰੋਸਾ ਦਿੱਤਾ ਸੀ ਕਿ ਹਿੰਦੀ ਜ਼ਬਰੀ ਨਹੀਂ ਠੋਸੀ ਜਾਵੇਗੀ। ਤਾਮਿਲਨਾਡੂ ਤੇ ਹੋਰ ਗ਼ੈਰ ਹਿੰਦੀ ਸੂਬਿਆਂ ਦੇ ਵਿਰੋਧ ਕਾਰਨ ਹੀ ਕੇਂਦਰ ਸਰਕਾਰ ਵੱਲੋਂ 1963 ਵਿਚ ਸਰਕਾਰੀ ਭਾਸ਼ਾ ਕਾਨੂੰਨ 1963 ਪਾਸ ਕੀਤਾ ਗਿਆ, ਜਿਸ ਅਨੁਸਾਰ ਹਿੰਦੀ ਦੇ ਨਾਲ ਅੰਗਰੇਜ਼ੀ ਦੀ ਵਰਤੋਂ ਨੂੰ ਕਾਨੂੰਨੀ ਤੌਰ 'ਤੇ ਲਾਜ਼ਮੀ ਕੀਤਾ ਗਿਆ। ਪਾਰਲੀਮੈਂਟ ਵਿਚ ਤੇ ਸਰਕਾਰੀ ਕੰਮਕਾਜ ਵਿਚ ਅੰਗਰੇਜ਼ੀ ਦੀ ਵਰਤੋਂ ਜਾਰੀ ਰੱਖਣ ਦਾ ਅਹਿਦ ਕੀਤਾ ਗਿਆ। ਇਹ ਵੀ

ਸੁਨਿਸ਼ਚਿਤ ਕੀਤਾ ਗਿਆ ਕਿ ਗ਼ੈਰ-ਹਿੰਦੀ ਭਾਸ਼ਾਈ ਸੂਬਿਆਂ ਵਿਚ ਹਿੰਦੀ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਕੇ ਭੇਜਿਆ ਜਾਵੇਗਾ।

ਇਸ ਕਾਨੂੰਨ ਦੀ ਖ਼ਾਸ ਗੱਲ ਇਹ ਹੈ ਕਿ ਕੇਂਦਰ ਸਰਕਾਰ, ਉਸ ਸਮੇਂ ਹੀ ਅੰਗਰੇਜ਼ੀ ਦੀ ਵਰਤੋਂ ਬੰਦ ਕਰ ਸਕਦੀ ਹੈ ਜਦ ਕਿ ਗ਼ੈਰ-ਹਿੰਦੀ ਸੂਬੇ ਮਤਾ ਪਾਸ ਕਰਕੇ ਕੇਂਦਰ ਸਰਕਾਰ ਨੂੰ ਅਜਿਹਾ ਕਰਨ ਲਈ ਕਹਿਣ। ਇਸ ਪਿੱਛੋਂ ਪਾਰਲੀਮੈਂਟ ਦੇ ਦੋਵਾਂ ਸਦਨਾਂ ਪਾਸੋਂ ਇਸ ਦੀ ਪ੍ਰਵਾਨਗੀ ਲਈ ਜਾਵੇਗੀ। ਗ਼ੈਰ-ਹਿੰਦੀ ਸੂਬਿਆਂ ਵੱਲੋਂ ਅੰਗਰੇਜ਼ੀ ਬੰਦ ਕਰਕੇ ਕੇਵਲ ਹਿੰਦੀ ਵਿਚ ਕੰਮ ਕਰਨ ਲਈ ਮਤੇ ਪਾਸ ਕਰਨੇ ਕੋਈ ਸੌਖਾ ਕੰਮ ਨਹੀਂ। ਜੇ ਕਹਿ ਲਿਆ ਜਾਵੇ ਕਿ ਨਾ-ਮੁਮਕਿਨ ਹੈ ਤਾਂ ਇਸ ਵਿਚ ਅਤਿ-ਕਥਨੀ ਨਹੀਂ ਕਿਉਂਕਿ ਅੰਗਰੇਜ਼ੀ ਦੀ ਵਰਤੋਂ ਸੋਸ਼ਲ ਮੀਡਿਆ 'ਤੇ ਬਹੁਤ ਵੱਧ ਗਈ ਹੈ ਤੇ ਭਵਿੱਖ ਵਿਚ ਹੋਰ ਵੀ ਵਧਣ ਦੀ ਸੰਭਾਵਨਾ ਹੈ। ਇਸ ਕਾਨੂੰਨ ਵਿਚ ਹਿੰਦੀ ਭਾਸ਼ਾ ਨੂੰ ਸਰਕਾਰੀ ਕੰਮਾਂ ਵਿਚ ਵਧੇਰੇ ਵਰਤੋਂ-ਯੋਗ ਬਨਾਉਣ ਲਈ ਇਕ 30 ਮੈਂਬਰੀ ਕਮੇਟੀ ਬਣਾਉਣ ਲਈ ਕਿਹਾ ਗਿਆ, ਜਿਹੜੀ ਰਾਸ਼ਟਰਪਤੀ ਨੂੰ ਆਪਣੀ ਰਿਪੋਰਟ ਦਿਆ ਕਰੇਗੀ, ਜੋ ਅਗੋਂ ਪਾਰਲੀਮੈਂਟ ਵਿਚ ਰਖੀ ਜਾਵੇਗੀ। ਇਸ ਤਰ੍ਹਾਂ ਇਹ ਕਾਨੂੰਨ ਵੀ ਹਿੰਦੀ ਨੂੰ ਹੀ ਪ੍ਰਫੁਲਤ ਕਰਨ ਦੀ ਗਲ ਕਰਦਾ ਹੈ ।

ਇਹੋ ਕਾਰਨ ਹੈ ਕਿ ਹਰ ਸਾਲ ਕੇਂਦਰ ਤੋਂ ਵੱਖ ਵੱਖ ਟੀਮਾਂ ਵੱਖ ਵੱਖ ਸੂਬਿਆਂ ਵਿਚ ਭੇਜੀਆਂ ਜਾਂਦੀਆਂ ਹਨ ਤੇ ਉਹ ਵੇਖਦੀਆਂ ਹਨ ਕਿ ਕੇਂਦਰੀ ਅਦਾਰਿਆਂ ਜਿਵੇਂ ਬੈਂਕ, ਡਾਕਖਾਨੇ, ਰੇਲਵੇ ਆਦਿ ਵਿਚ ਕੀ ਹਿੰਦੀ ਵਿਚ ਕੰਮ ਹੋ ਰਿਹਾ ਹੈ। ਇਸ ਦਾ ਸਿੱਟਾ ਹੀ ਹੈ ਕਿ ਅੱਜ ਬੈਂਕਾਂ ਤੇ ਹੋਰ ਕੇਂਦਰੀ ਅਦਾਰਿਆਂ ਵਿਚ ਅੰਗਰੇਜ਼ੀ ਦੇ ਨਾਲ ਨਾਲ ਹਿੰਦੀ ਜ਼ਰੂਰ ਲਿਖੀ ਜਾ ਰਹੀ ਹੈ। ਪੰਜਾਬੀ ਤੇ ਹੋਰ ਰਾਜ-ਭਾਸ਼ਾਵਾਂ ਦੀ ਕੋਈ ਪੁੱਛ-ਗਿੱਛ ਨਹੀਂ ਜਦ ਕਿ ਨਿਯਮਾਂ ਅਨੁਸਾਰੀ ਸਭ ਤੋਂ ਉਪਰ ਪੰਜਾਬੀ ਜੋ ਕਿ ਰਾਜ ਭਾਸ਼ਾ ਹੈ ਚਾਹੁੰਦੀ ਹੈ ਤੇ ਉਸ ਦੇ ਥੱਲੇ ਹਿੰਦੀ ਤੇ ਫਿਰ ਅੰਗਰੇਜ਼ੀ ਚਾਹੀਦੀ ਹੈ। ਸਟੇਟ ਬੈਂਕ ਜਾਂ ਹੋਰ ਬੈਂਕ ਜਾਉ ਤੁਹਾਨੂੰ ਪੰਜਾਬੀ ਕਿਤੇ ਨਹੀਂ ਲੱਭਦੀ ਜਦ ਕਿ ਬਹੁ-ਗਿਣਤੀ ਪੰਜਾਬੀਆਂ ਦੀ ਹੈ। ਇਹੋ ਹਾਲ ਕੇਂਦਰ ਸਰਕਾਰ ਦੀਆਂ ਵੈਬਸਾਇਟਾਂ ਦਾ ਹੈ। ਉਨ੍ਹਾਂ ਵਿਚ ਸਭ ਤੋਂ ਉਪਰ ਹਿੰਦੀ ਹੈ ਤੇ ਥੱਲੇ ਅੰਗਰੇਜ਼ੀ ਹੈ। ਸੂਬਾਈ ਰਾਜ ਭਾਸ਼ਾਵਾ ਦੀ ਕੋਈ ਪੁੱਛ ਪ੍ਰਤੀਤ ਨਹੀਂ।ਇਸ ਦਾ ਕਾਰਨ ਇਹ ਹੈ ਕਿ ਪ੍ਰਾਂਤਕ ਭਾਸ਼ਾਵਾਂ ਨੂੰ ਪ੍ਰਫੁਲਤ ਕਰਨਾ ਰਾਜ ਸਰਕਾਰਾਂ ਦਾ ਕੰਮ ਹੈ ਤੇ ਪੰਜਾਬ ਸਮੇਤ ਕਈ ਸਰਕਾਰਾਂ ਪ੍ਰਾਂਤਕ ਭਾਸ਼ਾਵਾਂ ਨੂੰ ਲਾਗੂ ਕਰਨ ਲਈ ਗੰਭੀਰ ਨਹੀਂ।ਅਕਾਲੀਆਂ ਨੇ ਮੋਰਚੇ ਲਾ ਕੇ ਪੰਜਾਬੀ ਬਹੁ-ਗਿਣਤੀ ਵਾਲਾ ਸੂਬਾ ਬਣਾ ਕੇ ਸਰਕਾਰਾਂ ਤਾਂ ਬਣਾ ਲਈਆਂ ਪਰ ਮਾਂ ਬੋਲੀ ਦੇ ਵਧਣ ਫੁੱਲਣ ਲਈ ਉਹ ਉਪਰਾਲੇ ਨਹੀਂ ਕੀਤੇ, ਜੋ ਕੇ ਕਰਨੇ ਬਣਦੇ ਸਨ। ਚਾਹੀਦਾ ਸੀ ਕਿ ਜਦ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਵਿਚ ਅਕਾਲੀਆਂ ਨੇ ਸਾਂਝੀ ਸਰਕਾਰ ਬਣਾਈ ਸੀ ਤਾਂ ਪਹਿਲੇ ਵਿਧਾਨ ਸਭਾ ਸੈਸ਼ਨ ਵਿਚ ਪੰਜਾਬੀ ਨੂੰ ਸਰਕਾਰੀ ਭਾਸ਼ਾ ਬਨਾਉਣ ਦਾ ਮਤਾ ਲਿਆਉਂਦੇ ਪਰ ਨਵੇਂ ਬਣੇ ਸੂਬੇ ਦੀ ਇਹ ਸਰਕਾਰ ਬਿਨਾਂ ਪੰਜਾਬੀ ਨੂੰ ਰਾਜ ਭਾਸ਼ਾ ਬਣਾਏ ਚਲਦੀ ਬਣੀ ਤੇ ਇਹ ਸਿਹਰਾ ਸ. ਲਛਮਣ ਸਿੰਘ ਗਿੱਲ ਨੂੰ ਜਾਂਦਾ ਹੈ ਜਿਨ੍ਹਾਂ ਨੇ ਬਤੌਰ ਮੁੱਖ ਮੰਤਰੀ ਪੰਜਾਬੀ ਨੂੰ ਕਾਂਗਰਸ ਪਾਰਟੀ ਦੀ ਸਹਾਇਤਾ ਨਾਲ ਰਾਜ ਭਾਸ਼ਾ

ਦਾ ਦਰਜਾ ਦਿੱਤਾ। ਉਨ੍ਹਾਂ ਨੇ ਅਫ਼ਸਰਾਂ ਨੂੰ ਹਦਾਇਤ ਕੀਤੀ ਸੀ ਕਿ ਉਨ੍ਹਾਂ ਨੂੰ ਜਿਹੜੀ ਵੀ ਫ਼ਾਈਲ ਆਵੇ ਉਸ ਵਿਚ ਪੰਜਾਬੀ ਲਿਖੀ ਹੋਵੇ। ਸਿੱਟੇ ਵਜੋਂ ਅਫ਼ਸਰਾਂ ਨੂੰ ਪੰਜਾਬੀ ਸਿਖਣੀ ਪਈ। ਲੋੜ ਹੈ ਹੁਣ ਇਸ ਨੂੰ ਅਗੇ ਖੜਿਆ ਜਾਵੇ ਤੇ ਇਸ ਨੂੰ ਅਦਾਲਤੀ ਭਾਸ਼ਾ ਬਣਾਇਆ ਜਾਵੇ ਤੇ ਸਾਰੇ ਸਕੂਲਾਂ ਵਿਚ ਮੁਢਲੀ ਸਿੱਖਿਆ ਇਸ ਵਿਚ ਦਿੱਤੀ ਜਾਵੇ।

## ਕੌਮੀ ਬਨਾਮ ਦਫ਼ਤਰੀ ਭਾਸ਼ਾਵਾਂ

25 ਜਨਵਰੀ 2010 ਨੂੰ ਗੁਜਰਾਤ ਹਾਈਕੋਰਟ ਨੇ ਜੋ ਫੈਸਲਾ ਦਿੱਤਾ ਹੈ, ਉਸ ਅਨੁਸਾਰ ਹਿੰਦੀ ਦਫ਼ਤਰੀ ਭਾਸ਼ਾ ਹੈ ਨਾ ਕਿ ਕੌਮੀ ਭਾਸ਼ਾ। ਇਹ ਉਸੇ ਤਰ੍ਹਾਂ ਹੈ ਜਿਵੇਂ ਕਈ ਮੁਲਕਾਂ ਵਿਚ ਕਈ ਕੌਮੀ ਭਾਸ਼ਾਵਾਂ ਹਨ ਪਰ ਉਹ ਜ਼ਰੂਰੀ ਨਹੀਂ ਕਿ ਉਹ ਦਫ਼ਤਰੀ (ਸਰਕਾਰੀ) ਭਾਸ਼ਾਵਾਂ ਹੋਣ। ਕੈਨੇਡਾ ਵਿਚ ਅੰਗਰੇਜ਼ੀ ਤੇ ਫਰਾਂਸੀਸੀ ਸਰਕਾਰੀ ਭਾਸ਼ਾਵਾਂ ਹਨ ਤੇ ਸਾਰਾ ਕੰਮ ਕਾਰ ਇਨ੍ਹਾਂ ਦੋਵਾਂ ਭਾਸ਼ਾਵਾਂ ਵਿਚ ਹੁੰਦਾ ਹੈ। ਅਮਰੀਕਾ ਵਿਚ ਅੰਗਰੇਜ਼ੀ ਸਰਕਾਰੀ ਭਾਸ਼ਾ ਹੈ। ਫਿਨਲੈਂਡ ਵਿਚ 90% ਲੋਕ ਫਿਨਸ ਬੋਲਦੇ ਹਨ ਤੇ ਕੇਵਲ 5% ਸਵੀਡਿਸ਼ ਭਾਸ਼ਾ ਬੋਲਦੇ ਹਨ ਪਰ ਇਹ ਦੋਵੇਂ ਭਾਸ਼ਾਵਾਂ ਫਿਨਲੈਂਡ ਦੀਆਂ ਕੌਮੀ ਭਾਸ਼ਾਵਾਂ ਹਨ। ਉੱਥੋਂ ਦਾ ਸੰਵਿਧਾਨ ਸਾਮੀ ਤੇ ਰੋਮਾ ਲੋਕਾਂ ਨੂੰ ਉਨ੍ਹਾਂ ਦੀ ਭਾਸ਼ਾ ਨੂੰ ਵਿਕਸਤ ਕਰਨ ਦੇ ਪੂਰੇ ਮੌਕੇ ਦਿੰਦਾ ਹੈ, ਭਾਵੇਂ ਕਿ ਉਨ੍ਹਾਂ ਦੀ ਗਿਣਤੀ ਬਹੁਤ ਥੋੜੀ ਹੈ। ਰੂਸ ਵਿਚ ਕੇਵਲ ਰੂਸੀ ਸਰਕਾਰੀ ਭਾਸ਼ਾ ਹੈ ਪਰ ਰੂਸ ਦੇ ਵੱਖ ਵੱਖ ਭਾਗਾਂ ਵਿਚ 27 ਹੋਰ ਭਾਸ਼ਾਵਾਂ ਨੂੰ ਸਰਕਾਰੀ ਭਾਸ਼ਾਵਾਂ ਦਾ ਦਰਜਾ ਦਿੱਤਾ ਗਿਆ ਹੈ। ਸਿੰਗਾਪੁਰ ਵਿਚ ਅੰਗਰੇਜ਼ੀ, ਚੀਨੀ, ਮਲਾਏ ਅਤੇ ਤਾਮਿਲ ਚਾਰ ਸਰਕਾਰੀ ਭਾਸ਼ਾਵਾਂ ਹਨ, ਭਾਵੇਂ ਕਿ ਅੰਗਰੇਜ਼ੀ ਮੁੱਢਲੇ ਤੌਰ 'ਤੇ ਵਪਾਰਕ ਤੇ ਸਰਕਾਰੀ ਕੰਮਾਂ ਲਈ ਵਰਤੀ ਜਾਂਦੀ ਹੈ। ਇਸੇ ਤਰ੍ਹਾਂ ਸਵਿਟਰਜ਼ਰਲੈਂਡ ਵਿਚ, ਜਰਮਨ, ਫਰਾਂਸੀਸੀ, ਇਟੈਲੀਅਨ ਤੇ ਰੋਮਾਂਸ ਕੌਮੀ ਭਾਸ਼ਾਵਾਂ ਹਨ। ਨੇਪਾਲ ਵਿਚ ਨੇਪਾਲੀ ਸਰਕਾਰੀ ਭਾਸ਼ਾ ਹੈ ਤੇ ਬੰਗਲਾ ਦੇਸ਼ ਵਿਚ ਬੰਗਾਲੀ।

ਜਿੱਥੋਂ ਤੀਕ ਭਾਰਤ ਦਾ ਸੰਬੰਧ ਹੈ ਜਿਵੇਂ ਕਿ ਉਪਰ ਜ਼ਿਕਰ ਕੀਤਾ ਗਿਆ ਹੈ ਕਿ ਪਹਿਲਾਂ ਹਿੰਦੀ ਨੂੰ ਸਰਕਾਰੀ ਭਾਸ਼ਾ ਬਣਾਇਆ ਗਿਆ ਤੇ ਬਾਅਦ ਵਿਚ 1963 ਵਿਚ ਇਸ ਦੇ ਬਰਾਬਰ ਅੰਗਰੇਜ਼ੀ ਦੀ ਵਰਤੋਂ ਨੂੰ ਵੀ ਯਕੀਨੀ ਬਣਾਇਆ ਗਿਆ। ਭਾਰਤ ਵਿਚ ਹਿੰਦੀ ਭਾਵੇਂ ਸਰਕਾਰੀ ਭਾਸ਼ਾ ਹੈ ਪਰ ਇਹ ਕੌਮੀ ਭਾਸ਼ਾ ਨਹੀਂ ਹੈ ਜਿਵੇਂ ਕਿ 25 ਜਨਵਰੀ 2010 ਨੂੰ ਗੁਜਰਾਤ ਹਾਈਕੋਰਟ ਨੇ ਫੈਸਲਾ ਦਿੱਤਾ ਹੈ। ਅਦਾਲਤ ਦਾ ਕਹਿਣਾ ਹੈ ਕਿ ਭਾਰਤੀ ਸੰਵਿਧਾਨ ਵਿਚ ਹਿੰਦੀ ਨੂੰ ਕੌਮੀ ਭਾਸ਼ਾ ਦਾ ਦਰਜਾ ਨਹੀਂ ਦਿੱਤਾ ਗਿਆ।

ਰਾਜ ਪੱਧਰ 'ਤੇ ਕੇਂਦਰੀ ਪ੍ਰਸ਼ਾਸ਼ਿਤ ਸ਼ਹਿਰਾਂ ਤੋਂ ਇਲਾਵਾ ਹਿੰਦੀ ਬਿਹਾਰ, ਛਤੀਸਗੜ੍ਹ, ਹਰਿਆਣਾ, ਹਿਮਾਚਲ ਪ੍ਰਦੇਸ਼, ਝਾੜਖੰਡ, ਮੱਧ ਪ੍ਰਦੇਸ਼, ਰਾਜਸਥਾਨ, ਉਤਰ ਪ੍ਰਦੇਸ਼ ਤੇ ਉਤਰਾਖੰਡ ਦੀ ਸਰਕਾਰੀ ਭਾਸ਼ਾ ਹੈ। ਵੈਸੇ ਭਾਰਤ ਵਿਚ 22 ਭਾਸ਼ਾਵਾਂ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਦਿੱਤਾ ਗਿਆ ਹੈ। ਹਿੰਦੀ ਤੇ ਅੰਗਰਜ਼ੀ ਤੋਂ ਇਲਾਵਾ

ਪੰਜਾਬੀ, ਆਸਾਮੀ, ਬੰਗਾਲੀ, ਬੋਡੋ, ਡੋਗਰੀ, ਗੁਜਰਾਤੀ, ਕਨੜ, ਕਸ਼ਮੀਰੀ, ਕੋਨਕਾਨੀ, ਮੈਥਲੀ, ਮਲਿਆਲਮ, ਮਨੀਪੁਰੀ, ਮਰਾਠੀ, ਨੇਪਾਲੀ, ਉੜੀਆ, ਸੰਸਕ੍ਰਿਤ, ਸਿੰਧੀ, ਤਾਮਿਲ, ਤੇਲਗੂ, ਉਰਦੂ ਇਨ੍ਹਾਂ ਵਿਚ ਸ਼ਾਮਲ ਹਨ। ਇਨ੍ਹਾਂ 22 ਭਾਸ਼ਾਵਾਂ ਨੂੰ ਬਰਾਬਰ ਦਾ ਦਰਜਾ ਹਾਸਲ ਹੈ, ਜਿਸ ਦੀ ਪੁਸ਼ਟੀ ਗੁਜਰਾਤ ਹਾਈਕੋਰਟ ਨੇ ਵੀ ਕੀਤੀ ਹੈ।

ਜਿੱਥੋਂ ਤੀਕ ਵੱਖ ਵੱਖ ਮਾਤ-ਭਾਸ਼ਾਵਾਂ ਦਾ ਸੰਬੰਧ ਹੈ, 2001 ਦੀ ਮਰਦਮਸ਼ੁਮਾਰੀ ਅਨੁਸਾਰ ਹਿੰਦੀ ਕੇਵਲ 25% ਭਾਰਤੀਆਂ ਦੀ ਮਾਤ ਭਾਸ਼ਾ ਹੈ। ਬੰਗਾਲੀ 8%, ਤੇਲਗੂ 7%, ਮਰਾਠੀ 7%, ਤਾਮਿਲ 6%, ਉਰਦੂ 5%, ਗੁਜਰਾਤੀ 4%, ਕਨੜ 4%, ਮਲਿਆਲਮ 3%, ਉੜੀਆ 3%, ਪੰਜਾਬੀ 3%, ਆਸਾਮੀ 1% ਭਾਰਤੀਆਂ ਦੀ ਮਾਤ ਭਾਸ਼ਾ ਹੈ।

## ਤ੍ਰੈ-ਭਾਸ਼ਾਈ ਫਾਰਮੂਲਾ

ਜਦ 1960 ਵਿਚ ਹਿੰਦੀ ਵਿਰੋਧੀ ਅੰਦੋਲਨ ਸ਼ੁਰੂ ਹੋਇਆ ਤਾਂ ਇਸ ਵਿਚੋਂ ਜਿਹੜੀ ਗੱਲ ਸਾਹਮਣੇ ਉਭਰ ਕੇ ਆਈ, ਉਹ ਸੀ ਤਿੰਨ-ਭਾਸ਼ਾਈ ਫਾਰਮੂਲਾ। ਇਸ ਅਨੁਸਾਰ ਮੁੱਢਲੀ ਸਿੱਖਿਆ ਮਾਤ-ਭਾਸ਼ਾ ਵਿਚ ਦਿੱਤੀ ਜਾਵੇਗੀ। ਉਸ ਤੋਂ ਇਲਾਵਾ ਹਿੰਦੀ ਤੇ ਅੰਗਰੇਜ਼ੀ ਵੀ ਸਕੂਲਾਂ ਵਿਚ ਪੜ੍ਹਾਈ ਜਾਵੇ। ਇਹ ਇਸ ਲਈ ਜ਼ਰੂਰੀ ਹੈ ਕਿ ਵਿਦੇਸ਼ੀਆਂ ਲਈ ਅੰਗਰੇਜ਼ੀ ਜ਼ਰੂਰੀ ਹੈ ਤੇ ਭਾਰਤ ਦੇ ਦੂਜੇ ਸੂਬਿਆਂ ਨਾਲ ਆਦਾਨ ਪ੍ਰਦਾਨ ਕਰਨ ਲਈ ਹਿੰਦੀ ਤੇ ਦੂਜੀਆਂ ਭਾਸ਼ਾਵਾਂ ਦਾ ਗਿਆਨ ਚਾਹੀਦਾ ਹੈ। ਇਸ ਅਨੁਸਾਰ ਹਿੰਦੀ ਸੂਬਿਆਂ ਨੂੰ ਕੋਈ ਨਾ ਕੋਈ ਰਾਜ ਭਾਸ਼ਾ ਪੜ੍ਹਾਉਣੀ ਪਵੇਗੀ। ਪੰਜਾਬ ਸਮੇਤ ਹੋਰ ਗ਼ੈਰ-ਹਿੰਦੀ ਸੂਬੇ ਤਾਂ ਤਿੰਨ ਭਾਸ਼ਾਵਾਂ ਪੜ੍ਹਾ ਰਹੇ ਹਨ ਪਰ ਹਿੰਦੀ ਭਾਸ਼ਾਈ ਸੂਬੇ ਕੇਵਲ ਹਿੰਦੀ ਤੇ ਅੰਗਰੇਜ਼ੀ ਹੀ ਪੜ੍ਹਾ ਰਹੇ ਹਨ ਤੇ ਤੀਜੀ ਭਾਸ਼ਾ ਨੂੰ ਲਾਗੂ ਨਹੀਂ ਕਰ ਰਹੇ। ਇਸ ਲਈ ਲੋੜ ਹੈ ਹਿੰਦੀ ਭਾਸ਼ਾ ਵਾਲੇ ਸੂਬਿਆਂ ਵਿਚ ਇਕ ਹੋਰ ਭਾਰਤੀ ਭਾਸ਼ਾ ਦੀ ਪੜ੍ਹਾਈ ਲਾਜ਼ਮੀ ਕੀਤੀ ਜਾਵੇ। ਇਸੇ ਤਰ੍ਹਾਂ ਸਾਰਾ ਅਦਾਲਤੀ ਕੰਮ ਸੰਬੰਧਤ ਰਾਜ ਭਾਸ਼ਾ ਵਿਚ ਕੀਤਾ ਜਾਵੇ। ਸੂਬਾਈ ਦਫ਼ਤਰਾਂ ਤੋਂ ਇਲਾਵਾ ਕੇਂਦਰੀ ਦਫ਼ਤਰਾਂ, ਬੈਂਕਾਂ, ਡਾਕਖਾਨਿਆਂ ਆਦਿ ਵਿਚ ਸੂਬਾਈ ਭਾਸ਼ਾ ਨੂੰ ਸਭ ਤੋਂ ਪਹਿਲਾਂ ਲਿਖਿਆ ਜਾਵੇ ਤੇ ਉਸ ਦੇ ਬਾਅਦ ਹਿੰਦੀ ਤੇ ਅੰਗਰੇਜ਼ੀ ਨੂੰ ਥਾਂ ਦਿੱਤੀ ਜਾਵੇ। ਦਵਾਈਆਂ ਤੇ ਹੋਰ ਸਾਜੋ ਸਮਾਨ ਜੋ ਬਾਜ਼ਾਰ ਵਿਚ ਵਿਕਦਾ ਹੈ, ਉਸ ਵਿਚ ਵੀ ਸੂਬਾਈ ਭਾਸ਼ਾ ਦੀ ਵਰਤੋਂ ਲਾਜ਼ਮੀ ਕੀਤੀ ਜਾਵੇ ਤਾਂ ਜੋ ਹਰ ਵਿਅਕਤੀ ਉਸ ਉਪਰ ਦਿੱਤੀ ਲਿਖਤ ਨੂੰ ਪੜ੍ਹ ਸਕੇ। ਦਵਾਈਆਂ ਅਤੇ ਹੋਰ ਖਾਣ ਪੀਣ ਦੀਆਂ ਚੀਜ਼ਾਂ ਉਪਰ ਜੋ ਚਿਤਾਵਨੀਆਂ ਜਾਂ ਵਰਤੋਂ ਬਾਰੇ ਜਾਣਕਾਰੀ ਦਿੱਤੀ ਹੁੰਦੀ ਹੈ, ਉਸ ਦਾ ਉਦੇਸ਼ ਇਹੋ ਹੈ ਕਿ ਉਸ ਦੀ ਵਰਤੋਂ ਕਰਨ ਤੋਂ ਪਹਿਲਾਂ ਖਪਤਕਾਰ ਉਨ੍ਹਾਂ ਹਦਾਇਤਾਂ ਨੂੰ ਚੰਗੀ ਤਰ੍ਹਾਂ ਪੜ੍ਹੇ। ਅਜਿਹਾ ਤਾਂ ਹੀ ਹੋ ਸਕਦਾ ਹੈ, ਜੇ ਉਹ ਲਿਖਤ ਸੂਬਾਈ ਭਾਸ਼ਾ ਵਿਚ ਹੋਵੇ। ਇਸ ਸਮੇਂ ਦਵਾਈਆਂ ਤੇ ਹੋਰ ਬਜ਼ਾਰੀ ਸਾਮਾਨ ਵਿਚ ਕੇਵਲ ਅੰਗਰੇਜ਼ੀ ਦੀ ਵਰਤੋਂ ਹੀ ਹੋ ਰਹੀ ਹੈ ਜਦ ਕਿ ਭਾਰਤੀਆਂ ਦੀ ਬਹੁ-ਗਿਣਤੀ ਅੰਗਰੇਜ਼ੀ ਨਹੀਂ ਪੜ੍ਹ ਸਕਦੀ।

ਮੌਜੂਦਾ ਸਰਕਾਰ ਨੂੰ ਯਾਦ ਰਖਣਾ ਚਾਹੀਦਾ ਹੈ ਕਿ ਕਿਸੇ ਵੀ ਭਾਸ਼ਾ ਦਾ ਕਿਸੇ

ਧਰਮ ਜਾਂ ਜਾਤ ਨਾਲ ਕੋਈ ਸੰਬੰਧ ਨਹੀਂ ਹੁੰਦਾ। ਇਸ ਦਾ ਸੰਬੰਧ ਵਿਸ਼ੇਸ਼ ਖੇਤਰ ਨਾਲ ਹੁੰਦਾ ਹੈ। ਪਾਕਿਸਤਾਨ ਨੇ ਬੰਗਾਲੀਆਂ ਉਪਰ ਉਰਦੂ ਠੋਸਿਆ ਸੀ ਤੇ ਬੰਗਾਲੀ ਭਾਸ਼ਾ ਦੀ ਵਰਤੋਂ ਦੀ ਮੰਗ ਕਰਨ ਵਾਲਿਆਂ ਨੂੰ ਗੋਲੀਆਂ ਨਾਲ ਭੁੰਨ ਸੁਟਿਆ ਸੀ, ਜਿਸ ਦੇ ਸਿੱਟੇ ਵਜੋਂ ਬੰਗਲਾ ਦੇਸ਼ ਹੋਂਦ ਵਿਚ ਆਇਆ ਤੇ ਉਨ੍ਹਾਂ ਦੇਸ਼ ਭਗਤ ਬੰਗਾਲੀਆਂ ਦੀ ਕੁਰਬਾਨੀ ਨੂੰ ਯਾਦ ਕਰਨ ਲਈ ਯੂ.ਐਨ.ਓ. ਵਲੋਂ 22 ਫ਼ਰਵਰੀ ਨੂੰ ਮਾਤ ਭਾਸ਼ਾ ਦਿਵਸ ਵਜੋਂ ਮਨਾਉਣਾ ਸ਼ੁਰੂ ਕੀਤਾ ਗਿਆ। ਭਾਰਤ ਸਰਕਾਰ ਪਹਿਲਾਂ ਤੋਂ ਹੀ ਹਿੰਦੀ ਤੇ ਅੰਗਰੇਜ਼ੀ ਦੀ ਵਰਤੋਂ ਸ਼ੋਸ਼ਲ ਮੀਡਿਆ ਵਿਚ ਕਰ ਰਹੀ ਹੈ ਤੇ ਇਸ ਨੂੰ ਜਾਰੀ ਰਖਣਾ ਚਾਹੀਦਾ ਹੈ। ਲੋੜ ਹੈ ਸੂਬਾਈ ਭਾਸ਼ਾਵਾਂ ਨੂੰ ਪ੍ਰਫੁਲਤ ਕਰਨ ਦੀ। ਪੰਜਾਬ ਸਮੇਤ ਬਹੁਤ ਸਾਰੇ ਸੂਬਿਆਂ ਵਿਚ ਅਦਾਲਤੀ ਕੰਮ ਅਜੇ ਵੀ ਅੰਗਰੇਜ਼ੀ ਵਿਚ ਹੋ ਰਿਹਾ ਤੇ ਕੇਂਦਰੀ ਅਦਾਰੇ ਵੀ ਰਾਜ ਭਾਸ਼ਾ ਨੂੰ ਅਣਡਿੱਠ ਕਰ ਰਹੇ ਹਨ। ਇਸ ਪ੍ਰਵਿਰਤੀ ਨੂੰ ਮੋੜਾ ਪਾਉਣ ਦੀ ਲੋੜ ਹੈ। ਹਿੰਦੀ ਇਕ ਖਿਤੇ ਦੀ ਭਾਸ਼ਾ ਹੈ ਨਾ ਕਿ ਸਮੁੱਚੇ ਦੇਸ਼ ਦੀ ਭਾਸ਼ਾ ਹੈ। ਕਾਂਗਰਸ ਪਾਰਟੀ ਨੇ ਜ਼ਬਰੀ ਹਿੰਦੀ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਸੀ, ਜਿਸ ਦਾ ਦੇਸ਼ ਨੂੰ ਬਹੁਤ ਨੁਕਸਾਨ ਹੋਇਆ। ਪੰਜਾਬੀ ਬੋਲਦੇ ਇਲਾਕੇ ਅਜ ਪੰਜਾਬ ਤੋਂ ਇਸ ਲਈ ਬਾਹਰ ਹਨ ਕਿਉਂਕਿ ਕੁਝ ਫ਼ਿਰਕਾਪ੍ਰਸਤਾਂ ਨੇ ਪੰਜਾਬੀ ਨੂੰ ਆਪਣੀ ਮਾਤ-ਭਾਸ਼ਾ ਨਾ ਲਿਖਵਾਉਣ ਦਾ ਪ੍ਰਚਾਰ ਕੀਤਾ, ਸਿੱਟੇ ਵਜੋਂ ਕੁਝ ਫ਼ਿਰਕਾਪ੍ਰਸਤਾਂ ਨੇ ਪੰਜਾਬੀ ਨੂੰ ਆਪਣੀ ਮਾਂ ਬੋਲੀ ਨਾ ਲਿਖਵਾਇਆ। ਭਾਰਤੀ ਜਨਤਾ ਪਾਰਟੀ ਨੂੰ ਇਸ ਗਲਤੀ ਨੂੰ ਦੁਹਰਾਉਣਾ ਨਹੀਂ ਚਾਹੀਦਾ ਤੇ ਬਹੁ-ਗਿਣਤੀ ਦਾ ਲਾਭ ਉੱਠਾ ਕੇ ਅਜਿਹੇ ਕਾਨੂੰਨ ਨਹੀਂ ਬਣਾਉਣੇ ਚਾਹੀਦੇ, ਜੋ ਕਿਸੇ ਵਿਸ਼ੇਸ਼ ਵਰਗ ਨੂੰ ਪ੍ਰਵਾਨ ਨਾ ਹੋਣ। ਸਰਵ ਪ੍ਰਵਾਨਤ ਕਾਨੂੰਨ ਬਣਾਉਣ ਵਿਚ ਹੀ ਦੇਸ਼ ਦਾ ਤੇ ਉਨ੍ਹਾਂ ਦਾ ਭਲਾ ਹੈ। ਭਾਰਤ ਬਹੁ-ਭਾਸ਼ਾਈ ਤੇ ਬਹੁ-ਸਭਿਆਚਾਰ ਵਾਲਾ ਦੇਸ਼ ਹੈ, ਜਿਸ ਤੇ ਸਾਨੂੰ ਮਾਣ ਹੋਣਾ ਚਾਹੀਦਾ ਹੈ ਤੇ ਇਨ੍ਹਾਂ ਭਾਸ਼ਾਵਾਂ ਤੇ ਸਭਿਆਚਾਰ ਨੂੰ ਪ੍ਰਫੁਲਤ ਕਰਨ ਵਿਚ ਸਭ ਨੂੰ ਅੱਗੇ ਆਉਣਾ ਚਾਹੀਦਾ ਹੈ। ਫਿਰਕਾਪ੍ਰਸਤੀ ਨੇ ਪਾਕਿਸਤਾਨ ਨੂੰ ਜਨਮ ਦਿੱਤਾ। ਧੱਕੇਸ਼ਾਹੀ ਕਾਰਨ ਹੀ ਪਾਕਿਸਤਾਨ ਵਿਚੋਂ ਬੰਗਲਾਦੇਸ਼ ਬਣਿਆ। ਨੀਤੀਆਂ ਘੜਨ ਸਮੇਂ ਸਾਡੇ ਲੀਡਰਾਂ ਨੂੰ ਬੀਤੇ ਤੋਂ ਸਬਕ ਲੈਣਾ ਚਾਹੀਦਾ ਹੈ ਤਾਂ ਜੋ ਇਹ ਦੇਸ਼ ਇਕ ਮੁੱਠ ਰਹਿ ਸਕੇ।

*25 ਜੂਨ 2014*

# ਵਿਦੇਸ਼ ਜਾਓ, ਪਰ ਸੋਚ ਵਿਚਾਰ ਕੇ

ਅੱਜ ਵਿਦੇਸ਼ਾਂ ਵਿਚ ਜਾਣ ਦੀ ਹੋੜ ਲੱਗੀ ਹੋਈ ਹੈ। ਕੋਈ ਅਸਟਰੇਲੀਆ ਜਾ ਰਿਹਾ ਹੈ ਤੇ ਕੋਈ ਕੈਨੇਡਾ, ਅਮਰੀਕਾ, ਇੰਗਲੈਂਡ, ਇਟਲੀ, ਜਰਮਨੀ ਵਗ਼ੈਰਾ ਵਗ਼ੈਰਾ। ਅਜੋਕੇ ਦੌਰ ਵਿਚ ਦੁਨੀਆਂ ਦੇ ਸਭ ਤੋਂ ਪਸੰਦੀਦਾ ਦੇਸ਼ਾਂ ਵਿਚ ਅਮਰੀਕਾ ਪਹਿਲੇ ਸਥਾਨ 'ਤੇ ਹੈ। ਕੈਨੇਡਾ, ਅਸਟਰੇਲੀਆ, ਨਿਊਜ਼ੀਲੈਂਡ, ਇਟਲੀ, ਇੰਗਲੈਂਡ ਤੇ ਹੋਰਨਾਂ ਮੁਲਕਾਂ ਦਾ ਸਥਾਨ ਬਾਦ ਵਿਚ ਆਉਂਦਾ ਹੈ।

ਕਿਸੇ ਵੀ ਦੇਸ਼ ਜਾਣ ਤੋਂ ਪਹਿਲਾਂ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਉੱਥੇ ਜਾਣ ਦਾ ਸਾਡਾ ਕੀ ਮਕਸਦ ਹੈ ? ਇਸ ਉਪਰੰਤ ਸਾਨੂੰ ਇਸ ਪ੍ਰਤੀ ਚੰਗੀ ਤਰ੍ਹਾਂ ਘੋਖ ਪੜਤਾਲ ਕਰਨੀ ਚਾਹੀਦੀ ਹੈ। ਪੰਜਾਬ ਵਿਚ ਨਸ਼ੇ ਬਹੁਤ ਹਨ, ਇਸ ਲਈ ਕਈ ਵਿਦੇਸ਼ ਜਾ ਰਹੇ ਹਨ ਕਿ ਉੱਥੇ ਜਾ ਕੇ ਬੱਚੇ ਨਸ਼ਿਆਂ ਤੋਂ ਬਚੇ ਰਹਿਣਗੇ। ਪਰ ਇਹ ਧਾਰਨਾ ਨਿਰਮੂਲ ਹੈ। ਸਾਰੇ ਦੇਸ਼ਾਂ ਵਿਚ ਨਸ਼ੇ ਹਨ। ਅਮਰੀਕਾ ਤੇ ਕੈਨੇਡਾ ਵਰਗੇ ਅਗਾਂਹ ਵਧੂ ਦੇਸ਼ਾਂ ਵਿਚ ਸਕੂਲਾਂ ਵਿਚ ਨਸ਼ੇ ਵਿਕਦੇ ਹਨ। ਭਾਰਤ ਵਾਂਗ ਵਿਦੇਸ਼ਾਂ ਵਿਚ ਵੀ ਬੱਚਿਆਂ ਦਾ ਧਿਆਨ ਰੱਖਣਾ ਪੈਂਦਾ ਹੈ। ਇਸ ਲਈ ਇਸ ਮਕਸਦ ਲਈ ਪਰਵਾਸ ਨਹੀਂ ਕਰਨਾ ਚਾਹੀਦਾ।

ਕਈ ਲੋਕ ਇਹ ਸੋਚਦੇ ਹਨ ਕਿ ਵਿਦੇਸ਼ ਵਿਚ ਕੀਤੀ ਪੜ੍ਹਾਈ ਦੀ ਵੁੱਕਤ ਜ਼ਿਆਦਾ ਹੈ। ਇਸ ਲਈ ਵਿਦੇਸ਼ ਪੜ੍ਹਾਈ ਕਰਨੀ ਚਾਹੀਦੀ ਹੈ। ਜਿੱਥੋਂ ਤੀਕ ਭਾਰਤੀ ਡਿਗਰੀਆਂ ਦਾ ਸਬੰਧ ਹੈ, ਇਨ੍ਹਾਂ ਨੂੰ ਵਿਦੇਸ਼ਾਂ ਵਿਚ ਪੂਰੀ ਮਾਨਤਾ ਹੈ। ਹਾਂ, ਵਿਦੇਸ਼ ਕੀਤੀ ਪੜ੍ਹਾਈ ਦੀ ਮਹੱਤਾ ਆਪਣੀ ਥਾਂ ਹੈ। ਤੁਸੀਂ ਖ਼ਰਚਾ ਕਰ ਸਕਦੇ ਹੋ ਤਾਂ ਭਾਵੇਂ ਬਾਰ੍ਹਵੀਂ ਕਰ ਕੇ ਚਲੇ ਜਾਓ, ਨਹੀਂ ਤਾਂ ਭਾਰਤ ਵਿਚ ਗ੍ਰੈਜੂਏਸ਼ਨ ਜਾਂ ਮਾਸਟਰ ਕਰੋ ਤੇ ਅਗਲੇਰੀ ਪੜ੍ਹਾਈ ਲਈ ਵਿਦੇਸ਼ ਜਾਉ। ਵਿਦੇਸ਼ਾਂ ਵਿਚ ਕਈ ਪੇਸ਼ੇ ਐਸੇ ਹਨ ਜਿਨ੍ਹਾਂ ਲਈ ਅਗੇ ਪੜ੍ਹਾਈ ਕਰਨੀ ਪੈਂਦੀ ਹੈ ਜਾਂ ਪਰੀਖਿਆ ਦੇਣੀ ਪੈਂਦੀ ਹੈ। ਅਮਰੀਕਾ ਵਿਚ ਸਾਡੀਆਂ ਡਿਗਰੀਆਂ ਨੂੰ ਮਾਨਤਾ ਹੈ ਪਰ ਡਾਕਟਰੀ ਪੇਸ਼ੇ ਲਈ ਇੱਥੇ ਭਾਰਤ ਨਾਲੋਂ ਬਿਲਕੁਲ ਵੱਖਰੀ ਤਰ੍ਹਾਂ ਦੀ ਪ੍ਰਣਾਲੀ ਹੈ। ਬੀ.ਡੀ.ਐਸ. ਵਾਲਿਆਂ ਨੂੰ ਪਹਿਲਾਂ ਇਥੇ ਪੜ੍ਹਾਈ ਕਰਨੀ ਪੈਂਦੀ ਹੈ। ਲਾਇਸੈਂਸ ਲੈਣ ਲਈ ਯੂ.ਐਸ.ਐਮ.ਐਲ.ਈ. (ਯੂਨਾਇਟਿਡ ਸਟੇਟਸ ਮੈਡੀਕਲ ਲਾਇਸੈਂਸ ਐਗਜ਼ਾਮੀਨੇਸ਼ਨ) ਪਾਸ ਕਰਨਾ ਪੈਂਦਾ ਹੈ। ਇਹ ਕਾਫ਼ੀ ਮੁਸ਼ਕਲ ਹੈ। ਇਸ ਪਿੱਛੋਂ ਰੈਜੀਡੈਂਸੀ ਕਰਨੀ ਪੈਂਦੀ ਹੈ। ਰੈਜੀਡੈਂਸੀ ਵਿਚ ਅਮਰੀਕੀਆਂ ਨੂੰ ਪਹਿਲ ਹੁੰਦੀ ਹੈ ਤੇ ਵਿਦੇਸ਼ੀ ਵਿਦਿਆਰਥੀਆਂ ਲਈ ਬਹੁਤ ਘੱਟ ਸੀਟਾਂ ਹੁੰਦੀਆਂ ਹਨ। ਇਹ ਸਾਰਾ ਕੁਝ ਇੰਟਰਨੈੱਟ ਉਪਰ ਤੁਸੀਂ ਲੱਭ ਸਕਦੇ ਹੋ। ਬਾਕੀ ਦੇਸ਼ਾਂ ਵਿਚ ਵੀ ਅਜਿਹੀਆਂ ਵਿਵਸਥਾਵਾਂ ਹਨ, ਜਿਨ੍ਹਾਂ ਦੀ ਘੋਖ ਕਰ ਕੇ ਹੀ ਬਾਹਰ ਜਾਣਾ ਚਾਹੀਦਾ ਹੈ।

ਜਿਹੜੇ ਭਾਰਤ ਵਿਚ ਚੰਗੀ ਨੌਕਰੀ ਉਪਰ ਲਗੇ ਹੋਏ ਹਨ ਜਾਂ ਜਿਨ੍ਹਾਂ ਦਾ ਚੰਗਾ ਕਾਰੋਬਾਰ ਹੈ, ਉਨ੍ਹਾਂ ਨੂੰ ਪੀ.ਆਰ. ਲੈ ਕੇ ਪੱਕੇ ਤੌਰ 'ਤੇ ਰਹਿਣ ਲਈ ਜਾਣ ਤੋਂ ਪਹਿਲਾਂ ਸੋਚਣਾ ਚਾਹੀਦਾ ਹੈ ਕਿ ਉਹ ਵਿਦੇਸ਼ ਵਿਚ ਜਾ ਕੇ ਕੀ ਕਰਨਗੇ ? ਉਨ੍ਹਾਂ ਪਾਸ ਜੋ ਯੋਗਤਾ ਹੈ, ਉਸ ਅਨੁਸਾਰ ਉਨ੍ਹਾਂ ਨੂੰ ਕਿਹੜੀ ਨੌਕਰੀ ਮਿਲੇਗੀ ? ਕੀ ਉਹ ਉਸ ਕੰਮ ਨੂੰ ਕਰਨ ਲਈ ਤਿਆਰ ਹਨ ? ਜੇ ਨਹੀਂ ਤਾਂ ਉਨ੍ਹਾਂ ਨੂੰ ਉਹ ਹੁਨਰ ਜਾਂ ਕੋਰਸ ਕਰਨਾ ਚਾਹੀਦਾ ਹੈ, ਜਿਸ ਨਾਲ ਉਨ੍ਹਾਂ ਨੂੰ ਉਨ੍ਹਾਂ ਦੀ ਮਰਜ਼ੀ ਦੀ ਨੌਕਰੀ ਮਿਲ ਸਕੇ। ਸੁਣ ਸੁਣਾ ਕੇ ਕਈ ਵਿਦੇਸ਼ ਆ ਜਾਂਦੇ ਹਨ ਪਰ ਜਦ ਮਰਜ਼ੀ ਦਾ ਕੰਮ ਨਹੀਂ ਮਿਲਦਾ ਤਾਂ ਉਨ੍ਹਾਂ ਨੂੰ ਪਛਤਾਵਾ ਹੁੰਦਾ ਹੈ। ਕਈ ਤਾਂ ਵਾਪਸ ਆ ਜਾਂਦੇ ਹਨ, ਪਰ ਬਹੁਤੇ ਉੱਥੇ ਸੁੱਖ ਸਹੂਲਤਾਂ ਵਧੇਰੇ ਹੋਣ ਕਰਕੇ ਉਹ ਖ਼ੁਦ ਵਾਪਸ ਆਉਣ ਲਈ ਤਿਆਰ ਨਹੀਂ ਹੁੰਦੇ, ਜੇ ਉਹ ਆਉਣ ਲਈ ਤਿਆਰ ਵੀ ਹੋਣ ਤਾਂ ਉਨ੍ਹਾਂ ਦੇ ਬੱਚੇ ਉਨ੍ਹਾਂ ਨੂੰ ਆਉਣ ਨਹੀਂ ਦਿੰਦੇ।

ਯਾਦ ਰਖਣ ਵਾਲੀ ਗੱਲ ਇਹ ਹੈ ਕਿ ਵਿਦੇਸ਼ ਵਿਚ ਜਦ ਕੋਈ ਸ਼ਹਿਰੀ ਬਣਦਾ ਹੈ ਤਾਂ ਉਸ ਸਮੇਂ ਉਸ ਨੂੰ ਸਹੁੰ ਚੁਕਾਈ ਜਾਂਦੀ ਹੈ ਕਿ ਤੁਸੀਂ ਉਸ ਦੇਸ਼ ਵਾਸਤੇ ਜਿਉਗੇ ਤੇ ਉਸ ਦੇਸ਼ ਲਈ ਹੀ ਮਰੋਗੇ। ਤੁਹਾਡਾ ਹੁਣ ਪਿਛਲੇ ਦੇਸ਼ ਨਾਲ ਕੋਈ ਨਾਤਾ ਨਹੀਂ। ਸਹੁੰ ਚੁਕਣ ਸਮੇਂ ਕਈਆਂ ਨੂੰ ਮਾਨਸਿਕ ਪੀੜਾ ਵਿਚੋਂ ਗੁਜ਼ਰਨਾ ਪੈਂਦਾ ਹੈ, ਜਿਸ ਦੀ ਤਸਵੀਰ ਕਈ ਲੇਖਕਾਂ ਨੇ ਆਪਣੀਆਂ ਕਹਾਣੀਆਂ ਵਿਚ ਬਿਆਨ ਕੀਤੀ ਹੈ। ਜਿਸ ਧਰਤੀ 'ਤੇ ਕੋਈ ਜੰਮੇ ਪਲੇ, ਜਿੱਥੇ ਉਸ ਦੀਆਂ ਜੜ੍ਹਾਂ ਹੋਣ, ਰਿਸ਼ਤੇਦਾਰ, ਭੈਣ ਭਰਾ ਹੋਣ, ਉਸ ਨੂੰ ਸਹੁੰ ਚੁਕਾਈ ਜਾਵੇ ਕਿ ਉਸ ਧਰਤੀ ਨਾਲ ਉਸ ਦਾ ਕੋਈ ਨਾਤਾ ਨਹੀਂ ਹੋਵੇਗਾ, ਕਿੱਡੀ ਵਡੀ ਤਰਾਸਦੀ ਹੈ । ਇਕ ਅਮਰੀਕੀ ਪੰਜਾਬੀ ਨੇ ਦਸਿਆ ਕਿ ਮੇਰੇ ਪਿਤਾ ਦੇਸ਼ ਭਗਤ ਸਨ, ਮੇਰੀ ਮਾਂ ਅਮਰੀਕਾ ਆਈ ਪਰ ਉਹ ਵਾਪਸ ਚਲੀ ਗਈ ਕਿਉਂਕਿ ਉਸ ਦਾ ਕਹਿਣਾ ਹੈ ਕਿ ਮੇਰੇ ਪਤੀ ਨੇ ਦੇਸ਼ ਆਜ਼ਾਦ ਕਰਾਉਣ ਲਈ ਜੇਲ੍ਹਾਂ ਕਟੀਆਂ, ਮੈਂ ਉਸ ਮੁਲਕ ਨੂੰ ਕਿਉਂ ਛਡਾਂ, ਮੈਂ ਡਾਲਰਾਂ ਨੂੰ ਚੱਟਣਾਂ। ਇੰਗਲੈਂਡ ਤੋਂ ਇਲਾਵਾ ਕੈਨੇਡਾ ਤੇ ਹੋਰ ਕਈ ਮੁਲਕਾਂ ਵਿਚ ਮਲਕਾ ਐਲਿਜ਼ਬੈੱਥ ਸੈਕੰਡ ਦੇਸ਼ ਦੀ ਮੁਖੀ (ਰਾਸ਼ਟਰਪਤੀ) ਹੈ। ਪੱਕੇ ਵਸਨੀਕ ਬਣਨ ਸਮੇਂ ਉਸ ਦੇ ਤਾਜ ਦੀ ਸਹੁੰ ਚੁਕਾਈ ਜਾਂਦੀ ਹੈ। ਕਈ ਸੰਵੇਦਨਸ਼ੀਲ ਇਸ ਮੌਕੇ ਸੋਚਦੇ ਹਨ ਕਿ ਜਿਸ ਤਾਜ ਤੋਂ ਭਾਰਤ ਨੂੰ ਮੁਕਤੀ ਦਵਾਉਣ ਲਈ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ, ਸ਼ਹੀਦ ਮਦਨ ਲਾਲ ਢੀਂਗਰਾ, ਸ਼ਹੀਦ ਊਧਮ ਸਿੰਘ ਵਰਗੇ ਅਨੇਕਾਂ ਦੇਸ਼ ਭਗਤਾਂ ਨੇ ਫ਼ਾਂਸੀ ਦੇ ਰਸੇ ਨੂੰ ਚੁੰਮਿਆ ਤੇ ਅਨੇਕਾਂ ਨੇ ਜੇਲ੍ਹਾਂ ਕੱਟੀਆਂ, ਉਸ ਤਾਜ ਦੀ ਅਜ ਦੂਜੇ ਮੁਲਕ ਵਿਚ ਆ ਕੇ ਮੈਂ ਸਹੁੰ ਚੁਕ ਰਿਹਾ ਹਾਂ, ਮੈਂ ਇਹ ਚੰਗਾ ਕੰਮ ਨਹੀਂ ਕਰ ਰਿਹਾ। ਅਜਿਹੀ ਵਿਚਾਰਧਾਰਾ ਵਾਲਿਆਂ ਨੂੰ ਪਰਵਾਸ ਕਰਨ ਤੋਂ ਪਹਿਲਾਂ ਸੌ ਵਾਰ ਸੋਚਣਾ ਚਾਹੀਦਾ ਹੈ। ਬਹੁਤਿਆਂ ਦਾ ਕਹਿਣਾ ਹੈ ਕਿ ਜਿਸ ਦੇਸ਼ ਵਿਚ ਰਹਿਣਾ ਹੈ, ਉੱਥੋਂ ਦੇ ਕਾਇਦੇ ਕਾਨੂੰਨ ਦੀ ਪਾਲਣਾ ਕਰਨ ਵਿਚ ਕੋਈ ਬੁਰਿਆਈ ਨਹੀਂ।

ਜਿਸ ਦੇਸ਼ ਵਿਚ ਜਾਣਾ ਹੈ, ਉਸ ਦੇ ਕਾਇਦੇ ਕਾਨੂੰਨ ਤੇ ਸਭਿਆਚਾਰ ਨੂੰ ਜਾਨਣਾ ਅਤੀ ਜ਼ਰੂਰੀ ਹੈ। ਵਿਦੇਸ਼ਾਂ ਵਿਚ ਵੱਖ ਵੱਖ ਧਰਮਾਂ, ਨਸਲਾਂ, ਦੇਸ਼ਾਂ ਦੇ ਲੋਕ ਰਹਿੰਦੇ ਹਨ। ਤੁਹਾਡੇ ਬੱਚਿਆਂ ਨੇ ਉਨ੍ਹਾਂ ਵਿਚ ਰਹਿਣਾ ਹੈ। ਇਸ ਲਈ ਇਥੇ ਆਉਣ ਵਾਲਿਆਂ ਨੂੰ

ਮਾਨਸਿਕ ਤੌਰ 'ਤੇ ਤਿਆਰ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਦੇ ਬੱਚੇ ਦੂਜੇ ਧਰਮ ਜਾਂ ਦੂਜੇ ਦੇਸ਼ ਦੇ ਵਸਨੀਕਾਂ ਨਾਲ ਪ੍ਰੇਮ ਵਿਆਹ ਕਰਵਾ ਸਕਦੇ ਹਨ ਤੇ ਆਪਣਾ ਧਰਮ ਵੀ ਬਦਲ ਸਕਦੇ ਹਨ। ਉਨ੍ਹਾਂ ਦੀ ਵਿਲੱਖਣ ਪਛਾਣ ਰੱਖਣ ਲਈ ਉਨ੍ਹਾਂ ਨੂੰ ਬਹੁਤ ਜਦੋ ਜਹਿਦ ਕਰਨੀ ਹੋਵੇਗੀ। ਅਮਰੀਕਾ ਵਿਚ ਅਣ-ਵਿਆਹੀਆਂ ਔਰਤਾਂ ਮਾਂ ਬਣ ਜਾਂਦੀਆਂ ਹਨ, ਜਿਨ੍ਹਾਂ ਨੂੰ ਇੱਥੇ ਪੂਰੀ ਮਾਨਤਾ ਹੈ।

ਵਿਦੇਸ਼ਾਂ ਵਿਚ ਬੱਚਿਆਂ ਦੀ ਮਰਜ਼ੀ ਚੱਲਦੀ ਹੈ। ਮਾਂ ਪਿਉ ਨੂੰ ਕੋਈ ਨਹੀਂ ਪੁੱਛਦਾ। ਜਦ ਬੱਚੇ ਵੱਡੇ ਹੋ ਜਾਂਦੇ ਹਨ ਤੇ ਕਮਾਈ ਕਰਨ ਲਗਦੇ ਹਨ ਤਾਂ ਉਹ ਮਾਂ ਪਿਉ ਤੋਂ ਵੱਖਰੇ ਰਹਿਣਾ ਸ਼ੁਰੂ ਕਰ ਦਿੰਦੇ ਹਨ। ਗੋਰਿਆਂ ਵਾਂਗ ਅਕਸਰ ਕੁਆਰੇ ਮੁੰਡੇ ਕੁੜੀਆਂ ਇਕੱਠੇ ਰਹਿੰਦੇ ਹਨ। ਵਿਆਹ ਤੋਂ ਪਿੱਛੋਂ ਸ਼ਾਇਦ ਹੀ ਕੋਈ ਭਾਰਤੀ ਮਾਤਾ ਪਿਤਾ ਨਾਲ ਰਹਿੰਦਾ ਹੋਵੇ। ਹਾਲਾਤ ਅਜਿਹੇ ਹਨ ਕਿ ਜੇ ਮਾਂ ਪਿਉ ਨੇ ਮਿਲਣਾ ਹੋਵੇ ਤਾਂ ਉਨ੍ਹਾਂ ਨੂੰ ਸਮਾਂ ਲੈਣਾ ਪੈਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਇੱਥੋਂ ਦਾ ਸਭਿਆਚਾਰ ਪੰਜਾਬੀ ਸਭਿਆਚਾਰ ਨਾਲੋਂ ਬਿਲਕੁਲ ਵੱਖਰੀ ਤਰ੍ਹਾਂ ਦਾ ਹੈ ਤੇ ਜਦ ਇਸ ਸਭਿਆਚਾਰ ਵਿੱਚੋਂ ਪੰਜਾਬ ਤੋਂ ਆਏ ਪੰਜਾਬੀਆਂ ਨੂੰ ਗੁਜ਼ਰਨਾ ਪੈਂਦਾ ਹੈ ਤਾਂ ਉਨ੍ਹਾਂ ਨੂੰ ਪਛਤਾਵਾ ਹੁੰਦਾ ਹੈ ਕਿ ਉਹ ਇੱਥੇ ਕਿਉਂ ਆਏ ? ਇਸ ਤਰ੍ਹਾਂ ਦੀਆਂ ਅਨੇਕਾਂ ਗੱਲਾਂ ਹਨ, ਜਿਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੈ।

ਵਿਦੇਸ਼ਾਂ ਵਿਚ ਹਰੇਕ ਆਦਮੀ ਰੁਝਿਆ ਹੋਇਆ ਹੈ। ਹਰੇਕ ਵਿਅਕਤੀ ਕੰਮ ਕਰਦਾ ਹੈ। ਕਈਆਂ ਕੋਲ ਰਹਿਣ ਦੀ ਜਗ੍ਹਾ ਵੀ ਘੱਟ ਹੈ। ਮਹਿੰਗਾਈ ਬਹੁਤ ਹੈ। ਇਸ ਲਈ ਤੁਸੀਂ ਆਪਣੇ ਲੜਕੇ ਲੜਕੀ ਨੂੰ ਛੱਡ ਕੇ ਕਿਸੇ ਹੋਰ ਰਿਸ਼ਤੇਦਾਰ ਕੋਲ ਬਹੁਤੇ ਦਿਨ ਨਹੀਂ ਰਹਿ ਸਕਦੇ। ਰਿਸ਼ਤੇਦਾਰ ਇਹੋ ਹੀ ਚਾਹੁੰਣਗੇ ਕਿ ਤੁਸੀਂ ਆਉ ਕੁਝ ਸਮਾਂ ਬਿਤਾਉ ਤੇ ਫਿਰ ਆਪਣੇ ਘਰ ਚਲੇ ਜਾਉ। ਜਦ ਸੈਰ ਸਪਾਟੇ ਲਈ ਵਿਦੇਸ਼ ਜਾਉ ਤਾਂ ਇਹ ਸੋਚ ਕੇ ਜਾਉ ਕਿ ਸਬੰਧਿਤ ਵਿਅਕਤੀ ਕੇਵਲ ਸ਼ਨੀਵਾਰ ਤੇ ਐਤਵਾਰ ਹੀ ਤੁਹਾਨੂੰ ਘੁੰਮਾ ਫਿਰਾ ਸਕਦਾ ਹੈ, ਬਾਕੀ ਦਿਨ ਤੁਸੀ ਘਰ ਹੀ ਬਿਤਾਉਣੇ ਹਨ। ਬਾਕੀ ਦਿਨਾਂ ਵਿਚ ਜੇ ਘੁੰਮਣਾ ਫਿਰਨਾ ਹੈ ਤਾਂ ਤੁਹਾਨੂੰ ਉੱਥੇ ਆਪਣਾ ਪ੍ਰਬੰਧ ਕਰਨਾ ਹੋਵੇਗਾ। ਇਸ ਲਈ ਡਾਲਰਾਂ ਨਾਲ ਜੇਬਾਂ ਭਰ ਕੇ ਹੀ ਵਿਦੇਸ਼ ਜਾਣਾ ਚਾਹੀਦਾ ਹੈ। ਸੈਰ ਸਪਾਟੇ ਲਈ ਸਭ ਤੋਂ ਵਧੀਆਂ ਤਰੀਕਾ ਉਨ੍ਹਾਂ ਸੈਰ ਸਪਾਟਾ ਕੰਪਨੀਆਂ ਰਾਹੀਂ ਜਾਣਾ ਚਾਹੀਦਾ ਹੈ ਜਿਹੜੀਆਂ ਵਖ ਵਖ ਗਰੁਪ ਬਣਾ ਕੇ ਭਾਰਤੀਆਂ ਨੂੰ ਸੈਰ ਸਪਾਟੇ ਲਈ ਲੈ ਕੇ ਜਾਂਦੀਆਂ ਹਨ। ਟਿਕਟ ਤੋਂ ਲੈ ਕੇ ਰਹਿਣ, ਖਾਣ ਪੀਣ ਤੇ ਸੈਰ ਕਰਾਉਣ ਦਾ ਸਾਰਾ ਉਨ੍ਹਾਂ ਦਾ ਜਿੰਮਾ ਹੁੰਦਾ ਹੈ।

ਹਰ ਦੇਸ਼ ਵਿਚ ਸਮਾਜਿਕ ਸੁਰੱਖਿਆ ਦੀ ਵਿਵਸਥਾ ਅੱਡ ਅੱਡ ਹੈ। ਕੈਨੇਡਾ, ਇੰਗਲੈਂਡ ਤੇ ਕਈ ਹੋਰ ਮੁਲਕਾਂ ਵਿਚ ਇਲਾਜ ਮੁਫ਼ਤ ਹੈ, ਜਦ ਕਿ ਅਮਰੀਕਾ ਤੇ ਕਈ ਹੋਰ ਮੁਲਕਾਂ ਵਿਚ ਨਹੀਂ। ਕਈਆਂ ਦੇਸ਼ਾਂ ਵਿਚ ਕੰਮ ਦੀ ਗਰੰਟੀ ਹੈ। ਕੰਮ ਨਹੀਂ ਤਾਂ ਬੇ-ਰੁਜ਼ਗਾਰੀ ਭੱਤਾ ਹੈ। ਘਰਾਂ ਦੀ ਗਰੰਟੀ ਹੈ। ਇਸ ਤਰ੍ਹਾਂ ਦੀਆਂ ਹੋਰ ਸਹੂਲਤਾਂ ਵੀ ਸਰਕਾਰਾਂ ਵਲੋਂ ਦਿਤੀਆਂ ਜਾਂਦੀਆਂ ਹਨ। ਇਨ੍ਹਾਂ ਸਹੂਲਤਾਂ ਨੂੰ ਵਾਚਣ ਤੋਂ ਬਾਅਦ ਹੀ ਸਬੰਧਿਤ ਦੇਸ਼ ਵਿਚ ਜਾਣਾ ਚਾਹੀਦਾ ਹੈ। ਅਰਬ ਦੇਸ਼ਾਂ ਵਿਚ ਵਿਦੇਸ਼ੀ ਪੱਕੇ ਸ਼ਹਿਰੀ

ਨਹੀਂ ਬਣ ਸਕਦੇ। ਅਮਰੀਕਾ ਤੇ ਕੈਨੇਡਾ ਗੁਆਂਢੀ ਮੁਲਕ ਹਨ, ਪਰ ਕੈਨੇਡਾ ਵਿਚ ਸਰਕਾਰੀ ਸਹੂਲਤਾਂ ਵਧੇਰੇ ਹੋਣ ਕਰਕੇ ਕਈ ਲੋਕ ਅਮਰੀਕਾ ਨਾਲੋਂ ਕੈਨੇਡਾ ਨੂੰ ਤਰਜੀਹ ਦਿੰਦੇ ਹਨ।

ਵਿਦੇਸ਼ ਜਾਣ ਲਈ ਸਭ ਤੋਂ ਜ਼ਰੂਰੀ ਹੈ ਕਿ ਜਾਇਜ਼ ਤਰੀਕੇ ਨਾਲ ਜਾਇਆ ਜਾਵੇ। ਗ਼ੈਰ ਕਾਨੂੰਨੀ ਢੰਗ ਨਾਲ ਜਾਣ ਸਮੇਂ ਕਈ ਲੋਕ ਜਾਨਾਂ ਗੁਆ ਬੈਠਦੇ ਹਨ। ਜਿਹੜੇ ਗ਼ੈਰ ਕਾਨੂੰਨੀ ਢੰਗ ਨਾਲ ਪੁੱਜ ਜਾਂਦੇ ਹਨ, ਉਹ ਪੁਲਿਸ ਤੋਂ ਛਿਪ ਕੇ ਰਹਿੰਦੇ ਹਨ ਤੇ ਇਹ ਡਰ ਉਨ੍ਹਾਂ ਨੂੰ ਹਮੇਸ਼ਾ ਸਤਾਉਂਦਾ ਰਹਿੰਦਾ ਹੈ ਕਿ ਕਿਤੇ ਪੁਲਿਸ ਉਨ੍ਹਾਂ ਨੂੰ ਫੜ ਨਾ ਲਵੇ। ਉਨ੍ਹਾਂ ਲਈ ਰਹਿਣਾ ਬਹੁਤ ਕਠਨ ਹੋ ਜਾਂਦਾ ਹੈ। ਇਨ੍ਹਾਂ ਗ਼ੈਰ ਕਾਨੂੰਨੀ ਵਿਅਕਤੀਆਂ ਨੂੰ ਕੰਮ ਕਰਨ ਲਈ ਪ੍ਰਮਿਟ ਨਹੀਂ ਮਿਲਦਾ। ਇਨ੍ਹਾਂ ਲਈ ਗੁਜ਼ਾਰਾ ਕਰਨਾ ਬੜਾ ਮੁਸ਼ਕਲ ਹੋ ਜਾਂਦਾ ਹੈ। ਕਈ ਵੇਰ ਅਜਿਹੇ ਵਿਅਕਤੀ ਗ਼ਲਤ ਕੰਮਾਂ ਵਿਚ ਪੈ ਜਾਂਦੇ ਹਨ ਤੇ ਉਨ੍ਹਾਂ ਦੀ ਜ਼ਿੰਦਗੀ ਨਰਕ ਬਣ ਜਾਂਦੀ ਹੈ।

ਅਮਰੀਕਾ ਵਿਚ ਲੱਖਾਂ ਲੋਕ ਗ਼ੈਰ-ਕਾਨੂੰਨੀ ਢੰਗ ਨਾਲ ਇਸ ਸਮੇਂ ਇਸ ਆਸ ਨਾਲ ਰਹਿ ਰਹੇ ਹਨ ਕਿ ਸਰਕਾਰ ਉਨ੍ਹਾਂ ਨੂੰ ਪੱਕਿਆਂ ਕਰ ਦੇਵੇਗੀ, ਪਰ ਅਜਿਹਾ ਹੋ ਨਹੀਂ ਰਿਹਾ। ਅਜਿਹਾ ਵਿਅਕਤੀ ਜਦ ਪੁਲਿਸ ਦੇ ਕਾਬੂ ਆ ਜਾਂਦਾ ਹੈ ਤਾਂ ਉਹ ਉਸ ਨੂੰ ਫੜ ਕੇ ਜੇਲ੍ਹ ਭੇਜ ਦਿੰਦੇ ਹਨ। ਅਜਿਹੇ ਵਿਅਕਤੀ ਜਾਂ ਤਾਂ ਵਾਪਸ ਆ ਜਾਂਦੇ ਹਨ ਜਾਂ ਵਕੀਲਾਂ ਕੋਲ ਪਹੁੰਚ ਜਾਂਦੇ ਹਨ। ਵਕੀਲ ਉਨ੍ਹਾਂ ਨੂੰ ਬਚਾਉਣ ਲਈ ਆਮ ਤੌਰ 'ਤੇ ਰਾਜਸੀ ਸ਼ਰਨ ਜਾਂ ਕੋਈ ਹੋਰ ਢੰਗ ਲਭ ਕੇ ਅਦਾਲਤ ਪਾਸੋਂ ਸਟੇਅ ਲੈ ਦਿੰਦੇ ਹਨ। ਇਸ ਤਰ੍ਹਾਂ ਉਹ ਅਦਾਲਤੀ ਚੱਕਰਾਂ ਵਿਚ ਪੈ ਜਾਂਦੇ ਹਨ, ਜਿਸ ਤੋਂ ਬਚਣਾ ਚਾਹੀਦਾ ਹੈ।

ਗ਼ੈਰ-ਕਾਨੂੰਨੀ ਢੰਗ ਨਾਲ ਰਹਿੰਦੇ ਲੋਕਾਂ ਦੀਆਂ ਦਰਦਨਾਕ ਕਹਾਣੀਆਂ ਤੁਹਾਨੂੰ ਸੁਣਨ ਲਈ ਮਿਲਦੀਆਂ ਹਨ। ਖੁਸ਼ੀ ਹੋਵੇ ਤੇ ਭਾਵੇਂ ਗਮੀ ਉਹ ਭਾਰਤ ਜਾ ਨਹੀਂ ਸਕਦੇ। ਕਈਆਂ ਦੇ ਮਾਤਾ ਪਿਤਾ ਤੇ ਹੋਰ ਪਰਿਵਾਰਕ ਮੈਂਬਰ ਅਕਾਲ ਚਲਾਣਾ ਕਰ ਗਏ ਪਰ ਉਹ ਜਾ ਨਹੀਂ ਸਕੇ। ਕਈ ਬੱਚੇ ਛੱਡ ਕੇ ਆਏ, ਜਿਹੜੇ ਵਿਆਹੁਣਯੋਗ ਹੋਏ ਤੇ ਉਨ੍ਹਾਂ ਦੇ ਵਿਆਹ ਹੋਏ ਪਰ ਉਹ ਜਾ ਨਹੀਂ ਸਕੇ। ਜਿਹੜੇ ਵਿਅਕਤੀ ਸੈਰ-ਸਪਾਟੇ ਲਈ ਜਾਂ ਪੜ੍ਹਾਈ ਕਰਨ ਲਈ ਆਉਂਦੇ ਹਨ, ਉਨ੍ਹਾਂ ਨੂੰ ਅਮਰੀਕਾ ਵਿਚ ਵਰਕ ਪਰਮਿਟ ਨਹੀਂ ਮਿਲਦਾ ਹੈ। ਇਹੋ ਜਿਹੀ ਸਥਿਤੀ ਹੋਰਨਾਂ ਦੇਸ਼ਾਂ ਵਿਚ ਵੀ ਹੈ। ਇਸ ਲਈ ਇਸ ਆਸ ਨਾਲ ਬਾਹਰ ਨਹੀਂ ਜਾਣਾ ਚਾਹੀਦਾ ਕਿ ਉਹ ਉੱਥੇ ਜਾ ਕੇ ਪੈਸਾ ਕਮਾ ਕੇ ਖ਼ਰਚਾ ਵੀ ਕੱਢ ਲਵਾਂਗੇ ਤੇ ਕੁਝ ਨਾ ਕੁਝ ਬਚਾ ਵੀ ਲਵਾਂਗੇ।

ਇਕ ਗਲ ਜੋ ਹੋਰ ਧਿਆਨ ਮੰਗਦੀ ਹੈ, ਉਹ ਹੈ ਕਰੰਸੀ। ਹਰ ਮੁਲਕ ਦੀ ਆਪਣੀ ਕਰੰਸੀ ਹੈ। ਜਿਵੇਂ ਸਾਡੀ ਕਰੰਸੀ ਰੁਪਈਆ ਹੈ, ਇਸੇ ਤਰ੍ਹਾਂ ਅਮਰੀਕਾ ਦੀ ਕਰੰਸੀ ਡਾਲਰ ਤੇ ਇੰਗਲੈਂਡ ਦੀ ਪੌਂਡ ਹੈ। ਜਿਵੇਂ ਅਸੀਂ ਰੁਪਿਆ ਖ਼ਰਚਦੇ ਹਾਂ, ਇਸੇ ਤਰ੍ਹਾਂ ਇਹ ਲੋਕ ਵੀ ਆਪਣੀ ਕਰੰਸੀ ਦੀ ਵਰਤੋਂ ਕਰਦੇ ਹਨ। ਪਰ ਰੁਪਏ ਦੀ ਕੀਮਤ ਇਨ੍ਹਾਂ ਕਰੰਸੀਆਂ ਦੇ ਟਾਕਰੇ 'ਤੇ ਬਹੁਤ ਘਟ ਹੈ। ਇਸ ਲਈ ਸਾਨੂੰ ਬਹੁਤ ਜ਼ਿਆਦਾ ਰੁਪਏ ਦੇ ਕੇ ਵਿਦੇਸ਼ੀ ਕਰੰਸੀ ਮਿਲਦੀ ਹੈ।

ਵਿਦੇਸ਼ਾਂ ਵਿਚ ਕਈ ਇਲਾਕੇ ਐਸੇ ਹਨ, ਜਿਥੇ ਅਮਨ ਕਾਨੂੰਨ ਦੀ ਹਾਲਤ ਬਹੁਤ

ਮਾੜੀ ਹੈ। ਅਮਰੀਕਾ ਵਿਚ ਕਈ ਇਲਾਕੇ ਖ਼ਾਸ ਕਰਕੇ ਪੁਰਾਣੇ ਸ਼ਹਿਰ ਜਿਨ੍ਹਾਂ ਨੂੰ ਡਾਊਨ ਟਾਊਨ ਕਿਹਾ ਜਾਂਦਾ ਹੈ ਤੇ ਜਿੱਥੇ ਇਥੋਂ ਦੇ ਮੂਲ ਵਾਸੀ ਰਹਿੰਦੇ ਹਨ, ਉੱਥੇ ਬੜਾ ਸੰਭਲ ਕੇ ਜਾਣਾ ਪੈਂਦਾ ਹੈ, ਖ਼ਾਸ ਕਰਕੇ ਰਾਤ ਨੂੰ। ਇੱਥੇ ਲੁਟਾਂ ਖੋਹਾਂ ਵੀ ਹੁੰਦੀਆਂ ਹਨ। ਪੁਲੀਸ ਵੀ ਕਈ ਵਾਰ ਉੱਥੇ ਆਉਣੋਂ ਝਿਜਕਦੀ ਹੈ। ਇਨ੍ਹਾਂ ਇਲਾਕਿਆਂ ਦੇ ਵਿਦਿਅਕ ਅਦਾਰਿਆਂ ਵਿਚ ਦਾਖਲਾ ਨਹੀਂ ਲੈਣਾ ਚਾਹੀਦਾ । ਵਿਦੇਸ਼ਾਂ ਵਿਚ ਇਲਾਜ ਬਹੁਤ ਮਹਿੰਗਾ ਹੈ ਇਸ ਲਈ ਜਦੋਂ ਵਿਦੇਸ਼ ਪੁੱਜੋ ਤਾਂ ਆਉਂਦਿਆਂ ਹੀ ਬੀਮਾ ਜ਼ਰੂਰ ਕਰਵਾਓ।

*29 ਸਤੰਬਰ 2014*

# ਪਰਵਾਸੀਆਂ ਪ੍ਰਤੀ ਸੰਜੀਦਾ ਹੋਵੇ ਪੰਜਾਬ ਸਰਕਾਰ

ਅਮਰੀਕਾ ਤੇ ਕੈਨੇਡਾ ਵਿਚ ਆਏ ਅਕਾਲੀ ਆਗੂਆਂ ਦੇ ਵਿਰੋਧ ਦਾ ਸਾਰਾ ਭਾਂਡਾ ਭਾਵੇਂ ਮੁੱਖ-ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਸਾਥੀਆਂ ਨੇ ਵਿਰੋਧੀ ਧਿਰ ਅਤੇ ਵਿਦੇਸ਼ੀ ਮੀਡਿਆ 'ਤੇ ਭੰਨ ਦਿੱਤਾ ਹੈ ਪਰ ਇਸ ਗਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪਰਵਾਸੀਆਂ ਦੇ ਮਸਲੇ ਦਿਨ ਬਦਿਨ ਘਟਣ ਦੀ ਥਾਂ 'ਤੇ ਵਧ ਰਹੇ ਹਨ ਤੇ ਪੰਜਾਬ ਸਰਕਾਰ ਨੂੰ ਇਨ੍ਹਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

ਜਿੱਥੋਂ ਤੀਕ ਵਿਦੇਸ਼ੀ ਮੀਡਿਆ ਦਾ ਸਰਕਾਰ ਵਿਰੋਧੀ ਹੋਣ ਦੇ ਦੋਸ਼ ਦਾ ਸਬੰਧ ਹੈ, ਜੇ ਗਹੁ ਨਾਲ ਵਿਦੇਸ਼ੀ ਮੀਡਿਆ ਨੂੰ ਵੇਖਿਆ ਜਾਵੇ ਤਾਂ ਉਹ ਨਿਰਪੱਖ ਹੋਣ ਕਰਕੇ ਲੋਕਾਂ ਦੀਆਂ ਭਾਵਨਾਵਾਂ ਦੀ ਸਹੀ ਰੂਪ ਵਿਚ ਤਰਜਮਾਨੀ ਕਰਦਾ ਹੈ। ਇਸ ਦੇ ਮੁਕਾਬਲੇ 'ਤੇ ਭਾਰਤੀ ਕੌਮੀ ਮੀਡਿਆ ਘਟ ਗਿਣਤੀਆਂ ਦੇ ਮਸਲਿਆਂ ਨੂੰ ਸਹੀ ਰੂਪ ਵਿਚ ਪੇਸ਼ ਨਹੀਂ ਕਰਦਾ। ਉਹ ਉਨ੍ਹਾਂ ਨੂੰ ਬਦਨਾਮ ਕਰਨ ਵਾਲੀਆਂ ਖਬਰਾਂ ਤਾਂ ਲਾਉਂਦਾ ਹੈ ਪਰ ਚੰਗੀਆਂ ਖਬਰਾਂ ਨੂੰ ਅਕਸਰ ਅਣਡਿੱਠ ਕਰਦਾ ਹੈ। ਇਸ ਦੀ ਪ੍ਰਮੁੱਖ ਉਦਾਹਰਨ ਹਾਲ ਹੀ ਵਿਚ ਹੜ੍ਹਾਂ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੰਮੂ ਕਸ਼ਮੀਰ ਵਿਚ ਹਵਾਈ ਜਹਾਜ਼ਾਂ ਰਾਹੀਂ ਗੁਰੂ ਕਾ ਲੰਗਰ ਭੇਜਣਾ ਹੈ, ਜਿਸ ਨੂੰ ਕੌਮੀ ਮੀਡਿਆ ਨੇ ਅਣਗੌਲਿਆਂ ਕੀਤਾ। ਪੰਜਾਬ ਵਿਚ ਕੇਬਲ ਨੈੱਟ ਵਰਕ ਫਾਸਟ ਵੇਅ ਦੀ ਅਜਾਰੇਦਾਰੀ ਹੈ। ਇਹ ਸਰਕਾਰ ਪੱਖੀ ਹੋਣ ਕਰਕੇ ਵਿਰੋਧੀ ਚੈਨਲ ਨਹੀਂ ਵਿਖਾ ਰਿਹਾ। ਪੰਜਾਬੀ ਟ੍ਰਿਬਿਊਨ ਸਮੂਹ ਤੇ ਇਕਾ ਦੁਕਾ ਹੋਰ ਅਖ਼ਬਾਰਾਂ ਹੀ ਸਰਕਾਰ ਦੀਆਂ ਗਲਤ ਨੀਤੀਆਂ ਦੀ ਆਲੋਚਨਾ ਕਰ ਰਹੀਆਂ ਹਨ, ਪੰਜਾਬ ਦਾ ਬਾਕੀ ਪ੍ਰਿੰਟ ਮੀਡਿਆ ਸਰਕਾਰ ਦੇ ਗੁਣ ਹੀ ਗਾ ਰਿਹਾ ਹੈ। ਇਸ ਕਰਕੇ ਪੰਜਾਬੀਆਂ ਨੂੰ ਨਿਰਪੱਖ ਜਾਣਕਾਰੀ ਨਹੀਂ ਮਿਲ ਰਹੀ।

ਜਿੱਥੋਂ ਤੀਕ ਪਰਵਾਸੀਆਂ ਦਾ ਸਬੰਧ ਹੈ, ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਹੀ ਨਹੀਂ ਸਗੋਂ ਪੰਜਾਬ ਦੀ ਪ੍ਰਤੀਨਿਧ ਜਮਾਤ ਹੋਣ ਕਰਕੇ ਇਸ ਤੋਂ ਪਰਵਾਸੀਆਂ ਨੂੰ ਬਹੁਤ ਆਸਾਂ ਹਨ ਪਰ ਮੌਜੂਦਾ ਸਰਕਾਰ ਉਨ੍ਹਾਂ ਦੀਆਂ ਆਸਾਂ ਉਪਰ ਪੂਰਾ ਨਹੀਂ ਉਤਰ ਰਹੀ। ਪਰਵਾਸੀ ਹੀ ਨਹੀਂ ਸਮੁੱਚੇ ਪੰਜਾਬੀ ਭਾਈਚਾਰੇ ਤੇ ਵਿਸ਼ੇਸ਼ ਕਰਕੇ ਸਿੱਖ ਭਾਈਚਾਰੇ ਨੂੰ ਆਸ ਸੀ ਕਿ ਹੁਣ ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲ ਪਾਰਟੀ ਬੇ.ਜੀ.ਪੀ. ਕੇਂਦਰ ਵਿਚ ਪੂਰਨ ਬਹੁ-ਮਤ ਲੈ ਕੇ ਆਈ ਹੈ, ਇਸ ਲਈ ਉਨ੍ਹਾਂ ਦੇ ਮਸਲੇ ਜ਼ਰੂਰ ਹੱਲ ਹੋਣਗੇ, ਪਰ ਇਕ ਸਾਲ ਬੀਤ ਜਾਣ 'ਤੇ ਕੁਝ ਵੀ ਪ੍ਰਾਪਤ ਨਹੀਂ ਹੋਇਆ। ਪੰਜਾਬ ਦੀਆਂ ਮੰਗਾਂ ਨੂੰ ਲੈ ਕੇ ਜਿਹੜਾ ਧਰਮ ਯੁੱਧ ਮੋਰਚਾ ਸ਼ੁਰੂ ਹੋਇਆ ਸੀ, ਉਸ ਨੂੰ ਅਕਾਲੀਆਂ ਨੇ ਵਿਸਾਰ ਦਿੱਤਾ ਹੈ।ਇਸ ਦੀ ਇਕ ਪ੍ਰਮੁਖ ਮੰਗ ਸੀ ਧਾਰਾ 25 ਬੀ ਨੂੰ ਖ਼ਤਮ ਕਰਕੇ ਬਾਕੀ ਧਰਮਾਂ

ਵਾਂਗ ਮੁਕੰਮਲ ਸਿੱਖ ਐਕਟ ਪਾਸ ਕਰਨਾ। ਪਿਛਲੀ ਸਰਕਾਰ ਵੱਲੋਂ ਪਾਸ ਕੀਤੇ ਗਏ ਸਿੱਖ ਮੈਰਿਜ ਐਕਟ ਦੀ ਧਾਰਾ 6 ਵਿਚ ਸਿੱਖਾਂ ਨੂੰ ਹਿੰਦੂਆਂ ਦੇ ਕਾਨੂੰਨਾਂ ਅਧੀਨ ਰੱਖਿਆ ਗਿਆ ਹੈ। ਇੰਝ ਮੁਕੰਮਲ ਸਿੱਖ ਮੈਰਿਜ ਐਕਟ ਅਜੇ ਤਕ ਨਹੀਂ ਬਣਿਆ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਨੇ ਤਰੱਕੀ ਕੀਤੀ ਹੈ ਪਰ ਪਰਵਾਸੀ ਪੰਜਾਬੀ ਇਸ ਦੀ ਤੁਲਨਾ ਹਰਿਆਣਾ ਤੇ ਹੋਰ ਸੂਬਿਆਂ ਨਾਲ ਕਰਕੇ ਵੇਖਦੇ ਹਨ। ਪੰਜਾਬ ਦਾ ਕਿਸਾਨ ਦੇਸ਼ ਦਾ ਅੰਨਦਾਤਾ ਹੈ ਪਰ ਉਹ ਖੁਦਕੁਸ਼ੀਆਂ ਕਰ ਰਿਹਾ ਹੈ। ਪੰਜਾਬ ਸਰਕਾਰ ਕਿਸਾਨਾਂ ਨੂੰ ਕੇਂਦਰ ਪਾਸੋਂ ਉਨ੍ਹਾਂ ਲਈ ਕੋਈ ਰਾਹਤ ਨਹੀਂ ਲੈ ਕੇ ਦੇ ਸਕੀ। ਮੀਂਹ ਤੇ ਹੜ੍ਹਾਂ ਕਾਰਨ ਕਿਸਾਨਾਂ ਨੂੰ ਉਹ ਮੁਆਵਜ਼ਾ ਨਹੀਂ ਮਿਲਿਆ ਜੋ ਕੇਜਰੀਵਾਲ ਸਰਕਾਰ ਨੇ ਦਿੱਲੀ ਦੇ ਕਿਸਾਨਾਂ ਨੂੰ ਦਿੱਤਾ ਜਾਂ ਪਿਛਲੀ ਸਰਕਾਰ ਨੇ ਦਿੱਤਾ ਸੀ। ਪਰਵਾਸੀ ਪੰਜਾਬੀਆਂ ਨੂੰ ਪੰਜਾਬ ਵਿਚ ਪੈਸਾ ਲਾਉਣ ਲਈ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਜਾਨਣ ਲਈ ਪਰਵਾਸੀ ਸੰਮੇਲਨ ਸ਼ੁਰੂ ਕੀਤੇ ਗਏ ਪਰ ਇਨ੍ਹਾਂ ਵਿਚ ਪਰਵਾਸੀਆਂ ਵੱਲੋਂ ਉਠਾਏ ਮਸਲਿਆਂ ਨੂੰ ਸਰਕਾਰ ਨੇ ਓਨੀ ਗੰਭੀਰਤਾ ਨਾਲ ਨਹੀਂ ਲਿਆ ਜਿੰਨੀ ਗੰਭੀਰਤਾ ਨਾਲ ਲੈਣਾ ਚਾਹੀਦਾ ਸੀ। ਸਿੱਟਾ ਇਹ ਨਿਕਲਿਆ ਕਿ 2015 ਦਾ ਪਰਵਾਸੀ ਸੰਮੇਲਨ ਨਾ ਹੋ ਕੇ ਸੰਗਤ ਦਰਸ਼ਨ ਬਣ ਕੇ ਰਹਿ ਗਿਆ।

ਅਸਲ ਵਿਚ ਪਰਵਾਸੀ ਪੰਜਾਬ ਦੇ ਪ੍ਰਬੰਧਕੀ ਢਾਂਚੇ ਦੀ ਵਿਦੇਸ਼ਾਂ ਨਾਲ ਤੁਲਨਾ ਕਰਦੇ ਹਨ ਤੇ ਉਹ ਚਾਹੁੰਦੇ ਹਨ ਪੰਜਾਬ ਸਰਕਾਰ ਵੀ ਅਜਿਹਾ ਕਰੇ। 11 ਜਨਵਰੀ 2014 ਨੂੰ ਕਰਵਾਏ ਗਏ ਪਰਵਾਸੀ ਸੰਮੇਲਨ ਵਿਚ ਆਏ ਪਰਵਾਸੀਆਂ ਨੇ ਕਿਹਾ ਸੀ ਕਿ ਸੰਮੇਲਨਾਂ ਵਿਚ ਕਰੋੜਾਂ ਰੁਪਏ ਖਰਚੇ ਜਾਂਦੇ ਹਨ ਪਰ ਨਤੀਜੇ ਕਦੇ ਵੀ ਹਾਂ-ਪੱਖੀ ਨਹੀਂ ਨਿਕਲਦੇ। ਪਰਵਾਸੀਆਂ ਦੀਆਂ ਮੁਸ਼ਕਲਾਂ ਘੱਟਣ ਦੀ ਥਾਂ 'ਤੇ ਵਧਦੀਆਂ ਜਾ ਰਹੀਆਂ ਹਨ। ਐਨ.ਆਰ.ਆਈ. ਸਭਾ 1996 ਵਿਚ ਹੋਂਦ ਵਿਚ ਆਈ ਪਰ ਜ਼ਮੀਨਾਂ ਜਾਇਦਾਦਾਂ ਦੇ ਮਾਮਲਿਆਂ ਵਿਚ ਉਨ੍ਹਾਂ ਨੂੰ ਕੋਈ ਰਾਹਤ ਨਹੀਂ ਮਿਲ ਰਹੀ। 2013 ਦੇ ਪਰਵਾਸੀ ਸੰਮੇਲਨ ਵਿਚ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਮੁਹਾਲੀ ਵਿਚ ਐਨ.ਆਰ.ਆਈ. ਭਵਨ ਉਸਾਰਿਆ ਜਾਵੇਗਾ ਜਿਸ ਵਿਚ ਸਾਰੀਆਂ ਸਹੂਲਤਾਂ ਹੋਣਗੀਆਂ। ਇਸ ਵਿਚ ਪਰਵਾਸੀਆਂ ਨੂੰ ਇਕੋ ਛਤ ਹੇਠ ਸਾਰੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ ਪਰ ਅਜੇ ਤੀਕ ਕੁਝ ਨਹੀਂ ਕੀਤਾ ਗਿਆ। ਪਰਵਾਸੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੀਆਂ ਸ਼ਿਕਾਇਤਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਤੇ ਕਾਗਜ਼ੀ-ਪਤਰੀ ਹੀ ਸਭ ਕੁਝ ਨਬੇੜਿਆ ਜਾਂਦਾ ਹੈ। ਐਨ.ਆਰ.ਆਈ. ਥਾਣਿਆਂ ਵਿਚ 60 ਪ੍ਰਤੀਸ਼ਤ ਸ਼ਕਾਇਤਾਂ ਜਾਇਦਾਦਾਂ ਤੇ 40 ਪ੍ਰਤੀਸ਼ਤ ਵਿਆਹਾਂ ਨਾਲ ਸੰਬੰਧਿਤ ਹਨ। ਐਨ.ਆਰ.ਆਈ. ਥਾਣਿਆਂ ਵਿਚ ਪਰਵਾਸੀਆਂ ਦੀ ਖਜਲ ਖੁਆਰੀ ਉਸੇ ਤਰ੍ਹਾਂ ਹੈ ਜਿਵੇਂ ਬਾਕੀ ਥਾਣਿਆਂ ਅਤੇ ਸਰਕਾਰੀ ਦਫ਼ਤਰਾਂ ਵਿਚ।

23 ਜੁਲਾਈ 2015 ਦੀ ਪੰਜਾਬੀ ਟ੍ਰਿਬਿਊਨ ਵਿਚ ਪ੍ਰਕਾਸ਼ਿਤ ਖਬਰ ਅਨੁਸਾਰ ਇਸ ਸਾਲ ਦੇ ਪਹਿਲੇ 6 ਮਹੀਨਿਆਂ ਵਿਚ 3141 ਸ਼ਕਾਇਤਾਂ ਆਈਆਂ ਜਿਸ ਵਿਚ 1343 ਜਾਦਿਾਦ ਦੇ ਮਾਮਲਿਆਂ ਬਾਰੇ ਹਨ। ਕਬਜ਼ਾ ਕਰਨ ਵਾਲਿਆਂ ਵਿਚ ਅਕਾਲੀ ਆਗੂ ਤੇ ਪੁਲਿਸ ਅਧਿਕਾਰੀ ਵੀ ਸ਼ਾਮਲ ਹਨ। ਪੰਜਾਬ ਪੁਲਿਸ ਸਿਆਸੀ ਪ੍ਰਭਾਵ ਹੇਠ

ਪਰਵਾਸੀਆਂ ਦੇ ਕੇਸ ਦਰਜ ਨਹੀਂ ਕਰਦੀ ਜਿਸ ਕਰਕੇ ਪਰਵਾਸੀਆਂ ਵਿਚ ਸਖਤ ਰੋਸ ਹੈ। 2013 ਵਿਚ 3572 ਸ਼ਕਾਇਤਾਂ ਆਈਆਂ ਜਿਨ੍ਹਾਂ ਵਿਚੋਂ ਸਿਰਫ਼ 271 ਦੀਆਂ ਹੀ ਐਫ਼.ਆਈ.ਆਰ. ਦਰਜ ਕੀਤੀਆਂ ਗਈਆਂ। 2014 ਵਿਚ 7638 ਸ਼ਕਾਇਤਾਂ ਪ੍ਰਾਪਤ ਹੋਈਆਂ ਪਰ ਕੇਸ ਕੇਵਲ 193 ਹੀ ਦਰਜ ਹੋਏ।

2014 ਦੇ ਪਰਵਾਸੀ ਸੰਮੇਲਨ ਵਿਚ ਸ਼ਾਮਲ ਹੋਏ ਅਲਬਰਟਾ ਦੇ ਵਿਧਾਇਕ ਪੀਟਰ ਸੰਧੂ ਨੇ ਪੰਜਾਬ ਸਰਕਾਰ ਨੂੰ ਬਹੁਤ ਹੀ ਵਧੀਆ ਸੁਝਾਅ ਦਿੱਤਾ ਸੀ ਕਿ ਐਨ.ਆਰ.ਆਈ. ਥਾਣੇ ਬਨਾਉਣ ਦੀ ਥਾਂ 'ਤੇ ਸਮੁੱਚੇ ਪ੍ਰਬੰਧਾਂ ਵਿਚ ਸੁਧਾਰ ਕੀਤਾ ਜਾਵੇ। ਉਨ੍ਹਾਂ ਦਾ ਕਹਿਣਾ ਸੀ ਕਿ ਜੇ ਪੁਲਿਸ ਦੀ ਕਾਰਗੁਜ਼ਾਰੀ ਪਾਰਦਰਸ਼ੀ ਕਰ ਦਿੱਤੀ ਜਾਵੇ ਤਾਂ ਸਾਰੀ ਸਮੱਸਿਆ ਹੀ ਖ਼ਤਮ ਹੋ ਜਾਂਦੀ ਹੈ। ਪਰਵਾਸੀ ਇੱਥੋਂ ਦੀ ਦਫ਼ਤਰੀ ਪ੍ਰਣਾਲੀ ਜੋ ਕਿ ਬੜੀਆ ਮੁਸ਼ਕਲਾਂ ਭਰੀ ਹੈ, ਤੋਂ ਬਹੁਤ ਦੁਖੀ ਹਨ। ਉਨ੍ਹਾਂ ਉਲਾਂਭਾ ਦਿੱਤਾ ਸੀ ਕਿ ਪੰਜਾਬ ਸਰਕਾਰ ਵੱਲੋਂ ਪਰਵਾਸੀਆਂ ਦੇ ਮਸਲੇ ਹਲ ਕਰਨ ਲਈ ਐਲਾਨੀ 10 ਮੈਂਬਰੀ ਕਮੇਟੀ ਦਾ ਗਠਨ ਅਜੇ ਤੀਕ ਨਹੀਂ ਕੀਤਾ ਗਿਆ, ਜਿਸ ਵਿਚ ਵਿਦੇਸ਼ਾਂ ਦੇ ਚੁਣੇ 5 ਨੁਮਾਇੰਦੇ ਤੇ 5 ਪੰਜਾਬ ਦੇ ਕੈਬਨਿਟ ਮੰਤਰੀ ਸ਼ਾਮਲ ਕਰਨ ਦੀ ਗੱਲ ਕਹੀ ਗਈ ਸੀ।

ਪਰਵਾਸੀ ਸੰਮੇਲਨਾਂ ਵਿਚ ਮੁੱਖ ਮੰਤਰੀ ਪਰਵਾਸੀਆਂ ਨੂੰ ਆਪਣੇ ਬੱਚੇ ਪੰਜਾਬ ਵਿਚ ਪੜ੍ਹਾਉਣ ਦੀ ਅਪੀਲ ਕਰਦੇ ਰਹਿੰਦੇ ਹਨ ਪਰ ਪਰਵਾਸੀਆਂ ਦੀ ਨਵੀਂ ਪੀੜ੍ਹੀ ਪੰਜਾਬ ਦੇ ਗੰਦਲੇ ਵਾਤਾਵਰਨ ਕਰਕੇ ਪੰਜਾਬ ਨਾਲ ਸਖ਼ਤ ਨਫ਼ਰਤ ਕਰਦੀ ਹੈ ਤੇ ਪੰਜਾਬ ਵਲ ਨੂੰ ਮੂੰਹ ਨਹੀਂ ਕਰਦੀ। ਪੰਜਾਬ ਵਿਚ ਜਾਨ ਮਾਲ ਦੀ ਕੋਈ ਸੁਰੱਖਿਆ ਨਹੀਂ। ਪਰਵਾਸੀਆਂ ਨੂੰ ਜੀ ਆਇਆਂ ਕਹਿਣ ਦੀ ਥਾਂ 'ਤੇ ਝੂਠੇ ਪੁਲਿਸ ਕੇਸ ਮੜ੍ਹੇ ਜਾਂਦੇ ਹਨ। ਰਿਸ਼ਵਤਖੋਰੀ ਤੇ ਲਾਲ ਫ਼ੀਤਾ ਸ਼ਾਹੀ ਦਾ ਬੋਲ ਬਾਲਾ ਹੋਣ ਕਰਕੇ ਪਰਵਾਸੀ ਪੰਜਾਬੀ ਦੂਜੇ ਸੂਬਿਆਂ ਵਿਚ ਕਾਰਖਾਨੇ ਲਾ ਰਹੇ ਹਨ।

ਹੁਣ ਭਾਵੇਂ ਪਰਵਾਸੀ ਪੰਜਾਬ ਵਿਚ ਆ ਕੇ ਵੱਸਣਾ ਨਹੀਂ ਚਾਹੁੰਦੇ ਪਰ ਉਹ ਇਸ ਦੀ ਸੁਖ ਜ਼ਰੂਰ ਮੰਗਦੇ ਹਨ ਤੇ ਇਸ ਦੀ ਆਨ ਤੇ ਸ਼ਾਨ ਬਹਾਲ ਕਰਨ ਦੇ ਉਪਰਾਲੇ ਕਰਦੇ ਰਹਿੰਦੇ ਹਨ। ਉਹ ਭਾਰਤ ਦੇ ਪ੍ਰਬੰਧਕੀ ਢਾਂਚੇ ਨੂੰ ਬਦਲਣ ਲਈ ਬੜੇ ਉਤਾਵਲੇ ਰਹਿੰਦੇ ਹਨ। 1913 ਵਿਚ ਦੇਸ਼ ਨੂੰ ਗ਼ੁਲਾਮੀ ਦੇ ਰਸੇ ਤੋਂ ਛੁਟਕਾਰਾ ਦਿਵਾਉਣ ਲਈ 8000 ਤੋਂ ਵਧ ਗ਼ਦਰੀ ਬਾਬੇ ਆਪਣਾ ਘਰ ਬਾਰ ਛਡ ਕੇ ਅਮਰੀਕਾ, ਕੈਨੇਡਾ, ਸਿੰਗਾਪੁਰ ਆਦਿ ਤੋਂ ਭਾਰਤ ਆਏ ਸਨ ਤੇ ਇੱਥੇ ਆ ਕੇ ਉਨ੍ਹਾਂ ਨੇ ਫ਼ਾਂਸੀ ਦੇ ਰਸਿਆਂ ਨੂੰ ਚੁੰਮਿਆ ਸੀ। ਜਦ ਮਨਪ੍ਰੀਤ ਸਿੰਘ ਬਾਦਲ ਨੇ ਪੀਪਲਜ਼ ਪਾਰਟੀ ਆਫ਼ ਪੰਜਾਬ ਬਣਾਈ ਸੀ ਤਾਂ ਉਨ੍ਹਾਂ ਉਸ ਦੀ ਭਰਪੂਰ ਮਦਦ ਕੀਤੀ ਸੀ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਉਨ੍ਹਾਂ ਨੂੰ ਕੇਜਰੀਵਾਲ ਤਬਦੀਲੀ ਦਾ ਆਗੂ ਨਜ਼ਰ ਆਇਆ ਤੇ ਉਨ੍ਹਾਂ ਨੇ ਲੋਕ ਸਭਾ ਵਿਚ ਆਮ ਪਾਰਟੀ ਦੀ ਮਦਦ ਕੀਤੀ। ਹੁਣ ਵੀ ਪਰਵਾਸੀਆਂ ਦੀ ਬਹੁ-ਗਿਣਤੀ ਆਮ ਪਾਰਟੀ ਨਾਲ ਹੈ।

ਅਜ ਅਕਾਲੀ ਦਲ ਲਈ ਨਵੀਆਂ ਚੁਣੌਤੀਆਂ ਹਨ। ਸਭ ਤੋਂ ਵਡੀ ਚੁਣੌਤੀ ਭਾਜਪਾ ਵਲੋਂ ਹੈ। ਕੇਂਦਰ ਵਿਚ ਹਾਕਮ ਪਾਰਟੀ ਹੋਣ ਕਰਕੇ ਉਸ ਦਾ ਯਤਨ ਹੈ ਕਿ ਉਹ ਆਜ਼ਾਦਾਨਾ ਤੌਰ 'ਤੇ ਚੋਣ ਲੜੇ। ਜੇ ਉਸ ਨੇ ਭਾਈਵਾਲੀ ਵੀ ਨਿਭਾਈ ਤਾਂ ਉਸ

ਦੀ ਕੋਸ਼ਿਸ਼ ਹੋਵੇਗੀ ਕਿ ਵੱਧ ਤੋਂ ਵੱਧ ਸੀਟਾਂ ਲਈਆਂ ਜਾਣ ਜਿਸ ਨਾਲ 2017 ਦੀ ਸਰਕਾਰ ਵਿਚ ਆਕਾਲੀ ਦਲ ਨੂੰ ਇਕਲਿਆਂ ਬਹੁ-ਮਤ ਨਾ ਮਿਲੇ ਤੇ ਉਹ ਭਾਜਪਾ 'ਤੇ ਨਿਰਭਰ ਰਹੇ। ਦੂਜੀ ਚੁਣੌਤੀ ਆਮ ਪਾਰਟੀ ਵਲੋਂ ਹੈ। ਜੇ ਉਸ ਸਮੇਂ ਤੀਕ ਦਿੱਲੀ ਵਿਚ ਆਮ ਪਾਰਟੀ ਦੀ ਸਰਕਾਰ ਦਾ ਕੰਮ ਕਾਜ ਵਧੀਆ ਸਾਬਤ ਹੁੰਦਾ ਹੈ ਤਾਂ ਇਸ ਦਾ ਪ੍ਰਭਾਵ ਪੰਜਾਬ 'ਤੇ ਜ਼ਰੂਰ ਪਵੇਗਾ।

ਜੇ ਅਕਾਲੀ ਦਲ ਨੇ ਪਰਵਾਸੀਆਂ ਦੀ ਹਮਾਇਤ ਲੈਣੀ ਹੈ ਤਾਂ ਜਿਥੇ ਉਹ ਪੰਜਾਬ ਵਿਚ ਪ੍ਰਬੰਧਕੀ ਢਾਂਚਾ ਨੂੰ ਬਦਲੇ ਉੱਥੇ ਅਮਰੀਕਾ, ਕੈਨੇਡਾ ਵਿਚ ਕਾਇਮ ਕੀਤੇ ਪਾਰਟੀ ਆਹੁਦੇਦਾਰਾਂ ਨੂੰ ਹਦਾਇਤ ਕਰੇ ਕਿ ਉਹ ਉੱਥੇ ਵਸਦੇ ਪੰਜਾਬੀਆਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਦਫ਼ਤਰ ਬਨਾਉਣ ਜੋ ਪਰਵਾਸੀਆਂ ਦੇ ਮਸਲੇ ਹੱਲ ਕਰਨ ਵਿਚ ਉਨ੍ਹਾਂ ਦੀ ਸਹਾਇਤਾ ਕਰਨ। ਉਨ੍ਹਾਂ ਨੂੰ ਪੰਜਾਬ ਆਉਣ ਦੀ ਲੋੜ ਹੀ ਨਾ ਪਵੇ। ਬਹੁਤ ਸਾਰੇ ਕੇਸ ਭਾਰਤ ਸਰਕਾਰ ਨਾਲ ਸੰਬੰਧਤ ਹਨ, ਉਹ ਵੀ ਪੰਜਾਬ ਸਰਕਾਰ ਨੂੰ ਭੇਜਣ ਤਾਂ ਜੋ ਉਹ ਕੇਂਦਰ ਤੋਂ ਉਨ੍ਹਾਂ ਦਾ ਹੱਲ ਕਰਵਾਏ। ਪਰਵਾਸੀਆਂ ਨੂੰ ਦਿੱਲੀ ਹਵਾਈ ਅੱਡੇ 'ਤੇ ਧਕੇ ਖਾਣੇ ਪੈਂਦੇ ਹਨ, ਇਸ ਲਈ ਕੇਂਦਰ ਸਰਕਾਰ 'ਤੇ ਦਬਾਅ ਪਾ ਕੇ ਅੰਮ੍ਰਿਤਸਰ ਤੋਂ ਸਿੱਧੀਆਂ ਵਿਦੇਸ਼ਾਂ ਨੂੰ ਉਡਾਣਾਂ ਸ਼ੁਰੂ ਕਰਵਾਈਆਂ ਜਾਣ। ਇਸ ਨਾਲ ਏਅਰ ਇੰਡੀਆਂ ਦੀਆਂ ਘਾਟੇ ਵਿਚ ਜਾ ਰਹੀਆਂ ਉਡਾਣਾਂ ਲਾਭ ਕਮਾ ਸਕਦੀਆਂ ਹਨ ਤੇ ਪੰਜਾਬ ਦਾ ਏਅਰ ਕਾਰਗੋ ਵਿਦੇਸ਼ਾਂ ਵਿਚ ਜਾ ਸਕਦਾ ਹੈ, ਜੋ ਇਸ ਸਮੇਂ ਬੰਦ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਿਆਂ ਵਿਚ ਚੰਗੇ ਪੜ੍ਹੇ ਲਿਖੇ ਗ੍ਰੰਥੀ ਸਿੰਘ ਵਿਚ ਭੇਜੇ ਜੋ ਨਵੀਂ ਪੀੜ੍ਹੀ ਨੂੰ ਸਿੱਖੀ ਨਾਲ ਜੋੜ ਸਕਣ। ਬਾਦਲ ਪਰਿਵਾਰ ਨੇ ਅਜ ਟਰਾਂਸਪੋਰਟ, ਕੇਬਲ ਨੈੱਟਵਰਕ ਤੇ ਹੋਰ ਕਾਰੋਬਾਰਾਂ 'ਤੇ ਜਿਹੜਾ ਕਬਜ਼ਾ ਕੀਤਾ ਹੈ ਉਸ ਤੋਂ ਪੰਜਾਬ ਨੂੰ ਛੁਟਕਾਰਾ ਦਵਾਇਆ ਜਾਵੇ। ਨਸ਼ਿਆਂ ਕਰਕੇ ਬਹੁਤ ਬਦਨਾਮੀ ਹੋ ਰਹੀ ਹੈ, ਇਸ ਪ੍ਰਤੀ ਲੋਕ-ਪੱਖੀ ਨੀਤੀ ਅਪਣਾਈ ਜਾਵੇ। ਕੇਂਦਰ ਨਾਲ ਸਬੰਧਤ ਮਸਲੇ ਹੱਲ ਕਰਵਾਉਣ ਲਈ ਕੇਂਦਰ 'ਤੇ ਦਬਾਅ ਪਾਇਆ ਜਾਵੇ। ਅਜਿਹੇ ਹੋਰ ਵੀ ਕਈ ਕਾਰਜ ਹਨ ਜਿਨ੍ਹਾਂ ਦੇ ਕਰਨ ਨਾਲ ਸ਼੍ਰੋਮਣੀ ਅਕਾਲੀ ਦਲ ਪਰਵਾਸੀਆਂ ਦੇ ਦਿਲਾਂ ਵਿਚ ਚੰਗੀ ਥਾਂ ਬਣਾ ਸਕਦਾ ਹੈ।

ਜਿੱਥੋਂ ਤੀਕ ਸਿੱਖਜ਼ ਫ਼ਾਰ ਜਸਟਿਸ ਦਾ ਸਬੰਧ ਹੈ, ਇਹ ਸੰਸਥਾ ਅਮਰੀਕਾ ਤੇ ਕੈਨੇਡਾ ਵਿਚ ਬਣੇ ਉਨ੍ਹਾਂ ਕਾਨੂੰਨਾਂ ਅਨੁਸਾਰ ਕੇਸ ਕਰ ਰਹੀ ਹੈ, ਜਿਸ ਅਧੀਨ ਇਨ੍ਹਾਂ ਦੇਸ਼ਾਂ ਦਾ ਵਸਨੀਕ ਜਦ ਕਿਸੇ ਵੀ ਮੁਲਕ ਵਿਚ ਜਾਂਦਾ ਹੈ ਤਾਂ ਜੇ ਕੋਈ ਉਸ ਵਿਰੁਧ ਝੂਠਾ ਕੇਸ ਦਰਜ ਕਰਦਾ ਹੈ ਜਾਂ ਉਸ ਨੂੰ ਪਰੇਸ਼ਾਨ ਜਾਂ ਦੁਰਵਿਹਾਰ ਕਰਦਾ ਹੈ ਤਾਂ ਜਦ ਉਹ ਵਿਅਕਤੀ ਇਨ੍ਹਾਂ ਦੇਸ਼ਾਂ ਵਿਚ ਆਉਂਦਾ ਹੈ ਤਾਂ ਉਸ ਵਿਰੁੱਧ ਮੁਕੱਦਮਾ ਚਲਾਇਆ ਜਾ ਸਕਦਾ ਹੈ। ਇਸ ਲਈ ਜੇ ਇਨ੍ਹਾਂ ਕੇਸਾਂ ਤੋਂ ਅਕਾਲੀਆਂ ਨੇ ਬਚਣਾ ਹੈ ਤਾਂ ਉਨ੍ਹਾਂ ਨੂੰ ਪਰਵਾਸੀਆਂ ਦੇ ਅਜਿਹੇ ਮਸਲਿਆਂ ਦਾ ਨਿਪਟਾਰਾ ਪਹਿਲ ਦੇ ਆਧਾਰ 'ਤੇ ਕਰਨਾ ਚਾਹੀਦਾ ਹੈ ਜਿਨ੍ਹਾਂ ਦੇ ਆਧਾਰ 'ਤੇ ਅਜਿਹੇ ਮੁਕਦਮੇ ਦਰਜ ਹੁੰਦੇ ਹਨ।

*2 ਅਪ੍ਰੈਲ 2015*

# ਭਾਰਤੀ ਸਿੱਖਿਆ ਤੰਤਰ ਨੂੰ ਧਰਮ ਅਤੇ ਰਾਜਨੀਤਕਾਂ ਤੋਂ ਮੁਕਤ ਕਰਾਉਣ ਦੀ ਲੋੜ

ਅਮਰੀਕਾ ਸਿੱਖਿਆ ਪ੍ਰਣਾਲੀ ਦੀ ਇਕ ਵਿਲੱਖਣਤਾ ਵਿਦਿਅਕ ਅਦਾਰਿਆਂ ਵਿਚ ਧਰਮ ਦੀ ਪੜ੍ਹਾਈ ਨਾ ਕਰਾਉਣਾ ਅਤੇ ਵਿਦਿਅਕ ਅਦਾਰਿਆਂ ਵਿਚ ਸਿਆਸਤਦਾਨਾਂ ਦੀ ਦਖਲ ਅੰਦਾਜ਼ੀ ਦਾ ਨਾ ਹੋਣਾ ਹੈ। ਭਾਰਤ ਵਿਚ ਸਿੱਖਿਆ ਵਿਭਾਗ ਸਿੱਖਿਆ ਮੰਤਰੀ ਚਲਾਉਂਦੇ ਹਨ, ਜਿਨ੍ਹਾਂ ਦੀ ਯੋਗਤਾ ਕੋਈ ਵੀ ਹੋ ਸਕਦੀ ਹੈ। ਇਸ ਸਮੇਂ ਕੇਂਦਰੀ ਸਿੱਖਿਆ ਮੰਤਰੀ ਕੇਵਲ 12 ਜਮਾਤਾਂ ਪਾਸ ਹੈ। ਹੁਣ ਜਿਸ ਨੇ ਕਾਲਜ ਦਾ ਮੂੰਹ ਨਹੀਂ ਵੇਖਿਆ, ਉਹ ਭਾਰਤ ਦੀ ਸਿੱਖਿਆ ਨੂੰ ਕੀ ਸੇਧ ਦੇਵੇਗਾ ? ਹੁਣ ਕੇਂਦਰੀ ਅਦਾਰੇ ਸਾਰੇ ਇਸ ਸਿੱਖਿਆ ਮੰਤਰੀ ਪਾਸ ਹਨ, ਇਸ ਨੇ ਵਿਦੇਸ਼ੀਆਂ ਨਾਲ ਵੀ ਸਿੱਖਿਆਂ ਪ੍ਰਣਾਲੀ 'ਤੇ ਗੱਲ ਕਰਨੀ ਹੈ। ਰਾਜ ਪੱਧਰ 'ਤੇ ਕਈ ਵੇਰ ਪ੍ਰਾਇਮਰੀ ਜਾਂ ਮੈਟ੍ਰਿਕ ਪਾਸ ਸਿੱਖਿਆ ਮੰਤਰੀ ਬਣਦੇ ਹਨ, ਹੁਣ ਇਹ ਸੂਬਾਈ ਸਿੱਖਿਆ ਨੂੰ ਕੀ ਸੇਧ ਦੇ ਸਕਦੇ ਹਨ ?

ਅਮਰੀਕਾ ਵਿਚ ਮੁੱਖ-ਮੰਤਰੀ ਨੂੰ ਗਵਰਨਰ ਕਹਿੰਦੇ ਹਨ ਤੇ ਉਸ ਦੀ ਚੋਣ ਸਿੱਧੀ ਹੁੰਦੀ ਹੈ। ਸਾਡੇ ਤਾਂ ਵਿਧਾਇਕਾਂ ਵਿਚੋਂ ਮੰਤਰੀ ਬਣਦੇ ਹਨ ਪਰ ਅਮਰੀਕਾ ਵਿਚ ਗਰਵਨਰ ਕਿਸੇ ਵੀ ਵਿਅਕਤੀ ਨੂੰ ਮੰਤਰੀ ਲਾ ਸਕਦਾ ਹੈ। ਆਮ ਤੌਰ 'ਤੇ ਉਸ ਵਿਅਕਤੀ ਨੂੰ ਉਸ ਮਹਿਕਮੇ ਦਾ ਮੰਤਰੀ ਲਾਇਆ ਜਾਂਦਾ ਹੈ, ਜਿਸ ਬਾਰੇ ਉਸ ਨੂੰ ਜਾਣਕਾਰੀ ਹੋਵੇ। ਇਹੋ ਅਵਸਥਾ ਕੇਂਦਰ ਵਿਚ ਹੈ। ਅਮਰੀਕੀ ਰਾਸ਼ਟਰਪਤੀ ਕਿਸੇ ਵੀ ਵਿਅਕਤੀ ਨੂੰ ਮੰਤਰੀ ਚੁਣ ਸਕਦਾ ਹੈ। ਇਸ ਸਮੇਂ ਅਮਰੀਕਾ ਦਾ ਸਿੱਖਿਆ ਮੰਤਰੀ ਜਿਸ ਨੂੰ ਸੈਕਟਰੀ ਆਫ਼ ਐਜੂਕੇਸ਼ਨ ਕਹਿੰਦੇ ਹਨ, ਆਰਨ ਡੰਕਨ ਹੈ। ਉਹ ਸ਼ਿਕਾਗੋ ਦੇ ਸਕੂਲਾਂ ਦਾ ਪ੍ਰਮੁੱਖ ਕਾਰਜਕਾਰੀ ਅਧਿਕਾਰੀ ਰਿਹਾ ਹੈ ਤੇ ਉਸ ਨੇ ਹਾਵਰਡ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਕੀਤੀ ਹੈ। ਅਮਰੀਕੀ ਫ਼ੈਡਰੇਸ਼ਨ ਆਫ਼ ਟੀਚਰਜ਼ ਨੇ 13 ਜੁਲਾਈ 2014 ਨੂੰ ਇਕ ਮਤਾ ਪਾਸ ਕੀਤਾ ਸੀ ਕਿ ਜੇ ਉਹ ਰਾਸ਼ਟਰਪਤੀ ਓਬਾਮਾ ਦੀ ਸਿੱਖਿਆ ਸੁਧਾਰ ਨੀਤੀ ਨੂੰ ਲਾਗੂ ਨਹੀਂ ਕਰਦਾ ਤਾਂ ਉਸ ਨੂੰ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਡੰਕਨ ਨੇ 2 ਅਕਤੂਬਰ 2015 ਨੂੰ ਐਲਾਨ ਕੀਤਾ ਕਿ ਉਹ ਇਸ ਸਾਲ ਦੇ ਅਖੀਰ ਵਿਚ ਆਪਣਾ ਅਹੁਦਾ ਤਿਆਗ ਦੇਣਗੇ ਤੇ ਉਨ੍ਹਾਂ ਦੀ ਥਾਂ ਉਪ-ਸਿੱਖਿਆ ਮੰਤਰੀ ਜੌਹਨ ਕਿੰਗ ਜੂਨੀਅਰ ਲੈਣਗੇ। ਕਿੰਗ ਜੋ ਕਿ ਕਾਲੇ ਅਮਰੀਕੀ ਹਨ, ਪਾਸ ਸਿੱਖਿਆ ਦੀ ਡਾਕਟਰੇਟ ਡਿਗਰੀ ਹੈ। ਉਨ੍ਹਾਂ ਪਾਸ ਪੜ੍ਹਾਉਣ ਤੇ ਸਕੂਲ ਪ੍ਰਬੰਧ ਦਾ ਤਜਰਬਾ ਹੈ। ਕੀ ਭਾਰਤ ਪਾਸ ਅਜਿਹੇ ਸਿਖਿਆ

ਨਾਲ ਸਬੰਧਤ ਸਿਖਿਆ ਮੰਤਰੀ ਹਨ, ਜਿਹੜੇ ਆਸਾਂ 'ਤੇ ਪੂਰੇ ਨਾ ਉਤਰਨ ਤੇ ਅਸਤੀਫ਼ਾ ਦੇ ਜਾਣ ? ਬਿਲਕੁਲ ਨਹੀਂ।

ਭਾਰਤ ਵਿਚ ਸਿੱਖਿਆ ਵਿਭਾਗ ਵਿਚ ਨਿਯੁਕਤੀਆਂ ਅਤੇ ਬਦਲੀਆਂ ਵਿਚ ਕਥਿਤ ਤੌਰ 'ਤੇ ਰਿਸ਼ਵਤਖੋਰੀ ਦੀਆਂ ਘਟਨਾਵਾਂ ਹੁੰਦੀਆਂ ਹਨ ਪਰ ਅਮਰੀਕਾ ਵਿਚ ਸਿਲੇਬਸ ਵਗੈਰਾ ਤਾਂ ਰਾਜ ਪੱਧਰ 'ਤੇ ਸਿੱਖਿਆ ਵਿਭਾਗ ਬਣਾਉਂਦਾ ਹੈ ਪਰ ਸਕੂਲ ਲਈ ਇਲਾਕੇ ਦੇ ਲੋਕ ਵੋਟਾਂ ਪਾ ਕੇ ਕਮੇਟੀ ਚੁਣਦੇ ਹਨ ਜੋ ਸਕੂਲ ਚਲਾਉਂਦੀ ਹੈ। ਇਹੋ ਕਮੇਟੀ ਅਧਿਆਪਕ ਭਰਤੀ ਕਰਦੀ ਹੈ। ਸਾਰੇ ਇਲਾਕੇ ਦੇ ਬੱਚੇ ਇਕੋ ਸਕੂਲ ਵਿਚ ਪੜ੍ਹਦੇ ਹਨ। ਕੋਈ ਫੀਸ ਨਹੀਂ। ਇੱਥੋਂ ਤੀਕ ਕਿ ਬੱਸ ਦਾ ਵੀ ਕੋਈ ਕਰਾਇਆ ਨਹੀਂ। ਹਾਂ, ਸਕੂਲ ਲਈ ਵਿਚ ਵਿਸ਼ੇਸ਼ ਰਾਸ਼ੀ ਹਰ ਘਰ ਪਾਸੋਂ ਲਈ ਜਾਂਦੀ ਹੈ, ਜੋ ਘਰ ਦੀ ਕੀਮਤ 'ਤੇ ਨਿਰਭਰ ਕਰਦੀ ਹੈ। ਮਹਿੰਗੇ ਘਰਾਂ ਵਾਲੇ ਵਧ ਰਕਮ ਦੇਂਦੇ ਹਨ। ਕਿਸੇ ਨੂੰ ਛੋਟ ਨਹੀਂ, ਭਾਵੇਂ ਕਿਸੇ ਦਾ ਬੱਚਾ ਪੜ੍ਹਦਾ ਹੈ ਤੇ ਭਾਵੇਂ ਨਹੀਂ।

ਸਕੂਲ 12 ਜਮਾਤਾਂ ਤੀਕ ਹਨ। ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਅਗਲੇਰੀ ਪੜ੍ਹਾਈ ਕਰਵਾਈ ਜਾਂਦੀ ਹੈ। ਪੰਜਾਬ ਵਿਚ ਬਹੁਤੇ ਕਾਲਜਾਂ ਨੇ ਗਿਆਰ੍ਹਵੀਂ, ਬਾਰ੍ਹਵੀਂ ਜਮਾਤ ਵੀ ਰਖੀ ਹੋਈ ਹੈ ਤੇ ਇਨ੍ਹਾਂ ਵਿਚ ਵੱਡੀ ਗਿਣਤੀ ਵਿਚ ਵਿਦਿਆਰਥੀ ਪੜ੍ਹਦੇ ਹਨ। ਇਹ ਦੋਗਲੀ ਨੀਤੀ ਖਤਮ ਕਰਨ ਦੀ ਲੋੜ ਹੈ। ਅਮਰੀਕੀ ਸਰਕਾਰ ਯੂਨੀਵਰਸਿਟੀਆਂ ਤੇ ਕਾਲਜ ਨਹੀਂ ਚਲਾਉਂਦੀ। ਸਭ ਪ੍ਰਾਈਵੇਟ ਹਨ। ਭਾਰਤੀ ਯੂਨੀਵਰਸਿਟੀਆਂ ਦਾ ਵਿਸ਼ਵ ਭਰ ਦੀਆਂ 200 ਯੂਨੀਵਰਸਿਟੀਆਂ ਵਿਚ ਇਕ ਵੀ ਯੂਨੀਵਰਸਿਟੀ ਦਾ ਨਾਂ ਸ਼ਾਮਲ ਨਾ ਹੋਣ ਦਾ ਕਾਰਨ ਹੀ ਇਹੋ ਹੈ ਕਿ ਇੱਥੇ ਉਪ-ਕੁਲਪਤੀ ਜਿਹੜੇ ਲਾਏ ਜਾਂਦੇ ਹਨ, ਉਹ ਲਿਆਕਤ ਵੇਖ ਕੇ ਨਹੀਂ ਲਾਏ ਜਾਂਦੇ, ਮੁੱਖ ਮੰਤਰੀਆਂ ਦੇ ਚਹੇਤਿਆਂ ਨੂੰ ਲਾਇਆ ਜਾਂਦਾ ਹੈ। ਅਮਰੀਕਾ ਵਿਚ ਯੂਨੀਵਰਸਿਟੀ ਦੇ ਮੁੱਖੀ ਨੂੰ ਪ੍ਰੈਜੀਡੈਂਟ ਕਹਿੰਦੇ ਹਨ, ਉਹ ਉਸ ਨੂੰ ਲਾਇਆ ਜਾਂਦਾ ਹੈ, ਜਿਹੜਾ ਯੂਨੀਵਰਸਿਟੀ ਲਈ ਪੈਸੇ ਲਿਆਏ। ਇਹ ਨਹੀਂ ਕਿ ਉਹ ਪੈਸੇ ਮੰਗ ਕੇ ਲਿਆਏ। ਨਹੀਂ, ਉਹ ਅਜਿਹੇ ਪ੍ਰੋਜੈਕਟ ਲਿਆਏ ਜਿਨ੍ਹਾਂ ਨਾਲ ਯੂਨੀਵਰਸਿਟੀ ਨੂੰ ਪੈਸਾ ਮਿਲੇ। ਇਹੋ ਕਾਰਨ ਹੈ ਕਿ ਜਿੰਨੀਆਂ ਵੀ ਵਿਗਿਆਨਕ ਖੋਜਾਂ ਹੋ ਰਹੀਆਂ ਹਨ, ਉਨ੍ਹਾਂ ਵਿਚ ਅਮਰੀਕਾ ਦਾ ਪਹਿਲਾ ਸਥਾਨ ਹੈ। ਇਹ ਖੇਤਰ ਭਾਵੇਂ ਦਵਾਈਆਂ ਦਾ ਹੋਵੇ, ਭਾਵੇਂ ਹਥਿਆਰਾਂ ਨਾਲ ਜੁੜੀਆਂ ਖੋਜਾਂ ਨਾਲ ਹੋਵੇ, ਭਾਵੇਂ ਉਦਯੋਗਾਂ ਨਾਲ ਤੇ ਭਾਵੇਂ ਖੇਤੀ ਬਾੜੀ ਨਾਲ ਜੁੜੀਆਂ ਖੋਜਾਂ ਨਾਲ ਹੋਵੇ।

ਭਾਰਤੀਆਂ ਯੂਨੀਵਰਸਿਟੀਆਂ ਸਰਕਾਰਾਂ ਵੱਲ ਵੇਖਦੀਆਂ ਹਨ। ਸਾਡੇ ਪਾਸ ਬਹੁਤ ਬੁਧੀਜੀਵੀ ਹਨ, ਜਿਨ੍ਹਾਂ ਦਾ ਅਸੀਂ ਲਾਭ ਨਹੀਂ ਉਠਾ ਰਹੇ। ਸਾਡੇ ਵਿਗਿਆਨੀ ਤੇ ਖੋਜਾਰਥੀ ਅਮਰੀਕਾ ਵਿਚ ਜਾ ਕੇ ਨਾਮਣਾ ਖੱਟ ਰਹੇ ਹਨ ਪਰ ਭਾਰਤ ਵਿਚ ਅਸੀਂ ਉਨ੍ਹਾਂ ਨੂੰ ਖੋਜ ਕਾਰਜਾਂ ਲਈ ਲੋੜੀਂਦਾ ਮਾਹੌਲ ਤੇ ਸਾਮਾਨ ਨਹੀਂ ਦੇ ਰਹੇ। ਸਾਡੇ ਉਪ-ਕੁਲਪਤੀ ਆਪਣੇ ਆਪ ਨੂੰ ਯੂਨੀਵਰਸਿਟੀ ਦੇ ਰਾਜੇ ਸਮਝਦੇ ਹਨ। ਉਹ ਸਿਆਸਤਦਾਨਾਂ ਦੀਆਂ ਖੁਸ਼ਾਮਦਾਂ ਵੱਲ ਲੱਗੇ ਰਹਿੰਦੇ ਹਨ ਤਾਂ ਜੁ ਉਨ੍ਹਾਂ ਦੀ ਗੱਦੀ ਬਚੀ ਰਹੀ। ਅਮਰੀਕਾ ਵਿਚ ਯੂਨੀਵਰਸਿਟੀ ਦੇ ਟਰਸਟੀਆਂ ਨੂੰ ਦਿਸੇ ਕਿ ਉਨ੍ਹਾਂ ਦਾ ਪ੍ਰੈਜੀਡੈਂਟ ਉਨ੍ਹਾਂ ਦੀਆਂ

ਆਸਾਂ ਮੁਤਾਬਕ ਕੰਮ ਨਹੀਂ ਕਰ ਰਿਹਾ, ਉਹ ਉਸ ਦੀ ਥਾਂ 'ਤੇ ਵਧੇਰੇ ਸੁਘੜ ਵਿਅਕਤੀ ਲਿਆ ਖੜਾ ਕਰਦੇ ਹਨ।

ਅਮਰੀਕੀ ਯੂਨੀਵਰਸਿਟੀਆਂ ਦੀਆਂ ਕਾਨਵੋਕੇਸ਼ਨਾਂ ਵਿਚ ਸਿਆਸਦਾਨਾਂ ਪਾਸੋਂ ਡਿਗਰੀਆਂ ਨਹੀਂ ਦਵਾਈਆਂ ਜਾਂਦੀਆਂ ਤੇ ਨਾ ਹੀ ਉਨ੍ਹਾਂ ਨੂੰ ਸੱਦਿਆ ਜਾਂਦਾ ਹੈ। ਸਾਡੇ ਚਾਰ-ਚਾਰ ਜਮਾਤਾਂ ਪੜ੍ਹੇ, ਕਾਲਜਾਂ ਵਿਚ ਆ ਕੇ ਡਿਗਰੀਆਂ ਦਿੰਦੇ ਫਿਰਦੇ ਹਨ। ਯੂਨੀਵਰਸਿਟੀ ਦੀਆਂ ਕਾਨਵੋਕੇਸ਼ਨਾਂ ਵਿਚ ਵੀ ਅਕਸਰ ਅਜਿਹੇ ਸਿਆਸਤਦਾਨ ਆ ਕੇ ਪ੍ਰਧਾਨਗੀ ਕਰਦੇ ਹਨ, ਜਿਨ੍ਹਾਂ ਨੇ ਆਪ ਕਦੇ ਕਾਲਜ ਦਾ ਮੂੰਹ ਨਹੀਂ ਵੇਖਿਆ ਹੁੰਦਾ। ਆਪਣੀ ਗੱਦੀ ਪੱਕੀ ਕਰਨ ਤੇ ਆਪਣੇ ਸੇਵਾ-ਕਾਲ ਵਿਚ ਵਾਧਾ ਕਰਾਉਣ ਲਈ ਉਪ-ਕੁਲਪਤੀ ਸਿਆਸਤਦਾਨਾਂ ਦੀ ਚਾਪਲੂਸੀ ਕਰਦੇ ਹਨ ਤੇ ਯੂਨੀਵਰਸਿਟੀ ਦੇ ਸਮਾਗਮਾਂ ਵਿਚ ਉਨ੍ਹਾਂ ਕੋਲੋਂ ਪ੍ਰਧਾਨਗੀ ਕਰਾਉਂਦੇ ਹਨ ਭਾਵੇਂ ਉਸ ਵਿਸ਼ੇ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਾ ਵੀ ਹੋਵੇ।

ਇਸ ਲਈ ਲੋੜ ਹੈ ਭਾਰਤੀ ਯੂਨੀਵਰਸਿਟੀਆਂ ਨੂੰ ਵਪਾਰਕ ਲੀਹਾਂ 'ਤੇ ਚਲਾਇਆ ਜਾਵੇ। ਉਦਯੋਗਾਂ ਦੀਆਂ ਲੋੜਾਂ ਅਨੁਸਾਰ ਸਿਲੇਬਸ ਤਿਆਰ ਕੀਤੇ ਜਾਣ ਤਾਂ ਜੁ ਉਦਯੋਗਕ ਘਰਾਣੇ ਯੂਨੀਵਰਸਿਟੀ ਨੂੰ ਫੰਡ ਮੁਹੱਈਆ ਕਰ ਸਕਣ ਤੇ ਉਨ੍ਹਾਂ ਨੂੰ ਸਰਕਾਰ ਦੀਆਂ ਗਰਾਂਟਾਂ ਵੱਲ ਨਾ ਵੇਖਣਾ ਪਵੇ।

ਅੱਜ ਭਾਰਤ ਦੇ ਸਭ ਤੋਂ ਜ਼ਿਆਦਾ ਵਿਦਿਆਰਥੀ ਅਮਰੀਕਾ ਪੜ੍ਹਨ ਲਈ ਜਾ ਰਹੇ ਹਨ। ਅਮਰੀਕਾ ਨੂੰ 4 ਅਰਬ ਡਾਲਰ ਦੀ ਸਾਲਾਨਾ ਕਮਾਈ ਹੋ ਰਹੀ ਹੈ। ਪੜ੍ਹੇ ਲਿਖੇ ਇਹ ਨੌਜੁਆਨ ਅਮਰੀਕਾ ਜਾ ਕੇ ਉੱਥੋਂ ਜੋਗੇ ਰਹਿ ਜਾਂਦੇ ਹਨ। ਇਸ ਦਾ ਭਾਰਤ ਨੂੰ ਬਹੁਤ ਨੁਕਸਾਨ ਹੋ ਰਿਹਾ ਹੈ। ਇਸ ਨੂੰ ਬੌਧਿਕ ਨਿਕਾਸ ਕਹਿੰਦੇ ਹਨ। ਅਸੀਂ ਬੂਟੇ ਪਾਲਦੇ ਹਾਂ, ਪਰ ਇਨ੍ਹਾਂ ਬੂਟਿਆਂ ਦਾ ਫ਼ਲ ਅਮਰੀਕਾ ਖਾ ਰਿਹਾ ਹੈ। ਇਸ ਲਈ ਵਿਦਿਅਕ ਢਾਂਚੇ ਨੂੰ ਆਧੁਨਿਕ ਲੀਹਾਂ 'ਤੇ ਲਿਆਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ।

ਜਿੱਥੋਂ ਤੀਕ ਧਾਰਮਿਕ ਵਿਦਿਆ ਦਾ ਸੰਬੰਧ ਹੈ, ਅਸੀਂ ਪ੍ਰਾਈਵੇਟ ਸਕੂਲਾਂ ਕਾਲਜਾਂ ਵਿਚ ਧਾਰਮਿਕ ਅਧਿਆਪਕ ਰਖੇ ਹੋਏ ਹਨ ਜੋ ਧਰਮ ਦੀ ਪੜ੍ਹਾਈ ਬਕਾਇਦਾ ਕਰਾਉਂਦੇ ਹਨ। ਪਹਿਲਾਂ ਸਰਕਾਰੀ ਸਕੂਲਾਂ ਵਿਚ ਧਾਰਮਿਕ ਸਿੱਖਿਆ ਨਹੀਂ ਸੀ ਦਿੱਤੀ ਜਾਂਦੀ। ਜਦ ਦੀ ਮੋਦੀ ਸਰਕਾਰ ਆਈ ਹੈ, ਇਸ ਨੇ ਵਿਦਿਆ ਦਾ ਭੰਗਵਾਕਰਨ ਕਰ ਦਿੱਤਾ ਹੈ। ਪਹਿਲਾਂ ਗੁਜਰਾਤ ਵਿਚ ਰਾਸ਼ਟਰੀ ਸੋਇਅਮ ਸਿੰਘ ਦੇ ਪ੍ਰਚਾਰਕ ਦੀਆਂ ਪੁਸਤਕਾਂ ਗੁਜਰਾਤੀ ਵਿਚ ਸਰਕਾਰੀ ਸਕੂਲਾਂ ਵਿਚ ਪੜ੍ਹਾਈਆਂ ਜਾਂਦੀਆਂ ਸਨ। ਹੁਣ ਹਰਿਆਣਾ ਸਰਕਾਰ ਨੇ ਇਨ੍ਹਾਂ 6 ਪੁਸਤਕਾਂ ਦਾ ਹਿੰਦੀ ਅਨੁਵਾਦ ਕਰਵਾ ਕੇ ਸਾਰੇ ਹਰਿਆਣੇ ਦੇ ਸਕੂਲਾਂ ਵਿਚ ਲਾਉਣ ਦਾ ਫ਼ੈਸਲਾ ਕਰ ਲਿਆ ਹੈ। ਜੇ ਅਸੀਂ ਇਸ ਨੂੰ ਠੱਲ੍ਹ ਨਾ ਪਾਈ ਤਾਂ ਕੱਲ੍ਹ ਨੂੰ ਪੰਜਾਬ ਸਮੇਤ ਸਾਰੇ ਸੂਬਿਆਂ ਵਿਚ ਜਿੱਥੇ ਬੀ.ਜੇ.ਪੀ. ਦੀ ਸਰਕਾਰ ਹੈ ਜਾਂ ਭਾਈਵਾਲੀ ਸਰਕਾਰ ਹੈ, ਉਨ੍ਹਾਂ ਵਿਚ ਵੀ ਇਹ ਪੁਸਤਕਾਂ ਲਵਾਈਆਂ ਜਾਣਗੀਆਂ। ਇਨ੍ਹਾਂ ਪੁਸਤਕਾਂ ਵਿਚ ਕਈ ਗੱਲਾਂ ਲਿਖੀਆਂ ਹੋਈਆਂ ਹਨ, ਜਿਨ੍ਹਾਂ ਦਾ ਕੋਈ ਵੀ ਆਧਾਰ ਨਹੀਂ।

ਅਮਰੀਕਾ ਵਿਚ ਵਿਦਿਅਕ ਅਦਾਰਿਆਂ ਵਿਚ ਕੋਈ ਵਰਦੀ ਨਹੀਂ ਲੁਆਈ ਜਾਂਦੀ

ਕਿਉਂਕਿ ਇਹ ਮਨੁੱਖੀ ਆਜ਼ਾਦੀ ਵਿਰੁੱਧ ਹੈ। ਇਸੇ ਤਰ੍ਹਾਂ ਵਿਦਿਅਕ ਅਦਾਰਿਆਂ ਵਿਚ ਕਿਸੇ ਵੀ ਧਰਮ ਬਾਰੇ ਪੜ੍ਹਾਈ ਕਰਾਉਣ ਦੀ ਮਨਾਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਕੰਮ ਲਈ ਧਾਰਮਿਕ ਸਥਾਨ ਚਰਚ, ਮੰਦਰ, ਗੁਰਦੁਆਰੇ, ਮਸੀਤਾਂ ਹਨ। ਹਾਂ, ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਵੱਖ-ਵੱਖ ਧਰਮਾਂ ਵਿਚ ਆਪਸੀ ਸਹਿਯੋਗ ਵਧਾਉਣ ਲਈ ਸੈਮੀਨਾਰ ਕਰਵਾਏ ਜਾਂਦੇ ਹਨ। ਇਨ੍ਹਾਂ ਵਿਚ ਧਰਮਾਂ ਦੇ ਆਗੂ ਆਪਸੀ ਬਹਿਸ ਕਰਦੇ ਹਨ, ਜੋ ਬੜੀ ਉਸਾਰੂ ਹੁੰਦੀ ਹੈ। ਉਸ ਵਿਚ ਇਕ ਦੂਜੇ 'ਤੇ ਚਿਕੜ ਨਹੀਂ ਉਛਾਲਿਆ ਜਾਂਦਾ। ਮਾਨਵ ਦੇ ਭਲੇ ਲਈ ਗੱਲਾਂ ਕੀਤੀਆਂ ਜਾਂਦੀਆਂ ਹਨ। ਕਹਿਣ ਦਾ ਭਾਵ ਸਾਰੇ ਵਿਦਵਾਨ ਇਹੋ ਕਹਿੰਦੇ ਹਨ ਕਿ ਸਾਡੇ ਧਰਮ ਵਿਚ ਅੱਤਵਾਦ ਦੀ ਕੋਈ ਥਾਂ ਨਹੀਂ। ਸਾਡਾ ਧਰਮ ਸਭ ਨੂੰ ਪਿਆਰ ਕਰਨ ਤੇ ਸਭ ਦਾ ਭਲਾ ਕਰਨ ਦਾ ਸੰਦੇਸ਼ ਦੇਂਦਾ ਹੈ।

ਭਾਰਤ ਵਿਚ ਅੱਜ ਧਰਮਾਂ ਦੇ ਨਾਂ 'ਤੇ ਫਸਾਦ ਹੋ ਰਹੇ ਹਨ। ਘੱਟ ਗਿਣਤੀਆਂ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੀਆਂ ਹਨ। ਧਰਮਾਂ ਦੇ ਨਾਂ 'ਤੇ ਵਿਦਿਅਕ ਅਦਾਰੇ ਹਨ, ਜਿਨ੍ਹਾਂ ਵਿਚ ਵਿਸ਼ੇਸ਼ ਧਰਮ ਦੀ ਜਬਰੀ ਪੜ੍ਹਾਈ ਕਰਾਈ ਜਾਂਦੀ ਹੈ। ਇਹ ਸਾਰਾ ਕੁਝ ਬੰਦ ਕਰਨ ਦੀ ਲੋੜ ਹੈ। ਭਾਰਤ ਨੂੰ ਫਿਰਕੂ ਫਸਾਦਾਂ ਤੋਂ ਬਚਾਉਣ ਲਈ ਤੇ ਅਗਾਂਹ ਵਧੂ ਦੇਸ਼ਾਂ ਵਾਂਗ ਅਗਾਂਹ ਵਧੂ ਸਮਾਜ ਦੀ ਉਸਾਰੀ ਕਰਨ ਲਈ ਧਰਮ ਦੀ ਪੜ੍ਹਾਈ ਧਾਰਮਿਕ ਸਥਾਨਾਂ ਤੀਕ ਸੀਮਤ ਕਰਨੀ ਚਾਹੀਦੀ ਹੈ ਤੇ ਵਿਦਿਅਕ ਅਦਾਰਿਆਂ ਨੂੰ ਧਰਮ ਦੇ ਗਲਬੇ ਤੋਂ ਮੁਕਤ ਕਰਨਾ ਚਾਹੀਦਾ ਹੈ।

*5 ਅਕਤੂਬਰ 2015*

# ਬਾਰੂਦ ਦੇ ਢੇਰ 'ਤੇ ਬੈਠੀ ਹੈ ਦੁਨੀਆਂ

6 ਅਗਸਤ 1945, ਦੁਨੀਆਂ ਦੇ ਇਤਿਹਾਸ ਦਾ ਉਹ ਕਾਲਾ ਦਿਨ ਹੈ ਜਦ ਅਮਰੀਕਾ ਨੇ ਜਾਪਾਨ ਦੇ ਸ਼ਹਿਰ ਹੀਰੋਸ਼ੀਮਾ ਉਪਰ ਐਟਮ ਬੰਬ ਸੁਟ ਕੇ ਪ੍ਰਮਾਣੂ ਯੁੱਧ ਦੀ ਸ਼ੁਰੂਆਤ ਕੀਤੀ। 10 ਮਾਰਚ 1945 ਨੂੰ ਟੋਕੀਓ ਉਪਰ ਕੀਤੇ ਗਏ ਪਹਿਲੇ ਹਵਾਈ ਹਮਲੇ ਵਿਚ ਇਕ ਹਜ਼ਾਰ ਬੀ 29 ਜਹਾਜ਼ਾਂ ਨੇ ਭਾਗ ਲਿਆ ਤੇ ਸ਼ਹਿਰ ਦੇ ਵੱਡੇ ਹਿੱਸੇ ਨੂੰ ਅਗਨੀ ਬੰਬਾਂ ਨਾਲ ਤਬਾਹ ਕਰ ਦਿੱਤਾ। ਅਗਸਤ 1945 ਤੀਕ ਜਾਪਾਨ ਦੇ ਲੜਾਈ ਨਾਲ ਸੰਬੰਧਤ ਉਦਯੋਗਾਂ ਨੂੰ ਅਮਰੀਕੀ ਹਵਾਈ ਤੇ ਸਮੁੰਦਰੀ ਸੈਨਾਂ ਨੇ ਭਾਰੀ ਨੁਕਸਾਨ ਪਹੁੰਚਾਇਆ ਸੀ। ਪਰ ਇਸ ਦੇ ਬਾਵਜੂਦ ਵੀ ਉਸ ਪਾਸ ਲੱਖਾਂ ਔਰਤਾਂ ਅਤੇ ਮਰਦ ਆਪਣੀ ਮਾਤ-ਭੂਮੀ ਲਈ ਜਾਨ ਦੇਣ ਲਈ ਤਿਆਰ ਸਨ। ਉਸ ਪਾਸ 8000 ਹਵਾਈ ਲੜਾਕੂ ਜਹਾਜ਼ ਸਨ, ਜਿਨ੍ਹਾਂ ਨੂੰ ਉਹ ਆਤਮਘਾਤੀ ਦਸਤਿਆਂ ਦੇ ਤੌਰ 'ਤੇ ਵਰਤ ਸਕਦਾ ਸੀ। ਅਮਰੀਕਾ ਨੇ ਪਹਿਲਾਂ ਇਹ ਯੋਜਨਾ ਬਣਾਈ ਕਿ ਨਵੰਬਰ 1945 ਵਿਚ ਓਪਰੇਸ਼ਨ ਓਲੰਪਿਕ ਨਾਂ ਹੇਠ ਜਾਪਾਨ ਅੰਦਰ ਦਾਖਲ ਹੋਇਆ ਜਾਵੇ। ਪਰ ਇਸ ਵਿਚ ਭਾਰੀ ਜਾਨੀ ਨੁਕਸਾਨ ਹੋਣ ਦਾ ਡਰ ਸੀ। ਜਾਨੀ ਨੁਕਸਾਨ ਨੂੰ ਦੇਖਦੇ ਹੋਏ ਅਤੇ ਛੇਤੀ ਲੜਾਈ ਖਤਮ ਕਰਨ ਲਈ ਰਾਸ਼ਟਰਪਤੀ ਟਰੂਮੈਨ ਨੇ ਫੌਜ ਭੇਜਣ ਦੀ ਥਾਂ 'ਤੇ ਐਟਮੀ ਸ਼ਕਤੀ ਵਰਤਣ ਦਾ ਫੈਸਲਾ ਕੀਤਾ।

ਹੀਰੋਸ਼ੀਮਾ ਉਪਰ ਪ੍ਰਮਾਣੂ ਬੰਬ ਸੁਟਣ ਲਈ ਅਮਰੀਕਨ ਬੀ 29 ਏਨੋਲਾ ਗੇਅ ਨੇ ਐਟਮ ਬੰਬ ਸਮੇਤ ਟਿਨੀਅਨ ਟਾਪੂ ਤੋਂ 6 ਅਗਸਤ 1945 ਨੂੰ ਜਪਾਨੀ ਸਮੇਂ ਅਨੁਸਾਰ ਸਵੇਰੇ 1:45 'ਤੇ ਉਡਾਣ ਭਰੀ। ਉਸ ਦੇ ਨਾਲ ਇਕ ਜਹਾਜ਼ ਪ੍ਰਮਾਣੂ ਬੰਬ ਦੀ ਤਬਾਹਕੁਨ ਸ਼ਕਤੀ ਮਿਣਨ ਅਤੇ ਦੂਜਾ ਤਸਵੀਰਾਂ ਲੈਣ ਲਈ ਉਡੇ । ਇਨ੍ਹਾਂ ਜਹਾਜ਼ਾਂ ਨੂੰ 2740 ਕਿਲੋਮੀਟਰ ਦਾ ਸਫਰ ਤਹਿ ਕਰਨ ਲਈ ਤਕਰੀਬਨ ਸਾਢੇ ਛੇ ਘੰਟੇ ਲੱਗੇ। ਏਨੋਲਾ ਗੇਅ ਨੂੰ ਕਰਨਲ ਪਾਲ ਟਿਬਟਸ ਚਲਾ ਰਿਹਾ ਸੀ ਤੇ ਜਹਾਜ਼ ਦਾ ਨਾਂ ਉਸ ਨੇ ਆਪਣੀ ਮਾਂ ਦੇ ਨਾਂ 'ਤੇ ਰਖਿਆ ਹੋਇਆ ਸੀ। ਹੀਰੋਸ਼ੀਮਾ ਸ਼ਹਿਰ ਨੂੰ ਕਿਉਂ ਚੁਣਿਆ ਗਿਆ ? ਇਸ ਦੇ ਦੋ ਕਾਰਨ ਸਨ। ਇਕ ਤੇ ਇਸ ਸ਼ਹਿਰ ਦੀ ਬਣਤਰ ਬੰਬ ਦੀ ਤਬਾਹੀ ਵੇਖਣ ਅਤੇ ਤਬਾਹੀ ਮਿਣਨ ਲਈ ਢੁਕਵੀਂ ਸੀ। ਦੂਜਾ, ਇੱਥੇ ਪਹਿਲਾਂ ਕੀਤੀ ਗਈ ਬੰਬਾਰੀ ਵਿਚ ਬਚੀ ਹੋਈ ਫੌਜ, ਸਾਜ਼ੋ-ਸਾਮਾਨ ਅਤੇ ਫੈਕਟਰੀਆਂ ਦੀ ਗਿਣਤੀ ਜ਼ਿਆਦਾ ਸੀ।

6 ਅਗਸਤ 1945 ਦੀ ਸਵੇਰ ਚਮਕਦਾਰ ਤੇ ਸਾਫ ਸੀ। ਸਵੇਰੇ 7:01 ਵਜੇ ਮੌਸਮ ਵੇਖਣ ਲਈ ਇਕ ਅਮਰੀਕਨ ਜਹਾਜ਼ ਨੇ ਹੀਰੋਸ਼ੀਮਾ ਉਪਰ ਉਡਾਣ ਭਰੀ। ਖ਼ਤਰੇ ਦਾ ਸਾਇਰਨ ਵੱਜਿਆ, ਲੋਕ ਛੁਪਣਗਾਹਾਂ ਅੰਦਰ ਚਲੇ ਗਏ। 7:31 ਵਜੇ ਖ਼ਤਰਾ ਟਲ

ਜਾਣ ਦਾ ਸਾਇਰਨ ਵੱਜਿਆ ਤੇ ਲੋਕੀਂ ਛੁਪਣਗਾਹਾਂ ਵਿੱਚੋਂ ਬਾਹਰ ਆ ਕੇ ਮੁੜ ਆਪਣੇ ਕੰਮ ਵਿਚ ਰੁਝ ਪਏ।ਉਨ੍ਹਾਂ ਨੂੰ ਕੀ ਪਤਾ ਸੀ ਉਹ ਕੁਝ ਹੀ ਸਮੇਂ ਪਿਛੋਂ ਮੌਤ ਦੇ ਮੂੰਹ ਜਾਣ ਵਾਲੇ ਹਨ। ਇਸ ਪਿੱਛੋਂ ਏਨੋਲਾ ਗੇਅ ਜਹਾਜ਼ ਹੀਰੋਸ਼ੀਮਾ ਅੰਦਰ ਦਾਖਲ ਹੋਇਆ। ਉਸ ਨੇ 8500 ਮੀਟਰ (ਜਾਪਾਨੀਆਂ ਅਨੁਸਾਰ) 9600 ਮੀਟਰ (ਅਮਰੀਕੀ ਰਿਕਾਰਡ ਅਨੁਸਾਰ) ਉਚਾਈ ਤੋਂ ਪ੍ਰਮਾਣੂ ਬੰਬ ਸੁਟਿਆ ਤੇ ਦੌੜ ਗਿਆ। 'ਲਿਟਲ ਬੁਆਏ' ਨਾਂ ਦਾ ਇਹ ਪ੍ਰਮਾਣੂ ਬੰਬ ਜਾਪਾਨੀ ਸਮੇਂ ਅਨੁਸਾਰ ਸਵੇਰੇ 8:15 ਵਜੇ 550 ਮੀਟਰ (1800 ਫੁੱਟ) ਦੀ ਉਚਾਈ ਉਪਰ ਫਟਿਆ। ਲੰਬਾ ਅਤੇ ਪਤਲਾ ਹੋਣ ਕਰਕੇ ਇਸ ਦਾ ਨਾਂ ਲਿਟਲ ਬੁਆਏ ਰਖਿਆ ਗਿਆ। ਇਹ ਲੜਾਈ ਵਿਚ ਵਰਤਿਆ ਜਾਣ ਵਾਲਾ ਵਿਸ਼ਵ ਦਾ ਪਹਿਲਾ ਪ੍ਰਮਾਣੂ ਬੰਬ ਸੀ। ਇਸ ਦੀ ਲੰਬਾਈ 10 ਫੁੱਟ, ਚੌੜਾਈ 28 ਇੰਚ, ਭਾਰ 8900 ਪੌਂਡ (4000 ਕਿਲੋਗ੍ਰਾਮ) ਸੀ। ਇਸ ਵਿਚ ਯੁਰੇਨੀਅਮ 235 ਤੱਤ ਵਰਤਿਆ ਗਿਆ। ਇਹ ਬੰਦੂਕ-ਨਾਲੀ (ਗੰਨ ਬੈਰਲ) ਕਿਸਮ ਦਾ ਬੰਬ ਸੀ। ਖਿਆਲ ਕੀਤਾ ਜਾਂਦਾ ਸੀ ਕਿ ਇਸ ਦੀ ਤਬਾਹ ਕਰਨ ਦੀ ਸ਼ਕਤੀ 20 ਹਜ਼ਾਰ ਟਨ ਹੈ ਪਰ ਇਸ ਦੁਆਰਾ ਕੀਤੀ ਗਈ ਤਬਾਹੀ ਤੋਂ ਇਸ ਦੀ ਸ਼ਕਤੀ 15 ਹਜ਼ਾਰ ਟਨ ਟੀ.ਐਨ.ਟੀ. ਨਿਕਲੀ।

ਇਸ ਦਿਨ ਹੀਰੋਸ਼ੀਮਾ ਵਿਖੇ 40 ਹਜ਼ਾਰ ਤੋਂ ਵਧ ਫੌਜੀਆਂ ਸਮੇਤ 3 ਲੱਖ 50 ਹਜ਼ਾਰ ਵਿਅਕਤੀ ਹਾਜ਼ਰ ਸਨ। 84000 ਦੇ ਕਰੀਬ ਮਿਡਲ ਸਕੂਲਾਂ ਦੇ ਪਹਿਲੇ ਤੇ ਦੂਜੇ ਸਾਲ ਦੇ ਮੁੰਡੇ ਕੁੜੀਆਂ ਪਹਿਲਾਂ ਕੀਤੀ ਗਈ ਬੰਬਾਰੀ ਨਾਲ ਤਬਾਹ ਹੋਏ ਕੰਮ ਨੂੰ ਠੀਕ ਕਰਨ ਵਿਚ ਰੁਝੇ ਹੋਏ ਸਨ। ਤੀਜੇ ਗ੍ਰੇਡ ਅਤੇ ਇਸ ਤੋਂ ਉਪਰ ਦੇ ਬੱਚਿਆਂ ਨੂੰ ਹਿਫਾਜ਼ਤ ਵਾਸਤੇ ਪਿੰਡਾਂ ਵਿਚ ਭੇਜਿਆ ਗਿਆ ਸੀ। ਕੇਵਲ ਛੋਟੇ ਬੱਚੇ ਹੀ ਕੰਮ ਵਿਚ ਹੱਥ ਵਟਾ ਰਹੇ ਸਨ। ਜਿਸ ਸਮੇਂ ਇਹ ਪ੍ਰਮਾਣੂ ਬੰਬ ਚਲਿਆ ਤਾਂ ਸਭ ਤੋਂ ਪਹਿਲਾਂ ਇਹ ਇਕ ਅੱਗ ਦੇ ਗੋਲੇ ਦੇ ਰੂਪ ਵਿਚ ਨਜ਼ਰ ਆਇਆ। ਇਕ ਸਕਿੰਟ ਪਿੱਛੋਂ ਇਸ ਅਗਨੀ ਗੋਲੇ ਦਾ ਆਕਾਰ ਵੱਧ ਕੇ ਤਕਰੀਬਨ 280 ਮੀਟਰ ਹੋ ਗਿਆ। ਇਸ ਪਿਛੋਂ ਤਿੰਨ ਸਕਿੰਟ ਇਸ ਨੇ ਜ਼ਬਰਦਸਤ ਗਰਮ ਕਿਰਨਾਂ ਛੱਡੀਆਂ ਅਤੇ ਇਹ ਲਗਭਗ 10 ਸਕਿੰਟ ਚਮਕਦਾ ਰਿਹਾ। ਧਮਾਕੇ ਵਾਲੀ ਥਾਂ ਤੋਂ ਚਾਰੇ ਪਾਸੇ ਜ਼ਬਰਦਸਤ ਤਾਪ ਕਿਰਨਾਂ (Heat rays) ਅਤੇ ਵਿਕਿਰਨਾਂ (radiations) ਫੈਲੀਆਂ। ਫਿਰ ਏਨੀ ਜ਼ਬਰਦਸਤ ਸ਼ਕਤੀ ਨਾਲ ਧਮਾਕਾ ਪੈਦਾ ਹੋਇਆ ਕਿ ਜਿਸ ਬਾਰੇ ਕਦੇ ਸੋਚਿਆ ਵੀ ਨਹੀਂ ਜਾ ਸਕਦਾ। ਇਸ ਧਮਾਕੇ ਨਾਲ ਪੈਦਾ ਹੋਏ ਧੂੰਏਂ, ਬਦਲ ਤੇ ਵਿਕਿਰਣਾਂ, ਜਦ ਧਰਤੀ ਨੇੜੇ ਪੁੱਜੀਆਂ ਤਾਂ ਇਨ੍ਹਾਂ ਨੇ ਕਈ ਕਿਲੋਮੀਟਰ ਤੀਕ ਖੁੰਬ ਦੀ ਟੋਪੀ ਦਾ ਆਕਾਰ ਗ੍ਰਹਿਣ ਕਰ ਲਿਆ। ਸ਼ੁਰੂ ਵਿਚ ਪੈਦਾ ਹੋਇਆ ਤਾਪ, ਸੂਰਜ ਦੇ ਤਾਪ ਨਾਲੋ 900 ਗੁਣਾਂ ਗਰਮ ਸੀ। ਧਮਾਕੇ ਵਾਲੀ ਥਾਂ ਤੇ ਏਨੀ ਗਰਮੀ ਸੀ ਕਿ ਲੋਕਾਂ ਦੇ ਸਰੀਰ ਵਾਸ਼ਪ ਬਣ ਗਏ ਸਨ। ਧਮਾਕੇ ਵਿਚ ਪੈਦਾ ਹੋਈ ਸ਼ਕਤੀ 35 ਪ੍ਰਤੀਸ਼ਤ ਤਾਪ, 50 ਪ੍ਰਤੀਸ਼ਤ ਧਮਾਕੇ ਅਤੇ 15 ਪ੍ਰਤੀਸ਼ਤ ਵਿਕਿਰਨਾਂ ਦੇ ਰੂਪ ਵਿਚ ਸੀ।

ਪ੍ਰਾਪਤ ਅੰਕੜਿਆਂ ਅਨੁਸਾਰ 80 ਹਜ਼ਾਰ ਵਿਅਕਤੀ ਮੌਕੇ 'ਤੇ ਹੀ ਮਾਰੇ ਗਏ। 55 ਹਸਪਤਾਲਾਂ ਵਿਚੋਂ ਕੇਵਲ ਤਿੰਨ ਹੀ ਵਰਤੋਂ ਜੋਗੇ ਰਹਿ ਗਏ। 90% ਡਾਕਟਰ ਤੇ ਨਰਸਾਂ ਜਾਂ ਤਾਂ ਮਾਰੀਆਂ ਗਈਆਂ ਜਾਂ ਜ਼ਖਮੀ ਹੋਈਆਂ। 76 ਹਜ਼ਾਰ ਮਕਾਨਾਂ ਵਿਚੋਂ

48 ਹਜ਼ਾਰ ਮਕਾਨ ਤਬਾਹ ਹੋ ਗਏ। ਵਿਕਿਰਨਾਂ ਕਾਰਨ ਬਹੁਤ ਸਾਰੇ ਲੋਕ ਧਮਾਕੇ ਪਿਛੋਂ ਮਾਰੇ ਗਏ। 1950 ਤੀਕ ਇਸ ਬੰਬ ਨਾਲ ਮਰਨ ਵਾਲਿਆਂ ਦੀ ਗਿਣਤੀ ਦੋ ਲੱਖ ਹੋ ਗਈ। 1950 ਤੋਂ 1980 ਦੇ ਦਰਮਿਆਨ ਵਿਕਿਰਨਾਂ ਨਾਲ 97 ਹਜ਼ਾਰ ਹੋਰ ਲੋਕ ਮਾਰੇ ਗਏ। ਇਹ ਵਿਕਿਰਨਾਂ ਨਾਲ ਪੈਦਾ ਕੀਤੀ ਕੈਂਸਰ ਤੇ ਹੋਰ ਬੀਮਾਰੀਆਂ ਦਾ ਸ਼ਿਕਾਰ ਹੋਏ। ਮੌਕੇ ਦੇ ਗਵਾਹਾਂ ਨੇ ਰੌਂਗਟੇ ਖੜੇ ਕਰਨ ਵਾਲੀਆਂ ਹੱਡ ਬੀਤੀਆਂ ਸੁਣਾਈਆਂ। ਜੇ. ਗੈਰੀਸਨ ਨੇ ਲਿਖਿਆ, "ਜਿਥੇ ਧਮਾਕਾ ਹੋਇਆ, ਉਥੇ ਖੜੇ ਲੋਕਾਂ ਨੇ ਕੁਝ ਮਹਿਸੂਸ ਨਾ ਕੀਤਾ, ਉਹ ਜਿਥੇ ਖੜੇ ਸਨ, ਉਥੇ ਹੀ ਪਥੱਰ ਬਣ ਗਏ। ਉਨ੍ਹਾਂ ਦੇ ਕਾਲੇ ਸਿਆਹ ਸਰੀਰਾਂ ਨੂੰ ਪਛਾਣਿਆ ਨਹੀਂ ਸੀ ਜਾ ਸਕਦਾ।" ਡੇਲੀ ਮੇਲ ਨੂੰ ਹੀਰੋਸ਼ੀਮਾ ਤੋਂ ਭੇਜੀ ਰਿਪੋਰਟ ਵਿਚ ਪੀਟਰ ਬੁਰਚੈਟ ਨੇ ਲਿਖਿਆ, "ਮੈਨੂੰ ਹੀਰੋਸ਼ੀਮਾ ਦੇ ਪੁਲੀਸ ਮੁਖੀ ਨੇ ਉਨ੍ਹਾਂ ਹਸਪਤਾਲਾਂ ਵਿਚ ਖੜਿਆ, ਜਿੱਥੇ ਬੰਬ ਤੋਂ ਪ੍ਰਭਾਵਿਤ ਲੋਕਾਂ ਦਾ ਇਲਾਜ ਹੋ ਰਿਹਾ ਸੀ। ਇਨ੍ਹਾਂ ਹਸਪਤਾਲਾਂ ਵਿਚ ਮੈਂ ਉਨ੍ਹਾਂ ਲੋਕਾਂ ਨੂੰ ਵੇਖਿਆ, ਜਿਨ੍ਹਾਂ ਨੂੰ ਉਸ ਸਮੇਂ ਕੋਈ ਜ਼ਖਮ ਨਹੀਂ ਹੋਇਆ। ਪਰ ਹੁਣ ਉਹ ਇਸ ਦੇ ਪਿਛੋਂ ਹੋਣ ਵਾਲੇ ਅਸਰ ਤੋਂ ਉਹ ਮਰ ਰਹੇ ਹਨ। ਪਤਾ ਨਹੀਂ ਕਿਉਂ ਉਨ੍ਹਾਂ ਦੀ ਸਿਹਤ ਖਰਾਬ ਹੋਣ ਲਗਦੀ ਹੈ। ਭੁੱਖ ਮਰ ਜਾਂਦੀ ਹੈ, ਵਾਲ ਝੜ ਜਾਂਦੇ ਹਨ, ਨੀਲੇ ਨਿਸ਼ਾਨ ਸਰੀਰ ਉਪਰ ਪੈ ਜਾਂਦੇ ਹਨ, ਫਿਰ ਕੰਨਾਂ, ਨੱਕ ਤੇ ਮੂੰਹ ਵਿਚੋਂ ਖੂਨ ਵੱਗਣ ਲੱਗਦਾ ਹੈ। ਪਹਿਲਾਂ ਡਾਕਟਰਾਂ ਨੇ ਸੋਚਿਆ ਕਿ ਇਹ ਸ਼ਾਇਦ ਕਮਜ਼ੋਰੀ ਕਾਰਨ ਹੈ। ਉਨ੍ਹਾਂ ਨੇ ਮਰੀਜ਼ਾਂ ਨੂੰ ਵਿਟਾਮਿਨ ਏ ਦੇ ਟੀਕੇ ਲਗਾਏ। ਪਰ ਨਤੀਜੇ ਭਿਆਨਕ ਸਨ। ਟੀਕੇ ਲਗਾਉਣ ਸਮੇਂ ਸੂਈ ਨਾਲ ਬਣੇ ਛੇਕ ਤੋਂ ਖੂਨ ਵਗਣ ਲਗ ਪੈਂਦਾ ਤੇ ਮਰੀਜ਼ ਮਰ ਜਾਂਦਾ।"

ਏਨਾ ਨੁਕਸਾਨ ਹੋਣ ਦੇ ਬਾਵਜੂਦ ਵੀ ਜਦ ਜਪਾਨ ਨੇ ਹਥਿਆਰ ਨਾ ਸੁੱਟੇ ਤਾਂ ਦੂਜਾ ਐਟਮੀ ਬੰਬ ਵਰਤਣ ਦਾ ਫੈਸਲਾ ਕੀਤਾ ਗਿਆ। ਕਈਆਂ ਦਾ ਖਿਆਲ ਹੈ ਕਿ ਉਸ ਸਮੇਂ ਦੋ ਪ੍ਰਮਾਣੂ ਬੰਬ ਹੀ ਉਪਲਬਧ ਸਨ ਤੇ ਇਨ੍ਹਾਂ ਦੋਵਾਂ ਦੀ ਬਣਤਰ ਵੱਖਰੀ ਸੀ। ਹੀਰੋਸ਼ੀਮਾ ਵਿਖੇ ਵਰਤੇ ਗਏ ਪ੍ਰਮਾਣੂ ਬੰਬ ਵਿਚ ਯੂਰੇਨੀਅਮ ਦੀ ਵਰਤੋਂ ਕੀਤੀ ਗਈ ਸੀ। ਦੂਜੇ ਬੰਬ ਵਿਚ ਪਲੂਟੋਨੀਅਮ ਦੀ ਵਰਤੋਂ ਕੀਤੀ ਗਈ ਤੇ ਇਸ ਦੀ ਚਲਾਉਣ ਵਿਧੀ ਵੀ ਵੱਖਰੀ ਸੀ। ਇਸ ਲਈ ਇਸ ਦਾ ਪ੍ਰਭਾਵ ਵੇਖਣ ਲਈ ਦੂਜਾ ਬੰਬ ਧਮਾਕਾ ਕਰਨ ਦਾ ਫੈਸਲਾ ਕੀਤਾ ਗਿਆ। ਹੀਰੋਸ਼ੀਮਾ ਪਿਛੋਂ ਕੋਕੂਰਾ, ਨਿਗਾਟਾ ਤੇ ਨਾਗਾਸਾਕੀ ਦੀ ਵਾਰੀ ਸੀ। ਨਿਗਾਟਾ ਦੂਰ ਹੋਣ ਕਰਕੇ ਛੱਡ ਦਿਤਾ ਗਿਆ। ਨਾਗਾਸਾਕੀ ਭਾਵੇਂ ਸਮੁੰਦਰੀ ਜਹਾਜ਼ ਬਨਾਉਣ ਵਾਲੇ ਕਾਰਖਾਨਿਆਂ ਦਾ ਸ਼ਹਿਰ ਸੀ ਤੇ ਫੌਜੀਆਂ ਦੀ ਵੱਡੀ ਬੰਦਰਗਾਹ ਸੀ ਪਰ ਇਸ ਸ਼ਹਿਰ ਉਪਰ ਪਹਿਲਾਂ ਹੀ ਇਕ ਸਾਲ ਵਿਚ ਪੰਜ ਹਵਾਈ ਹਮਲੇ ਹੋ ਚੁੱਕੇ ਸਨ, ਇਸ ਲਈ ਪ੍ਰਮਾਣੂ ਧਮਾਕੇ ਕਾਰਨ ਹੋਣ ਵਾਲੇ ਨੁਕਸਾਨ ਦਾ ਪਤਾ ਲਾਉਣਾ ਮੁਸ਼ਕਲ ਸੀ। ਦੂਜਾ, ਇਹ ਸ਼ਹਿਰ ਪਹਾੜੀ ਇਲਾਕੇ ਅਤੇ ਨਦੀਆਂ ਨਾਲਿਆਂ ਵਿਚ ਵੰਡਿਆ ਹੋਣ ਕਰਕੇ ਪ੍ਰਮਾਣੂ ਬੰਬ ਆਪਣਾ ਪੂਰਾ ਅਸਰ ਨਹੀਂ ਸੀ ਵਿਖਾ ਸਕਦਾ। ਇਸ ਕਰਕੇ ਇਸ ਦਾ ਸਥਾਨ ਕੋਕੂਰਾ ਦੇ ਪਿੱਛੇ ਰਖਿਆ ਗਿਆ। ਜਦ 9 ਅਗਸਤ ਨੂੰ ਬੀ 29 ਬਾਕਸਕਾਰ ਨੇ ਕੋਕੂਰਾ ਉਪਰ ਪ੍ਰਮਾਣੂ ਬੰਬ ਸੁਟਣ ਲਈ ਉਡਾਣ ਭਰੀ ਤਾਂ ਸ਼ਹਿਰ ਨੂੰ ਬਦਲਾਂ ਨੇ ਢੱਕਿਆ ਹੋਇਆ ਸੀ। ਜਹਾਜ਼ ਦੇ ਪਾਇਲਟ ਮੇਜਰ ਚਾਰਲਸ

ਸਵੀਨੇ ਨੇ ਤਿੰਨ ਵਾਰ ਸ਼ਹਿਰ ਉਪਰ ਬੰਬ ਸੁਟਣ ਲਈ ਉਡਾਣ ਭਰੀ ਪਰ ਉਹ ਸਫਲ ਨਾ ਹੋਇਆ। ਜਹਾਜ਼ ਵਿਚ ਤੇਲ ਘੱਟ ਹੋਣ ਕਰਕੇ, ਉਸ ਨੇ ਆਪਣਾ ਰੁਖ ਨਾਗਾਸਾਕੀ ਵੱਲ ਨੂੰ ਕੀਤਾ। ਇਸ ਤਰ੍ਹਾਂ ਬਦਲਾਂ ਨੇ ਕੋਕੂਰਾ ਸ਼ਹਿਰ ਨੂੰ ਪ੍ਰਮਾਣੂ ਬੰਬ ਦੀ ਤਬਾਹੀ ਤੋਂ ਬਚਾਅ ਲਿਆ।

ਨਾਗਾਸਾਕੀ ਜਾ ਕੇ ਮੇਜਰ ਸਵੀਨੇ ਨੇ 289,000 ਫੁੱਟ ਦੀ ਉਚਾਈ ਤੋਂ ਬੰਬ ਸੁਟਿਆ ਜੋ 1800 ਫੁੱਟ (550 ਮੀਟਰ) ਦੀ ਉਚਾਈ 'ਤੇ ਉਥੋਂ ਦੇ ਸਮੇਂ ਅਨੁਸਾਰ ਸਵੇਰੇ 11:02 ਵਜੇ ਫਟਿਆ। ਇਹ ਬੰਬ ਗੋਲ ਅਤੇ ਮੋਟਾ ਹੋਣ ਕਰਕੇ ਇਸ ਨੂੰ ਫੈਟਮੈਨ ਭਾਵ ਮੋਟਾ ਆਦਮੀ ਦਾ ਨਾਂ ਦਿੱਤਾ ਗਿਆ। ਇਸ ਦੀ ਲੰਬਾਈ 3.2 ਮੀਟਰ (128 ਇੰਚ), ਵਿਆਸ ਲਗਭਗ 1.5 ਮੀਟਰ (60 ਇੰਚ) ਤੇ ਭਾਰ ਤਕਰੀਬਨ 4.5 ਟਨ (10 ਹਜ਼ਾਰ ਪੌਂਡ) ਸੀ। ਇਸ ਵਿਚ ਪਲੁਟੋਨੀਅਮ 239 ਦੀ ਵਰਤੋਂ ਕੀਤੀ ਗਈ। ਇਸ ਦੇ 64 ਤੋੜੇ ਸਨ। ਇਸ ਬੰਬ ਦੀ ਤਬਾਹੀ ਕਰਨ ਦੀ ਸ਼ਕਤੀ 21 ਹਜ਼ਾਰ ਟਨ ਸੀ ਜੋ ਕਿ ਹੀਰੋਸ਼ੀਮਾ ਵਿਖੇ ਵਰਤੇ ਬੰਬ ਨਾਲੋਂ ਕਿਤੇ ਜ਼ਿਆਦਾ ਸੀ।

ਭਾਵੇਂ ਕਿ ਇਹ ਬਹੁਤ ਹੀ ਤਬਾਹੀ ਮਚਾਉਣ ਵਾਲਾ ਪ੍ਰਮਾਣੂ ਬੰਬ ਸੀ ਪਰ ਸ਼ਹਿਰ ਦਾ ਇਲਾਕਾ ਪਹਾੜੀ ਹੋਣ ਕਰਕੇ ਅਤੇ ਨਦੀਆਂ ਨਾਲਿਆਂ ਕਰਕੇ ਏਨੀ ਤਬਾਹੀ ਨਾ ਹੋ ਸਕੀ, ਜਿੰਨੀ ਤਬਾਹੀ ਇਹ ਕਰ ਸਕਦਾ ਸੀ। ਪਰ ਫਿਰ ਵੀ ਇਸ ਨੇ ਘੱਟ ਨਹੀਂ ਗੁਜ਼ਾਰੀ। ਜਿਥੇ ਇਸ ਬੰਬ ਨੇ ਧਮਾਕਾ ਕੀਤਾ ਉਥੇ 2.3 ਮੀਲ ਗੁਣਾਂ 1.9 ਮੀਲ ਖੇਤਰ ਨੂੰ ਤਬਾਹ ਕਰ ਦਿੱਤਾ। ਹੀਰੋਸ਼ੀਮਾ ਵਾਂਗ ਜਿੱਥੇ ਇਸ ਦੀ ਅੱਗ ਨੇ ਤਬਾਹੀ ਮਚਾਈ, ਉਥੇ ਵਿਕੀਰਨਾਂ ਨੇ ਵੀ ਲਾ-ਇਲਾਜ ਬੀਮਾਰੀਆਂ ਕਾਰਨ ਬਹੁਤ ਜਾਨਾਂ ਲਈਆਂ। 1953 ਦੇ ਅਮਰੀਕੀ ਸਰਵੇ ਅਨੁਸਾਰ ਇਸ ਪ੍ਰਮਾਣੂ ਬੰਬ ਨਾਲ 35 ਹਜ਼ਾਰ ਲੋਕ ਮਾਰੇ ਗਏ, 60 ਹਜ਼ਾਰ ਜ਼ਖਮੀ ਹੋਏ ਤੇ 5 ਹਜ਼ਾਰ ਲਾਪਤਾ ਹੋਏ। ਇਕ ਹੋਰ ਅੰਕੜੇ ਅਨੁਸਾਰ 73884 ਲੋਕ ਮਾਰੇ ਗਏ, 74909 ਜ਼ਖਮੀ ਹੋਏ 67 ਲਖ ਵਰਗ ਮੀਟਰ ਇਲਾਕਾ ਤਬਾਹ ਹੋਇਆ, 11574 ਘਰ ਪੂਰੀ ਤਰ੍ਹਾਂ ਸੜ ਗਏ, 1326 ਪੂਰੀ ਤਰ੍ਹਾਂ ਤਬਾਹ ਹੋਏ ਤੇ 5509 ਘਰਾਂ ਨੂੰ ਭਾਰੀ ਨੁਕਸਾਨ ਹੋਇਆ, 70% ਉਦਯੋਗਿਕ ਖੇਤਰ ਤਬਾਹ ਹੋ ਗਿਆ ।

ਇਸ ਪ੍ਰਮਾਣੂ ਧਮਾਕੇ ਪਿਛੋਂ ਜਾਪਾਨ ਵਿਚ ਬਿਨਾਂ ਸ਼ਰਤ ਹਥਿਆਰ ਸੁਟਣ ਲਈ ਕਸ਼ਮਕਸ਼ ਸ਼ੁਰੂ ਹੋ ਗਈ। ਖਾੜਕੂ ਸੈਨਿਕਾਂ ਨੇ ਵਿਦਰੋਹ ਕੀਤਾ, ਜੋ ਸਫਲ ਨਾ ਹੋਇਆ। 14 ਅਗਸਤ 1945 ਨੂੰ ਜਾਪਾਨ ਨੇ ਬਿਨਾਂ ਸ਼ਰਤ ਹਥਿਆਰ ਸੁੱਟ ਦਿੱਤੇ ਤੇ 26 ਜੁਲਾਈ ਦੇ ਪਾਟਸਟਮ ਐਲਾਨਨਾਮੇ ਦੀਆਂ ਸਾਰੀਆਂ ਸ਼ਰਤਾਂ ਮੰਨ ਲਈਆਂ, ਜਿਨ੍ਹਾਂ ਨੂੰ ਕਿ ਉਹ ਪਹਿਲਾਂ ਮੰਨਣ ਲਈ ਤਿਆਰ ਨਹੀਂ ਸਨ। 28 ਅਗਸਤ ਨੂੰ ਅਮਰੀਕੀ ਜਹਾਜ਼ ਜਿਹੜੇ ਜਾਪਾਨ ਉਪਰ ਅੱਗ ਦੇ ਗੋਲੇ ਬਰਸਾਉਂਦੇ ਸਨ, ਆਪਣੇ ਸਹਿਯੋਗੀਆਂ ਤੇ ਜੰਗੀ ਕੈਦੀਆਂ ਲਈ ਦਵਾਈਆਂ, ਖੁਰਾਕ ਤੇ ਹੋਰ ਸਮਾਨ ਲੈ ਕੇ ਜਾਪਾਨ ਪਹੁੰਚੇ। ਅਜਿਹੇ ਜੰਗੀ ਕੈਦੀਆਂ ਦੇ 150 ਕੈਂਪ ਸਨ।

ਇਨ੍ਹਾਂ ਪ੍ਰਮਾਣੂ ਧਮਾਕਿਆਂ ਨਾਲ ਵਿਸ਼ਵ ਨੇ ਪ੍ਰਮਾਣੂ ਯੁੱਗ ਵਿਚ ਪ੍ਰਵੇਸ਼ ਕੀਤਾ ਤੇ ਅਮਰੀਕਾ ਦੀ ਸਰਦਾਰੀ ਲੜਾਈ ਦੇ ਖੇਤਰ ਵਿਚ ਕਾਇਮ ਹੋ ਗਈ। ਪਰ ਅਮਰੀਕਾ ਦੀ ਇਹ ਸਰਦਾਰੀ ਬਹੁਤੀ ਦੇਰ ਕਾਇਮ ਨਾ ਰਹਿ ਸਕੀ। ਰੂਸ ਨੇ 1949 ਵਿਚ ਪ੍ਰਮਾਣੂ

ਤਜਰਬਾ ਸਫਲਤਾ ਪੂਰਵਕ ਕਰ ਕੇ ਇਹ ਸਰਦਾਰੀ ਖਤਮ ਕਰ ਦਿੱਤੀ। ਇਸ ਪਿਛੋਂ ਬਰਤਾਨੀਆ ਨੇ 1952 ਵਿਚ, ਫਰਾਂਸ ਨੇ 1960 ਵਿਚ ਅਤੇ ਚੀਨ ਨੇ 1964 ਵਿਚ ਪ੍ਰਮਾਣੂ ਤਜਰਬੇ ਕੀਤੇ। ਇਸ ਤਰ੍ਹਾਂ ਵਿਸ਼ਵ ਦੇ ਦੂਜੇ ਯੁੱਧ ਪਿਛੋਂ ਸ਼ੁਰੂ ਹੋਈ ਸੀਤ ਜੰਗ (Cold War) ਨੇ ਪ੍ਰਮਾਣੂ ਹਥਿਆਰ ਬਨਾਉਣ ਤੇ ਵਿਕਸਤ ਕਰਨ ਦੀ ਲੱਗੀ ਦੌੜ ਨੂੰ ਤੇਜ਼ ਕੀਤਾ ਤੇ ਦੁਨੀਆਂ ਨੂੰ ਤਬਾਹੀ ਕੰਢੇ ਲੈ ਆਂਦਾ। ਇਕ ਅੰਦਾਜ਼ੇ ਮੁਤਾਬਿਕ 5 ਪ੍ਰਮਾਣੂ ਮੁਲਕਾਂ ਪਾਸ 1985 ਤੀਕ ਬਣਾਏ ਗਏ ਤਬਾਹੀ ਦੇ ਹਥਿਆਰਾਂ ਦੀ ਤਬਾਹੀ ਕਰਨ ਦੀ ਸ਼ਕਤੀ ਹੀਰੋਸ਼ੀਮਾ ਉਪਰ ਸੁੱਟੇ ਗਏ ਪ੍ਰਮਾਣੂ ਬੰਬ ਨਾਲੋਂ 14 ਲੱਖ 17 ਹਜ਼ਾਰ ਗੁਣਾਂ ਜ਼ਿਆਦਾ ਹੈ। ਇਹ 22 ਹਜ਼ਾਰ ਮੈਗਾਟਨ ਹੈ। ਇਸ ਨਾਲ 2000 ਕਰੋੜ ਲੋਕਾਂ ਭਾਵ ਮੌਜੂਦਾ ਅਬਾਦੀ ਨੂੰ 35 ਵਾਰ ਨਸ਼ਟ ਕੀਤਾ ਜਾ ਸਕਦਾ ਹੈ। ਇਹ ਅੰਕੜੇ 1985 ਦੇ ਹਨ। ਹੁਣ 2006 ਸੰਨ ਚਲ ਰਿਹਾ ਹੈ। ਹੁਣ ਦੇ ਹਾਈਡਰੋਜਨ ਤੇ ਨਿਊਕਲੀਅਰ ਬੰਬ ਹੀਰੋਸ਼ੀਮਾ ਤੇ ਨਾਗਾਸਾਕੀ ਉਪਰ ਸੁੱਟੇ ਗਏ ਬੰਬਾਂ ਨਾਲੋਂ ਕਈ ਹਜ਼ਾਰ ਗੁਣਾਂ ਸ਼ਕਤੀਸ਼ਾਲੀ ਹਨ। ਹੁਣ ਦੁਸ਼ਮਣ ਦੇ ਦੂਰ ਸੰਚਾਰ ਪ੍ਰਣਾਲੀ ਨੂੰ ਜਾਮ ਕਰਕੇ ਕੰਪਿਊਟਰ ਰਾਹੀਂ ਕਈ ਹਜ਼ਾਰ ਮੀਲ ਦੂਰ ਬੰਬ ਸੁੱਟੇ ਜਾ ਸਕਦੇ ਹਨ। ਇੰਟਰਕੌਨਟੀਨੈਂਟਲ ਬਲਾਸਟਿਕ ਮਿਜ਼ਾਇਲ ਜ਼ਮੀਨ ਤੋਂ ਚਲਾਉਣ ਵਾਲੀ ਮਿਜ਼ਾਇਲ ਹੈ ਜੋ ਹਾਈਡਰੋਜਨ ਬੰਬ ਨੂੰ 10 ਹਜ਼ਾਰ ਕਿਲੋਮੀਟਰ ਲੈ ਕੇ ਜਾਂਦੀ ਹੈ। ਐਸ.ਐਲ.ਬੀ.ਐਮ. ਐਸੀਆਂ ਪ੍ਰਮਾਣੂ ਪਣਡੁਬੀਆਂ ਤਿਆਰ ਕੀਤੀਆ ਗਈਆਂ ਹਨ, ਜਿਨ੍ਹਾਂ ਦਾ ਰਾਡਾਰ ਰਾਹੀਂ ਪਤਾ ਨਹੀਂ ਲਗਾਇਆ ਜਾ ਸਕਦਾ ਤੇ ਉਨ੍ਹਾਂ ਉਪਰ ਪ੍ਰਮਾਣੂ ਹਮਲਾ ਵੀ ਨਹੀਂ ਕੀਤਾ ਜਾ ਸਕਦਾ ਹੈ। ਇਨ੍ਹਾਂ ਦੀ ਛੋਟੀ ਜਿਹੀ ਝਲਕ ਇਰਾਕ ਵਿਚ ਕੀਤੀ ਗਈ ਗੋਲਾਬਾਰੀ ਤੋਂ ਮਿਲ ਜਾਂਦੀ ਹੈ।

ਇਸ ਤਰ੍ਹਾਂ ਇਨ੍ਹਾਂ ਪ੍ਰਮਾਣੂ ਬੰਬਾਂ ਨੇ ਦੁਨੀਆਂ ਦੇ ਲੜਾਈ ਦੇ ਇਤਿਹਾਸ ਨੂੰ ਇਕ ਖਤਰਨਾਕ ਮੋੜ ਉਪਰ ਲੈ ਆਂਦਾ। ਇਨ੍ਹਾਂ ਦੁਆਰਾ ਕੀਤੀ ਤਬਾਹੀ ਅਤੇ ਇਨ੍ਹਾਂ ਉਪਰੰਤ ਸ਼ੁਰੂ ਹੋਇਆ ਸੀਤ ਯੁੱਧ ਅੱਜ ਹਰੇਕ ਚੇਤੰਨ ਮਨੁਖ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਗਰੀਬੀ, ਅਨਪੜ੍ਹਤਾ, ਭੁਖ-ਮਰੀ ਜਾਨ ਲੇਵਾ ਬੀਮਾਰੀਆਂ ਨੇ ਸੰਸਾਰ ਨੂੰ ਆਪਣੀ ਜਕੜ ਵਲ ਲਿਆ ਹੋਇਆ ਹੈ। ਇਨ੍ਹਾਂ ਸਮੱਸਿਆਵਾਂ ਉਪਰ ਪੈਸਾ ਖਰਚਣ ਦੀ ਥਾਂ ਤੇ ਹਥਿਆਰਾਂ ਦੀ ਲੱਗੀ ਅੰਨ੍ਹੀ ਦੌੜ ਵਿਚ ਕੀਮਤੀ ਸਰਮਾਇਆ ਲੁਟਾਇਆ ਜਾ ਰਿਹਾ ਹੈ। ਦੂਜੇ ਵਿਸ਼ਵ-ਯੁੱਧ ਵਿਚ 5 ਕਰੋੜ 50 ਲੱਖ 14 ਹਜ਼ਾਰ ਨਾਗਰਿਕ ਅਤੇ ਸੈਨਿਕ ਇਸ ਲੜਾਈ ਦੀ ਬਲੀ ਚੜ੍ਹੇ। ਜੇ ਹੁਣ ਲੜਾਈ ਹੁੰਦੀ ਹੈ ਤਾਂ ਇਸ ਤੋਂ ਵੀ ਬਹੁਤ ਜ਼ਿਆਦਾ ਨੁਕਸਾਨ ਹੋਵੇਗਾ। ਇਸ ਨੁਕਸਾਨ ਨੂੰ ਲੈ ਕੇ ਤੇ ਇਸ ਸੀਤ ਯੁੱਧ ਨੂੰ ਖਤਮ ਕਰਨ ਅਤੇ ਪ੍ਰਮਾਣੂ ਹਥਿਆਰਾਂ ਉਪਰ ਕੀਤੇ ਜਾ ਰਹੇ ਤਜਰਬਿਆਂ ਨੂੰ ਬੰਦ ਕਰਨ ਲਈ ਸਮੇਂ ਸਮੇਂ ਯਤਨ ਹੁੰਦੇ ਰਹੇ ਹਨ ਪਰ ਇਨ੍ਹਾਂ ਯਤਨਾਂ ਨੂੰ ਅਜੇ ਤੀਕ ਸਫਲਤਾ ਨਹੀਂ ਮਿਲੀ। ਸੰਯੁਕਤ ਰਾਸ਼ਟਰ ਵਲੋਂ ਪਾਬੰਦੀ ਲਾਉਣ ਦੇ ਬਾਵਜੂਦ ਵੀ ਪ੍ਰਮਾਣੂ ਤਜਰਬੇ ਹੋ ਰਹੇ ਹਨ।

ਹੀਰੋਸ਼ੀਮਾ ਅਤੇ ਨਾਗਾਸਾਕੀ ਵਾਲਾ ਮਨੁਖਤਾ ਦੀ ਘਾਤਕ ਤਬਾਹੀ ਦਾ ਤਾਂਡਵ ਨਾਚ ਮੁੜ ਦੁਹਰਾਉਣ ਤੋਂ ਰੋਕਣ ਲਈ ਹੀਰੋਸ਼ੀਮਾ ਦੇ ਮੇਅਰ ਵਲੋਂ ਹਰ ਸਾਲ 6 ਅਗਸਤ ਨੂੰ ਇਕ ਐਲਾਨਨਾਮਾ ਜਾਰੀ ਕੀਤਾ ਜਾਂਦਾ ਹੈ ਤੇ ਪ੍ਰਮਾਣੂ ਬੰਬ ਦਾ ਸ਼ਿਕਾਰ ਹੋਏ ਲੋਕਾਂ

ਦੀ ਰੂਹ ਦੀ ਸ਼ਾਂਤੀ ਲਈ ਪ੍ਰਾਰਥਨਾ ਕੀਤੀ ਜਾਂਦੀ ਹੈ। ਇਸ ਪ੍ਰਾਰਥਨਾ ਵਿਚ ਪ੍ਰਮਾਣੂ ਹਥਿਆਰਾਂ ਨੂੰ ਖ਼ਤਮ ਕਰਨ ਤੇ ਵਿਸ਼ਵ ਸ਼ਾਤੀ ਲਈ ਅਰਦਾਸ ਵੀ ਕੀਤੀ ਜਾਦੀ ਹੈ। ਇਹ ਰਸਮ 1947 ਤੋਂ ਅਦਾ ਕੀਤੀ ਜਾ ਰਹੀ ਹੈ। ਇਸ ਦਿਨ ਹੀਰੋਸ਼ੀਮਾ ਦੇ ਅਮਨ ਯਾਦਗਾਰੀ ਪਾਰਕ ਵਿਖੇ ਹਜ਼ਾਰਾਂ ਲੋਕ ਸਵੇਰੇ 8:15 ਵਜੇ ਸ਼ਹਿਰ ਦੀ ਅਮਨ ਘੰਟੀ ਅਤੇ ਸਾਇਰਨਾਂ ਦੀ ਆਵਾਜ਼ ਸੁਣਨ ਲਈ ਇਕੱਠੇ ਹੁੰਦੇ ਹਨ। ਇਹ ਉਹ ਜਗ੍ਹਾ ਹੈ ਜਿਥੇ ਪ੍ਰਮਾਣੂ ਬੰਬ ਸੁਟਿਆ ਗਿਆ ਸੀ। ਇਸ ਮੌਕੇ 'ਤੇ ਹੀਰੋਸ਼ੀਮਾ ਦੇ ਮੇਅਰ ਵਲੋਂ ਸਾਰੀ ਦੁਨੀਆਂ ਦੇ ਦੇਸ਼ਾਂ ਨੂੰ 2020 ਤੀਕ ਪ੍ਰਮਾਣੂ ਹਥਿਆਰ ਖਤਮ ਕਰਨ ਲਈ ਐਲਾਨਨਾਮਾ ਜਾਰੀ ਕਰਦੇ ਹਨ ਅਤੇ ਅਮਰੀਕਾ ਅਤੇ ਹੋਰਨਾਂ ਦੇਸ਼ਾਂ ਵਲੋਂ ਨਵੀਂ ਕਿਸਮ ਦੇ ਪ੍ਰਮਾਣੂ ਹਥਿਆਰ ਵਿਕਸਤ ਕਰਨ ਦੇ ਯਤਨਾਂ ਦੀ ਨਿਖੇਧੀ ਜਾਂਦੀ ਹੈ। ਅਮਰੀਕਾ ਦੇ ਸੁਲਝੇ ਹੋਏ ਲੋਕਾਂ ਨੂੰ ਵਿਸ਼ੇਸ਼ ਤੌਰ 'ਤੇ ਅਪੀਲ ਕੀਤੀ ਜਾਂਦੀ ਹੈ ਕਿ ਦੁਨੀਆਂ ਦੀ ਸਭ ਤੋਂ ਵੱਡੀ ਤਾਕਤ ਹੋਣ ਕਰਕੇ ਦੁਨੀਆਂ ਨੂੰ ਪ੍ਰਮਾਣੂ ਹਥਿਆਰਾਂ ਤੋਂ ਮੁਕਤ ਕਰਾਉਣ ਲਈ ਅੱਗੇ ਆਉਣ। ਜਾਪਾਨ ਵਲੋਂ ਪ੍ਰਮਾਣੂ ਤਬਾਹੀ ਦੇ ਅੱਖੀ ਡਿੱਠੇ ਹਾਲ ਤੋਂ ਸੰਸਾਰ ਭਰ ਦੇ ਬਾਲਗਾਂ ਨੂੰ ਜਾਣੂ ਕਰਾਉਣ ਲਈ ਇਕ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ ਤਾਂ ਜੁ ਉਹ ਬੱਚਿਆ ਨੂੰ ਇਸ ਤਬਾਹੀ ਬਾਰੇ ਦੱਸ ਸਕਣ।

ਏਸੇ ਤਰ੍ਹਾਂ 9 ਅਗਸਤ ਨੂੰ ਨਾਗਾਸਾਕੀ ਦੇ ਪ੍ਰਮਾਣੂ ਧਮਾਕੇ ਦਾ ਸ਼ਿਕਾਰ ਹੋਏ ਨਾਗਰਿਕਾਂ ਨੂੰ ਸ਼ਰਧਾਜ਼ਲੀ ਦੇ ਫੁੱਲ ਭੇਟ ਕੀਤੇ ਜਾਂਦੇ ਹਨ ਤੇ ਮੇਅਰ ਵਲੋਂ ਅਮਰੀਕੀ ਸ਼ਹਿਰੀਆਂ ਨੂੰ ਸੰਸਾਰ ਵਿਚ ਪ੍ਰਮਾਣੂ ਹਥਿਆਰਾਂ ਦੇ ਖਾਤਮੇ ਲਈ ਉਨ੍ਹਾਂ ਦਾ ਸਾਥ ਦੇਣ ਦੀ ਅਪੀਲ ਕੀਤੀ ਜਾਂਦੀ ਹੈ। ਇਸ ਪਰਮਾਣੂ ਬੰਬ ਵਿਚ ਬਚੇ ਹੋਏ ਜਾਪਾਨੀਆਂ ਦੇ ਪ੍ਰਤੀਨਿਧਤਾਂ ਵਲੋਂ ਸੱਦਾ ਦਿਤਾ ਜਾਂਦਾ ਹੈ ਕਿ ਪ੍ਰਮਾਣੂ ਹਥਿਆਰ ਅਤੇ ਮਾਨਵਤਾ ਦਾ ਇਕੱਠੇ ਰਹਿਣਾ ਅਸੰਭਵ ਹੈ ਅਤੇ ਉਚੀ ਅਵਾਜ਼ ਵਿਚ ਹੋਕਾ ਦਿਤਾ ਜਾਂਦਾ ਹੈ ਕਿ ਨਾਗਾਸਾਕੀ ਅਖੀਰਲੀ ਪਰਮਾਣੂ ਬੰਬ ਧਮਾਕੇ ਦੀ ਥਾਂ ਹੋਣੀ ਚਾਹੀਦੀ ਹੈ।

ਇਸ ਸਾਲ 6 ਅਗਸਤ ਨੂੰ ਦੁਨੀਆਂ ਭਰ ਦੇ ਹਜ਼ਾਰਾਂ ਲੋਕਾਂ ਨੇ ਉਸ ਥਾਂ ਤੇ ਜਾ ਕੇ ਜਿੱਥੇ ਪ੍ਰਮਾਣੂ ਬੰਬ ਸੁਟਿਆ ਗਿਆ ਸੀ, ਉਨ੍ਹਾਂ 2 ਲੱਖ 20 ਹਜ਼ਾਰ ਲੋਕਾਂ ਨੂੰ ਸ਼ਰਧਾਂਜ਼ਲੀ ਭੇਟ ਕੀਤੀ ਜੋ ਹੀਰੋਸ਼ੀਮਾ ਵਿਚ ਮਾਰੇ ਗਏ ਸਨ। ਇਸ ਮੌਕੇ ਤੇ ਹੀਰੋਸ਼ੀਮਾ ਦੇ ਮੇਅਰ ਟਾਡਾਟੋਸ਼ੀ ਅਕੀਬਾ ਨੇ ਕਿਹਾ ਕਿ, "ਵਿਕਿਰਣਾਂ ਤੇ ਧਮਾਕੇ ਦੀ ਗਰਮੀ ਨੇ ਧਰਤੀ ਉਪਰ ਨਰਕ ਪੈਦਾ ਕਰ ਦਿਤਾ ਸੀ"। 61ਵੀਂ ਵਰੇਗੰਢ ਸਮੇਂ ਉਨ੍ਹਾਂ ਦੁਨੀਆਂ ਨੂੰ ਸੱਦਾ ਦਿੱਤਾ ਕਿ ਆਉ ਦੁਨੀਆਂ ਨੂੰ ਪ੍ਰਮਾਣੂ ਰਹਿਤ ਬਣਾਈਏ। ਉਨ੍ਹਾਂ ਕਿਹਾ, "ਬੜੇ ਦੁਖ ਦੀ ਗਲ ਹੈ ਕਿ 61 ਸਾਲ ਪਿਛੋਂ ਪ੍ਰਮਾਣੂ ਹਥਿਆਰਾਂ ਦੀਆਂ ਗੁਲਾਮ ਹੋ ਰਹੀਆਂ ਕੌਮਾਂ ਦੀ ਗਿਣਤੀ ਵੱਧਦੀ ਜਾ ਰਹੀ ਹੈ"। ਉਨ੍ਹਾਂ ਅਗੇ ਕਿਹਾ, "ਅੱਜ ਸਾਰੀ ਮਾਨਵਤਾ ਚੌਰਾਹੇ ਤੇ ਖੜੀ ਹੈ। ਕੀ ਸਾਰੀਆਂ ਕੌਮਾਂ ਪ੍ਰਮਾਣੂ ਹਥਿਆਰਾਂ ਦੀਆਂ ਗੁਲਾਮ ਬਣਨਗੀਆਂ। ਜਾਂ ਸਾਰੀਆਂ ਕੌਮਾਂ ਨੂੰ ਇਨ੍ਹਾਂ ਤੋਂ ਮੁਕਤ ਕਰਵਾ ਲਿਆ ਜਾਵੇਗਾ।" ਜਿਉਂ ਹੀ ਸਵੇਰ ਦੇ 8.15 ਵਜੇ ਅਮਨ ਘੰਟੀ ਵੱਜੀ, ਉੱਥੇ ਇੱਕਠੀ ਭੀੜ ਨੇ ਖੜੇ ਹੋ ਕੇ ਸਿਰ ਝੁਕਾਇਆ ਤੇ ਕੁਝ ਪਲ ਮੋਨ ਧਾਰ ਕੇ ਮਾਰੇ ਗਏ ਲੋਕਾਂ ਨੂੰ ਸ਼ਰਧਾਂਜ਼ਲੀ ਭੇਟ ਕੀਤੀ। ਜਾਪਾਨ ਦੇ ਪ੍ਰਧਾਨ ਮੰਤਰੀ ਜੁਨੀਚਿਰੋ ਕੋਇਜੂਮੀ ਨੇ ਕਿਹਾ, "ਮਨੁਖਤਾ ਦੇ ਇਤਿਹਾਸ ਵਿਚ ਜਾਪਾਨ ਹੀ

ਇਕੋ ਇਕ ਅਜਿਹਾ ਮੁਲਕ ਹੈ ਜਿਸ ਨੇ ਪ੍ਰਮਾਣੂ ਬੰਬਾਂ ਦੇ ਦੁੱਖ ਨੂੰ ਆਪਣੇ ਪਿੰਡੇ ਤੇ ਹੰਢਾਇਆ ਹੈ। ਇਸ ਲਈ ਇਸ ਦੇ ਤਜਰਬੇ ਨੂੰ ਦੁਨੀਆਂ ਭਰ ਦੇ ਮੁਲਕਾਂ ਨਾਲ ਸਾਂਝਾ ਕਰਨਾ ਸਾਡਾ ਫਰਜ਼ ਹੈ। ਅਸੀਂ ਅੱਜ ਵੀ ਹੋਕਾ ਦਿੰਦੇ ਹਾਂ ਕਿ ਹੀਰੋਸ਼ੀਮਾ ਤੇ ਨਾਗਾਸਾਕੀ ਦੁਖਾਂਤ ਮੁੜ ਕੇ ਕਿਤੇ ਵੀ ਨਾ ਵਾਪਰੇ। ਜਾਪਾਨ ਨੇ ਪਿਛਲੇ 61 ਸਾਲ ਵਿਚ ਕਿਸੇ 'ਤੇ ਹਮਲਾ ਨਾ ਕਰ ਕੇ ਆਪਣੇ ਪ੍ਰਣ ਨੂੰ ਨਿਭਾਇਆ ਹੈ"।

ਇਸੇ ਤਰ੍ਹਾਂ 9 ਅਗਸਤ ਨੂੰ ਨਾਗਾਸਾਕੀ ਵਿਖੇ ਵੀ ਪ੍ਰਮਾਣੂ ਬੰਬ ਦੀ 61 ਵੀਂ ਵਰ੍ਹੇ ਗੰਢ ਮੌਕੇ ਸ਼ਾਂਤੀ ਲਈ ਦੁਆਵਾਂ ਕੀਤੀਆਂ ਗਈਆਂ। ਇਥੋਂ ਦੇ ਮੇਅਰ ਇਚੋਇਟੋ ਨੇ ਲੋਕਾਂ ਨੂੰ ਸੰਬੋਧਨ ਹੁੰਦਿਆਂ, ਉਨ੍ਹਾਂ ਮੁਲਕਾਂ ਦੀ ਸਖਤ ਸ਼ਬਦਾਂ ਵਿਚ ਨਿੰਦਿਆ ਕੀਤੀ ਜੋ ਪ੍ਰਮਾਣੂ ਪ੍ਰੋਗਰਾਮ ਉਲੀਕ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਦੇਸ਼ਾਂ ਨੂੰ ਸਾਡੇ ਦੋ ਸ਼ਹਿਰਾਂ ਦੀ ਤਬਾਹੀ ਤੋਂ ਸਬਕ ਲੈਣਾ ਚਾਹੀਦਾ ਹੈ। ਉਨ੍ਹਾਂ ਇਰਾਕ, ਉਤਰੀ ਕੋਰੀਆ ਤੋਂ ਬਾਅਦ ਅਮਰੀਕਾ ਨੂੰ ਵੀ ਆੜੇ ਹੱਥੀ ਲਿਆ। ਉਨ੍ਹਾਂ ਕਿਹਾ ਕਿ 61 ਸਾਲ ਬਾਅਦ ਵੀ ਸਾਡੇ ਉਨ੍ਹਾਂ ਜ਼ਖਮਾਂ ਵਿਚ ਕਸਕਾਂ ਪੈਂਦੀਆਂ ਹਨ ਜਿਹੜੇ 140000 ਤੋਂ ਵੱਧ ਲੋਕਾਂ ਦੇ ਇਨ੍ਹਾਂ ਧਮਾਕਿਆਂ ਵਿਚ ਮਾਰੇ ਜਾਣ ਕਾਰਨ ਹੋਏ ਸਨ।

ਅਮਰੀਕੀ ਰਾਸ਼ਟਰਪਤੀ ਆਇਜ਼ਨਹਾਵਰ ਨੇ 16 ਅਪਰੈਲ 1953 ਨੂੰ ਹਥਿਆਰਾਂ ਉਪਰ ਖਰਚੇ ਹੁੰਦੇ ਪੈਸੇ ਨੂੰ 'ਚੋਰੀ' ਕਰਾਰ ਦਿਤਾ ਸੀ। ਉਨ੍ਹਾਂ ਕਿਹਾ ਸੀ, "ਹਰੇਕ ਬੰਦੂਕ ਜਿਹੜੀ ਬਣਾਈ ਜਾਂਦੀ ਹੈ, ਹਰੇਕ ਸਮੁੰਦਰੀ ਲੜਾਕਾ ਜਹਾਜ਼ ਜਿਹੜਾ ਚਾਲੂ ਕੀਤਾ ਜਾਂਦਾ ਹੈ, ਹਰੇਕ ਰਾਕਟ ਜਿਹੜਾ ਦਾਗਿਆ ਜਾਂਦਾ ਹੈ, ਅਖੀਰ ਵਿਚ ਚੋਰੀ ਦਰਸਾਉਂਦਾ ਹੈ ਉਨ੍ਹਾਂ ਦੀ ਜਿਹੜੇ ਭੁਖੇ ਹਨ ਤੇ ਉਨ੍ਹਾਂ ਪਾਸ ਖਾਣਾ ਨਹੀਂ, ਉਨ੍ਹਾਂ ਦੀ ਜਿਹੜੇ ਠਰੇ ਹੋਏ ਹਨ ਤੇ ਉਨ੍ਹਾਂ ਪਾਸ ਕੱਪੜੇ ਨਹੀਂ।"

ਕਾਸ਼! ਇਹ ਸੋਚ ਸੰਸਾਰ ਦੇ ਹਰੇਕ ਵਿਅਕਤੀ ਦੀ ਸੋਚ ਬਣੇ ਤਾਂ ਜੋ 2020 ਤੀਕ ਇਸ ਸੰਸਾਰ ਨੂੰ ਪ੍ਰਮਾਣੂ ਹਥਿਆਰਾਂ ਤੋਂ ਮੁਕਤ ਕਰਵਾਇਆ ਜਾ ਸਕੇ। ਰਾਜਨੀਤਕ, ਧਾਰਮਿਕ, ਅਕਾਦਮਿਕ, ਲੇਖਕ, ਪੱਤਰਕਾਰ, ਅਧਿਆਪਕ, ਕਲਾਕਾਰ, ਖਿਡਾਰੀ ਇਸ ਸੰਸਾਰ ਨੂੰ ਪ੍ਰਮਾਣੂ ਹਥਿਆਰਾਂ ਤੋਂ ਮੁਕਤ ਕਰਨ ਲਈ ਬਣਦਾ ਯੋਗਦਾਨ ਪਾਉਣ ਤੇ ਇਹ ਸੰਸਾਰ ਫੁਲਵਾੜੀ ਦੀ ਤਰ੍ਹਾਂ ਹਰਿਆ ਭਰਿਆ ਤੇ ਮਹਿਕਾਂ ਵੰਡਦਾ ਨਜ਼ਰ ਆਵੇ।

*13 ਅਗਸਤ 2006*

# ਪੰਜਾਬ ਕਿਵੇਂ ਬਣੇ ਸਭਨਾਂ ਲਈ ਰਹਿਣਯੋਗ ਰਾਜ ?

1958 ਵਿਚ ਇਸ ਲੇਖਕ ਨੇ ਆਪਣੇ ਪਿੰਡ ਗੁਮਟਾਲਾ ਦੇ ਸਕੂਲ ਤੋਂ ਪੰਜਵੀਂ ਪਾਸ ਕਰ ਕੇ ਛੇਵੀਂ ਜਮਾਤ ਵਿਚ ਖਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਅੰਮ੍ਰਿਤਸਰ ਵਿਖੇ ਦਾਖਲਾ ਲਿਆ। ਉਨ੍ਹਾਂ ਸਮਿਆਂ ਵਿਚ ਸਾਈਕਲ ਦੀ ਸਵਾਰੀ ਹੀ ਹਰਮਨ ਪਿਆਰੀ ਹੁੰਦੀ ਸੀ। ਹਰ ਸਾਈਕਲ 'ਤੇ ਡਾਇਨਮੋ ਹੁੰਦੀ ਸੀ ਤੇ ਰਾਤ ਨੂੰ ਡਾਇਨਮੋ ਤੋਂ ਬਗੈਰ ਸਾਈਕਲ ਦਾ ਚਲਾਣ ਹੁੰਦਾ ਸੀ। ਇਸੇ ਤਰ੍ਹਾਂ ਟਾਂਗੇ ਤੇ ਰਿਕਸ਼ਿਆਂ ਵਾਲਿਆਂ ਨੇ ਰਾਤ ਨੂੰ ਰੌਸ਼ਨੀ ਦਾ ਪ੍ਰਬੰਧ ਕੀਤਾ ਹੁੰਦਾ ਸੀ ਤਾਂ ਜੋ ਹਨੇਰੇ ਵਿਚ ਉਹ ਨਜ਼ਰ ਆ ਸਕਣ। ਮੋਟਰ ਸਾਈਕਲ ਦੀਆਂ ਪੁਲਿਸ ਵਾਲੇ ਬ੍ਰੇਕਾਂ ਤੇ ਬਤੀਆਂ ਚੈਕ ਕਰਦੇ ਸਨ। ਕਹਿਣ ਦਾ ਭਾਵ ਕਿ ਟ੍ਰੈਫ਼ਿਕ ਪੁਲਿਸ ਦਾ ਡਰ ਹੁੰਦਾ ਸੀ ਤੇ ਟ੍ਰੈਫ਼ਿਕ ਨਿਯਮ ਲਾਗੂ ਹੁੰਦੇ ਸਨ।

ਹੁਣ ਸਥਿਤੀ ਇਹ ਹੈ ਕਿ ਟ੍ਰੈਫ਼ਿਕ ਪੁਲਿਸ ਤੋਂ ਕੋਈ ਨਹੀਂ ਡਰਦਾ। ਲਾਲ ਬੱਤੀ ਦੀ ਸ਼ਰੇਆਮ ਉਲੰਘਣਾ ਹੋ ਰਹੀ ਹੈ। ਬੱਸਾਂ, ਟਰੱਕਾਂ ਦੇ ਪ੍ਰੈਸ਼ਰ ਹਾਰਨ ਏਨੇ ਜ਼ਬਰਦਸਤ ਹਨ ਕਿ ਬੱਚਿਆਂ ਦੇ ਕੰਨਾਂ ਦੇ ਪਰਦੇ ਪਾੜ ਸਕਦੇ ਹਨ। ਗੁੰਡਾ-ਗਰਦੀ ਦਾ ਬੋਲ-ਬਾਲਾ ਹੈ। ਬੰਦੂਕ ਦੀ ਨੋਕ 'ਤੇ ਲੋਕਾਂ ਨੂੰ ਲੁਟਿਆ ਜਾਂਦਾ ਹੈ। ਮੇਅਰ ਤੇ ਹਰ ਸਿਆਸਦਾਨ ਨੇ ਗੰਨਮੈਨ ਰਖੇ ਹੋਏ ਹਨ, ਜਿਸ ਤੋਂ ਪਤਾ ਲਗਦਾ ਹੈ ਕਿ ਪੰਜਾਬ ਦੇ ਪਿੰਡ ਤੇ ਸ਼ਹਿਰ ਸੁਰੱਖਿਅਤ ਨਹੀਂ। ਅੰਮ੍ਰਿਤਸਰ ਵਿਚ ਟ੍ਰੈਫ਼ਿਕ ਨੂੰ ਠੀਕ ਕਰਨ ਅਤੇ ਲੁੱਟਾਂ ਖੋਹਾਂ ਰੋਕਣ ਲਈ 4 ਸਾਲ ਪਹਿਲਾਂ ਨਿਊਯਾਰਕ ਦੀ ਤਰਜ਼ 'ਤੇ ਸੀ.ਸੀ.ਟੀ.ਵੀ. ਕੈਮਰੇ ਲਾਉਣ ਦਾ ਨੀਂਹ ਪੱਥਰ ਰੱਖਿਆ ਗਿਆ ਸੀ ਪਰ ਇਹ ਕੈਮਰੇ ਅਜੇ ਲਗੇ ਨਹੀਂ। ਜੇ ਸਾਰੇ ਸ਼ਹਿਰਾਂ ਵਿਚ ਅਜਿਹੇ ਕੈਮਰੇ ਲਗ ਜਾਣ ਤਾਂ ਇਸ ਨਾਲ ਟ੍ਰੈਫ਼ਿਕ ਵਿਚ ਵੀ ਸੁਧਾਰ ਹੋ ਸਕਦਾ ਹੈ ਤੇ ਜੰਗਲ ਦਾ ਰਾਜ ਵੀ ਖ਼ਤਮ ਹੋ ਸਕਦਾ ਹੈ।

ਜਦ ਮਿਉਂਸਿਪਲ ਕਮੇਟੀ ਹੁੰਦੀ ਸੀ ਤਾਂ ਸਫ਼ਾਈ ਸੇਵਕ ਸਵੇਰੇ 4 ਤੋਂ 8 ਤੇ ਸ਼ਾਮ ਨੂੰ ਮੁੜ 4 ਤੋਂ 6 ਵਜੇ ਡਿਊਟੀ ਦਿੰਦੇ ਸਨ ਤੇ ਸ਼ਹਿਰ ਸਾਫ਼ ਸੁਥਰਾ ਹੁੰਦਾ ਸੀ। ਪਾਣੀ ਦੀਆਂ ਗੱਡੀਆਂ ਸੜਕਾਂ 'ਤੇ ਪਾਣੀ ਦਾ ਛਿੜਕਾਅ ਕਰਦੀਆਂ ਸਨ। ਦਰੋਗੇ ਹੁੰਦੇ ਸਨ, ਜੋ ਰੇਹੜੀ ਨੂੰ ਇਕ ਥਾਂ ਖਲੋਣ ਨਹੀਂ ਸਨ ਦਿੰਦੇ। ਫੁਟਪਾਥ ਤੇ ਸੜਕਾਂ ਉਪਰ ਕੋਈ ਨਜਾਇਜ਼ ਕਬਜ਼ੇ ਨਹੀਂ ਸਨ। ਹੁਣ ਸੜਕ ਉਪਰ ਕੋਈ ਪਾਣੀ ਨਹੀਂ ਛਿੜਕਦਾ। ਹਾਈਕੋਰਟ ਦੇ ਆਦੇਸ਼ ਹਨ ਕਿ ਰੋਜ਼ਾਨਾ ਘਰ-ਘਰ ਤੋਂ ਕੂੜਾ ਚੁਕਿਆ ਜਾਵੇ ਪਰ ਨਗਰ ਨਿਗਮ ਇਸ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕਰ ਰਿਹਾ। ਇਸ ਲਈ ਥਾਂ-ਥਾਂ 'ਤੇ ਗੰਦਗੀ ਦੇ ਢੇਰ ਵੇਖਣ ਨੂੰ ਮਿਲਦੇ ਹਨ ਕਿਉਂਕਿ ਲੋਕ ਸੜਕਾਂ ਉਪਰ ਕੂੜਾ ਸੁਟਦੇ ਹਨ। ਅਖਬਾਰਾਂ ਵਿਚ ਕੂੜੇ ਦੇ ਢੇਰਾਂ ਦੀਆਂ ਤਸਵੀਰਾਂ ਅਕਸਰ ਆਉਂਦੀਆਂ ਰਹਿੰਦੀਆਂ ਹਨ। ਇਹੋ ਕਾਰਨ ਹੈ ਕਿ ਸਵੱਸ਼ ਭਾਰਤ ਸਰਵੇ ਵਿਚ ਗੁਰੂ ਕੀ ਨਗਰੀ ਦਾ 430ਵਾਂ ਸਥਾਨ

ਆਇਆ। ਪ੍ਰਦੂਸ਼ਣ ਕੰਟਰੋਲ ਕਮੇਟੀ ਨੇ ਹਾਈਕੋਰਟ ਵਿਚ ਇਕ ਲੋਕ ਹਿਤ ਪਟੀਸ਼ਨ ਪਾਈ ਸੀ, ਜਿਸ ਕਰਕੇ ਇਕ ਪ੍ਰਾਈਵੇਟ ਕੰਪਨੀ ਘਰੋ ਘਰ ਕੂੜਾ ਚੁਕਦੀ ਸੀ, ਜਿਸ ਨੂੰ ਨਗਰ ਨਿਗਮ ਨੇ ਪੈਸੇ ਨਾ ਦਿੱਤੇ ਤਾਂ ਉਹ ਕੰਮ ਵਿਚੇ ਛੱਡ ਕੇ ਭੱਜ ਗਈ। ਇਸ ਕੰਪਨੀ ਨੂੰ ਭੱਜਿਆਂ 3 ਸਾਲ ਹੋ ਗਏ ਹਨ, ਸਰਕਾਰ ਨੇ ਹੁਣ ਇਕ ਨਵੀਂ ਕੰਪਨੀ ਨੂੰ ਠੇਕਾ ਦਿੱਤਾ ਹੈ, ਘਰੋਂ ਘਰੀਂ ਕੂੜਾ ਚੁੱਕਣ ਦਾ ਪ੍ਰਬੰਧ ਕੀਤਾ ਗਿਆ ਹੈ। ਭਾਰਤ ਸਰਕਾਰ ਨੇ ਕੌਮੀ ਕੂੜਾ ਕਰਕਟ ਸੰਭਾਲ ਨੀਤੀ ਬਣਾਈ ਹੋਈ ਹੈ, ਜਿਸ ਅਨੁਸਾਰ ਹਰੇਕ ਘਰ ਵਿਚ ਲੋਕਾਂ ਨੂੰ ਕਹਿਣਾ ਹੈ ਕਿ ਦੋ ਕੂੜਾ ਦਾਨ ਰੱਖੋ ਤੇ ਰੋਜ਼ਾਨਾ ਕੂੜਾ ਘਰਾਂ ਤੋਂ ਚੁਕਿਆ ਜਾਵੇ। ਸਵੱਛ ਭਾਰਤ ਦੀ ਫੂਕ ਇਸੇ ਕਰਕੇ ਨਿਕਲੀ ਹੈ ਕਿ ਸਾਰੇ ਪੰਜਾਬ ਵਿਚ ਘਰਾਂ ਤੋਂ ਕੂੜਾ ਚੁਕਣ ਦਾ ਉਚਿਤ ਪ੍ਰਬੰਧ ਨਹੀਂ ਹੈ।

ਕੂੜੇ ਕਰਕਟ ਦੇ ਡੰਪ ਪਹਿਲਾਂ ਸ਼ਹਿਰੋਂ ਬਾਹਰ ਹੁੰਦੇ ਸਨ। ਹੁਣ ਆਬਾਦੀ ਵਧ ਜਾਣ ਕਰਕੇ ਇਨ੍ਹਾਂ ਦੁਆਲੇ ਰਿਹਾਇਸ਼ੀ, ਆਬਾਦੀਆਂ ਬਣ ਗਈਆਂ ਹਨ। ਇਨ੍ਹਾਂ ਆਬਾਦੀਆਂ ਦੇ ਲੋਕ ਕਈ ਬੀਮਾਰੀਆਂ ਨਾਲ ਪੀੜਤ ਹਨ। ਅੰਮ੍ਰਿਤਸਰ, ਜਲੰਧਰ ਤੇ ਹੋਰ ਸ਼ਹਿਰਾਂ ਦੇ ਵਸਨੀਕ ਇਨ੍ਹਾਂ ਨੂੰ ਹਟਾ ਕੇ ਦੂਰ ਖੜਨ ਲਈ ਸੰਘਰਸ਼ ਕਰ ਰਹੇ ਹਨ ਪਰ ਇਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਪਾਰਲੀਮੈਂਟ ਕਮੇਟੀ ਨੇ ਰਿਹਾਇਸ਼ੀ ਆਬਾਦੀਆਂ 'ਚੋਂ ਕੂੜੇ ਕਰਕਟ ਨੂੰ ਸਾੜ ਕੇ ਬਿਜਲੀ ਪੈਦਾ ਕਰਨ ਦੇ ਪਲਾਂਟ ਰਿਹਾਇਸ਼ੀ ਆਬਾਦੀਆਂ ਵਿਚੋਂ ਬਾਹਰ ਕਢਣ ਦੀ ਸਿਫ਼ਾਰਸ਼ ਕੀਤੀ ਹੋਈ ਹੈ, ਇਸ ਦੇ ਬਾਵਜੂਦ ਅੰਮ੍ਰਿਤਸਰ, ਜਲੰਧਰ ਤੇ ਹੋਰ ਸ਼ਹਿਰਾਂ ਵਿਚ ਰਿਹਾਇਸ਼ੀ ਆਬਾਦੀਆਂ ਵਿਚ ਇਹ ਪਲਾਂਟ ਲਾਏ ਜਾ ਰਹੇ ਹਨ।

ਪਹਿਲਾਂ ਜਦੋਂ ਸੜਕਾਂ ਉਪਰ ਟੋਏ ਪੈਂਦੇ ਸਨ ਤਾਂ ਕਰਮਚਾਰੀ ਲੁਕ ਦੇ ਡਰਮ ਲਿਆ ਕੇ ਲੁਕ ਤੇ ਬੱਜਰੀ ਗਰਮ ਕਰਕੇ ਟੋਏ ਪੂਰ ਦਿੰਦੇ ਸਨ। ਹੁਣ ਆਧੁਨਿਕ ਮਸ਼ੀਨਾਂ ਆ ਗਈਆਂ ਹਨ, ਜਿਥੇ ਲੋੜੀਂਦੀ ਸਾਮਗਰੀ ਲਿਆ ਕੇ ਫੌਰੀ ਟੋਇਆਂ ਨੂੰ ਪੂਰਿਆ ਜਾ ਸਕਦਾ ਹੈ ਪਰ ਪੰਜਾਬ ਸਰਕਾਰ ਇਨ੍ਹਾਂ ਟੋਇਆਂ ਨੂੰ ਪੂਰਨ ਵੱਲ ਕੋਈ ਧਿਆਨ ਨਹੀਂ ਦੇ ਰਹੀ। ਪੰਜਾਬ ਦੀਆਂ ਸਾਰੀਆਂ ਸੜਕਾਂ ਟੁਟੀਆਂ ਹੋਈਆਂ ਹਨ। ਇਨ੍ਹਾਂ ਟੋਇਆਂ ਕਰਕੇ ਸੜਕੀ ਦੁਰਘਟਨਾਵਾਂ ਹੋ ਰਹੀਆਂ ਹਨ। ਲੋਕ ਮਰ ਰਹੇ ਹਨ ਪਰ ਪੰਜਾਬ ਸਰਕਾਰ ਸੁਤੀ ਪਈ ਹੈ। ਪਤਾ ਲੱਗਾ ਹੈ ਕਿ ਲੁਕ ਵਿਚ 10% ਰਬੜ ਪਾਉਣੀ ਜ਼ਰੂਰੀ ਹੁੰਦੀ ਹੈ ਜੋ ਕਿ ਨਹੀਂ ਪਾਈ ਜਾ ਰਹੀ, ਜਿਸ ਕਰਕੇ ਸੜਕਾਂ ਛੇਤੀ ਟੁੱਟ ਜਾਂਦੀਆਂ ਹਨ।

ਪਹਿਲਾਂ ਤੱਪੜਾਂ ਵਾਲੇ ਸਕੂਲ ਹੁੰਦੇ ਸਨ ਤੇ ਪੜ੍ਹਾਈ ਬਹੁਤ ਵਧੀਆ ਹੁੰਦੀ ਸੀ। ਚੰਗੇ ਸਮਾਜ ਲਈ ਚੰਗੀ ਵਿਦਿਆ ਹੋਣੀ ਚਾਹੀਦੀ ਹੈ। ਇਹੋ ਕਾਰਨ ਹੈ, ਅਗਾਂਹ ਵਧੂ ਦੇਸ਼ਾਂ ਵਿਚ 12ਵੀਂ ਤੀਕ ਮੁਫ਼ਤ ਵਿਦਿਆ ਹੈ। ਪਰ ਪੰਜਾਬ ਦੇ ਦੂਰ ਦੁਰਾਡੇ ਸਕੂਲਾਂ ਵਿਚ ਅਧਿਆਪਕਾਂ ਦੀ ਘਾਟ ਹੈ। ਸਥਿਤੀ ਇਹ ਹੈ ਕਿ ਲੋਕ ਮੁੰਡਿਆਂ ਨੂੰ ਤਾਂ ਪੜ੍ਹਨ ਲਈ ਸ਼ਹਿਰੀ ਇਲਾਕਿਆਂ ਵਿਚ ਭੇਜ ਦਿੰਦੇ ਹਨ ਪਰ ਕੁੜੀਆਂ ਨੂੰ ਨਹੀਂ ਭੇਜ ਰਹੇ ਕਿਉਂਕਿ ਉਹ ਮਿੰਨੀ ਬੱਸਾਂ ਤੇ ਬੱਸਾਂ ਵਿਚ ਸੁਰੱਖਿਅਤ ਨਹੀਂ ਹਨ। ਇਹੋ ਕਾਰਨ ਹੈ ਕਿ ਪੰਜਾਬ ਦੇ ਪੜ੍ਹਿਆਂ ਲਿਖਿਆਂ ਦੀ ਔਸਤ 72% ਹੈ, ਜਿਨ੍ਹਾਂ ਵਿਚ ਉਹ ਵੀ ਸ਼ਾਮਲ ਹਨ ਜਿਨ੍ਹਾਂ ਨੂੰ ਕੇਵਲ ਦਸਖਤ ਕਰਨੇ ਹੀ ਆਉਂਦੇ ਹਨ। ਇਸ ਦੇ ਟਾਕਰੇ 'ਤੇ ਕੇਰਲਾ ਦੀ ਪੜ੍ਹਿਆਂ ਲਿਖਿਆਂ ਦੀ ਦਰ 93% ਹੈ। ਸਿੱਖਿਆ ਦਾ ਨਿਘਾਰ ਇਕ ਸੋਚੀ ਸਮਝੀ ਸਾਜਸ਼ ਅਧੀਨ ਕੀਤਾ ਜਾ ਰਿਹਾ ਹੈ। ਕਾਂਗਰਸੀ ਤੇ ਅਕਾਲੀ ਭਾਜਪਾ ਦੀ ਸੋਚ ਇਹ ਹੈ ਕਿ ਜੇ ਪੰਜਾਬੀ

ਪੜ੍ਹ ਲਿਖ ਗਏ ਤਾਂ ਸਾਨੂੰ ਵੋਟਾਂ ਨਹੀਂ ਪਾਉਣਗੇ। ਇਹ ਵੋਟਾਂ ਬਟੋਰਨ ਲਈ ਸਕੂਲ ਤਾਂ ਥਾਂ-ਥਾਂ ਖੋਲ੍ਹੀ ਜਾ ਰਹੇ ਹਨ, ਪਰ ਉਸ ਦੇ ਨਾਲ ਕਈ ਸਕੂਲ ਵਿਦਿਆਰਥੀਆਂ ਦੀ ਗਿਣਤੀ ਘੱਟ ਹੋਣ ਦੇ ਬਹਾਨੇ ਬੰਦ ਕਰ ਰਹੇ ਹਨ। ਜਿਹੜੇ ਸਕੂਲ ਹਨ ਵੀ ਉਨ੍ਹਾਂ ਨੂੰ ਲੋੜੀਂਦੀਆਂ ਸਹੂਲਤਾਂ ਨਹੀਂ ਦੇ ਰਹੇ।

ਇਹੋ ਹਾਲ ਸਿਹਤ ਸੇਵਾਵਾਂ ਦਾ ਹੈ। ਮੁੱਖ ਮੰਤਰੀ ਦੇ ਆਪਣੇ ਖੇਤਰ ਲੰਬੀ ਬਲਾਕ ਦੇ 49 ਪਿੰਡਾਂ ਵਿਚੋਂ 25 ਪਿੰਡ ਪੂਰੀ ਤਰ੍ਹਾਂ ਸਰਕਾਰੀ ਸਿਹਤ ਸੇਵਾਵਾਂ ਤੋਂ ਵਾਂਝੇ ਹਨ ਤੇ ਜਿਥੇ ਇਹ ਸੇਵਾਵਾਂ ਹਨ ਉਨ੍ਹਾਂ ਦਾ ਹਾਲ ਬਹੁਤ ਮਾੜਾ ਹੈ। ਡਾਕਟਰ ਤੇ ਹੋਰ ਸਟਾਫ ਦੀ ਕਮੀ ਹੈ। ਲੰਬੀ ਹਲਕੇ ਦੇ 5 ਪ੍ਰਾਇਮਰੀ ਸਿਹਤ ਕੇਂਦਰਾਂ ਵਿਚ ਲੈਬਾਰਟਰੀ ਟੈਸਟ ਨਾਂ ਦੀ ਕੋਈ ਸਹੂਲਤ ਨਹੀਂ। ਇਸ ਪਿੱਛੇ ਵੀ ਇਹੋ ਸਾਜਿਸ਼ ਕੰਮ ਕਰ ਰਹੀ ਹੈ ਕਿ ਲੋਕ ਸਿਹਤ ਸੇਵਾਵਾਂ ਲਈ ਲੀਡਰਾਂ ਦੀਆਂ ਲਿਲਕੜੀਆਂ ਲੈਂਦੇ ਰਹਿਣ। ਪੈਸਾ ਬਚਾਓ ਤੇ ਸਿਆਸਤਦਾਨਾਂ ਦੇ ਮੌਜ ਮੇਲੇ 'ਤੇ ਖਰਚ ਕਰੋ, ਗਰੀਬ ਲੋਕ ਇਲਾਜ ਖੁਣੋਂ ਮਰਦੇ ਹਨ ਤਾਂ ਮਰਨ ਦਿਓ। ਇਨ੍ਹਾਂ ਨੇ ਆਪ ਤਾਂ ਪ੍ਰਾਈਵੇਟ ਹਸਪਤਾਲਾਂ 'ਚੋਂ ਜਾਂ ਵਿਦੇਸ਼ਾਂ 'ਚੋਂ ਜਾ ਇਲਾਜ ਕਰਵਾਉਣਾ ਹੈ।

ਸ਼ਹਿਰਾਂ ਦੀਆਂ ਹੋਰ ਜਨਤਕ ਸਹੂਲਤਾਂ ਜਿਵੇਂ ਸਟਰੀਟ ਲਾਇਟ, ਪਾਣੀ ਅਤੇ ਸੀਵਰੇਜ਼ ਪ੍ਰਣਾਲੀ ਆਦਿ ਦਾ ਵੀ ਮਾੜਾ ਹਾਲ ਹੈ। ਪੰਜਾਬ ਦੇ ਸ਼ਹਿਰ ਪ੍ਰਦੂਸ਼ਣ ਵਿਚ ਅੱਗੇ ਹਨ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੇ ਸ਼ਹਿਰ ਹੀ ਨਹੀਂ ਸਗੋਂ ਪਿੰਡ ਵੀ ਰਹਿਣ ਦੇ ਯੋਗ ਨਹੀਂ। ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਪਰਵਾਸੀ ਪੰਜਾਬੀਆਂ ਨੂੰ ਅਪੀਲ ਕਰਦੇ ਰਹਿੰਦੇ ਹਨ ਕਿ ਆਪਣੇ ਬੱਚੇ ਪੰਜਾਬ ਪੜ੍ਹਨ ਲਈ ਭੇਜੋ ਤਾਂ ਜੋ ਆਪਣੀ ਭਾਸ਼ਾ ਅਤੇ ਸਭਿਆਚਾਰ ਤੋਂ ਜਾਣੂ ਹੋ ਸਕਣ। ਸੁਆਲ ਪੈਦਾ ਹੁੰਦਾ ਹੈ ਕਿ ਕੀ ਵਿਦੇਸ਼ਾਂ ਵਿਚ ਜਨਮੇ ਬੱਚਿਆਂ ਲਈ ਇੱਥੋਂ ਦਾ ਵਾਤਾਵਰਨ ਉਨ੍ਹਾਂ ਦੇ ਅਨੁਕੂਲ ਹੈ ? ਪੰਜਾਬ ਦੇ ਅਫ਼ਸਰ ਸੇਵਾ ਮੁਕਤੀ ਪਿੱਛੋਂ ਚੰਡੀਗੜ੍ਹ ਜਾਂ ਮੁਹਾਲੀ ਰਹਿਣਾ ਪਸੰਦ ਕਰਦੇ ਹਨ ਕਿਉਂਕਿ ਇਨ੍ਹਾਂ ਸ਼ਹਿਰਾਂ ਦੀ ਅਵਸਥਾ ਬਾਕੀਆਂ ਨਾਲੋਂ ਬਿਹਤਰ ਹੈ।

ਜੇ ਵਾਕਿਆ ਹੀ ਮੁੱਖ ਮੰਤਰੀ ਪਰਵਾਸੀਆਂ ਦੇ ਬੱਚਿਆਂ ਨੂੰ ਪੰਜਾਬ ਵਿਚ ਲਿਆ ਕੇ ਪੜ੍ਹਾਉਣਾ ਚਾਹੁੰਦੇ ਹਨ ਤਾਂ ਸਭ ਤੋਂ ਪਹਿਲਾਂ ਉਹ ਇਥੋਂ ਦਾ ਪ੍ਰਬੰਧਕੀ ਢਾਂਚਾ ਬਦਲਣ, ਪੁਲਿਸ ਵਿਭਾਗਾਂ ਵਿਚ ਸੁਧਾਰ ਕਰਨ ਤਾਂ ਜੋ ਪੰਜਾਬ ਵਿਚ ਲੋਕਾਂ ਦੀ ਜਾਨ-ਮਾਲ ਦੀ ਰਾਖੀ ਹੋ ਸਕੇ। ਸਫ਼ਾਈ ਤੇ ਹੋਰ ਸ਼ਹਿਰੀ ਸਹੂਲਤਾਂ ਨੂੰ ਮਿਆਰੀ ਬਣਾਉਣ। ਟ੍ਰੈਫਿਕ ਪੁਲਿਸ ਚੰਡੀਗੜ੍ਹ ਪੁਲਿਸ ਵਾਂਗ ਟ੍ਰੈਫਿਕ ਨਿਯਮਾਂ ਦਾ ਪਾਲਣ ਕਰਵਾਏ ਨਾ ਕਿ ਟ੍ਰੈਫਿਕ ਨਿਯਮਾਂ ਦਾ ਉਲੰਘਣ ਕਰਨ ਵਾਲਿਆਂ ਅੱਗੇ ਗੋਡੇ ਟੇਕੇ। ਪੰਜਾਬ ਦੀ ਅਮਨ ਕਾਨੂੰਨ ਦੀ ਹਾਲਤ ਸੁਧਾਰੀ ਜਾਵੇ। ਜੇ ਰਾਜਕੋਟ (ਗੁਜਰਾਤ) ਰਾਤ ਨੂੰ ਹੁੰਦੀ ਸਫ਼ਾਈ ਤੇ ਹਜ਼ਾਰਾਂ ਰੌਸ਼ਨੀ ਦੇ ਲੈਂਪਾਂ ਨਾਲ ਜਗਮਗਾ ਸਕਦਾ ਹੈ ਤਾਂ ਪੰਜਾਬ ਦੇ ਸ਼ਹਿਰ ਕਿਉਂ ਨਹੀਂ ? ਰਾਜਕੋਟ ਵਿਚ ਰਾਤ ਨੂੰ 2 ਵਜੇ ਇਕੱਲੀ ਔਰਤ ਗਹਿਣੇ ਪਾ ਕੇ ਜਾ ਸਕਦੀ ਹੈ ਤਾਂ ਪੰਜਾਬ ਵਿਚ ਅਜਿਹਾ ਕਿਉਂ ਨਹੀਂ ? ਇਹ ਵਿਚਾਰਨ ਵਾਲੀ ਗਲ ਹੈ।

*28 ਦਸੰਬਰ 2015*

# ਫਰਜ਼ੀ ਡਿਗਰੀਆਂ ਦੇ ਮਕੜ-ਜਾਲ ਦੀਆਂ ਘੁੰਮਣਘੇਰੀਆਂ ਵਿਚ ਵਿਚਰ ਰਿਹਾ ਸੰਸਾਰ

ਦਿੱਲੀ ਦੇ ਕਾਨੂੰਨ ਮੰਤਰੀ ਜਤਿੰਦਰ ਸਿੰਘ ਤੋਮਰ ਦੀ ਫਰਜ਼ੀ ਡਿਗਰੀ ਕਾਰਨ ਹੋਈ ਗ੍ਰਿਫ਼ਤਾਰੀ ਪਿੱਛੋਂ ਭਾਰਤ ਦੇ ਕਈ ਸਿਆਸਤਦਾਨਾਂ ਦੀਆਂ ਫਰਜ਼ੀ ਡਿਗਰੀਆਂ ਦੇ ਮਾਮਲੇ ਸਾਹਮਣੇ ਆਏ ਹਨ। ਤੋਮਰ ਨੂੰ ਅਜੇ ਤੀਕ ਜ਼ਮਾਨਤ ਨਹੀਂ ਮਿਲੀ ਤੇ ਉਹ ਅਹੁਦਾ ਗੁਆਉਣ ਪਿੱਛੋਂ ਅਜੇ ਵੀ ਜੇਲ੍ਹ ਦੀ ਹਵਾ ਖਾ ਰਿਹਾ ਹੈ। ਆਉਂਦੇ ਦਿਨਾਂ ਵਿਚ ਕਿਹੜੇ ਮੰਤਰੀ ਤੇ ਹੋਰ ਰਾਜਨੀਤਕ ਨੇਤਾਵਾਂ ਨੂੰ ਜੇਲ੍ਹ ਦੀ ਹਵਾ ਖਾਣੀ ਪਵੇਗੀ, ਇਹ ਤਾਂ ਸਮਾਂ ਹੀ ਦੱਸੇਗਾ ਪਰ ਇਸ ਨਾਲ ਭਾਰਤ ਵਿਚ ਫਰਜ਼ੀ ਡਿਗਰੀਆਂ ਤੇ ਗ਼ੈਰ-ਮਾਨਤਾ ਪ੍ਰਵਾਨਿਤ ਯੂਨੀਵਰਸਿਟੀਆਂ ਦੇ ਕਾਰੋਬਾਰ ਨੇ ਦੁਨੀਆਂ ਦਾ ਧਿਆਨ ਆਪਣੇ ਵਲ ਖਿੱਚਿਆ ਹੈ।

1 ਜੁਲਾਈ 2015 ਨੂੰ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.) ਨੇ ਵਿਦਿਆਰਥੀਆਂ ਨੂੰ ਖ਼ਬਰਦਾਰ ਕਰਨ ਲਈ 21 ਬੋਗਸ ਯੂਨੀਵਰਸਿਟੀਆਂ ਦੀ ਸੂਚੀ ਜਾਰੀ ਕੀਤੀ ਹੈ ਜੋ ਕਿ ਯੂ.ਜੀ.ਸੀ. ਵੱਲੋਂ ਮਾਨਤਾ ਪ੍ਰਾਪਤ ਨਹੀਂ ਹਨ। ਕਾਨੂੰਨੀ ਤੌਰ 'ਤੇ ਇਹ ਅਦਾਰੇ ਯੂਨੀਵਰਸਿਟੀ ਸ਼ਬਦ ਦੀ ਵਰਤੋਂ ਨਹੀਂ ਕਰ ਸਕਦੇ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਵਿਚੋਂ 6 ਯੂਨੀਵਰਸਿਟੀਆਂ ਕੇਂਦਰ ਸਰਕਾਰ ਦੇ ਨੱਕ ਹੇਠਾਂ ਰਾਜਧਾਨੀ ਦਿੱਲੀ ਵਿਚ ਚਲ ਰਹੀਆਂ ਹਨ। ਸਭ ਤੋਂ ਵੱਧ 8 ਨਕਲੀ ਯੂਨੀਵਰਸਿਟੀਆਂ ਉਤਰ ਪ੍ਰਦੇਸ਼ ਵਿੱਚ ਹਨ ਤੇ ਇਕ ਇਕ ਤਾਮਲਨਾਡੂ, ਕਰਨਾਟਕ, ਕੇਰਲਾ, ਮੱਧ ਪ੍ਰਦੇਸ਼, ਮਹਾਂਰਾਸ਼ਟਰ, ਬਿਹਾਰ ਤੇ ਬੰਗਾਲ ਵਿਚ ਹੈ।

13 ਸਾਲ ਪਹਿਲਾਂ ਅੰਗਰੇਜ਼ੀ ਟ੍ਰਿਬਿਊਨ ਨੇ ਪੰਜਾਬ ਵਿੱਚ ਨਕਲੀ ਡਿਗਰੀਆਂ ਪ੍ਰਾਪਤ ਅਧਿਆਪਕਾਂ ਬਾਰੇ ਖ਼ਬਰ ਪ੍ਰਕਾਸ਼ਿਤ ਕੀਤੀ। ਮਾਮਲਾ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਗਿਆ। ਅਦਾਲਤ ਦੀਆਂ ਹਦਾਇਤਾਂ 'ਤੇ ਬਣਾਈ ਗਈ ਸਿੱਖਿਆ ਵਿਭਾਗ ਦੀ ਵਿਭਾਗੀ ਕਮੇਟੀ ਨੇ ਪੜਤਾਲ ਕੀਤੀ ਤਾਂ ਪਤਾ ਲੱਗਾ ਕਿ 7230 ਈ.ਟੀ.ਟੀ. ਆਸਾਮੀਆਂ ਲਈ ਚੁਣੇ ਗਏ ਅਧਿਆਪਕਾਂ ਵਿਚੋਂ 1000 ਤੋਂ ਵੱਧ ਕੋਲ ਬੀ.ਐੱਡ. ਦੀਆਂ ਨਕਲੀ ਡਿਗਰੀਆਂ ਸਨ। ਇਹ ਸਾਰੀਆਂ ਯੂਨੀਵਰਸਿਟੀਆਂ ਪੰਜਾਬ ਤੋਂ ਬਾਹਰ ਦੀਆਂ ਸਨ। ਕਈ ਅਧਿਆਪਕ ਕੇਵਲ 8 ਜਮਾਤਾਂ ਪਾਸ ਸਨ ਤੇ ਉਨ੍ਹਾਂ ਦੀਆਂ ਬਾਕੀ ਸਾਰੀਆਂ ਯੋਗਤਾਵਾਂ ਦੇ ਸਰਟੀਫਿਕੇਟ ਨਕਲੀ ਸਨ। ਮਗਧ ਤੇ ਬੁਲੰਦਪੁਰ ਯੂਨੀਵਰਸਿਟੀਆਂ ਦੀਆਂ ਸਾਰੀਆਂ ਡਿਗਰੀਆਂ ਨਕਲੀ ਸਨ। ਇਸ ਪੜਤਾਲ ਵਿਚ

ਇਹ ਵੀ ਸਾਹਮਣੇ ਆਇਆ ਹੈ ਕਿ ਕਈ ਅਧਿਆਪਕ ਯੋਗਤਾ ਪੂਰੀਆਂ ਨਹੀਂ ਸਨ ਕਰਦੇ ਪਰ ਫਿਰ ਵੀ ਉਹ ਭਰਤੀ ਹੋ ਗਏ। ਸਰੀਰਕ ਸਿੱਖਿਆ ਵਿਚ ਡਿਪਲੋਮਾ ਪ੍ਰਾਪਤ ਕਈ ਅਧਿਆਪਕ ਭਰਤੀ ਕਰ ਲਏ ਗਏ, ਜਦ ਕਿ ਦਿੱਤੇ ਗਏ ਇਸ਼ਤਿਹਾਰ ਵਿਚ ਇਹ ਯੋਗਤਾ ਹੈ ਹੀ ਨਹੀਂ ਸੀ।

ਇਸ ਪੜਤਾਲ ਦਾ ਹੈਰਾਨੀਜਨਕ ਪਹਿਲੂ ਇਹ ਸੀ ਕਿ ਕਈ ਯੂਨੀਵਰਸਿਟੀਆਂ ਨੂੰ ਪੜਤਾਲ ਕਰਨ ਲਈ ਸਰਟੀਫਿਕੇਟ ਭੇਜੇ ਗਏ ਤਾਂ ਸੰਬੰਧਿਤ ਅਧਿਕਾਰੀਆਂ ਨੇ ਉਨ੍ਹਾਂ ਨੂੰ ਤਸਦੀਕ ਕਰ ਦਿੱਤਾ ਜਦ ਕਿ ਉਨ੍ਹਾਂ ਦੇ ਨਾਂ ਨਤੀਜਿਆਂ ਦੇ ਗ਼ਜ਼ਟ ਵਿਚ ਨਹੀਂ ਸਨ। ਪੰਜਾਬ ਪੁਲਿਸ ਨੇ ਇਨ੍ਹਾਂ ਅਧਿਕਾਰੀਆਂ ਵਿਰੁੱਧ ਕੇਸ ਦਰਜ ਕੀਤੇ। ਇਸ ਤੋਂ ਪਤਾ ਲਗਦਾ ਹੈ ਕਿ ਮਾਨਤਾ ਪ੍ਰਾਪਤ ਯੂਨੀਵਰਸਿਟੀਆਂ ਦੇ ਨਕਲੀ ਸਰਟੀਫਿਕੇਟ ਉਨ੍ਹਾਂ ਦੇ ਅਧਿਕਾਰੀਆਂ ਦੀ ਮਿਲੀ ਭੁਗਤ ਨਾਲ ਵਿਕ ਰਹੇ ਹਨ। ਪੰਜਾਬ ਵਿਚ ਨਕਲੀ ਡਿਗਰੀਆਂ ਦੇ ਅਜੇ ਵੀ ਸਕੈਂਡਲ ਸਾਹਮਣੇ ਆ ਰਹੇ ਹਨ।

ਇਹ ਵਰਤਾਰਾ ਸਾਰੇ ਵਿਭਾਗਾਂ ਵਿਚ ਹੈ। ਨਕਲੀ ਪੀ-ਐਚ.ਡੀ. ਪ੍ਰਾਪਤ ਵਿਅਕਤੀ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪ੍ਰੋਫੈਸਰ ਲੱਗੇ ਹੋਏ ਹਨ। ਪੰਜਾਬ ਤੇ ਹਰਿਆਣਾ ਹਾਈਕੋਰਟ ਦੀ ਬਾਰ ਕੌਂਸਲ ਨੇ ਰਜਿਸਟਰੇਸ਼ਨ ਕਰਨ ਸਮੇਂ ਫਰਜ਼ੀ ਨਕਲੀ ਡਿਗਰੀਆਂ ਦੇ ਮਾਮਲੇ ਸਾਹਮਣੇ ਲਿਆਂਦੇ ਹਨ। ਜੇ ਮੈਡੀਕਲ ਕੌਂਸਲ ਆਫ਼ ਇੰਡੀਆ ਵੀ ਡਾਕਟਰਾਂ ਦੇ ਸਰਟੀਫਿਕੇਟਾਂ ਦੀ ਪੜਤਾਲ ਕਰਵਾਏ ਤਾਂ ਪਤਾ ਨਹੀਂ ਭਾਰਤ ਵਿਚ ਕਿੰਨੇ ਡਾਕਟਰ ਫਰਜ਼ੀ ਡਿਗਰੀਆਂ ਵਾਲੇ ਮਿਲ ਜਾਣ। ਪਤਾ ਨਹੀਂ ਸਰਕਾਰੀ ਅਤੇ ਗ਼ੈਰ ਸਰਕਾਰੀ ਅਦਾਰਿਆਂ ਵਿਚ ਕਿੰਨੇ ਅਜਿਹੇ ਕਰਮਚਾਰੀ ਅਜੇ ਵੀ ਕੰਮ ਰਹੇ ਹਨ ਕਿਉਂਕਿ ਇਸ ਦੀ ਕਦੇ ਕਿਸੇ ਨੇ ਪੜਤਾਲ ਨਹੀਂ ਕੀਤੀ।

ਬਿਹਾਰ ਵਿਚ 2006 ਤੋਂ ਹੁਣ ਤੀਕ ਕੋਈ 3.5 ਲੱਖ ਅਧਿਆਪਕ ਪ੍ਰਾਇਮਰੀ, ਮਿਡਲ ਤੇ ਹਾਈ ਸਕੂਲਾਂ ਵਿਚ ਠੇਕੇ 'ਤੇ ਭਰਤੀ ਕੀਤੇ ਗਏ ਹਨ। ਇਕ ਗ਼ੈਰ ਸਰਕਾਰੀ ਅਨੁਮਾਨ ਅਨੁਸਾਰ ਇਨ੍ਹਾਂ ਵਿਚੋਂ 20000 ਦੇ ਕਰੀਬ ਅਧਿਆਪਕ ਫਰਜ਼ੀ ਡਿਗਰੀਆਂ ਵਾਲੇ ਹਨ। ਬਿਹਾਰ ਦੀ ਹਾਈਕੋਰਟ ਨੇ ਇਕ ਜਨਹਿੱਤ ਪਟੀਸ਼ਨ ਦੀ ਸੁਣਵਾਈ ਕਰਦੇ ਹੋਏ 2 ਜੁਲਾਈ 2015 ਨੂੰ ਆਦੇਸ਼ ਦਿੱਤੇ ਹਨ ਕਿ ਅਜਿਹੇ ਅਧਿਆਪਕਾਂ ਨੂੰ ਆਪਣੇ ਆਪ ਅਸਤੀਫੇ ਦੇ ਦੇਣੇ ਚਾਹੀਦੇ ਹਨ। ਸਿੱਟੇ ਵਜੋਂ 1400 ਅਧਿਆਪਕਾਂ ਨੇ ਅਸਤੀਫੇ ਦੇ ਦਿੱਤੇ ਹਨ ਤੇ ਆਉਂਦੇ ਦਿਨਾਂ ਵਿਚ ਹੋਰ ਅਧਿਆਪਕਾਂ ਦੇ ਅਸਤੀਫੇ ਦੇਣ ਦੀ ਸੰਭਾਵਨਾ ਹੈ।

ਇਹ ਫਰਜ਼ੀਵਾੜਾ ਵਿਸ਼ਵ ਵਿਆਪੀ ਹੈ। ਇੰਟਰਨੈੱਟ ਆਉਣ ਕਰਕੇ 1980 ਤੋਂ ਬਾਅਦ ਇਹ ਗੋਰਖਧੰਦਾ ਬੜੇ ਤੇਜ਼ੀ ਨਾਲ ਵੱਧ ਫੁੱਲ ਰਿਹਾ ਹੈ ਤੇ ਨਕਲੀ ਡਿਗਰੀਆਂ ਤੇ ਡਿਪਲੋਮਾ ਦੇਣ ਵਾਲੀਆਂ ਮਿਲਾਂ ਵੱਡੀ ਪੱਧਰ 'ਤੇ ਕੰਮ ਕਰ ਰਹੀਆਂ ਹਨ। ਇਕ ਅਨੁਮਾਨ ਅਨੁਸਾਰ ਕੋਈ ਸਲਾਨਾ 3.5 ਅਰਬ ਰੁਪਏ ਦਾ ਇਹ ਕਾਲਾ ਕਾਰੋਬਾਰ ਚਲ ਰਿਹਾ ਹੈ।

ਨਿਊਯਾਰਕ ਟਾਈਮਜ਼ ਨੇ 17 ਮਈ 2015 ਦੇ ਅੰਕ ਵਿਚ ਰੌਂਗਟੇ ਖੜੇ ਕਰਨ ਵਾਲੀ ਰਿਪੋਰਟ ਪ੍ਰਕਾਸ਼ਿਤ ਕੀਤੀ ਹੈ। ਪਾਕਿਸਤਾਨ ਦੇ ਕਰਾਚੀ ਸ਼ਹਿਰ ਵਿਚ ਐਗ਼ਜੈਕਟ

(Axact) ਨਾਂ ਦੀ ਇਕ ਬਹੁਤ ਵੱਡੀ ਕੰਪਨੀ ਹੈ ਜਿਸ ਨੇ 2000 ਦੇ ਕਰੀਬ ਕਰਮਚਾਰੀ ਰੱਖੇ ਹੋਏ ਹਨ ਜੋ ਦਿਨ ਰਾਤ ਕੰਮ ਕਰਦੇ ਹਨ ਤੇ ਔਨ ਲਾਇਨ ਡਿਗਰੀਆਂ ਅਤੇ ਡਿਪਲੋਮੇ ਪ੍ਰਦਾਨ ਕਰਦੇ ਹਨ। ਇਸ ਦੀਆਂ ਹਜ਼ਾਰਾਂ ਵੈਬਸਾਟੀਟਾਂ ਹਨ। ਇਨ੍ਹਾਂ ਨੇ ਦੁਨੀਆਂ ਦੀਆਂ ਮਸ਼ਹੂਰ ਕਾਲਜਾਂ ਤੇ ਯੂਨੀਵਰਸਿਟੀਆਂ ਜਿਵੇਂ ਬਰਕਲੇ ਯੂਨੀਵਰਸਿਟੀ, ਕੋਲੰਬੀਆ ਯੂਨੀਵਰਸਿਟੀ ਦੀਆਂ ਵੈਬਸਾਈਟਾਂ ਬਣਾਈਆਂ ਹੋਈਆਂ। ਇਹ ਅਸਲ ਵੈਬਸਾਈਟਾਂ ਨਾਲ ਮਿਲਦੀਆਂ ਜੁਲਦੀਆਂ ਹੋਣ ਕਰਕੇ ਅਸਲ ਵੈਬਸਾਈਟਾਂ ਹੋਣ ਦਾ ਭੁਲੇਖਾ ਪਾਉਂਦੀਆਂ। ਇਹ ਦਾਅਵਾ ਕਰਦੀਆਂ ਹਨ ਕਿ ਸਾਡੀ ਯੂਨੀਵਰਸਿਟੀ ਮਾਨਤਾ ਪ੍ਰਾਪਤ ਹੈ। ਦੁਨੀਆਂ ਭਰ ਦੇ ਮੀਡੀਆ ਵਿਚ ਇਸ ਦੇ ਇਸ਼ਤਿਹਾਰ ਛਪਦੇ ਹਨ ਤੇ ਟੈਲੀਵੀਜ਼ਨਾਂ 'ਤੇ ਵੀ ਇਸ ਦੀ ਮਸ਼ਹੂਰੀ ਹੁੰਦੀ ਹੈ। 50 ਡਾਲਰ ਤੋਂ ਲੈ ਕੇ ਹਜ਼ਾਰਾਂ ਡਾਲਰ ਤੀਕ ਲੈ ਕੇ ਇਸ ਵਲੋਂ ਦੁਨੀਆਂ ਭਰ ਦੇ ਨਾਮਵਰ ਕਾਲਜਾਂ ਤੇ ਯੂਨੀਵਰਸਿਟੀ ਦੇ ਡਿਪਲੋਮੇ ਤੇ ਡਿਗਰੀਆਂ ਦਿੱਤੀਆਂ ਜਾਂਦੀਆਂ ਹਨ। ਇਸ ਰਿਪੋਰਟ ਦੇ ਪ੍ਰਕਾਸ਼ਿਤ ਹੋਣ ਪਿੱਛੋਂ ਪਾਕਿਸਤਾਨ ਦੇ ਅਧਿਕਾਰੀਆਂ ਨੇ 5 ਕਾਰਜਕਾਰੀ ਅਧਿਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਨੇ 370 ਵੈਬਸਾਈਟਾਂ ਹਟਾ ਦਿੱਤੀਆਂ ਹਨ ਪਰ ਅਜੇ ਵੀ ਸੈਂਕੜੇ ਨਹੀਂ ਸਗੋਂ ਹਜ਼ਾਰਾਂ ਵੈਬਸਾਈਟਾਂ ਕੰਮ ਕਰ ਰਹੀਆਂ ਹਨ। ਇਸ ਤੋਂ ਜਾਰੀ ਨਕਲੀ ਡਿਗਰੀਆਂ ਕਰ ਕੇ ਕਈ ਵਿਅਕਤੀ ਨੌਕਰੀਆਂ ਗੁਆ ਚੁੱਕੇ ਹਨ ਤੇ ਕਈ ਜੇਲ੍ਹਾਂ ਵਿਚ ਹਨ। ਇਹ ਕੰਪਨੀ ਪਹਿਲਾਂ ਆਈ.ਟੀ. ਕੰਪਨੀ ਦੇ ਤੌਰ 'ਤੇ ਸਥਾਪਤ ਕੀਤੀ ਗਈ ਸੀ। ਪਾਕਿਸਤਾਨ ਅਤੇ ਅਰਬ ਦੇਸ਼ਾਂ ਦੇ ਬਹੁਤ ਹੀ ਪੜ੍ਹੇ ਲਿਖੇ ਕਰਮਚਾਰੀ ਇਸ ਕੰਪਨੀ ਨੇ ਰੱਖੇ ਹੋਏ ਹਨ, ਜੋ ਚੈਟਿੰਗ ਕਰ ਕੇ ਜਾਂ ਗੱਲਬਾਤ ਕਰ ਕੇ ਗਾਹਕਾਂ ਨੂੰ ਅਸਲੀ ਯੂਨੀਵਰਸਿਟੀ ਹੋਣ ਦਾ ਦਾਅਵਾ ਕਰ ਕੇ ਫਸਾਉਂਦੇ ਹਨ। ਨਿਊਯਾਰਕ ਟਾਇਮਜ਼ ਦਾ ਕਹਿਣਾ ਹੈ ਕਿ ਇਸ ਨੂੰ ਕਥਿਤ ਤੌਰ 'ਤੇ ਪਾਕਿਸਤਾਨੀ ਫ਼ੌਜ ਦੀ ਹਮਾਇਤ ਪ੍ਰਾਪਤ ਹੈ। ਇਸ ਦੇ ਸਰਵਰ ਭਾਵ ਜਿੱਥੋਂ ਇਹ ਵੈਬਸਾਈਟਾਂ ਚਲਦੀਆਂ ਹਨ, ਸਾਈਪਰਸ ਤੇ ਲੈਟਵਿਆ ਵਿਚ ਹਨ। ਅਮਰੀਕੀ ਖੁਫੀਆ ਏਜੰਸੀ ਐਫ਼.ਬੀ.ਆਈ. ਅਨੁਸਾਰ ਇਹ ਦੁਨੀਆਂ ਦੀ ਸਭ ਤੋਂ ਵੱਡੀ ਨਕਲੀ ਡਿਗਰੀਆਂ ਦਾ ਕਾਰੋਬਾਰ ਕਰਨ ਵਾਲੀ ਸੰਸਥਾ ਹੈ। ਇਸ ਦਾ ਕੋਈ ਕੈਮਪਸ ਨਹੀਂ। ਸਾਰਾ ਕਾਰੋਬਾਰ ਇੰਟਰਨੈੱਟ ਉਪਰ ਹੀ ਹੈ। ਇਹ ਕਰੋੜਾਂ ਡਾਲਰ ਕਮਾਈ ਕਰ ਰਹੀ ਹੈ।

ਚੀਨ ਵਿਚ ਵੀ ਇਹ ਗੋਰਖ ਧੰਦਾ ਚਲ ਰਿਹਾ ਹੈ, ਜੋ ਅਸਲੀ ਸੰਸਥਾਵਾਂ ਦੀ ਬਦਨਾਮੀ ਦਾ ਕਾਰਨ ਬਣ ਰਿਹਾ ਹੈ। ਅਮਰੀਕਾ ਵੀ ਇਸ ਵਿਚ ਪਿੱਛੇ ਨਹੀਂ। ਕਈ ਸੂਬਿਆਂ ਜਿਵੇਂ ਵਾਇਓਮਿੰਨਗ, ਮਿਸਿਪੀ ਅਤੇ ਅਲਬਾਮਾ ਵਿਚ ਕਾਨੂੰਨ ਏਨੇ ਸਖ਼ਤ ਨਹੀਂ, ਇਸ ਲਈ ਇਨ੍ਹਾਂ ਸੂਬਿਆਂ ਵਿਚ ਬਿਨਾਂ ਕੈਮਪਸ ਤੋਂ ਔਨਲਾਇਨ ਨਕਲੀ ਡਿਗਰੀਆਂ ਦੇਣ ਦਾ ਕਾਰੋਬਾਰ ਚਲ ਰਿਹਾ ਹੈ। ਸੂਬਾਈ ਸਰਕਾਰਾਂ ਦਾ ਮਸਲਾ ਹੋਣ ਕਰਕੇ ਕੇਂਦਰ ਬਹੁਤਾ ਦਖਲ ਦਿੰਦਾ ਨਹੀਂ। ਆਰੇਗੈਨ ਸੂਬੇ ਨੇ ਇਨ੍ਹਾਂ ਨੂੰ ਰੋਕਣ ਲਈ ਵਿਸ਼ੇਸ਼ ਕਦਮ ਚੁੱਕੇ ਹਨ ਤੇ ਵੈਬਸਾਇਟ ਉਪਰ ਗ਼ੈਰ ਮਾਨਤਾ ਪ੍ਰਾਪਤ ਕਾਲਜਾਂ ਤੇ ਯੂਨੀਵਰਸਿਟੀ ਦੇ ਨਾਂ ਜਨਤਕ ਕੀਤੇ ਹਨ।

ਲੋੜ ਹੈ ਕਿ ਜਿੱਥੇ ਸਰਕਾਰਾਂ ਇਨ੍ਹਾਂ ਨੂੰ ਰੋਕਣ ਲਈ ਅੱਗੇ ਆਉਣ ਉੱਥੇ ਆਮ

ਜਨਤਾ ਨੂੰ ਵੀ ਇਸ ਪ੍ਰਤੀ ਸੁਚੇਤ ਹੋਣਾ ਚਾਹੀਦਾ ਹੈ। ਦਾਖ਼ਲਾ ਲੈਣ ਤੋਂ ਪਹਿਲਾਂ ਕੁਝ ਵਿਸ਼ੇਸ਼ ਗਲਾਂ ਵੱਲ ਜੇ ਧਿਆਨ ਦਿੱਤਾ ਜਾਵੇ ਤਾਂ ਇਨ੍ਹਾਂ ਤੋਂ ਬਚਿਆ ਜਾ ਸਕਦਾ ਹੈ। ਜਿਵੇਂ ਜਿਸ ਦੇਸ਼ ਵਿਚ ਕੋਈ ਸੰਸਥਾ ਹੈ, ਉਸ ਮੁਲਕ ਦੇ ਸਿੱਖਿਆ ਵਿਭਾਗ ਤੋਂ ਮਾਨਤਾ ਪ੍ਰਾਪਤ ਕਾਲਜਾਂ ਤੇ ਯੂਨੀਵਰਸਿਟੀਆਂ ਦੀ ਸੂਚੀ ਪ੍ਰਾਪਤ ਕੀਤੀ ਜਾ ਸਕਦੀ ਹੈ। ਜੇ ਕੋਈ ਸੰਸਥਾ ਮਾਨਤਾ ਪ੍ਰਾਪਤ ਵੀ ਹੈ ਤਾਂ ਵੀ ਇਹ ਪਤਾ ਲਾਉਣਾ ਚਾਹੀਦਾ ਹੈ ਕਿ ਕੀ ਉਹ ਕੋਰਸ ਜਾਂ ਡਿਗਰੀ ਜੋ ਉਹ ਸੰਸਥਾ ਕਰਵਾ ਰਹੀ ਹੈ, ਮਾਨਤਾ ਪ੍ਰਾਪਤ ਹੈ ? ਕਈ ਵੇਰਾਂ ਯੂਨੀਵਰਸਿਟੀਆਂ ਜਾਂ ਕਾਲਜ ਬਿਨਾਂ ਮਾਨਤਾ ਪ੍ਰਾਪਤ ਕਰਨ ਤੋਂ ਕੋਰਸ ਸ਼ੁਰੂ ਕਰ ਲੈਂਦੇ ਹਨ ਤੇ ਮਾਨਤਾ ਲੈਣ ਲਈ ਬਿਨੈਪਤਰ ਭੇਜ ਦਿੰਦੇ ਹਨ। ਅਜਿਹੀਆਂ ਸੰਸਥਾਵਾਂ ਵਿਚ ਦਾਖ਼ਲਾ ਨਹੀਂ ਲੈਣਾ ਚਾਹੀਦਾ, ਕਿਉਂਕਿ ਕਈ ਵੇਰ ਕਿਸੇ ਨਾ ਕਿਸੇ ਕਾਰਨ ਕਰਕੇ ਮਾਨਤਾ ਨਾ ਮਨਜ਼ੂਰ ਹੋ ਜਾਂਦੀ ਹੈ। ਕਈ ਸੰਸਥਾਵਾਂ ਮੁਢਲੀ ਯੋਗਤਾ ਤੋਂ ਬਿਨਾਂ ਦਾਖਲਾ ਕਰਦੀਆਂ ਹਨ ਤਾਂ ਇਹ ਨਿਸਚੈ ਹੀ ਬੋਗਸ ਹੋਣਗੀਆਂ। ਜਿਵੇਂ ਬਿਨਾਂ ਦਸਵੀਂ ਤੋਂ ਬਾਰਵੀਂ ਕਰੋ, ਬਿਨਾਂ ਪਹਿਲੇ ਸਾਲ ਤੋਂ ਬੀ.ਏ. ਕਰੋ ਵਗੈਰਾ ਦੇ ਇਸ਼ਤਿਹਾਰ ਤੁਹਾਨੂੰ ਅਖਬਾਰਾਂ ਵਿਚ ਮਿਲ ਜਾਂਦੇ ਹਨ। ਕਈ ਸੰਸਥਾਵਾਂ ਆਪਣਾ ਡਾਕ ਦਾ ਪੂਰਾ ਪਤਾ ਨਹੀਂ ਦੇਂਦੀਆਂ, ਕੇਵਲ ਪੋਸਟ ਬਾਕਸ ਦਿੰਦੀਆਂ ਹਨ, ਉਨ੍ਹਾਂ ਦਾ ਪਤਾ ਲੱਗਾ ਕੇ ਦਾਖਲਾ ਲੈਣਾ ਚਾਹੀਦਾ ਹੈ। 30 ਦਿਨਾਂ ਵਿਚ ਜਾਂ ਥੋੜ੍ਹੇ ਦਿਨਾਂ ਵਿਚ ਕੋਰਸ ਜਾਂ ਡਿਗਰੀਆਂ ਦੇਣ ਵਾਲੀਆਂ ਸੰਸਥਾਵਾਂ ਬੋਗਸ ਹੋ ਸਕਦੀਆਂ ਹਨ। ਉਹ ਸੰਸਥਾਵਾਂ ਜਿਹੜੀਆਂ ਅਧਿਆਪਕਾਂ ਦੇ ਨਾਲ ਮੇਲ ਨਹੀਂ ਕਰਾਉਂਦੀਆਂ ਹਨ, ਉਹ ਵੀ ਸ਼ੱਕ ਦੇ ਘੇਰੇ ਵਿਚ ਆਉਂਦੀਆਂ ਹਨ। ਚੈਕ ਜਾਂ ਡਰਾਫਟ ਦੀ ਥਾਂ 'ਤੇ ਕੇਵਲ ਕਰੈਡਿਟ ਕਾਰਡ ਰਾਹੀਂ ਫੀਸ ਪ੍ਰਾਪਤ ਕਰਦੀਆਂ ਸੰਸਥਾਵਾਂ ਵੀ ਅਜਿਹੀਆਂ ਹੋ ਸਕਦੀਆਂ ਹਨ। ਲੋਕਾਂ ਵੱਲੋਂ ਬੋਗਸ ਯੂਨੀਵਰਸਿਟੀਆਂ ਜਾਂ ਕਾਲਜਾਂ ਬਾਰੇ ਇੰਟਰਨੈੱਟ ਉਪਰ ਬਹੁਤ ਸਾਰੀ ਜਾਣਕਾਰੀ ਪਾਈ ਹੋਈ ਹੈ, ਉਸ ਦਾ ਲਾਭ ਉਠਾਓਣਾ ਚਾਹੀਦਾ ਹੈ।

ਪਤਾ ਹੁੰਦਿਆਂ ਵੀ ਚਾਹਵਾਨ ਲੋਕ ਨਕਲੀ ਡਿਗਰੀ ਪ੍ਰਾਪਤ ਕਰਨ ਲਈ ਮੋਟੀਆਂ ਰਕਮਾਂ ਦਿੰਦੇ ਹਨ, ਪਰ ਅਜਿਹੇ ਕੰਮ ਤੋਂ ਬਚਣਾ ਚਾਹੀਦਾ ਹੈ। ਨਕਲੀ ਡਿਗਰੀ ਕਾਰਨ ਸਾਰੀ ਉਮਰ ਵਿਅਕਤੀ ਫਿਕਰਮੰਦ ਰਹਿੰਦਾ ਹੈ ਤੇ ਪਤਾ ਲੱਗਣ 'ਤੇ ਉਸ ਨੂੰ ਨੌਕਰੀ ਤੋਂ ਹੱਥ ਧੋਣੇ ਪੈ ਸਕਦੇ ਹਨ ਤੇ ਜੇਲ੍ਹ ਦੀ ਹਵਾ ਵੀ ਖਾਣੀ ਪੈ ਸਕਦੀ ਹੈ, ਜਿਸ ਨਾਲ ਜ਼ਿੰਦਗੀ ਨਰਕ ਬਣ ਸਕਦੀ ਹੈ। ਕੇਂਦਰ ਤੇ ਰਾਜ ਸਰਕਾਰਾਂ ਨੂੰ ਅਜਿਹੀਆਂ ਸੰਸਥਾਵਾਂ ਦਾ ਪਤਾ ਲਾਉਣ 'ਤੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਕਾਨੂੰਨ ਬਣਾਉਣੇ ਚਾਹੀਦੇ ਹਨ ਤੇ ਵਿਸ਼ੇਸ਼ ਸੈੱਲ ਕਾਇਮ ਕਰਨੇ ਚਾਹੀਦੇ ਹਨ। ਅਮਰੀਕਾ ਵਿਚ ਦਾਖਲਾ ਲੈਣ ਸਮੇਂ ਯੂਨੀਵਰਸਿਟੀਆਂ ਵਿਦਿਆਰਥੀਆਂ ਪਾਸੋਂ ਸਿੱਧੀਆਂ ਡੁਪਲੀਕੇਟ ਡਿਗਰੀਆਂ ਸੰਬੰਧਿਤ ਅਦਾਰੇ ਤੋਂ ਰਜਿਸਟਰਡ ਪੋਸਟ ਰਾਹੀਂ ਮੰਗਵਾਉਂਦੀਆਂ ਹਨ ਤਾਂ ਜੋ ਵਿਦਿਆਰਥੀ ਨਕਲੀ ਡਿਗਰੀ ਨਾ ਭੇਜ ਸਕੇ। ਅਜਿਹੇ ਕਦਮ ਭਾਰਤੀ ਯੂਨੀਵਰਸਿਟੀਆਂ ਨੂੰ ਵੀ ਉਠਾਉਣੇ ਚਾਹੀਦੇ ਹਨ।

*8 ਜੁਲਾਈ 2015*

# ਭਾਰਤੀ ਪ੍ਰਸ਼ਾਸਿਨਕ ਪ੍ਰਣਾਲੀ ਵਿਚ ਕ੍ਰਾਂਤੀਕਾਰੀ ਸੁਧਾਰ ਲਿਆਉਣ ਦੀ ਲੋੜ

ਭਾਰਤ ਨੂੰ ਆਜ਼ਾਦ ਹੋਇਆਂ 60 ਸਾਲ ਹੋ ਗਏ ਹਨ। ਕਿਸੇ ਵੀ ਦੇਸ਼ ਦੇ ਇਤਿਹਾਸ ਦਾ ਏਨਾ ਸਮਾਂ ਥੋੜ੍ਹਾ ਨਹੀਂ ਹੁੰਦਾ। ਏਨਾਂ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਜਦ ਆਜ਼ਾਦ ਭਾਰਤ ਦੀ ਪ੍ਰਸ਼ਾਸਨਿਕ ਪ੍ਰਣਾਲੀ, ਸਮਾਜਿਕ ਸੁਰੱਖਿਆ, ਸ਼ਖ਼ਸੀ ਆਜ਼ਾਦੀ, ਵਿਦਿਅਕ ਪ੍ਰਣਾਲੀ, ਸਿਹਤ ਸੇਵਾਵਾਂ ਆਦਿ ਤੁਲਨਾ ਜਦ ਵਿਕਸਿਤ ਦੇਸ਼ਾਂ ਜਿਵੇਂ ਅਮਰੀਕਾ, ਕੈਨੇਡਾ, ਇੰਗਲੈਂਡ ਆਦਿ ਨਾਲ ਕਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਅਸੀਂ ਅਜੇ ਵੀ ਉਨ੍ਹਾਂ ਮੁਲਕਾਂ ਨਾਲੋਂ ਘੱਟੋ ਘੱਟ ਇਕ ਸਦੀ ਪਿੱਛੇ ਹਾਂ। ਜਦ ਦੇਸ਼ ਆਜ਼ਾਦ ਹੋਇਆ ਸੀ ਤਾਂ ਮਹਾਤਮਾ ਗਾਂਧੀ ਨੇ ਕਿਹਾ ਸੀ ਕਿ ਅਸਾਂ ਅਜੇ ਰਾਜਨੀਤਕ ਆਜ਼ਾਦੀ ਪ੍ਰਾਪਤ ਕੀਤੀ ਹੈ, ਆਰਥਕ ਆਜ਼ਾਦੀ, ਸਮਾਜਿਕ ਨਾ-ਬਰਾਬਰੀ ਵਿਰੁੱਧ ਲੜਾਈ ਅਜੇ ਅਸਾਂ ਲੜਨੀ ਹੈ। ਗਾਂਧੀ ਜੀ ਦੇ ਇਨ੍ਹਾਂ ਕਥਨਾਂ 'ਤੇ ਕਿਸ ਨੇ ਅਮਲ ਕਰਨਾ ਸੀ ? ਉਨ੍ਹਾਂ ਦੇ ਜਾਨਸ਼ੀਨਾਂ ਨੇ ਆਜ਼ਾਦ ਭਾਰਤ ਵਿਚ ਅੰਗਰੇਜ਼ੀ ਵਿਵਸਥਾ ਨੂੰ ਹੀ ਕਾਇਮ ਰਖਿਆ ਹੋਇਆ ਹੈ ਕਿਉਂਕਿ ਇਹ ਸ਼ਾਇਦ ਨੂੰ ਸਭ ਤੋਂ ਢੁਕਵੀਂ ਲੱਗਦੀ ਹੈ। ਲੋਕਾਂ ਦੀ ਆਵਾਜ਼ ਨੂੰ ਦਬਾਉਣ ਲਈ ਅੰਗਰੇਜ਼ੀ ਰਾਜ ਵਾਲੇ ਕਾਨੂੰਨ ਲਾਗੂ ਕਰ ਰਖੇ ਹਨ। ਇਹੋ ਕਾਰਨ ਹੈ ਕਿ ਅੰਗਰੇਜ਼ੀ ਰਾਜ ਸਮੇਂ ਵਾਪਰੇ ਜਲ੍ਹਿਆਂਵਾਲਾ ਕਾਂਡ ਵਰਗੇ ਕਾਂਡ ਜਿਵੇਂ ਸਾਕਾ ਨੀਲਾ ਤਾਰਾ, ਰਾਜਧਾਨੀ ਸਮੇਤ ਸਿਰਫ਼ ਕਮਿਊਨਿਸਟ ਪ੍ਰਸ਼ਾਸਨ ਵਾਲੇ ਸੂਬਿਆਂ ਨੂੰ ਛੱਡ ਕੇ ਬਾਕੀ ਸੂਬਿਆਂ ਵਿਚ ਸਿੱਖਾਂ ਦਾ ਕਤਲੇਆਮ, ਗੁਜਰਾਤ ਵਿਚ ਘੱਟ ਗਿਣਤੀ ਦਾ ਕਤਲੇਆਮ, ਬਿਹਾਰ, ਆਂਧਰਾ ਪ੍ਰਦੇਸ਼ ਅਤੇ ਹੋਰ ਅਨੇਕਾਂ ਥਾਈਂ ਸਰਕਾਰੀ ਤਸ਼ੱਦਦ ਦੇ ਦਰਦਨਾਕ ਕਾਂਡ ਆਏ ਦਿਨ ਸਾਡੇ ਦੇਸ਼ ਜਿਸ ਨੂੰ ਕਿ ਦੁਨੀਆਂ ਦਾ ਸਭ ਤੋਂ ਵੱਡਾ ਲੋਕ ਤੰਤਰ ਕਿਹਾ ਜਾਂਦਾ ਹੈ, ਵਿਚ ਵਾਪਰਦੇ ਰਹਿੰਦੇ ਹਨ। ਜਿਸ ਕਾਂਗਰਸ ਪਾਰਟੀ ਨੇ ਰੋਲਟ ਐਕਟ ਦੇ ਖ਼ਿਲਾਫ਼ ਅੰਗਰੇਜ਼ੀ ਹਕੂਮਤ ਵਿਰੁੱਧ ਮੋਰਚਾ ਲਾਇਆ ਤੇ ਸਿੱਟੇ ਵਜੋਂ ਜਲ੍ਹਿਆਂਵਾਲਾ ਕਾਂਡ ਵਾਪਰਿਆ, ਉਸੇ ਪਾਰਟੀ ਦੇ ਰਾਜ ਅੰਦਰ ਇਸ ਨਾਲੋਂ ਵੀ ਮਾੜੇ ਕਾਨੂੰਨ ਮੀਸਾ, ਨਾਸਾ ਵਰਗੇ ਕਾਲੇ ਕਾਨੂੰਨ ਲਾਗੂ ਕੀਤੇ ਗਏ ਤੇ 1975 ਵਿਚ ਐਮਰਜੈਂਸੀ ਲਾਗੂ ਕੀਤੀ ਗਈ। ਇਨ੍ਹਾਂ ਕਾਲੇ ਕਾਨੂੰਨਾਂ ਅਤੇ ਸਾਕਾ ਨੀਲਾ ਤਾਰਾ ਵਰਗੇ ਕਾਲੇ ਸਾਕਿਆਂ ਬਾਰੇ ਇੱਥੇ ਦਸਣ ਦੀ ਲੋੜ ਨਹੀਂ।

ਕਿੰਨੇ ਅਫ਼ਸੋਸ ਵਾਲੀ ਗੱਲ ਹੈ ਕਿ ਦੇਸ਼ ਵਿੱਚ-ਬੇਰੁਜ਼ਗਾਰੀ, ਗਰੀਬੀ, ਅਨਪੜ੍ਹਤਾ ਵੱਧ ਰਹੀ ਹੈ ਤੇ ਕਰਜ਼ੇ ਹੇਠ ਦੱਬੇ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ। ਰੁਜ਼ਗਾਰ ਅਤੇ

ਬਿਹਤਰ ਜੀਵਨ ਬਤੀਤ ਕਰਨ ਲਈ ਸਾਡੀ ਨੌਜਵਾਨ ਪੀੜ੍ਹੀ ਅਮਰੀਕਾ, ਕੈਨੇਡਾ, ਅਸਟਰੇਲੀਆ, ਨਿਊਜ਼ੀਲੈਂਡ ਤੇ ਹੋਰਨਾਂ ਮੁਲਕਾਂ ਨੂੰ ਇੰਜ ਜਾ ਰਹੀ ਹੈ, ਜਿਵੇਂ ਕਿ ਭਾਰਤ ਉਨ੍ਹਾਂ ਲਈ ਬੇਗਾਨਾ ਮੁਲਕ ਹੋਵੇ। ਇਨ੍ਹਾਂ ਵਿਚ ਸਾਡੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਸਮੇਤ ਵੱਡੇ ਵੱਡੇ ਸਿਆਸਤਦਾਨਾਂ ਜਿਨ੍ਹਾਂ ਵਿਚ ਕਮਿਊਨਿਸਟ ਪਾਰਟੀਆਂ ਦੇ ਆਗੂ ਵੀ ਸ਼ਾਮਲ ਹਨ ਅਤੇ ਅਫ਼ਸਰਾਂ ਦੇ ਬੱਚੇ ਵੀ ਸ਼ਾਮਲ ਹਨ ਜੋ ਅੱਜ ਅਮਰੀਕਾ ਤੇ ਹੋਰਨਾਂ ਮੁਲਕਾਂ ਵਿਚ ਰਹਿੰਦੇ ਹਨ। ਪੰਜਾਬੀ ਵੀ ਵਿਦੇਸ਼ਾਂ ਵਿਚ ਧੜਾ ਧੜ ਜਾ ਰਹੇ ਹਨ। ਜੇ ਪੰਜਾਬੀ ਏਸੇ ਤਰ੍ਹਾਂ ਵਿਦੇਸ਼ਾਂ ਨੂੰ ਤੁਰੇ ਗਏ ਤੇ ਬਿਹਾਰ, ਯੂ.ਪੀ. ਤੋਂ ਲੋਕ ਆ ਕੇ ਪੰਜਾਬ ਵੱਸਦੇ ਗਏ ਤਾਂ ਉਹ ਦਿਨ ਦੂਰ ਨਹੀਂ ਜਦ ਪੰਜਾਬ ਵਿਚ ਪੰਜਾਬੀ ਘੱਟ ਗਿਣਤੀ ਵਿਚ ਹੋ ਜਾਣਗੇ। ਇਸ ਨਾਲ ਪੰਜਾਬੀ ਸਭਿਆਚਾਰ ਵਿਚ ਖ਼ਤਰਨਾਕ ਵਿਗਾੜ ਪੈਣ ਦੀ ਸੰਭਾਵਨਾ ਹੈ ਜਿਸ ਨੂੰ ਜੇ ਨਾ ਰੋਕਿਆ ਗਿਆ ਤਾਂ ਆਉਣ ਵਾਲੀ ਪੀੜ੍ਹੀ ਸਾਨੂੰ ਕਦੇ ਮੁਆਫ਼ ਨਹੀਂ ਕਰੇਗੀ। ਵਿਚਾਰਨ ਵਾਲੀ ਗੱਲ ਹੈ ਕਿ ਉਹ ਕੀ ਕਾਰਨ ਹਨ ਕਿ ਜਿਨ੍ਹਾਂ ਕਰਕੇ ਪੰਜਾਬੀਆਂ ਤੇ ਹੋਰਨਾਂ ਦੇਸ਼ਵਾਸੀਆਂ ਵਿਚ ਵਿਦੇਸ਼ਾਂ ਵਿਚ ਜਾਣ ਦੀ ਹੋੜ ਲੱਗੀ ਹੋਈ ਹੈ, ਹਾਲਾਂਕਿ ਵਿਦੇਸ਼ਾਂ ਵਿਚ ਜ਼ਿੰਦਗੀ ਸੌਖੀ ਨਹੀਂ।

ਸਭ ਤੋਂ ਪਹਿਲੀ ਗੱਲ ਜੋ ਇਨ੍ਹਾਂ ਦੇਸ਼ਾਂ ਵਿਚ ਭਾਰਤੀਆਂ ਨੂੰ ਟੁੰਬਦੀ ਹੈ, ਉਹ ਹੈ ਇੱਥੋਂ ਦੀ ਪ੍ਰਸ਼ਾਸਨਿਕ ਪ੍ਰਣਾਲੀ। ਸਾਡੇ ਵਾਂਗ, ਮਜਾਲ ਹੈ ਕੋਈ ਸੜਕ ਜਾਂ ਰੇਲ ਲਾਇਨ ਉਪਰ ਧਰਨਾ ਮਾਰ ਕੇ ਆਵਾਜਾਈ ਰੋਕੇ ਜਾਂ ਚੋਣਾਂ ਵਿਚ ਗੁੰਡਾ ਗਰਦੀ ਦਾ ਪ੍ਰਦਰਸ਼ਨ ਕਰੇ ਜਿਵੇਂ ਹਾਲ ਹੀ ਵਿਚ 8 ਅਗਸਤ ਨੂੰ ਨਗਰ ਨਿਗਮ ਚੋਣਾਂ ਵਿਚ ਅੰਮ੍ਰਿਤਸਰ ਤੇ ਪਟਿਆਲੇ ਹੋਇਆ ਹੈ। ਕਿਸੇ ਵੀ ਦਫ਼ਤਰ ਵਿਚ ਰਿਸ਼ਵਤਖੋਰੀ ਨਹੀਂ, ਖੱਜਲ-ਖ਼ੁਆਰੀ ਨਹੀਂ। ਐਨ ਮੌਕੇ 'ਤੇ ਹੀ ਤੁਹਾਡੇ ਕੰਮ ਹੋ ਜਾਂਦੇ ਹਨ। ਸਾਡੇ ਵਾਂਗ ਕੱਲ੍ਹ ਨਾਂ ਦੀ ਕੋਈ ਚੀਜ਼ ਨਹੀਂ। ਕਿਸੇ ਕੰਮ ਲਈ ਦਫ਼ਤਰਾਂ ਵਿਚ ਚੱਕਰ ਨਹੀਂ ਮਾਰਨੇ ਪੈਂਦੇ। ਪੁਲੀਸ ਏਨੀ ਚੰਗੀ ਹੈ ਕਿ ਜਿੰਨੀ ਸਾਡੀ ਪੁਲੀਸ ਮਾੜੀ ਹੈ। ਤੁਹਾਨੂੰ ਕੋਈ ਮੁਸ਼ਕਲ ਹੈ ਤਾਂ 911 ਨੰਬਰ 'ਤੇ ਫੋਨ ਕਰੋ। ਪੁਲੀਸ ਤੁਹਾਡੀ ਸਹਾਇਤਾ ਲਈ ਫੌਰਨ ਪਹੁੰਚ ਜਾਵੇਗੀ। ਤੁਸੀਂ ਬੀਮਾਰ ਹੋ ਜਾਂਦੇ ਹੋ। ਘਰ ਵਿਚ ਕੋਈ ਨਹੀਂ ਜਾਂ ਰਸਤੇ ਵਿਚ ਤੁਹਾਨੂੰ ਕੁਝ ਹੋ ਜਾਂਦਾ ਹੈ। ਤੁਸੀਂ 911 ਨੰਬਰ 'ਤੇ ਫੋਨ ਕਰੋ। ਪੁਲੀਸ ਐਮਬੂਲੈਂਸ ਲੈ ਕੇ ਫੌਰੀ ਹਾਜ਼ਰ ਹੋ ਜਾਵੇਗੀ। ਲੋੜ ਪੈਣ 'ਤੇ ਤੁਹਾਨੂੰ ਹਸਪਤਾਲ ਦਾਖ਼ਲ ਕਰਵਾਇਆ ਜਾਵੇਗਾ, ਜਿੱਥੇ ਫੌਰੀ ਇਲਾਜ ਸ਼ੁਰੂ ਹੋ ਜਾਵੇਗਾ। ਤੁਹਾਡੇ ਘਰਦਿਆਂ ਨੂੰ ਵੀ ਤੁਹਾਡੇ ਬਾਰੇ ਪੁਲੀਸ ਸੂਚਿਤ ਕਰੇਗੀ। ਜੇ ਰਸਤੇ ਵਿਚ ਕਾਰ ਜਾਂ ਟਰੱਕ ਖ਼ਰਾਬ ਹੋ ਗਿਆ ਹੈ, ਤੁਹਾਨੂੰ ਕੋਈ ਪ੍ਰੇਸ਼ਾਨ ਕਰਦਾ ਹੈ, ਕਿਤੇ ਅੱਗ ਲੱਗ ਗਈ ਹੈ, ਦੁਰਘਟਨਾ ਹੋ ਗਈ ਹੈ, 911 ਨੰਬਰ 'ਤੇ ਫੋਨ ਕਰਨ 'ਤੇ ਪੁਲੀਸ ਫਟਾਫਟ ਤੁਹਾਡੀ ਮਦਦ 'ਤੇ ਆਵੇਗੀ। ਸਭ ਤੋਂ ਵੱਡੀ ਗੱਲ ਹੈ ਕਿ ਪੁਲੀਸ ਵਿਚ ਨਾ ਤਾਂ ਸਾਡੇ ਵਾਂਗ ਸਿਆਸੀ ਦਖ਼ਲ ਅੰਦਾਜ਼ੀ ਹੈ ਤੇ ਨਾ ਪੁਲੀਸ ਕਿਸੇ ਦਾ ਲਿਹਾਜ਼ ਕਰਦੀ ਹੈ।

ਜਿੱਥੋਂ ਤੀਕ ਸਿਹਤ ਸੇਵਾਵਾਂ ਦਾ ਸੰਬੰਧ ਹੈ, ਇਨ੍ਹਾਂ ਨਾਲ ਦੀ ਕੋਈ ਰੀਸ ਨਹੀਂ। ਪਹਿਲੀ ਗੱਲ ਤਾਂ ਇਹ ਹੈ ਕਿ ਸਫ਼ਾਈ ਕਾਰਨ ਤੇ ਖਾਣ ਪੀਣ ਦੀਆਂ ਸ਼ੁੱਧ ਚੀਜ਼ਾਂ ਹੋਣ ਕਰਕੇ ਲੋਕੀਂ ਬੀਮਾਰ ਹੀ ਘੱਟ ਹੁੰਦੇ ਹਨ। ਜੇ ਬੀਮਾਰ ਹੋ ਵੀ ਜਾਣ ਤਾਂ ਇੰਗਲੈਂਡ ਅਤੇ

ਕੈਨੇਡਾ ਵਿਚ ਮੁਫ਼ਤ ਇਲਾਜ ਹੈ। ਕੈਨੇਡਾ ਵਿਚ ਤਾਂ ਕੋਈ ਪ੍ਰਾਈਵੇਟ ਹਸਪਤਾਲ ਜਾਂ ਨਰਸਿੰਗ ਹੋਮ ਨਹੀਂ ਹੈ। ਸਭ ਦਾ ਇਲਾਜ ਸਰਕਾਰੀ ਹਸਪਤਾਲਾਂ ਵਿਚ ਹੁੰਦਾ ਹੈ। ਅੱਗੋਂ ਪਿੱਛੋਂ ਲੋੜ ਪੈਣ 'ਤੇ ਤੁਸੀਂ ਕਿਸੇ ਵੀ ਡਾਕਟਰ ਪਾਸ ਜਾ ਸਕਦੇ ਹੋ। ਡਾਕਟਰ ਦੀ ਫ਼ੀਸ ਸਰਕਾਰ ਦੇਵੇਗੀ। ਹਾਂ, ਤੁਹਾਨੂੰ ਦਵਾਈ ਜ਼ਰੂਰ ਬਜ਼ਾਰੋਂ ਲੈਣੀ ਪਵੇਗੀ। ਇੰਗਲੈਂਡ ਵਿਚ ਵੀ ਸਾਰਾ ਇਲਾਜ ਮੁਫ਼ਤ ਹੈ। ਮੈਨੂੰ ਕਈ ਬਜ਼ੁਰਗ ਅਮਰੀਕਾ ਮਿਲੇ ਜਿਹੜੇ ਇਸ ਕਰਕੇ ਪੰਜਾਬ ਨਹੀਂ ਜਾ ਰਹੇ ਕਿਉਂਕਿ ਇੱਥੇ ਉਨ੍ਹਾਂ ਦਾ ਇਲਾਜ ਮੁਫ਼ਤ ਹੋ ਰਿਹਾ ਹੈ ਤੇ ਸਭ ਤੋਂ ਵੱਡੀ ਗਲ ਕਿ ਹਸਪਤਾਲ ਦੀਆਂ ਗੱਡੀਆਂ ਘਰੋਂ ਲੈ ਜਾਂਦੀਆਂ ਹਨ ਤੇ ਆਪੇ ਘਰ ਛੱਡ ਜਾਂਦੀਆਂ ਹਨ ਹਾਲਾਂ ਕਿ ਉਨ੍ਹਾਂ ਦਾ ਦਿਲ ਇੱਥੇ ਲਗਦਾ ਨਹੀਂ।

ਜਿੱਥੋਂ ਤੀਕ ਸਕੂਲੀ ਵਿੱਦਿਆ ਦਾ ਸਬੰਧ ਹੈ, ਬਾਰਵੀਂ ਤੀਕ ਮੁਫ਼ਤ ਹੈ। ਇਨ੍ਹਾਂ ਸਕੂਲਾਂ ਨੂੰ ਪਬਲਿਕ ਸਕੂਲ ਕਿਹਾ ਜਾਂਦਾ ਹੈ। 99 ਪ੍ਰਤੀਸ਼ਤ ਬੱਚੇ ਇਨ੍ਹਾਂ ਮੁਫ਼ਤ ਵਾਲੇ ਸਕੂਲਾਂ ਵਿਚ ਪੜ੍ਹਦੇ ਹਨ ਕਿਉਂਕਿ ਪ੍ਰਾਈਵੇਟ ਸਕੂਲਾਂ ਵਿਚ ਫ਼ੀਸ ਭਰਨੀ ਹਾਰੀ ਸਾਰੀ ਦਾ ਕੰਮ ਨਹੀਂ। ਇਨ੍ਹਾਂ ਸਕੂਲਾਂ ਦੀ ਵਿੱਲਖਣਤਾ ਇਹ ਹੈ ਕਿ ਹਰੇਕ ਇਲਾਕੇ ਦਾ ਆਪਣਾ ਸਕੂਲ ਹੈ, ਜਿੱਥੋਂ ਦੀ ਪ੍ਰਬੰਧਕੀ ਕਮੇਟੀ ਉਸ ਇਲਾਕੇ ਦੇ ਲੋਕ ਚੁਣਦੇ ਹਨ ਤੇ ਇਹੋ ਕਮੇਟੀ ਅਧਿਆਪਕ ਭਰਤੀ ਕਰਦੀ ਹੈ ਤੇ ਸਕੂਲ ਦਾ ਪ੍ਰਬੰਧ ਚਲਾਉਂਦੀ ਹੈ। ਅਧਿਆਪਕ ਦੀ ਬਦਲੀ ਨਹੀਂ ਹੋ ਸਕਦੀ। ਸਰਕਾਰ ਦਾ ਕੋਈ ਦਖ਼ਲ ਨਹੀਂ। ਹਾਂ, ਤਨਖ਼ਾਹ ਸਰਕਾਰ ਦਿੰਦੀ ਹੈ। ਕਾਲਜੀ ਵਿੱਦਿਆ ਜ਼ਰੂਰ ਮਹਿੰਗੀ ਹੈ ਪਰ ਵਿਦਿਆਰਥੀ ਕਰਜ਼ਾ ਲੈ ਕੇ ਪੜ੍ਹਦੇ ਹਨ ਜਿਸ 'ਤੇ ਵਿਆਜ ਦੀ ਦਰ ਬਹੁਤ ਘੱਟ ਹੈ। ਖਾਣ ਪੀਣ ਦੀਆਂ ਵਸਤਾਂ ਦੀ ਸ਼ੁੱਧਤਾ ਬਹੁਤ ਹੀ ਵਧੀਆ ਹੈ।

ਅਫ਼ਸਰ ਤੇ ਮੰਤਰੀ ਆਮ ਲੋਕਾਂ ਦੀ ਤਰ੍ਹਾਂ ਵਿਚਰਦੇ ਹਨ, ਉਨ੍ਹਾਂ ਦੀਆਂ ਗੱਡੀਆਂ 'ਤੇ ਸਾਡੇ ਵਾਂਗ ਲਾਲ ਬੱਤੀਆਂ ਨਹੀਂ। ਲਾਲ ਬੱਤੀਆਂ ਤਾਂ ਅੰਗਰੇਜ਼ਾਂ ਨੇ ਆਪਣੇ ਆਪ ਨੂੰ ਹਾਕਮ ਤੇ ਭਾਰਤੀਆਂ ਨੂੰ ਗ਼ੁਲਾਮ ਵਿਖਾਉਣ ਲਈ ਲਾਈਆਂ ਸਨ। ਅੰਗਰੇਜ਼ ਚਲੇ ਗਏ ਪਰ ਲਾਲ ਬੱਤੀਆਂ ਨਹੀਂ ਖ਼ਤਮ ਹੋਈਆਂ ਕਿਉਂਕਿ ਸਾਡੀ ਅਫ਼ਸਰਸ਼ਾਹੀ ਤੇ ਰਾਜਸੀ ਆਗੂ ਅਜੇ ਆਪਣੇ ਆਪ ਨੂੰ ਜਨਤਾ ਨਾਲੋਂ ਉਪਰ ਸਮਝਦੇ ਹਨ।

ਇਨ੍ਹਾਂ ਮੁਲਕਾਂ ਵਿਚ ਸਮਾਜਿਕ ਸੁਰੱਖਿਆ ਹੈ। ਇੱਥੇ ਸੇਵਾ ਮੁਕਤੀ ਦੀ ਉਮਰ 65 ਸਾਲ ਹੈ। ਇਸ ਪਿੱਛੋਂ ਤੁਹਾਨੂੰ ਪੈਨਸ਼ਨ ਮਿਲਦੀ ਹੈ। ਅਮਰੀਕਾ ਜਿੱਥੇ ਕਿ ਡਾਕਟਰੀ ਇਲਾਜ ਬਹੁਤ ਮਹਿੰਗਾ ਹੈ, ਉੱਥੇ 65 ਸਾਲ ਪਿੱਛੋਂ ਇਲਾਜ ਦਾ ਸਾਰਾ ਖ਼ਰਚ ਸਰਕਾਰ ਦਿੰਦੀ ਹੈ। ਲੋੜ ਪੈਣ 'ਤੇ ਬਜ਼ਾਰੋਂ ਵਸਤੂਆਂ ਖ਼ਰੀਦਣ ਲਈ ਤੁਸੀਂ ਮੁਫ਼ਤ ਬੱਸ ਸੇਵਾ ਦੀ ਸਹੂਲਤ ਲੈ ਸਕਦੇ ਹੋ। ਜਿੱਥੇ ਭਾਰਤ ਵਿਚ ਕਾਰੋਬਾਰ ਸ਼ੁਰੂ ਕਰਨ ਲਈ ਸਰਕਾਰੀ ਦਫ਼ਤਰਾਂ ਵਿਚ ਖੱਜਲ-ਖ਼ੁਆਰ ਹੋਣਾ ਪੈਂਦਾ ਹੈ ਤੇ ਰਿਸ਼ਵਤ ਦੇਣੀ ਪੈਂਦੀ ਹੈ, ਉੱਥੇ ਇਨ੍ਹਾਂ ਮੁਲਕਾਂ ਵਿਚ ਥੋੜ੍ਹੇ ਵਿਆਜ 'ਤੇ ਬਹੁਤ ਹੀ ਜਲਦੀ ਤੁਸੀਂ ਬਿਨਾਂ ਕਿਸੇ ਰਿਸ਼ਵਤਖ਼ੋਰੀ 'ਤੇ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ। ਜਿੱਥੇ ਭਾਰਤ ਵਿਚ ਘੱਟ ਗਿਣਤੀਆਂ ਨੂੰ ਦਬਾ ਕੇ ਰੱਖਿਆ ਜਾ ਰਿਹਾ ਹੈ, ਉੱਥੇ ਇਨ੍ਹਾਂ ਦੇਸ਼ਾਂ ਵਿਚ ਘੱਟ ਗਿਣਤੀਆਂ ਦੀ ਸਹਾਇਤਾ ਲਈ ਵਿਸ਼ੇਸ਼ ਅਦਾਰੇ ਕਾਇਮ ਕੀਤੇ ਗਏ ਹਨ।

ਹੁਣ ਵਿਚਾਰਨ ਵਾਲੀ ਗੱਲ ਹੈ ਕਿ ਹਿੰਦੁਸਤਾਨ ਨੂੰ ਵੀ ਇਨ੍ਹਾਂ ਦੇਸ਼ਾਂ ਵਾਂਗ

ਵਿਕਸਤ ਕਿਵੇਂ ਬਣਾਇਆ ਜਾਵੇ ਤਾਂ ਜੋ ਪੜ੍ਹੇ ਲਿਖੇ ਲੋਕ ਜੋ ਬਾਹਰ ਜਾ ਰਹੇ ਹਨ ਉਹ ਵਿਦੇਸ਼ਾਂ ਵਿਚ ਜਾਣ ਦੀ ਥਾਂ 'ਤੇ ਇਸ ਦੇਸ਼ ਦੀ ਖ਼ੁਸ਼ਹਾਲੀ ਲਈ ਕੰਮ ਕਰਨ ?

ਸਭ ਤੋਂ ਪਹਿਲੀ ਗੱਲ ਹੈ ਕਿ ਦੁਨੀਆਂ ਦੇ ਵਿਕਸਤ ਦੇਸ਼ ਉਦਯੋਗ ਪ੍ਰਧਾਨ ਦੇਸ਼ ਹਨ। ਅਮਰੀਕਾ ਜੋ ਕਿ ਸਭ ਤੋਂ ਵਿਕਸਤ ਦੇਸ਼ ਹੈ ਦਾ 1% ਲੋਕ ਹੀ ਖੇਤੀਬਾੜੀ ਕਰਦੇ ਹਨ। ਅੱਜ ਅਮਰੀਕਾ, ਕੈਨੇਡਾ ਵਰਗੇ ਅਮੀਰ ਦੇਸ਼ ਚੀਨ ਤੇ ਹੋਰਨਾਂ ਦੇਸ਼ਾਂ ਵਿਚ ਮਜ਼ਦੂਰੀ ਤੇ ਹੋਰ ਵਸਤੂਆਂ ਸਸਤੀਆਂ ਹੋਣ ਕਰਕੇ ਕਾਰਖਾਨੇ ਲਾ ਰਹੇ ਹਨ ਤੇ ਹੋਰ ਕਾਰੋਬਾਰ ਵੀ ਇਨ੍ਹਾਂ ਦੇਸ਼ਾਂ ਵਿਚੋਂ ਕਰਵਾ ਰਹੇ ਹਨ। ਇਨ੍ਹਾਂ ਦੇਸ਼ਾਂ ਦੀ ਬਦੌਲਤ ਚੀਨ ਅੱਜ ਇਕ ਅਮੀਰ ਮੁਲਕ ਬਣ ਗਿਆ ਹੈ। ਉੱਥੇ ਹੁਣ ਕੋਈ ਰਿਸ਼ਵਤ ਨਹੀਂ। ਕੋਈ ਫ਼ੈਕਟਰੀ ਲਾਉਣੀ ਹੋਵੇ ਤੁਸੀਂ ਕੁਝ ਹੀ ਦਿਨਾਂ ਵਿਚ ਉੱਥੇ ਜਾ ਕੇ ਲਾ ਸਕਦੇ ਹੋ। ਇਸ ਲਈ ਜੇ ਅਸਾਂ ਵੀ ਦੇਸ਼ ਨੂੰ ਵਿਕਸਤ ਦੇਸ਼ਾਂ ਵਿਚ ਸ਼ਾਮਲ ਕਰਨਾ ਹੈ ਤਾਂ ਸਾਨੂੰ ਵਿਦੇਸ਼ੀਆਂ ਨੂੰ ਚੀਨ ਵਾਂਗ ਉਦਯੋਗ ਸਥਾਪਤ ਕਰਨ ਲਈ ਖਿਚਣਾ ਚਾਹੀਦਾ ਹੈ ਤੇ ਇਸ ਦੇਸ਼ ਨੂੰ ਖੇਤੀ ਪ੍ਰਧਾਨ ਦੀ ਥਾਂ 'ਤੇ ਉਦਯੋਗ ਪ੍ਰਧਾਨ ਦੇਸ਼ ਬਨਾਉਣਾ ਚਾਹੀਦਾ ਹੈ। ਜਿੱਥੇ ਸੂਚਨਾ ਤਕਨਾਲੋਜੀ ਨੂੰ ਵਿਕਸਤ ਕਰਨਾ ਚਾਹੀਦਾ ਹੈ, ਉੱਥੇ ਖੇਤੀਬਾੜੀ ਨਾਲ ਸਬੰਧਤ ਉਦਯੋਗ ਸਥਾਪਤ ਕਰਨੇ ਚਾਹੀਦੇ ਹਨ। ਇਹ ਤਾਂ ਹੀ ਹੋ ਸਕਦਾ ਹੈ ਜੇ ਅਸੀਂ ਅਜਿਹਾ ਮਾਹੌਲ ਪੈਦਾ ਕਰੀਏ ਜਿਹੋ ਜਿਹਾ ਮਾਹੌਲ ਵਿਦੇਸ਼ੀ ਉਦਯੋਗਪਤੀ ਚਾਹੁੰਦੇ ਹਨ।

ਸਭ ਤੋਂ ਜ਼ਰੂਰੀ ਹੈ ਕਿ ਭਾਰਤ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਨੱਥ ਪਾਈ ਜਾਵੇ। ਕਿੰਨੇ ਸ਼ਰਮ ਵਾਲੀ ਗੱਲ ਹੈ ਕਿ ਵਿਸ਼ਵ ਬੈਂਕ ਦੀ ਰਿਪੋਰਟ ਕਹਿ ਰਹੀ ਹੈ ਕਿ ਭਾਰਤ ਵਿਚ 210 ਅਰਬ ਰੁਪਏ ਦਾ ਰਿਸ਼ਵਤ ਦਾ ਕਾਰੋਬਾਰ ਹਰ ਸਾਲ ਹੋ ਰਿਹਾ ਹੈ ਤੇ ਜੇ ਇਹ ਰਾਸ਼ੀ ਗਰੀਬਾਂ ਵਿਚ ਵੰਡ ਦਿੱਤੀ ਜਾਵੇ ਤਾਂ ਪ੍ਰਤੀ ਗਰੀਬ 850 ਰੁਪਏ ਦੀ ਆਮਦਨ ਵੱਧ ਜਾਵੇਗੀ ਅਤੇ ਗਰੀਬਾਂ ਦੀ ਗਿਣਤੀ ਅੱਧੀ ਹੋ ਜਾਵੇਗੀ। ਇਸ ਰਿਪੋਰਟ ਅਨੁਸਾਰ ਸਭ ਤੋਂ ਭ੍ਰਿਸ਼ਟ ਮਹਿਕਮਾ ਪੁਲਿਸ ਦਾ ਹੈ। ਅਸੀਂ ਅੰਗਰੇਜ਼ੀ ਰਾਜ ਦੇ ਦੋ ਸੌ ਸਾਲ ਪੁਰਾਣੇ ਕਾਨੂੰਨ ਕਾਇਮ ਕਰ ਕੇ ਰੱਖੇ ਹੋਏ ਹਨ ਜਦ ਕਿ ਇਨ੍ਹਾਂ ਵਿਚੋਂ ਬਹੁਤੇ ਅੰਗਰੇਜ਼ਾਂ ਨੇ ਖ਼ਤਮ ਕਰ ਦਿੱਤੇ ਹਨ। ਜੇ ਅਮਰੀਕਾ, ਕੈਨੇਡਾ, ਇੰਗਲੈਂਡ ਦੀ ਪੁਲਿਸ ਲੋਕਾਂ ਦੀ ਸੇਵਕ ਬਣ ਸਕਦੀ ਹੈ ਤਾਂ ਸਾਡੀ ਕਿਉਂ ਨਹੀਂ ? ਜੇ ਅਮਰੀਕਾ ਵਿਚ ਥਾਣੇ ਵਾਲੇ ਦਸ ਮਿੰਟ ਵਿਚ ਇਤਰਾਜ਼ਹੀਣਤਾ ਸਰਟੀਫਿਕੇਟ ਬਣਾ ਕੇ ਦੇ ਸਕਦੇ ਹਨ, ਟਰਾਂਸਪੋਰਟ ਅਧਿਕਾਰੀ ਦਸ ਮਿੰਟ ਵਿਚ ਡਰਾਈਵਿੰਗ ਲਾਇਸੈਂਸ ਮੁੜ ਨਵਾਂ ਬਣਾ ਕੇ ਦੇ ਸਕਦੇ ਹਨ ਤਾਂ ਭਾਰਤ ਵਿਚ ਕਿਉਂ ਨਹੀਂ ? ਜੇ ਸਾਰੀ ਦੁਨੀਆਂ ਵਿਚ ਕਰਮਚਾਰੀ ਸਮੇਂ ਸਿਰ ਆਪਣੀ ਡਿਊਟੀ ਵਾਲੀ ਥਾਂ ਜਾਂਦੇ ਹਨ ਤੇ ਕੰਮ ਕਰਦੇ ਹਨ ਤਾਂ ਭਾਰਤ ਵਿਚ ਕਿਉਂ ਨਹੀਂ ? ਜੇ ਵਿਦੇਸ਼ਾਂ ਵਿਚ ਸਿਆਸਤਦਾਨਾਂ ਤੇ ਅਫ਼ਸਰਾਂ ਲਈ ਡਰਾਈਵਰ ਨਹੀਂ, ਸੇਵਾਦਾਰ ਨਹੀਂ, ਲਾਲ ਬੱਤੀਆਂ ਵਾਲੀਆਂ ਗੱਡੀਆਂ ਨਹੀਂ ਤਾਂ ਭਾਰਤ ਵਿਚ ਕਿਉਂ ? ਜੇ ਅਮਰੀਕਾ, ਕੈਨੇਡਾ ਵਿਚ ਨਾਕੇ ਲਾਉਣ ਤੋਂ ਬਗੈਰ ਕੰਮ ਚਲਦਾ ਹੈ ਤਾਂ ਸਾਡੀ ਪੁਲਿਸ ਨਾਕੇ ਲਾ ਕੇ ਪੈਸੇ ਕਿਉਂ ਬਟੋਰੇ ? ਅਸੀਂ ਸਫ਼ਾਈ, ਟ੍ਰੈਫ਼ਿਕ, ਪ੍ਰਦੂਸ਼ਣ ਆਦਿ ਸਬੰਧੀ ਅਮਰੀਕਾ ਨਾਲੋਂ ਵੀ ਵਧੀਆ ਕਾਨੂੰਨ ਬਣਾਏ ਹੋਏ ਪਰ ਉਹ ਲਾਗੂ ਕਿਉਂ ਨਹੀਂ ਕੀਤੇ ਜਾ ਰਹੇ ? ਇਹ ਕਾਨੂੰਨ ਬਣਾਉਣ ਦਾ ਕੀ ਫ਼ਾਇਦਾ ਹੈ, ਜੇ ਇਹ ਲਾਗੂ ਨਹੀਂ ਕਰਨੇ ?

ਸਾਡੇ ਉਪਰੋਕਤ ਕਥਨ ਦੀ ਪ੍ਰੋੜ੍ਹਤਾ ਅੱਜ ਤੋਂ 22 ਸਾਲ ਪਹਿਲਾਂ ਬੀ.ਬੀ.ਸੀ. ਦੇ ਪ੍ਰਸਿੱਧ ਪੱਤਰਕਾਰ ਮਾਰਕ ਟੱਲੀ ਅਤੇ ਸਤੀਸ਼ ਜੈਕਬ ਦੀ ਲਿਖੀ ਪੁਸਤਕ 'ਅੰਮ੍ਰਿਤਸਰ : ਸ੍ਰੀਮਤੀ ਗਾਂਧੀ ਦੀ ਅੰਤਲੀ ਲੜਾਈ' ਤੋਂ ਹੋ ਜਾਂਦੀ ਹੈ। ਉਨ੍ਹਾਂ ਨੇ ਇਸ ਪੁਸਤਕ ਵਿਚ 'ਸਾਕਾ ਨੀਲਾ ਤਾਰਾ' ਲਈ ਅੰਗਰੇਜ਼ਾਂ ਵਲੋਂ ਸਥਾਪਤ ਰਾਜ ਪ੍ਰਬੰਧ ਨੂੰ ਦੋਸ਼ੀ ਠਹਿਰਾਇਆ ਹੈ, ਜਿਸ ਨੂੰ ਭਾਰਤ ਦੇ ਸਿਆਸਤਦਾਨਾਂ ਨੇ ਤਬਦੀਲ ਕਰਨ ਦਾ ਯਤਨ ਨਹੀਂ ਕੀਤਾ। ਉਨ੍ਹਾਂ ਦੇ ਸ਼ਬਦਾਂ ਵਿਚ, "ਦੁਨੀਆਂ ਦੇ ਇਸ ਸਭ ਤੋਂ ਵੱਡੇ ਪ੍ਰਜਾਤੰਤਰ ਦਾ ਸੰਚਾਲਨ ਅਤੇ ਪ੍ਰਬੰਧ ਅਜੇ ਵੀ ਬ੍ਰਿਟਿਸ਼ ਰਾਜ ਦੁਆਰਾ ਸਥਾਪਤ ਸੰਸਥਾਵਾਂ ਰਾਹੀਂ ਹੁੰਦਾ ਹੈ। ਇੰਡੀਅਨ ਐਡਮਨਿਸਟਰੇਟਿਵ ਸਰਵਿਸ ਜਿਹੜੀ ਪ੍ਰਸ਼ਾਸਨ 'ਤੇ ਗਾਲਿਬ ਹੈ, ਬ੍ਰਿਟਿਸ਼ ਰਾਜ ਦੀ ਆਈ.ਸੀ.ਐਸ. ਦੀ ਨਕਲ ਹੈ ਅਤੇ ਇੰਡੀਅਨ ਪੁਲਿਸ ਸਰਵਿਸ ਆਈ.ਪੀ. ਦੀ। ਮੈਕਾਲੇ ਦਾ ਪੀਨਲ ਕੋਡ ਅਜੇ ਵੀ ਲਾਗੂ ਹੈ। ਭਾੜੇ ਦੇ ਗਵਾਹ ਜਿਹੜੇ ਰਾਜ ਦੇ ਹੱਕ ਵਿਚ ਭੁਗਤਿਆ ਕਰਦੇ ਸਨ, ਅੱਜ ਮਜਿਸਟਰੇਟਾਂ ਸਾਹਮਣੇ ਆਜ਼ਾਦ ਭਾਰਤ ਦੀ ਪੁਲਿਸ ਦੇ ਹੱਕ ਵਿਚ ਭੁਗਤਦੇ ਹਨ। ਅੰਗਰੇਜ਼ਾਂ ਦੀ ਦਿੱਤੀ ਕਾਨੂੰਨ ਪ੍ਰਣਾਲੀ ਸਰਕਾਰ ਦੇ ਇਰਾਦਿਆਂ ਨੂੰ ਨਿਸਫ਼ਲ ਕਰਨ ਲਈ ਅਮੀਰ ਜਾਗੀਰਦਾਰ ਅਤੇ ਪ੍ਰਭਾਵਸ਼ਾਲੀ ਤੱਤਾਂ ਰਾਹੀਂ ਵਰਤੀ ਜਾਂਦੀ ਹੈ। ਗਰੀਬ ਅਦਾਲਤ ਅਤੇ ਪੁਲਿਸ ਨੂੰ ਅਤਿਆਚਾਰੀ ਸਮਝਦੇ ਹਨ"।

ਉਨ੍ਹਾਂ ਅਨੁਸਾਰ, "ਪੰਜਾਬ ਸੰਕਟ ਨੇ ਦੱਸ ਦਿੱਤਾ ਹੈ ਕਿ ਆਧੁਨਿਕ ਭਾਰਤ ਦੀਆਂ ਸਮੱਸਿਆਵਾਂ ਨੂੰ ਨਜਿੱਠਣ ਲਈ ਬ੍ਰਿਟਿਸ਼ ਰਾਜ ਸਮੇਂ ਦੀਆਂ ਸੰਸਥਾਵਾਂ ਨਾ-ਮੁਆਫ਼ਕ ਹਨ। ਪੁਲਿਸ ਲਾਚਾਰ ਸੀ ਕਿਉਂਕਿ ਵਰ੍ਹਿਆਂ ਦੀ ਨਾਕਾਫ਼ੀ ਤਨਖ਼ਾਹ ਅਤੇ ਇਸ ਦੇ ਸਿੱਟੇ ਵਜੋਂ ਫੈਲੀ ਰਿਸ਼ਵਤ ਨੇ ਇਸ ਦੇ ਅਮਲੇ ਨੂੰ ਅੰਦਰੋਂ ਨਸ਼ਟ ਕਰ ਦਿੱਤਾ ਸੀ—ਦੋਵੇਂ ਹੀ ਅੰਗਰੇਜ਼ੀ ਰਾਜ ਦੀ ਪੁਲਿਸ ਦੀਆਂ ਵਿਸ਼ੇਸ਼ਤਾਵਾਂ ਸਨ। ਜਿਨ੍ਹਾਂ ਕੁਝ ਆਤੰਕਵਾਦੀਆਂ ਨੂੰ ਉਨ੍ਹਾਂ ਨੇ ਫੜਿਆ ਵੀ ਪੁਲਿਸ ਅਫ਼ਸਰ ਜਾਣਦੇ ਸਨ ਕਿ ਉਨ੍ਹਾਂ ਨੂੰ ਜੱਜਾਂ ਸਾਹਮਣੇ ਪੇਸ਼ ਕਰਨ ਦਾ ਕੋਈ ਫ਼ਾਇਦਾ ਨਹੀਂ ਸੀ ਕਿਉਂਕਿ ਉਨ੍ਹਾਂ ਦੀਆਂ ਦਮ ਤੋੜਦੀਆਂ ਅਦਾਲਤਾਂ ਤੋਂ ਸਜ਼ਾਵਾਂ ਪ੍ਰਾਪਤ ਕਰਨ ਵਿਚ ਕਈ ਵਰ੍ਹੇ ਬੀਤ ਜਾਣਗੇ। ਇਸ ਲਈ ਪੁਲਿਸ ਨੇ 'ਪੁਲਿਸ ਮੁਕਾਬਲੇ ਦੀ' ਆੜ ਵਿਚ ਕਤਲਾਂ ਦਾ ਸਹਾਰਾ ਲਿਆ।"

ਉਹ ਅੱਗੇ ਲਿਖਦੇ ਹਨ, "ਸ੍ਰੀਮਤੀ ਇੰਦਰਾ ਗਾਂਧੀ ਨੇ ਭਾਰਤ ਦੀਆਂ ਸੰਸਥਾਵਾਂ ਨੂੰ ਸੁਧਾਰਨ ਦੀ ਕਦੇ ਕੋਸ਼ਿਸ਼ ਨਹੀਂ ਕੀਤੀ ਅਤੇ ਉਸ ਨੇ ਇਸ ਦੀ ਕੀਮਤ ਆਪਣੀ ਜਾਨ ਦੇ ਕੇ ਤਾਰੀ"।

ਅੰਤ ਵਿਚ ਇਨ੍ਹਾਂ ਲੇਖਕਾਂ ਨੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ ਕਾਂਗਰਸ ਨੂੰ ਸੱਚੇ ਅਰਥਾਂ ਵਿਚ ਧਰਮ ਨਿਰਪੇਖ ਰਾਸ਼ਟਰੀ ਪਾਰਟੀ ਬਣਾਉਣ ਅਤੇ ਰਾਜਨੀਤਕ ਅਫ਼ਸਰਸ਼ਾਹਾਂ ਅਤੇ ਸ਼ਕਤੀ ਦੇ ਟੁੱਕੜ ਬੋਚ ਅਤੇ ਜੋਕ ਵਰਗ ਦੀ ਉਸ ਜਕੜ ਨੂੰ ਤੋੜਨ ਦੀ ਨਸੀਹਤ ਦਿੱਤੀ ਸੀ ਜਿਹੜਾ ਭਾਰਤੀ ਅਰਥਤੰਤਰ ਦਾ ਖ਼ੂਨ ਚੂਸ ਰਿਹਾ ਹੈ। ਉਨ੍ਹਾਂ ਨਵੀਆਂ ਸੰਸਥਾਵਾਂ ਸਥਾਪਤ ਕਰਕੇ ਟੁੱਟੇ ਫੁੱਟੇ ਢਾਂਚੇ ਨੂੰ ਓਵਰਹਾਲ ਕਰਨ ਲਈ ਕਿਹਾ ਸੀ ਤਾਂ ਕਿ ਵਾਤਾਵਰਣ, ਵਿੱਦਿਆ, ਮਕਾਨ ਅਤੇ ਸਿਹਤ ਸੇਵਾਵਾਂ ਉਨ੍ਹਾਂ ਭਾਰਤੀਆਂ ਨੂੰ ਵੀ ਪ੍ਰਾਪਤ ਹੋ ਸਕਣ ਜਿਹੜੇ ਅਜੇ ਵੀ ਘਿਣਾਉਣੀਆਂ ਗੰਦੀਆਂ

ਬਸਤੀਆਂ ਅਤੇ ਦੂਰ ਦਰਾਜ ਦੇ ਪਿਛੜੇ ਪਿੰਡਾਂ ਵਿਚ ਜੀਣ ਲਈ ਸਰਾਪੇ ਹਨ। ਪਰ ਅਫ਼ਸੋਸ ਦੀ ਗੱਲ ਹੈ ਕਿ ਸ੍ਰੀ ਰਾਜੀਵ ਗਾਂਧੀ ਵੀ ਉਹ ਕੁਝ ਨਾ ਕਰ ਸਕਿਆ ਜੋ ਕੁਝ ਕਰਨ ਲਈ ਇਹ ਲੇਖਕ ਕਹਿ ਰਹੇ ਸਨ ਤੇ ਨਾ ਹੀ ਉਨ੍ਹਾਂ ਦੇ ਪਿੱਛੋਂ ਬਣੇ ਪ੍ਰਧਾਨ ਮੰਤਰੀਆਂ ਨੇ ਕੀਤਾ ਹੈ।

ਸ੍ਰੀ ਮਤੀ ਸੋਨੀਆ ਗਾਂਧੀ ਅਤੇ ਡਾ. ਮਨਮੋਹਨ ਸਿੰਘ ਬਾਰੇ ਕਿਹਾ ਜਾਂਦਾ ਹੈ ਕਿ ਉਹ ਬੜੇ ਅਗਾਂਹ ਵਧੂ ਹਨ । ਉਨ੍ਹਾਂ ਨੂੰ ਭਾਰਤ ਨੂੰ ਇੱਕਵੀਂ ਸਮੇਂ ਸਦੀ ਦਾ ਹਾਣੀ ਬਨਾਉਣ ਲਈ ਦਲੇਰੀ ਅਤੇ ਹੌਂਸਲੇ ਤੋਂ ਕੰਮ ਲੈਣਾ ਚਾਹੀਦਾ ਹੈ ਤੇ ਆਪਣੀ ਕਾਰਜ਼ ਸ਼ੈਲੀ ਵਿਚ ਤਬਦੀਲ ਲਿਆਉਣੀ ਚਾਹੀਦੀ ਹੈ। ਸਮੁੱਚੀ ਪ੍ਰਸ਼ਾਸਿਨਕ ਪ੍ਰਣਾਲੀ ਨੂੰ ਬਦਲਣਾ ਚਾਹੀਦਾ ਹੈ। ਅੰਗਰੇਜ਼ੀ ਰਾਜ ਦੀ ਸ਼ਾਸ਼ਨ ਪ੍ਰਣਾਲੀ ਨੂੰ ਜੜੋਂ ਉਖਾੜਨਾ ਚਾਹੀਦਾ ਹੈ ਤੇ ਨਵੇਂ ਹਾਲਾਤ ਅਨੁਸਾਰ ਨਵਾਂ ਪ੍ਰਸ਼ਾਸਨਿਕ ਢਾਂਚਾ ਕਾਇਮ ਕਰਨਾ ਚਾਹੀਦਾ ਹੈ ਜੋ ਇਕਵੀਂ ਸਦੀ ਦੀਆਂ ਜ਼ਰੂਰਤਾਂ ਪੂਰੀਆਂ ਕਰ ਸਕੇ।

*8 ਸਤੰਬਰ 2007*

# ਵਿਹਲੜਾਂ ਨੂੰ ਪੈਸੇ ਕਾਹਦੇ ?

ਵੱਖ-ਵੱਖ ਅਖ਼ਬਾਰਾਂ ਵਿਚ ਮੁੱਖ ਮੰਤਰੀਆਂ, ਮੰਤਰੀਆਂ, ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨੂੰ ਮਿਲਦੀਆਂ ਤਨਖ਼ਾਹਾਂ, ਭੱਤੇ ਤੇ ਹੋਰ ਸਹੂਲਤਾਂ ਦੀ ਅਕਸਰ ਚਰਚਾ ਹੁੰਦੀ ਹੈ। ਜੇ ਮੁੱਖ ਮੰਤਰੀਆਂ ਵੱਲੋਂ ਬੇਲੋੜੀਆਂ ਨਿਯੁਕਤੀਆਂ ਜਿਵੇਂ ਮੀਡੀਆ ਸਲਾਹਕਾਰ, ਤਕਨੀਕੀ ਸਲਾਹਕਾਰ ਅਤੇ ਮੁੱਖ ਸੰਸਦੀ ਸਕੱਤਰਾਂ ਆਦਿ ਦੀ ਘੋਖ ਕੀਤੀ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਇਹ ਵਿਹਲੜਾਂ ਦੀ ਫ਼ੌਜ ਹੈ ਕਿਉਂਕਿ ਇਨ੍ਹਾਂ ਦੀ ਕੋਈ ਲੋੜ ਨਹੀਂ ਹੈ। ਲੋਕ ਸੰਪਰਕ ਵਿਭਾਗ ਦੇ ਹੁੰਦਿਆਂ ਮੀਡੀਆ ਸਲਾਹਕਾਰ ਦੀ ਵੀ ਕੋਈ ਲੋੜ ਨਹੀਂ ਹੈ। ਉਂਜ ਵੀ ਸਲਾਹਕਾਰ ਗਵਰਨਰੀ ਰਾਜ ਸਮੇਂ ਸਰਕਾਰ ਚਲਾਉਣ ਲਈ ਲਗਾਏ ਜਾਂਦੇ ਹਨ। ਮੁੱਖ ਸੰਸਦੀ ਸਕੱਤਰਾਂ ਪਾਸ ਕੋਈ ਅਧਿਕਾਰ ਨਹੀਂ ਹਨ। ਇਨ੍ਹਾਂ ਦੇ ਕੰਮ-ਕਾਜ ਸਬੰਧੀ ਮੁੱਖ ਸੰਸਦੀ ਸਕੱਤਰ ਡਾ. ਨਵਜੋਤ ਕੌਰ ਸਿੱਧੂ ਨੇ ਸੁਆਲ ਉਠਾਇਆ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਜੇ ਉਹ ਸਰਕਾਰੀ ਡਾਕਟਰਾਂ ਅਤੇ ਹਸਪਤਾਲਾਂ ਨੂੰ ਚੈੱਕ ਨਹੀਂ ਕਰ ਸਕਦੇ ਤਾਂ ਉਨ੍ਹਾਂ ਨੂੰ ਨਿਯੁਕਤ ਕਿਉਂ ਕੀਤਾ ਗਿਆ ਹੈ ?

ਜੇ ਇਸ ਵਰਤਾਰੇ ਦੇ ਪਿਛੋਕੜ ਵਿਚ ਜਾਈਏ ਤਾਂ ਪਤਾ ਲੱਗਦਾ ਹੈ ਕਿ ਸਾਲ 2003 ਵਿਚ ਭਾਰਤ ਦੇ ਸੰਵਿਧਾਨ ਵਿੱਚ 91ਵੀਂ ਸੋਧ ਰਾਹੀਂ ਇਹ ਨਿਰਧਾਰਤ ਕੀਤਾ ਗਿਆ ਸੀ ਕਿ ਕਿਸੇ ਵੀ ਸੂਬੇ ਵਿੱਚ 15 ਫ਼ੀਸਦੀ ਤੋਂ ਵੱਧ ਵਿਧਾਇਕ ਮੰਤਰੀ ਨਹੀਂ ਬਣ ਸਕਦੇ। ਇਸ ਪਿੱਛੇ ਇਹ ਦਲੀਲ ਸੀ ਕਿ ਮੁੱਖ ਮੰਤਰੀ ਬੇਤਹਾਸ਼ਾ ਮੰਤਰੀ ਨਿਯੁਕਤ ਕਰ ਰਹੇ ਸਨ ਜਿਸ ਨਾਲ ਜਨਤਾ ਦੇ ਟੈਕਸਾਂ ਤੋਂ ਇਕੱਤਰ ਕੀਤੇ ਜਾਂਦੇ ਪੈਸੇ ਦੀ ਦੁਰਵਰਤੋਂ ਹੋ ਰਹੀ ਸੀ। ਸਾਲ 2003 ਵਿਚ ਜਦੋਂ ਇਹ ਸੋਧ ਹੋਈ ਤਾਂ ਉਸ ਸਮੇਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸੀ। ਉਨ੍ਹਾਂ ਨੇ ਵਾਧੂ ਮੰਤਰੀਆਂ ਦੀ ਛਾਂਟੀ ਕਰ ਕੇ ਉਨ੍ਹਾਂ ਨੂੰ ਘਰ ਭੇਜਣ ਦੀ ਥਾਂ ਮੁੱਖ ਸੰਸਦੀ ਸਕੱਤਰ ਲਗਾ ਦਿੱਤਾ ਸੀ ਜਿਸ ਦੀ ਉਸ ਸਮੇਂ ਦੇ ਵਿਰੋਧੀ ਪਾਰਟੀ ਦੇ ਨੇਤਾ ਸ. ਪ੍ਰਕਾਸ਼ ਸਿੰਘ ਬਾਦਲ ਨੇ ਵਿਰੋਧ ਕੀਤਾ ਸੀ ਪਰ ਹੁਣ ਉਹ ਖ਼ੁਦ ਇਸੇ ਰਾਹ 'ਤੇ ਚੱਲ ਰਹੇ ਹਨ।

ਹੁਣ ਬਾਦਲ ਸਾਹਿਬ ਨੇ ਵੀ ਮੁੱਖ ਸੰਸਦੀ ਸਕੱਤਰਾਂ ਦੀ ਨਿਯੁਕਤੀ ਕਰ ਦਿੱਤੀ ਹੈ। ਨਿਯਮਾਂ ਅਨੁਸਾਰ ਪੰਜਾਬ ਵਿਚ 117 ਵਿਧਾਇਕਾਂ 'ਚੋਂ ਮੁੱਖ ਮੰਤਰੀ ਸਮੇਤ 18 ਮੰਤਰੀ ਚਾਹੀਦੇ ਹਨ ਪਰ ਮੌਜੂਦਾ ਸਰਕਾਰ ਵਿਚ 18 ਮੰਤਰੀਆਂ ਤੋਂ ਇਲਾਵਾ 21 ਮੁੱਖ ਸੰਸਦੀ ਸਕੱਤਰ ਹਨ। ਇਨ੍ਹਾਂ ਵਿਚੋਂ ਸਤਾਰਾਂ ਅਕਾਲੀ ਦਲ ਅਤੇ ਚਾਰ ਭਾਜਪਾ ਵਿਚੋਂ ਹਨ। ਇਨ੍ਹਾਂ ਪਾਸ ਕੋਈ ਸ਼ਕਤੀ ਨਹੀਂ ਹੈ। ਇਹ ਕੇਵਲ ਮੰਤਰੀਆਂ ਦੀ ਸਹਾਇਤਾ ਲਈ ਲਗਾਏ ਗਏ ਹਨ। ਸੁਆਲ ਪੈਦਾ ਹੁੰਦਾ ਹੈ ਕਿ ਜਦੋਂ ਹਰ ਮੰਤਰੀ ਕੋਲ ਸੂਝਵਾਨ

ਆਈ.ਏ.ਐੱਸ. ਅਫ਼ਸਰ ਹਨ ਤਾਂ ਇਨ੍ਹਾਂ ਦੀ ਕੀ ਲੋੜ ਹੈ ? ਸਰਕਾਰ ਦਾ ਖ਼ਜ਼ਾਨਾ ਪਹਿਲਾਂ ਹੀ ਖਾਲੀ ਹੈ। ਪੰਜਾਬ ਦੀ ਸਲਾਨਾ ਆਮਦਨ 30 ਹਜ਼ਾਰ ਕਰੋੜ ਰੁਪਏ ਅਤੇ ਸਲਾਨਾ ਖ਼ਰਚਾ 42 ਹਜ਼ਾਰ ਕਰੋੜ ਰੁਪਏ ਹੈ। ਇਸ ਪਾੜੇ ਨਾਲ ਪੰਜਾਬ ਦਾ ਕਰਜ਼ਾ ਲਗਾਤਾਰ ਵਧਦਾ ਜਾ ਰਿਹਾ ਹੈ ਜੋ ਇਸ ਸਮੇਂ ਇਕ ਲੱਖ ਕਰੋੜ ਰੁਪਏ ਤੋਂ ਵੀ ਟੱਪ ਗਿਆ ਹੈ। ਸਰਕਾਰ ਸਰਕਾਰੀ ਜਾਇਦਾਦਾਂ ਵੇਚ ਕੇ ਜਾਂ ਗਹਿਣੇ ਰੱਖ ਕੇ ਕਰਜ਼ਾ ਲੈ ਕੇ ਕੰਮ ਚਲਾ ਰਹੀ ਹੈ। ਲੁੱਟਾਂ-ਖੋਹਾਂ ਰੋਕਣ ਲਈ ਪੰਜਾਬ ਸਰਕਾਰ ਨੇ ਅੰਮ੍ਰਿਤਸਰ ਸ਼ਹਿਰ ਵਿੱਚ ਸੀ.ਸੀ.ਟੀ.ਵੀ. ਲਾਉਣੇ ਸਨ ਪਰ ਉਹ ਚਾਰ ਸਾਲ ਤੋ ਨਹੀਂ ਲੱਗ ਰਹੇ। ਮੁਲਾਜ਼ਮਾਂ ਨੂੰ ਸਮੇਂ ਸਿਰ ਤਨਖ਼ਾਹਾਂ ਨਹੀਂ ਮਿਲ ਰਹੀਆਂ। ਸਕੂਲਾਂ ਵਿਚ ਅਧਿਆਪਕ ਅਤੇ ਹਸਪਤਾਲਾਂ ਵਿਚ ਡਾਕਟਰ ਨਿਯੁਕਤ ਨਹੀਂ ਕੀਤੇ ਜਾ ਰਹੇ, ਜਿਸ ਤੋਂ ਪਤਾ ਲੱਗਦਾ ਹੈ ਕਿ ਸਰਕਾਰ ਦੀ ਆਰਥਿਕ ਹਾਲਤ ਬਹੁਤ ਮਾੜੀ ਹੈ।

ਦਰਅਸਲ ਪੂਰੇ ਦੇਸ਼ ਵਿੱਚ ਮੁੱਖ ਮੰਤਰੀ ਆਪਣੀਆਂ ਗੱਦੀਆਂ ਬਚਾਉਣ ਲਈ ਬੇਲੋੜੀਆਂ ਨਿਯੁਕਤੀਆਂ ਕਰ ਰਹੇ ਹਨ। ਹਰਿਆਣਾ ਵਿਚ ਸਾਲ 2009 ਵਿਚ ਜਦੋਂ ਕਾਂਗਰਸ ਨੂੰ ਬਹੁਮਤ ਨਹੀਂ ਸੀ ਮਿਲਿਆ ਤਾਂ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਤਿੰਨ ਆਜ਼ਾਦ ਵਿਧਾਇਕਾਂ ਅਤੇ ਦੋ ਦਲ ਬਦਲੂਆਂ ਨੂੰ ਮੁੱਖ ਸੰਸਦੀ ਸਕੱਤਰਾਂ ਦੇ ਅਹੁਦਿਆਂ ਨਾਲ ਨਿਵਾਜ਼ਿਆ ਸੀ ਤਾਂ ਜੋ ਬਹੁਮਤ ਬਣਾਇਆ ਜਾ ਸਕੇ। ਮੁੱਖ ਸੰਸਦੀ ਸਕੱਤਰਾਂ ਦੀਆਂ ਨਿਯੁਕਤੀਆਂ ਨੂੰ ਬੰਦ ਕਰਵਾਉਣ ਲਈ ਕਈ ਕੇਸ ਚੱਲ ਰਹੇ ਹਨ ਪਰ ਅਜੇ ਤਕ ਇਹ ਬੰਦ ਨਹੀਂ ਹੋਈਆਂ। ਜੇ ਅਸੀਂ ਕੌਂਸਲਰਾਂ, ਵਿਧਾਇਕਾਂ ਅਤੇ ਲੋਕ ਸਭਾ ਮੈਂਬਰਾਂ ਦੇ ਕੰਮ-ਕਾਜ 'ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਇਹ ਵਿਹਲੜਾਂ ਦੀ ਫ਼ੌਜ ਹੈ ਕਿਉਂਕਿ ਉਹ ਵਿਦੇਸ਼ਾਂ ਵਾਂਗ ਕੰਮ ਨਹੀਂ ਕਰਦੇ ਜਦਕਿ ਉਨ੍ਹਾਂ ਨੂੰ ਅਨੇਕਾਂ ਸਹੂਲਤਾਂ ਪ੍ਰਾਪਤ ਹਨ ਜਿਨ੍ਹਾਂ ਨੂੰ ਘਟਾਉਣ ਦੀ ਲੋੜ ਹੈ।

ਪਿਛਲੇ ਸਾਲ ਨਵੰਬਰ ਵਿਚ ਵਿਧਾਇਕਾਂ ਅਤੇ ਮੰਤਰੀਆਂ ਦੀਆਂ ਤਨਖ਼ਾਹਾਂ ਤੇ ਭੱਤਿਆਂ ਵਿੱਚ ਵਾਧਾ ਕੀਤਾ ਗਿਆ ਸੀ। ਅੰਮ੍ਰਿਤਸਰ ਕਾਰਪੋਰੇਸ਼ਨ ਨੇ ਸਰਬਸੰਮਤੀ ਨਾਲ ਇਸ ਵਰ੍ਹੇ 25 ਜਨਵਰੀ ਨੂੰ ਮੇਅਰ ਤੇ ਕੌਂਸਲਰਾਂ ਦੀ ਤਨਖ਼ਾਹ ਤੇ ਭੱਤੇ ਦੁੱਗਣੇ ਕਰਨ ਅਤੇ ਉਨ੍ਹਾਂ ਨੂੰ ਪੈਨਸ਼ਨ ਦੇਣ ਦਾ ਮਤਾ ਪਾਸ ਕੀਤਾ ਹੈ। ਹੁਣ ਹਰ ਕੌਂਸਲਰ ਨੂੰ ਤਨਖ਼ਾਹ ਵੀਹ ਹਜ਼ਾਰ ਰੁਪਏ ਮਹੀਨਾ ਅਤੇ ਚਾਰ ਹਜ਼ਾਰ ਰੁਪਏ ਭੱਤੇ ਦੇ ਮਿਲ ਰਹੇ ਹਨ। ਇਸ ਸਮੇਂ ਹਰ ਵਿਧਾਇਕ ਨੂੰ 25 ਹਜ਼ਾਰ ਰੁਪਏ ਮਹੀਨਾ ਤਨਖ਼ਾਹ, ਹਲਕਾ ਤੇ ਸਕੱਤਰੇਤ ਦਾ ਡਾਕ ਖ਼ਰਚ 25 ਹਜ਼ਾਰ ਰੁਪਏ, ਦਫ਼ਤਰੀ ਭੱਤਾ 10 ਹਜ਼ਾਰ ਰੁਪਏ ਮਹੀਨਾ, ਟੈਲੀਫੋਨ ਭੱਤਾ 15 ਹਜ਼ਾਰ ਰੁਪਏ, ਮੁਫ਼ਤ ਯਾਤਰਾ ਭੱਤਾ 3 ਲੱਖ ਰੁਪਏ ਸਲਾਨਾ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਮਿਲ ਰਹੀਆਂ ਹਨ। ਇਸ ਸਭ ਨੂੰ ਆਧਾਰ ਬਣਾ ਕੇ ਇਕ ਵਿਸ਼ੇਸ਼ ਟੀਮ ਗਠਿਤ ਕਰ ਕੇ ਇਨ੍ਹਾਂ ਦੇ ਕੰਮ-ਕਾਜ ਦੀ ਸਮੀਖਿਆ ਕਰਵਾਉਣ ਦੀ ਲੋੜ ਹੈ।

ਸਾਡੇ ਮੁਲਕ ਦੇ ਮੰਤਰੀਆਂ ਅਤੇ ਮੁੱਖ ਸੰਸਦੀ ਸਕੱਤਰਾਂ ਦੀ ਕੋਈ ਜੁਆਬਦੇਹੀ ਨਹੀਂ ਹੈ ਜਿਵੇਂ ਕੈਨੇਡਾ, ਇੰਗਲੈਂਡ ਅਤੇ ਹੋਰ ਮੁਲਕਾਂ ਵਿਚ ਹੈ। ਕੈਨੇਡਾ ਵਿਚ ਹਰ ਵਿਧਾਇਕ ਅਤੇ ਸੰਸਦ ਮੈਂਬਰ ਦਾ ਇਕ ਦਫ਼ਤਰ ਆਪਣੇ ਇਲਾਕੇ ਅਤੇ ਦੂਜਾ ਰਾਜਧਾਨੀ ਵਿਚ ਹੈ। ਹਰ ਦਫ਼ਤਰ ਵਿਚ ਬਾਕਾਇਦਾ ਕਰਮਚਾਰੀ ਬੈਠਦੇ ਹਨ ਜੋ ਸਰਕਾਰੀ

ਕਰਮਚਾਰੀਆਂ ਵਾਂਗ ਡਿਊਟੀ ਕਰਦੇ ਹਨ। ਉਹ ਲੋਕਾਂ ਦੇ ਪੱਤਰ ਪ੍ਰਾਪਤ ਕਰਦੇ ਹਨ, ਈ-ਮੇਲ ਖੋਲ੍ਹਦੇ ਹਨ ਅਤੇ ਇਨ੍ਹਾਂ ਦਾ ਬਾਕਾਇਦਾ ਜੁਆਬ ਵੀ ਦਿੰਦੇ ਹਨ। ਕੌਂਸਲਰ, ਵਿਧਾਇਕ ਜਾਂ ਸੰਸਦ ਮੈਬਰ ਕਦੋਂ ਮਿਲਣਗੇ, ਇਸ ਬਾਰੇ ਜਾਣਕਾਰੀ ਦਿੰਦੇ ਹਨ। ਇਨ੍ਹਾਂ ਰਾਜਸੀ ਆਗੂਆਂ ਨੂੰ ਸਰਕਾਰੀ ਅਫ਼ਸਰਾਂ ਵਾਂਗ ਆਪਣੇ ਦਫ਼ਤਰ ਆਉਣਾ ਹੀ ਪੈਂਦਾ ਹੈ। ਸਾਡੇ ਸੰਸਦ ਮੈਂਬਰਾਂ ਅਤੇ ਵਿਧਾਇਕ ਆਪੋ-ਆਪਣੇ ਹਲਕੇ ਵਿਚ ਰਹਿਣ ਦੀ ਥਾਂ ਸ਼ਹਿਰਾਂ ਵਿਚ ਰਹਿੰਦੇ ਹਨ ਤੇ ਪਿੰਡਾਂ ਦੇ ਲੋਕ ਨਿੱਜੀ ਕੰਮਾਂ ਲਈ ਉਨ੍ਹਾਂ ਨੂੰ ਲੱਭਣ ਲਈ ਖੱਜਲ-ਖੁਆਰ ਹੁੰਦੇ ਹਨ।

ਕੈਨੇਡਾ ਵਿੱਚ ਕਿਸੇ ਵੀ ਸੰਸਦ ਮੈਬਰ ਨੂੰ ਭਾਵੇਂ ਈ-ਮੇਲ, ਡਾਕ ਜਾਂ ਨਿੱਜੀ ਤੌਰ 'ਤੇ ਕੋਈ ਵੀ ਅਰਜ਼ੀ ਪ੍ਰਾਪਤ ਹੋਵੇ, ਜੇ ਉਸ ਦਾ ਸਬੰਧ ਸ਼ਹਿਰ ਨਾਲ ਹੈ ਤਾਂ ਉਸ ਦੇ ਦਫ਼ਤਰ ਵਾਲੇ ਉਸ ਨੂੰ ਇਲਾਕੇ ਦੇ ਕੌਂਸਲਰ ਕੋਲ ਭੇਜ ਦਿੰਦੇ ਹਨ। ਕੌਂਸਲਰ ਦੀ ਇਹ ਕਾਨੂੰਨੀ ਡਿਊਟੀ ਹੈ ਕਿ ਉਹ ਉਸ ਪੱਤਰ ਉਪਰ ਲੋੜੀਂਦੀ ਕਾਰਵਾਈ ਕਰ ਕੇ ਸਬੰਧਤ ਵਿਅਕਤੀ ਦੀ ਮੁਸ਼ਕਲ ਹੱਲ ਕਰੇ। ਜੇ ਕੋਈ ਮਸਲਾ ਰਾਜ ਸਰਕਾਰ ਨਾਲ ਸਬੰਧਤ ਹੈ ਤਾਂ ਸੰਸਦ ਮੈਂਬਰ ਦੇ ਦਫ਼ਤਰ ਵੱਲੋਂ ਸਬੰਧਤ ਵਿਧਾਇਕ ਨੂੰ ਅਰਜ਼ੀ ਭੇਜ ਦਿੱਤੀ ਜਾਂਦੀ ਹੈ ਤੇ ਉਸ ਵਿਧਾਇਕ ਦੀ ਡਿਊਟੀ ਹੈ ਕਿ ਉਹ ਉਸ ਦੀ ਮੁਸ਼ਕਲ ਹੱਲ ਕਰਵਾਏ। ਜੇ ਮਸਲਾ ਕੇਂਦਰ ਸਰਕਾਰ ਨਾਲ ਸਬੰਧਤ ਹੈ ਤਾਂ ਸੰਸਦ ਮੈਂਬਰ ਕੇਂਦਰ ਸਰਕਾਰ ਨੂੰ ਅਰਜ਼ੀ ਭੇਜੇਗਾ ਜਿਸ ਦਾ ਜੁਆਬ 35 ਦਿਨਾਂ ਵਿਚ ਆਉਣਾ ਲਾਜ਼ਮੀ ਹੈ। ਜੇ ਸ਼ਿਕਾਇਤਕਰਤਾ ਦੀ ਤਸੱਲੀ ਨਹੀਂ ਹੁੰਦੀ ਤਾਂ ਉਹ ਦੁਬਾਰਾ ਅਰਜ਼ੀ ਸੰਸਦ ਮੈਂਬਰ ਨੂੰ ਭੇਜੇਗਾ ਜੋ ਐੱਮ.ਪੀ. ਦੁਬਾਰਾ ਕੇਂਦਰ ਸਰਕਾਰ ਨੂੰ ਭੇਜੇਗਾ। ਕੇਂਦਰ ਸਰਕਾਰ ਪਾਸ ਜੁਆਬ ਦੇਣ ਲਈ ਸਮਾਂ ਨਿਸ਼ਚਿਤ ਹੈ। ਜੇ ਸਬੰਧਤ ਵਿਅਕਤੀ ਸਰਕਾਰ ਦੇ ਜੁਆਬ ਤੋਂ ਦੂਜੀ ਵਾਰ ਵੀ ਸੰਤੁਸ਼ਟ ਨਹੀਂ ਤਾਂ ਐੱਮ.ਪੀ. ਉਸ ਨੂੰ ਨਿੱਜੀ ਤੌਰ 'ਤੇ ਸੱਦ ਕੇ ਉਸ ਦੇ ਵਿਚਾਰ ਸੁਣੇਗਾ ਤੇ ਕੇਂਦਰ ਸਰਕਾਰ ਨੂੰ ਲਿਖੇਗਾ ਕਿ ਇਹ ਵਿਅਕਤੀ ਅਜਿਹਾ ਚਾਹੁੰਦਾ ਹੈ। ਇਹੀ ਪ੍ਰਣਾਲੀ ਵਿਧਾਇਕਾਂ ਅਤੇ ਕੌਂਸਲਰਾਂ ਲਈ ਹੈ। ਹਰ ਕੌਂਸਲਰ, ਵਿਧਾਇਕ, ਐੱਮ.ਪੀ. ਅਤੇ ਮੰਤਰੀ ਦੇ ਪੂਰੇ ਪਤੇ, ਦਫ਼ਤਰ ਦੇ ਫੋਨ ਅਤੇ ਫੈਕਸ ਨੰਬਰ ਤੇ ਈ-ਮੇਲ ਤੁਸੀ ਇੰਟਰਨੈੱਟ ਤੋਂ ਪ੍ਰਾਪਤ ਕਰ ਸਕਦੇ ਹੋ। ਇਹ ਆਗੂ ਲੋਕਾਂ ਅਤੇ ਸਰਕਾਰ ਵਿਚਕਾਰ ਇਕ ਕੜੀ ਦਾ ਕੰਮ ਕਰਦੇ ਹਨ ਪਰ ਸਾਡੇ ਮੁਲਕ ਵਿਚ ਅਜਿਹਾ ਕੁਝ ਨਹੀਂ ਹੈ। ਵਿਦੇਸ਼ ਵਿਚ ਸਰਕਾਰੀ ਕਰਮਚਾਰੀਆਂ ਵਾਂਗ ਕੌਂਸਲਰ ਤੋਂ ਲੈ ਕੇ ਮੰਤਰੀਆਂ ਤਕ ਜੁਆਬਦੇਹੀ ਹੈ ਪਰ ਸਾਡੇ ਇੱਥੇ ਕਿਸੇ ਦੀ ਕੋਈ ਜੁਆਬਦੇਹੀ ਨਹੀਂ। ਉਹ ਕਿਸੇ ਚਿੱਠੀ-ਪੱਤਰ ਦਾ ਜੁਆਬ ਨਹੀਂ ਦਿੰਦੇ ਹਾਲਾਂਕਿ ਉਨ੍ਹਾਂ ਨੂੰ 25 ਹਜ਼ਾਰ ਰੁਪਏ ਮਹੀਨਾ ਡਾਕ ਖ਼ਰਚਾ ਅਤੇ 10 ਹਜ਼ਾਰ ਰੁਪਏ ਮਹੀਨਾ ਵੱਖਰਾ ਸਕੱਤਰੇਤ ਭੱਤਾ ਮਿਲਦਾ ਹੈ। ਕਈ ਵਿਧਾਇਕਾਂ ਨੇ ਆਪਣੀਆਂ ਪਤਨੀਆਂ ਅਤੇ ਕਈ ਔਰਤ ਵਿਧਾਇਕਾਂ ਨੇ ਆਪਣੇ ਪਤੀਆਂ ਨੂੰ ਪੀ.ਏ. ਲਗਾਇਆ ਹੋਇਆ ਹੈ ਕਿਉਕਿ ਉਨ੍ਹਾਂ ਨੂੰ ਪਤਾ ਹੈ ਕਿ ਪੀ.ਏ. ਨੇ ਕਿਹੜਾ ਕੋਈ ਲਿਖਤੀ ਕੰਮ ਕਰਨਾ ਹੈ, ਇਸ ਲਈ ਜਿਹੜੇ ਪੈਸੇ ਕਿਸੇ ਹੋਰ ਨੂੰ ਦੇਣੇ ਹਨ, ਉਹ ਘਰ ਵਿੱਚ ਹੀ ਕਿਉਂ ਨਾ ਰਹਿਣ । ਸੂਚਨਾ ਅਧਿਕਾਰ ਕਾਨੂੰਨ ਵਿਚ ਕੌਂਸਲਰ, ਵਿਧਾਇਕ ਅਤੇ ਸੰਸਦ ਮੈਂਬਰ ਨਹੀਂ ਆਉਂਦੇ। ਇਸ ਲਈ ਇਨ੍ਹਾਂ ਦੇ ਕੰਮ-ਕਾਜ ਬਾਰੇ ਕੋਈ ਪੁੱਛ ਨਹੀਂ ਸਕਦਾ। ਇਕ

ਪਾਸੇ ਮੌਜੂਦਾ ਸਰਕਾਰ ਲੋਕਾਂ ਨੂੰ ਸੂਚਨਾ ਅਧਿਕਾਰ ਕਾਨੂੰਨ ਦੇਣਾ ਬਹੁਤ ਵੱਡੀ ਪ੍ਰਾਪਤੀ ਦੱਸਦੀ ਹੈ ਪਰ ਇਨ੍ਹਾਂ ਨੂੰ ਕਿਉਂ ਬਾਹਰ ਰੱਖਿਆ ਗਿਆ ਹੈ, ਇਸ ਦਾ ਉਸ ਕੋਲ ਕੋਈ ਜੁਆਬ ਨਹੀਂ ਹੈ।

ਜਿੱਥੋਂ ਤਕ ਕਾਰੋਬਾਰ ਦਾ ਸਬੰਧ ਹੈ ਉਹ ਇਹ ਕੰਮ ਵੀ ਕਰਦੇ ਹਨ ਪਰ ਉਨ੍ਹਾਂ ਨੇ ਲੋਕਾਂ ਨੂੰ ਮਿਲਣ ਦਾ ਸਮਾਂ ਰੱਖਿਆ ਹੋਇਆ ਹੈ। ਭਾਰਤ ਦੇ ਮੁੱਖ ਮੰਤਰੀਆਂ ਅਤੇ ਮੰਤਰੀਆਂ ਦਾ ਮਹੀਨਿਆਂਬੱਧੀ ਆਪਣੇ ਦਫ਼ਤਰਾਂ 'ਚੋਂ ਗ਼ੈਰਹਾਜ਼ਰ ਰਹਿ ਕੇ ਚੋਣ ਪ੍ਰਚਾਰ ਵਿਚ ਰੁੱਝੇ ਰਹਿਣਾ ਜਾਂ ਨਿੱਜੀ ਕਾਰੋਬਾਰ ਦੀ ਦੇਖਭਾਲ ਕਰਨਾ ਜਾਂ ਪਾਰਟੀ ਦਾ ਕੰਮ ਕਰਨਾ ਕਿਸੇ ਵੀ ਅਗਾਂਹਵਧੂ ਦੇਸ਼ ਵਿਚ ਨਹੀਂ ਹੈ। ਚੀਨ ਅਤੇ ਹੋਰ ਮੁਲਕਾਂ ਵਿਚ ਸਰਕਾਰੀ ਅਦਾਰੇ ਲਾਭ ਕਮਾ ਰਹੇ ਹਨ ਜਦਕਿ ਸਾਡੇ ਘਾਟੇ ਵਿਚ ਚੱਲ ਰਹੇ ਹਨ। ਪੰਜਾਬ ਵਿਚ ਸਿਆਸਤਦਾਨਾਂ ਦੀਆਂ ਬੱਸਾਂ ਲਾਭ ਕਮਾ ਰਹੀਆਂ ਹਨ ਪਰ ਸਰਕਾਰੀ ਬੱਸਾਂ ਘਾਟੇ ਵਿਚ ਜਾ ਰਹੀਆਂ ਹਨ। ਏਅਰ-ਇੰਡੀਆ 2007 ਤਕ ਲਾਭ ਵਿਚ ਸੀ ਪਰ ਸ਼ਹਿਰੀ ਹਵਾਬਾਜ਼ੀ ਮੰਤਰੀ ਦੀਆਂ ਗ਼ਲਤ ਨੀਤੀਆਂ ਕਾਰਨ ਉਹ ਘਾਟੇ ਵਿਚ ਜਾਣ ਲੱਗੀ। ਸੰਸਦੀ ਕਮੇਟੀ ਨੇ ਵੀ ਮੰਤਰੀ ਨੂੰ ਜ਼ਿੰਮੇਵਾਰ ਠਹਿਰਾਇਆ ਸੀ ਪਰ ਅੱਜ ਤਕ ਉਸ ਮੰਤਰੀ ਵਿਰੁੱਧ ਕੋਈ ਕਾਰਵਾਈ ਨਹੀਂ ਹੋਈ। ਇਸ ਲਈ ਆਰਥਿਕ ਮਾਹਰਾਂ ਦੀ ਵਿਸ਼ੇਸ਼ ਟੀਮ ਗਠਿਤ ਕਰ ਕੇ ਬੇਲੋੜੀਆਂ ਅਸਾਮੀਆਂ ਖ਼ਤਮ ਕਰ ਕੇ ਬੇਲੋੜੇ ਖ਼ਰਚੇ ਘਟਾਉਣੇ ਚਾਹੀਦੇ ਹਨ। ਕੈਨੇਡਾ ਵਾਂਗ ਹਰ ਰਾਜਨੀਤਕ ਆਗੂ ਨੂੰ ਜੁਆਬਦੇਹ ਬਣਾਉਣ ਅਤੇ ਇਨ੍ਹਾਂ ਨੂੰ ਵੀ ਸੂਚਨਾ ਅਧਿਕਾਰ ਕਾਨੂੰਨ ਅੰਦਰ ਲਿਆਉਣ ਦੀ ਲੋੜ ਹੈ।

*3 ਮਾਰਚ 2014*

# ਵਿਦੇਸ਼ੀ ਬੈਂਕਾਂ ਵਿਚ ਜਮ੍ਹਾਂ ਕਾਲੇ ਧਨ ਸਬੰਧੀ ਭਾਰਤ ਸਰਕਾਰ ਦੀ ਪਹੁੰਚ

ਪਿਛਲੇ ਕੁਝ ਸਾਲਾਂ ਤੋਂ ਵਿਦੇਸ਼ੀ ਬੈਂਕਾਂ ਵਿਚ ਜਮ੍ਹਾਂ ਕਾਲੇ ਧਨ ਨੂੰ ਵਾਪਸ ਮੰਗਵਾਉਣ ਲਈ ਬਹੁਤ ਬਿਆਨਬਾਜ਼ੀ ਹੋ ਰਹੀ ਹੈ ਤੇ ਇਹ ਮਾਮਲਾ ਹੁਣ ਮਾਣਯੋਗ ਸੁਪਰੀਪ ਕੋਰਟ ਵਿਚ ਹੈ। ਪਿਛਲੀਆਂ ਲੋਕ ਸਭਾ ਚੋਣਾਂ ਸਮੇਂ ਇਹ ਮੁੱਦਾ ਭਾਰੂ ਰਿਹਾ। ਭਾਰਤੀ ਜਨਤਾ ਪਾਰਟੀ ਨੇ ਇਸ ਨੂੰ ਮੁੱਖ ਮੁੱਦਾ ਬਣਾਇਆ ਸੀ। ਕਾਂਗਰਸ ਪਾਰਟੀ ਨੇ ਇਸ ਦੇ ਪ੍ਰਤੀਕਰਮ ਵਜੋਂ ਕਿਹਾ ਸੀ ਕਿ ਜੇ ਉਹ ਮੁੜ ਸਤਾ ਵਿਚ ਆਈ ਤਾਂ 100 ਦਿਨਾਂ ਵਿਚ ਇਹ ਧਨ ਵਾਪਸ ਲਿਆਂਦਾ ਜਾਵੇਗਾ। ਇਹ ਸਮਾਂ ਕਦੋਂ ਦਾ ਬੀਤ ਚੁੱਕਾ ਹੈ। ਸਰਕਾਰ ਵਲੋਂ ਇਸ ਨੂੰ ਗੰਭੀਰਤਾ ਨਾਲ ਨਾ ਲੈਣ ਕਰਕੇ, ਭਾਰਤ ਦੀ ਸਰਵਉੱਚ ਅਦਾਲਤ ਨੂੰ ਇਸ ਵਿਚ ਦਖ਼ਲ ਦੇਣਾ ਪਿਆ। ਮਾਨਯੋਗ ਸੁਪਰੀਮ ਕੋਰਟ ਨੇ 4 ਜੁਲਾਈ ਨੂੰ ਵਿਦੇਸ਼ਾਂ ਵਿਚ ਕਾਲੇ ਧਨ ਦਾ ਪਤਾ ਲਾਉਣ ਲਈ ਵਿਸ਼ੇਸ਼ ਟੀਮ ਬਨਾਉਣ ਦੇ ਹੁਕਮ ਦਿਤੇ ਸਨ। ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਬੀ.ਪੀ. ਜੀਵਨਰੈੱਡੀ ਨੂੰ ਇਸ ਦੇ ਚੇਅਰਮੈਨ ਤੇ ਜਸਟਿਸ ਐਮ.ਬੀ. ਸ਼ਾਹ ਨੂੰ ਉਪ-ਚੇਅਰਮੈਨ ਅਤੇ 13 ਹੋਰ ਮੈਂਬਰ ਇਸ ਵਿਚ ਸ਼ਾਮਲ ਕਰਨ ਦੇ ਆਦੇਸ਼ ਦਿੱਤੇ ਸਨ। ਇਸ ਵਿਸ਼ੇਸ਼ ਟੀਮ ਬਨਾਉਣ ਪਿੱਛੇ ਸਰਵ ਉੱਚ ਅਦਾਲਤ ਦੀ ਦਲੀਲ ਸੀ ਕਿ ਸਰਕਾਰ ਦੀ ਨਰਮੀ ਕਰਕੇ ਹੀ ਕਾਲਾ ਧਨ ਵਿਦੇਸ਼ਾਂ ਵਿਚ ਗਿਆ ਹੈ। ਭਾਰਤ ਸਰਕਾਰ ਨੇ ਇਸ ਦਖ਼ਲ ਅੰਦਾਜ਼ੀ ਵਿਰੁਧ ਸਰਵਉੱਚ ਅਦਾਲਤ ਵਿਚ ਅਪੀਲ ਦਾਇਰ ਕੀਤੀ ਹੈ ਸੀ ਕਿ ਇਹ ਮਾਮਲਾ ਉਸ ਦੇ ਅਧਿਕਾਰ ਵਿਚ ਨਹੀਂ ਆਉਂਦਾ। 23 ਸਤੰਬਰ ਨੂੰ ਇਸ ਅਪੀਲ ਦੀ ਸੁਣਵਾਈ ਦੋ ਜੱਜਾਂ ਦੇ ਬੈਂਚ ਨੇ ਕੀਤੀ, ਪਰ ਦੋਵਾਂ ਜੱਜਾਂ ਨੇ ਵੱਖੋ-ਵੱਖਰਾ ਫ਼ੈਸਲਾ ਸੁਣਵਾਇਆ ਤੇ ਹੁਣ ਇਸ ਦੀ ਸੁਣਵਾਈ ਵੱਡਾ ਬੈਂਚ ਕਰੇਗਾ।

ਹਾਲ ਦੀਆਂ ਘਟਨਾਵਾਂ 'ਤੇ ਜਦ ਅਸੀਂ ਝਾਤ ਮਾਰਦੇ ਹਾਂ ਤਾਂ ਸੁਪਰੀਮ ਕੋਰਟ ਦਾ ਇਹ ਕਹਿਣਾ ਠੀਕ ਹੀ ਲਗਦਾ ਹੈ ਕਿ ਸਰਕਾਰ ਇਸ ਮਾਮਲੇ ਪ੍ਰਤੀ ਢਿੱਲ ਮੱਠ ਵਰਤ ਰਹੀ ਹੈ । ਸਵਿਸਟਰਜ਼ਲੈਂਡ ਦੇ ਰਾਜਦੂਤ ਨੇ 22 ਸਤੰਬਰ ਨੂੰ ਦਿੱਲੀ ਵਿਖੇ ਇਸ ਸਬੰਧੀ ਕਿਹਾ ਸੀ ਕਿ ਸਵਿਸ ਸਰਕਾਰ ਭਾਰਤੀਆਂ ਦੇ ਖਾਤਿਆਂ ਨੂੰ ਭਾਰਤ ਸਰਕਾਰ ਨਾਲ ਸਾਂਝਿਆਂ ਕਰਨ ਨੂੰ ਤਿਆਰ ਹੈ, ਜੇ ਉਹ ਸੋਧੀ ਦੋਹਰੀ ਟੈਕਸ ਸੰਧੀ ਅਧੀਨ ਹੋਵੇ। ਇੱਥੇ ਇਹ ਦੱਸਣਯੋਗ ਹੈ ਕਿ ਦੁਨੀਆਂ ਦੇ ਵਧਦੇ ਦਬਾਅ ਕਾਰਨ ਸਵਿਸ ਪਾਰਲੀਮੈਂਟ ਨੇ 1 ਅਕਤੂਬਰ 2010 ਨੂੰ ਇਕ ਇਤਿਹਾਸਿਕ ਕਾਨੂੰਨ "ਗੈਰ-ਕਾਨੂੰਨੀ ਧਨ ਦੀ ਵਾਪਸੀ

ਕਾਨੂੰਨ" (ਆਰ.ਆਈ.ਏ.ਏ.) ਪਾਸ ਕੀਤਾ, ਜੋ ਕਿ 1 ਫ਼ਰਵਰੀ 2011 ਨੂੰ ਲਾਗੂ ਹੋ ਗਿਆ ਹੈ। ਇਸ ਅਨੁਸਾਰ ਭਾਰਤ ਤੇ ਹੋਰ ਦੇਸ਼ਾਂ ਨੂੰ ਸਵਿਸ ਬੈਂਕ ਵਿਚ ਪਏ ਨਜ਼ਾਇਜ਼ ਪੈਸੇ ਬਾਰੇ ਜਾਣਕਾਰੀ ਆਸਾਨ ਬਣਾ ਦਿੱਤੀ ਗਈ ਹੈ। ਪਿਛਲੇ ਸਾਲ 8 ਅਗਸਤ ਨੂੰ ਟੈਕਸਾਂ ਦੀ ਆਪਸੀ ਸੂਚਨਾ ਦੇ ਆਦਾਨ ਪ੍ਰਦਾਨ ਕਰਨ ਸਬੰਧੀ ਭਾਰਤ ਤੇ ਸਵਿਟਜ਼ਰਲੈਂਡ ਵਿਚ ਸਮਝੌਤਾ ਹੋਇਆ ਸੀ। ਇਸ ਸੰਧੀ ਅਧੀਨ 9 ਅਕਤੂਬਰ 2011 ਪਿੱਛੋਂ ਭਾਰਤ ਸਰਕਾਰ ਸਵਿਸ ਬੈਂਕਾਂ ਤੋਂ ਭਾਰਤੀਆਂ ਦੇ ਖਾਤਿਆਂ ਦੀ ਜਾਣਕਾਰੀ ਮੰਗ ਸਕਦੀ ਹੈ। ਸਵਿਸ ਦੇ ਭਾਰਤ ਵਿਚਲੇ ਰਾਜਦੂਤ ਇਸ ਸੰਧੀ ਦੀ ਹੀ ਗੱਲ ਕਹਿ ਰਹਿ ਹਨ। ਪਰ ਸੋਚਣ ਵਾਲੀ ਗੱਲ ਹੈ ਕਿ ਜੇ ਬਾਕੀ ਦੇਸ਼ ਸਵਿਟਜ਼ਰਲੈਂਡ ਦੇ ਬੈਂਕਾਂ ਵਿਚੋਂ ਜਮ੍ਹਾਂ ਗ਼ੈਰ ਕਾਨੂੰਨੀ ਰਕਮਾਂ ਇਸ ਸੰਧੀ ਤੋਂ ਬਿਨਾਂ ਹੀ ਵਾਪਸ ਮੰਗਵਾ ਸਕਦੇ ਹਨ ਤਾਂ ਭਾਰਤ ਸਰਕਾਰ ਅਜਿਹਾ ਕਿਉਂ ਨਹੀਂ ਕਰ ਰਹੀ ? ਜਿਵੇਂ ਕਿ ਅਸੀਂ ਅੱਗੇ ਜਾ ਕੇ ਵੇਖਾਂਗੇ।

ਰੁਡਲਫ ਐਲਮਰ ਜਿਸ ਨੇ ਇਹ ਗੁਪਤ ਖਾਤਿਆਂ ਦੀ ਸੂਚੀ ਵਿਕੀਲੀਕਜ ਨੂੰ ਦਿਤੀ, ਸਵਿਸ ਬੈਂਕ ਜੁਲੀਅਤ ਬਾਰ ਦਾ ਸੀਨੀਅਰ ਅਜ਼ਜ਼ੈਕਟਿਵ ਹੈ, ਨੂੰ ਸਰਕਾਰ ਨੇ ਗੁਪਤ ਭੇਦ ਜ਼ਾਹਰ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰ ਲਿਆ ਸੀ ਨੇ ਜੇਲ੍ਹ ਤੋਂ ਰਿਹਾਈ ਤੋਂ ਪਿੱਛੋਂ 13 ਸਤੰਬਰ ਨੂੰ ਦੋਸ਼ ਲਾਇਆ ਕਿ ਭਾਰਤ ਸਰਕਾਰ ਸਵਿਸ ਬੈਂਕਾਂ ਵਿਚ ਜਮ੍ਹਾਂ ਭਾਰਤੀਆਂ ਦਾ ਰੁਪਿਆ ਪਤਾ ਲਾਉਣ ਲਈ ਗੰਭੀਰ ਨਹੀਂ। ਉਸ ਦਾ ਕਹਿਣਾ ਹੈ ਕਿ ਕੇਵਲ ਅਮਰੀਕਾ ਹੀ ਇਕ ਐਸਾ ਦੇਸ਼ ਹੈ ਜੋ ਟੈਕਸਾਂ ਦੀ ਚੋਰੀ ਅਤੇ ਗ਼ੈਰ-ਕਾਨੂੰਨੀ ਜਮ੍ਹਾਂ ਰਾਸ਼ੀ ਪਤਾ ਲਾਉਣ ਲਈ ਗੰਭੀਰ ਹੈ ਤੇ ਸਵਿਸ ਬੈਂਕਾਂ ਨੇ ਅਮਰੀਕਾ ਨੂੰ ਅਜਿਹੇ ਖਾਤਿਆਂ ਬਾਰੇ ਜਾਣਕਾਰੀ ਦੇਣੀ ਸ਼ੁਰੂ ਕਰ ਦਿੱਤੀ ਹੈ। ਉਸ ਦਾ ਕਹਿਣਾ ਹੈ ਕਿ ਭਾਰਤ ਇਕ ਸ਼ਕਤੀਸ਼ਾਲੀ ਦੇਸ਼ ਹੈ ਤੇ ਉਹ ਵੀ ਅਮਰੀਕਾ ਵਾਂਗ ਆਪਣਾ ਦਬਾਅ ਪਾ ਸਕਦਾ ਹੈ। ਐਲਮਰ ਜਿਸ ਨੇ ਕਿ ਨਜਾਇਜ਼ ਰਕਮਾਂ ਨੂੰ ਵਿਦੇਸ਼ਾਂ ਵਿਚ ਜਮ੍ਹਾਂ ਕਰਾਉਣ ਨੂੰ ਬੰਦ ਕਰਾਉਣ ਦਾ ਬੀੜਾ ਚੁਕਿਆ ਹੋਇਆ ਹੈ, ਦਾ ਕਹਿਣਾ ਹੈ ਕਿ ਵਿਸ਼ਵ ਪੱਧਰ 'ਤੇ ਇਸ ਸਬੰਧੀ ਜਨਤਕ ਲਹਿਰ ਉਸਾਰਨ ਦੀ ਲੋੜ ਹੈ ਤੇ ਇਸ ਨੂੰ ਅਪਰਾਧੀ ਕਾਰਵਾਈ ਗਿਣਿਆ ਜਾਣਾ ਚਾਹੀਦਾ ਹੈ।

ਵਰਨਣਯੋਗ ਹੈ ਕਿ ਵਿਕੀਲੀਕਸ ਨੇ ਇਸ ਸਾਲ 2 ਅਗਸਤ ਨੂੰ ਜੋ ਸੂਚੀ ਜਾਰੀ ਕੀਤੀ ਹੈ ਉਸ ਵਿਚ ਕਥਿਤ ਤੌਰ 'ਤੇ ਸਰਵ ਸ੍ਰੀ ਸਵਰਗਵਾਸੀ ਰਾਜੀਵ ਗਾਂਧੀ ਦੇ ਇਕ ਲੱਖ ਅਠਾਨਵੇਂ ਹਜ਼ਾਰ ਕਰੋੜ ਰੁਪਏ, ਸ਼ਰਦ ਪਵਾਰ ਦੇ 28 ਹਜ਼ਾਰ ਕਰੋੜ ਰੁਪਏ, ਪੀ. ਚਿੰਬਦਰਮ ਦੇ 32000 ਕਰੋੜ ਰੁਪਏ, ਕਰੁਣਾਨਿਧੀ ਦੇ 35 ਹਜ਼ਾਰ ਕਰੋੜ ਰੁਪਏ, ਜੋਤੀਰਾਦਿਤਨ ਸਿੰਧੀਆ ਦੇ 9 ਹਜ਼ਾਰ ਕਰੋੜ ਰੁਪਏ, ਸ੍ਰੀ ਐਚ.ਡੀ. ਕੁਮਾਰਸਵਾਮੀ ਦੇ ਸਾਢੇ ਚੌਦਾਂ ਹਜ਼ਾਰ ਕਰੋੜ ਰੁਪਏ, ਲਾਲੂ ਯਾਦਵ ਦੇ 29800 ਕਰੋੜ ਰੁਪਏ, ਸੁਰੇਸ਼ ਕਲਮਾਡੀ ਦੇ 5900 ਕਰੋੜ, ਸ.ਏ. ਰਾਜਾ ਦੇ 7800 ਕਰੋੜ, ਨੀਰਾ ਰਾਡੀਆ ਦੇ 2 ਲੱਖ 90 ਹਜ਼ਾਰ ਕਰੋੜ, ਹਰਸ਼ਦ ਮਹਿਤਾ ਦੇ 1 ਲੱਖ 36 ਹਜ਼ਾਰ ਕਰੋੜ ਸਵਿਸ ਬੈਂਕਾਂ ਵਿਚ ਜਮ੍ਹਾਂ ਹਨ। ਉਸ ਨੇ ਬਕਾਇਦਾ ਬੈਂਕ ਦਾ ਨਾਂ ਤੇ ਖਾਤਿਆਂ ਦੀ ਗਿਣਤੀ ਦਿਤੀ ਹੈ, ਜੋ ਕਿ ਇੰਟਰਨੈੱਟ ਉਪਰ ਪੜ੍ਹੀ ਜਾ ਸਕਦੀ ਹੈ। ਉਸ ਨੇ ਦਾਅਵਾ ਕੀਤਾ ਹੈ ਕਿ ਉਸ ਪਾਸ 2000 ਖਾਤਿਆਂ ਦੀ ਸੂਚੀ ਹੈ।

ਜਦ ਅਸੀਂ ਇੰਟਰਨੈੱਟ ਉਪਰ ਸਵਿਸ ਤੇ ਹੋਰ ਬੈਂਕਾਂ ਵਿਚ ਜਮਾਂ ਗ਼ੈਰ-ਕਾਨੂੰਨੀ ਜਮ੍ਹਾਂ ਰਾਸ਼ੀ ਉਪਰ ਝਾਤ ਮਾਰਦੇ ਹਾਂ ਤਾਂ ਹੈਰਾਨੀਜਨਕ ਤੱਥ ਸਾਹਮਣੇ ਆਉਂਦੇ ਹਨ। 1997 ਤੋਂ ਇਨ੍ਹਾਂ ਬੈਂਕਾਂ ਵਿਚ, ਗ਼ੈਰ-ਕਾਨੂੰਨੀ ਢੰਗ ਨਾਲ ਰਕਮਾਂ ਜਮ੍ਹਾਂ ਕਰਵਾਉਣ ਵਾਲਿਆਂ ਵਿਚ, ਫਾਂਸੀ ਚਾੜ੍ਹੇ ਗਏ ਰਾਸ਼ਟਰਪਤੀ ਸਾਦਾਮ ਹੁਸੈਨ, ਮਿਸਰ ਦੇ ਹੁਸਨੀ ਮੁਬਾਰਕ, ਕਾਂਗੋ, ਨਾਈਜੀਰੀਆ, ਕੀਨੀਆ, ਹੈਤੀ ਆਦਿ ਅਨੇਕਾਂ ਹਾਕਮਾਂ ਦੇ ਨਾਂ ਸ਼ਾਮਲ ਹਨ, ਜਿਨ੍ਹਾਂ ਨੇ ਆਪਣੇ ਸ੍ਰੋਤ ਦੱਸਣ ਤੋਂ ਬਗੈਰ ਮੋਟੀਆਂ ਰਕਮਾਂ ਜਮ੍ਹਾਂ ਕਰਵਾਈਆਂ।

ਵਿਸ਼ਵ ਬੈਂਕ ਦੀ ਇਕ ਰਿਪੋਰਟ ਅਨੁਸਾਰ ਰਿਸ਼ਵਤਖੋਰੀ, ਟੈਕਸਾਂ ਦੀ ਚੋਰੀ ਤੇ ਹੋਰ ਜ਼ਰਾਇਮ ਪੇਸ਼ਾ ਗਤੀਵਿਧੀਆਂ ਕਰਕੇ 10 ਖਰਬ ਤੋਂ 16 ਖਰਬ ਡਾਲਰ ਹਰ ਸਾਲ ਦੂਜੇ ਦੇਸ਼ਾਂ ਵਿਚ ਗ਼ੈਰ-ਕਾਨੂੰਨੀ ਢੰਗ ਨਾਲ ਜਾਂਦੇ ਹਨ, ਜਿਸ ਵਿਚੋਂ ਅੱਧੀ ਰਾਸ਼ੀ ਵਿਕਾਸਸ਼ੀਲ ਦੇਸ਼ਾਂ ਦੀ ਹੈ।

ਅਮਰੀਕਾ ਤੇ ਹੋਰ ਮੁਲਕਾਂ ਵਿਚ ਵਿਆਜ ਦਰ ਘੱਟ ਹੋਣ ਕਰਕੇ ਕਈ ਲੋਕ ਸਵਿਸ ਤੇ ਹੋਰ ਬੈਂਕਾਂ ਵਿਚ ਪੈਸੇ ਜਮ੍ਹਾਂ ਕਰਵਾਉਂਦੇ ਹਨ। ਅਮਰੀਕਾ, ਭਾਰਤ ਤੇ ਹੋਰ ਮੁਲਕਾਂ ਤੋਂ ਆਮਦਨ ਕਰ ਦੀ ਚੋਰੀ ਕਰ ਕੇ ਸਵਿਸ ਬੈਂਕਾਂ ਤੇ ਹੋਰ ਮੁਲਕਾਂ ਵਿਚ ਮੋਟੀਆਂ ਰਕਮਾਂ ਜਮ੍ਹਾਂ ਕਰਵਾਈਆਂ ਗਈਆਂ। ਯੂਰਪ ਵਿਚ 1960 ਤੋਂ ਪਿਛੋਂ ਆਮਦਨ ਕਰ ਵਧਣਾ ਸ਼ੁਰੂ ਹੋਇਆ। ਇਸ ਲਈ ਜਰਮਨ, ਇਟਲੀ ਵਗੈਰਾ ਦੇਸ਼ਾਂ ਤੋਂ ਚੋਰੀ ਦੀ ਰਕਮ ਸਵਿਟਜ਼ਰਲੈਂਡ ਜਾਣੀ ਸ਼ੁਰੂ ਹੋਈ। ਸਵਿਟਜ਼ਰਲੈਂਡ ਇਕ ਐਸਾ ਮੁਲਕ ਹੈ, ਜਿਥੇ ਦੁਨੀਆਂ ਦੀ ਅਜਿਹੀ ਇਕ ਤਿਹਾਈ ਰਾਸ਼ੀ ਜਮ੍ਹਾਂ ਹੈ। ਇਸ ਵਿਚ ਯੂਰਪ ਦੀ ਰਾਸ਼ੀ 50 ਪ੍ਰਤੀਸ਼ਤ ਹੈ। ਇਕ ਅੰਦਾਜ਼ੇ ਅਨੁਸਾਰ 2009 ਵਿਚ ਸਵਿਸ ਬੈਂਕਾਂ ਵਿਚ ਯੂਰਪੀ ਅਣ-ਐਲਾਨੀ ਰਾਸ਼ੀ 722.4 ਅਰਬ ਡਾਲਰ ਸੀ। ਅਮਰੀਕਾ ਤੇ ਕਈ ਹੋਰ ਮੁਲਕਾਂ ਵਿਚ ਆਮਦਨ ਕਰ ਦੀ ਚੋਰੀ ਨੂੰ ਕਾਨੂੰਨੀ ਜੁਰਮ ਮੰਨਿਆ ਜਾਂਦਾ ਹੈ। ਪਰ ਸਵਿਟਜ਼ਰਲੈਂਡ ਵਿਚ ਅਜਿਹਾ ਨਹੀਂ। ਇੱਥੇ ਬੈਂਕ ਖਾਤੇ ਗੁਪਤ ਰੱਖਣ ਦਾ ਕਾਨੂੰਨ ਹੈ।

ਅਮਰੀਕਾ ਵਿਚ ਹਰ ਵਿਅਕਤੀ ਜਿਸ ਦੀ ਆਮਦਨ 10 ਹਜ਼ਾਰ ਡਾਲਰ ਤੋਂ ਵੱਧ ਹੋਵੇ, ਉਸ ਨੂੰ ਆਮਦਨ ਦੀ ਰਿਟਰਨ ਭਰਨੀ ਪੈਂਦੀ ਹੈ । 2007 ਵਿਚ ਸਵਿਟਜ਼ਰਲੈਂਡ ਦੇ ਸਭ ਤੋਂ ਵੱਡੇ ਬੈਂਕ ਯੂ.ਬੀ.ਐਸ. ਦੇ ਇਕ ਸਾਬਕਾ ਪ੍ਰਾਈਵੇਟ ਬੈਂਕਰ ਬਰਾਡਲੇ ਬਰਕਨਫੀਲਡ ਨੇ ਅਮਰੀਕੀ ਅਧਿਕਾਰੀਆਂ ਨੂੰ ਜਾਣਕਾਰੀ ਦਿੱਤੀ ਕਿ ਕਿਵੇਂ ਉਹ ਤੇ ਉਸ ਦੇ ਸਾਥੀ ਅਮੀਰ ਅਮਰੀਕੀਆਂ ਨੂੰ ਪ੍ਰੇਰਿਤ ਕਰਨ ਲਈ ਅਮਰੀਕਾ ਆਏ ਤੇ ਉਨ੍ਹਾਂ 20 ਅਰਬ ਡਾਲਰ ਆਮਦਨ ਕਰ ਵਿਭਾਗ ਤੋਂ ਚੋਰੀ ਇਕੱਠੇ ਕੀਤੇ। ਉਸ ਖ਼ਿਲਾਫ ਮੁਕੱਦਮਾ ਚਲਿਆ ਤੇ ਉਸ ਨੂੰ 40 ਮਹੀਨੇ ਕੈਦ ਹੋਈ। ਉਹ ਕੈਦ ਭੁਗਤ ਰਿਹਾ ਸੀ ਕਿ ਉਸ ਨੂੰ 22 ਅਕਤੂਬਰ 2010 ਨੂੰ ਸਰਕਾਰ ਨੂੰ ਬੈਂਕ ਨਾਲ ਹੋਏ ਸਮਝੌਤੇ ਅਧੀਨ ਬਰੀ ਕਰ ਦਿੱਤਾ ਗਿਆ। ਯੂ.ਬੀ.ਐਸ. ਬੈਂਕ ਦੇ ਅਧਿਕਾਰੀਆਂ ਨੇ ਸਜ਼ਾਵਾਂ ਤੋਂ ਬਚਣ ਲਈ ਅਮਰੀਕਾ ਸਰਕਾਰ ਨਾਲ 22 ਫਰਵਰੀ 2009 ਨੂੰ ਇਕ ਸਮਝੌਤਾ ਕੀਤਾ। ਜਿਸ ਦੇ ਅਧੀਨ ਉਨ੍ਹਾਂ ਨੇ ਅਮਰੀਕੀ ਸਰਕਾਰ ਨੂੰ 78 ਕਰੋੜ ਡਾਲਰ ਦੇਣ ਤੋਂ ਇਲਾਵਾ ਅਮਰੀਕੀਆਂ ਦੇ ਖਾਤੇ ਦੱਸਣੇ ਸਨ। ਇਸ ਬੈਂਕ ਨੇ ਇਹ ਰਾਸ਼ੀ ਦੇਣ ਪਿੱਛੋਂ ਪਹਿਲਾਂ 125 ਤੇ ਬਾਅਦ ਵਿਚ 4450 ਖਾਤੇ ਦੱਸੇ। ਇਸ ਦਾ ਨਤੀਜਾ ਇਹ ਹੋਇਆ ਕਿ

ਅਮਰੀਕਾ ਨੇ ਉਨ੍ਹਾਂ ਨਾਗਰਿਕਾਂ ਵਿਰੁੱਧ ਮੁਕੱਦਮੇ ਦਰਜ ਕਰਨੇ ਸ਼ੁਰੂ ਕਰ ਦਿੱਤੇ। ਕਈਆਂ ਨੂੰ ਕੈਦ ਹੋਈ। ਮੁਕੱਦਮਿਆਂ ਤੋਂ ਬਚਣ ਲਈ ਹਜ਼ਾਰਾਂ ਲੋਕਾਂ ਨੇ ਆਪਣੇ ਆਪ ਸਰਕਾਰ ਨੂੰ ਵਿਦੇਸ਼ਾਂ ਵਿਚਲੇ ਖਾਤਿਆਂ ਦੀ ਜਾਣਕਾਰੀ ਦੇ ਦਿੱਤੀ। 2009 ਵਿਚ ਹੀ ਕੋਈ 17000 ਵਿਅਕਤੀਆਂ ਨੇ ਆਪਣੇ ਖਾਤੇ ਦੱਸੇ।

ਪਿਛਲੇ ਸਾਲ 15 ਜੂਨ 2010 ਨੂੰ ਅਮਰੀਕਾ ਨੇ 15 ਦੇਸ਼ਾਂ ਨਾਲ 'ਕਨਵੈਨਸ਼ਨ ਆਨ ਮਿਊਚਲ ਐਡਮਿਨਸਟਰੇਟਿਵ ਅਸਿਸਟੈਂਸ ਆਨ ਟੈਕਸ ਮੈਟਰਜ਼' ਨਾਮੀ ਸਮਝੌਤਾ ਕੀਤਾ ਹੈ, ਜਿਸ ਅਧੀਨ ਇਨ੍ਹਾਂ ਮੁਲਕਾਂ ਤੋਂ ਅਮਰੀਕੀ ਖਾਤਿਆਂ ਬਾਰੇ ਸਰਕਾਰ ਪੁੱਛ ਗਿੱਛ ਕਰ ਸਕੇਗੀ। ਮਿਸਾਲ ਦੇ ਤੌਰ 'ਤੇ ਕੋਈ ਅਮਰੀਕੀ ਫਰਾਂਸ ਚਲੇ ਜਾਂਦਾ ਹੈ, ਜਿਹੜੇ ਵੀ ਬੈਂਕ ਖਾਤੇ ਉਹ ਉਥੇ ਖੋਲ੍ਹੇਗਾ, ਉਸ ਬਾਰੇ ਅਮਰੀਕਾ ਜਾਣਕਾਰੀ ਲੈ ਸਕਦਾ ਹੈ।

ਅਮਰੀਕਾ ਤੇ ਯੂ.ਬੀ.ਐਸ. ਵਿਚਕਾਰ ਹੋਏ ਸਮਝੌਤੇ ਨੂੰ ਵੇਖ ਕੇ ਕੈਨੇਡਾ, ਅਸਟਰੇਲੀਆ ਤੇ ਬਰਤਾਨੀਆ ਨੇ ਯੂ.ਬੀ.ਐਸ. ਬੈਂਕ ਵਿਚ ਖਾਤਿਆਂ ਦਾ ਪਤਾ ਲਾਉਣਾ ਸ਼ੁਰੂ ਕੀਤਾ ਹੈ। ਜਰਮਨ ਤੇ ਇੰਗਲੈਂਡ ਨੇ ਲੀਖਤਨਸਟੀਨ ਵਿਚ ਵੀ ਖਾਤਿਆਂ ਦਾ ਪਤਾ ਲਾਉਣਾ ਸ਼ੁਰੂ ਕੀਤਾ ਹੈ। ਸਵਿਟਰਜ਼ਰਲੈਂਡ ਤੋਂ ਇਲਾਵਾ ਅਮਰੀਕਾ ਭਾਰਤ ਸਮੇਤ ਦੂਜੇ ਦੇਸ਼ਾਂ ਵਿਚ ਅਮਰੀਕੀਆਂ ਦੇ ਖਾਤਿਆਂ ਦਾ ਪਤਾ ਲਾ ਰਿਹਾ ਹੈ। ਯੂ.ਬੀ.ਐਸ. ਬੈਂਕ ਪਿੱਛੋਂ ਐਚ.ਐਸ.ਬੀ.ਸੀ. ਤੇ ਹੋਰ ਬੈਂਕ ਜਿਨ੍ਹਾਂ ਦਾ ਭਾਰਤ ਵਿਚ ਚੰਗਾ ਕਾਰੋਬਾਰ ਹੈ, ਦੇ ਖਾਤਿਆਂ ਦਾ ਪਤਾ ਲਾਇਆ ਜਾ ਰਿਹਾ ਹੈ। ਅਮਰੀਕੀ ਸਰਕਾਰ ਨੇ ਐਚ.ਐਸ.ਬੀ.ਸੀ. ਵਿਦੇਸ਼ੀ ਖਾਤੇ ਰੱਖਣ ਵਾਲਿਆਂ ਨੂੰ ਚਿੱਠੀਆਂ ਪਾਈਆਂ ਹਨ ਕਿ ਭਾਰਤ ਅਤੇ ਸਿੰਗਾਪੁਰ ਵਿਚ ਖਾਤੇ ਰੱਖਣ ਵਾਲੇ ਅਮਰੀਕੀ ਕਾਨੂੰਨ ਦੇ ਦਾਇਰੇ ਅਧੀਨ ਆਉਂਦੇ ਹਨ ਤੇ ਸਰਕਾਰ ਗੈਰ-ਕਾਨੂੰਨੀ ਢੰਗ ਨਾਲ ਵਿਦੇਸ਼ੀ ਬੈਂਕਾਂ ਵਿਚ ਪੈਸਾ ਰੱਖਣ ਵਾਲਿਆਂ ਨਾਲ ਸਖ਼ਤੀ ਨਾਲ ਪੇਸ਼ ਆਵੇਗੀ। ਉਨ੍ਹਾਂ ਨੇ ਐਚ.ਐਸ.ਬੀ.ਸੀ. ਨਾਲ ਅਣ-ਐਲਾਨੀ ਰਾਸ਼ੀ ਰੱਖਣ ਕਰਕੇ ਪਿਛਲੇ ਸਾਲ ਵਰਜੀਨੀਆਂ ਦੇ ਇਕ ਡਾਕਟਰ ਅਤੇ ਮਿਆਮੀ ਬੀਚ ਦੇ ਦੋ ਪ੍ਰਾਪਰਟੀ ਡੀਲਰ ਦਾ ਕੰਮ ਕਰਦੇ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕੀਤਾ ਹੈ। ਇਕ ਅਮਰੀਕੀ-ਭਾਰਤੀ ਵੈਭਵ ਡਹਾਕੇ ਵਿਰੁਧ ਦਰਜ ਕੇਸ ਵਿਚ ਐਚ.ਐਸ.ਬੀ.ਸੀ. ਬੈਂਕ ਨੂੰ ਵੀ ਸ਼ਾਮਲ ਕੀਤਾ ਗਿਆ ਹੈ, ਜਿਸ ਨੇ ਭਾਰਤ ਤੇ ਬ੍ਰਿਟਿਸ਼ ਵਰਜਿਨ ਆਈਜਲੈਂਡ ਵਿਚ ਅਣ ਐਲਾਨੀ ਰਕਮ ਜਮ੍ਹਾਂ ਕਰਵਾਈ। ਅਮਰੀਕਾ ਵੱਲੋਂ ਆਮਦਨ ਕਰ ਦੀ ਚੋਰੀ ਨੂੰ ਰੋਕਣ ਲਈ ਪਨਾਮਾ, ਆਸਟਰੇਲੀਆ ਤੇ ਚੀਨ ਵਿਚ ਦਫ਼ਤਰ ਖੋਲ੍ਹੇ ਜਾ ਰਹੇ ਹਨ। ਉਹ ਦੇਸ਼ ਜਿੱਥੇ ਅਮਰੀਕੀ ਵੱਧ ਵਿਆਜ ਪ੍ਰਾਪਤ ਕਰਨ ਤੇ ਆਮਦਨ ਕਰ ਚੋਰੀ ਕਰਨ ਲਈ ਰਕਮਾਂ ਜਮ੍ਹਾਂ ਕਰਵਾਉਂਦੇ ਹਨ, ਉਨ੍ਹਾਂ ਨਾਲ ਅਮਰੀਕਾ ਸਰਕਾਰ ਸੂਚਨਾ ਦਾ ਆਪਸੀ ਆਦਾਨ ਪ੍ਰਦਾਨ ਕਰਨ ਲਈ ਸਮਝੌਤੇ ਕਰ ਰਹੀ ਹੈ।

ਅਮਰੀਕੀ ਕਰ ਵਿਭਾਗ, ਬੈਂਕਾਂ ਦੇ ਕਰਮਚਾਰੀਆਂ ਨੂੰ ਰਿਸ਼ਵਤ ਦੇ ਕੇ ਚੋਰੀ ਵੇਰਵੇ ਮੰਗਵਾਉਣ ਦਾ ਯਤਨ ਵੀ ਕਰ ਰਿਹਾ ਹੈ। 2008 ਵਿਚ ਲੀਖਟਨਸਟੀਨ ਵਿਚ ਸਥਿਤ ਐਲ.ਜੀ.ਟੀ. ਬੈਂਕ ਦੇ ਇਕ ਕਰਮਚਾਰੀ ਨੇ ਅਜਿਹੇ ਅੰਕੜੇ ਇਕੱਠੇ ਕਰਕੇ ਲੱਖਾਂ ਯੂਰੋ ਲੈ ਕੇ ਜਰਮਨ ਦੇ ਖੁਫੀਆ ਵਿਭਾਗ ਨੂੰ ਦਿੱਤੇ। ਇਨ੍ਹਾਂ ਵੇਰਵਿਆਂ ਦੇ ਆਧਾਰ 'ਤੇ ਜਰਮਨ ਨੇ ਕਈ ਜਰਮਨ ਵਾਸੀਆਂ ਵਿਰੁੱਧ ਧੋਖਾ-ਦੇਹੀ ਦੇ ਮੁਕੱਦਮੇ ਦਰਜ ਕੀਤੇ। ਜਰਮਨ ਨੇ

ਇਹ ਵੇਰਵੇ ਭਾਰਤ ਸਮੇਤ ਦੂਜੇ ਦੇਸ਼ਾਂ ਨੂੰ ਮੁਹੱਈਆ ਕੀਤੇ। ਇਸ ਵੇਰਵੇ ਦੇ ਆਧਾਰ 'ਤੇ ਭਾਰਤ ਸਰਕਾਰ ਨੇ ਉਨ੍ਹਾਂ ਭਾਰਤੀਆਂ ਵਿਰੁੱਧ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ, ਜਿਨ੍ਹਾਂ ਨੇ ਵਿਦੇਸ਼ਾਂ ਵਿਚ ਗੈਰ-ਕਾਨੂੰਨੀ ਢੰਗ ਨਾਲ ਰਕਮਾਂ ਜਮ੍ਹਾਂ ਕਰਵਾਈਆਂ ਤੇ ਇਹ ਮਾਮਲਾ ਮਾਨਯੋਗ ਸੁਪਰੀਮ ਕੋਰਟ ਅਧੀਨ ਹੈ।

ਅਗਸਤ 2001 ਤੋਂ 2004 ਤੀਕ ਪੀਰੂ ਨੇ ਤਕਰੀਬਨ 18 ਕਰੋੜ ਡਾਲਰ ਸਵਿਸ ਬੈਂਕਾਂ ਤੋਂ ਪ੍ਰਾਪਤ ਕੀਤੇ ਜੋ ਉਥੋਂ ਦੇ ਇਕ ਅਧਿਕਾਰੀ ਨੇ ਚੋਰੀ ਕਰਕੇ ਜਮ੍ਹਾਂ ਕਰਵਾਏ ਸਨ। ਪੰਜ ਸਾਲ ਦੀ ਲੰਬੀ ਕਾਨੂੰਨੀ ਲੜਾਈ ਪਿੱਛੋਂ ਨਾਈਜੀਰੀਆ ਨੇ 70 ਕਰੋੜ ਡਾਲਰ ਅਤੇ ਫਲਪੀਨ ਨੇ 68 ਕਰੋੜ 40 ਲੱਖ ਡਾਲਰ ਸਵਿਟਜ਼ਰਲੈਂਡ ਤੋਂ ਪ੍ਰਾਪਤ ਕੀਤੇ ਜੋ ਮਾਰਕੋਜ ਨੇ ਫਲਪੀਨ ਤੋਂ ਲੁੱਟੇ ਸਨ। ਮਈ 2007 ਵਿਚ ਅਮਰੀਕਾ, ਕਜ਼ਾਕਸਤਾਨ ਤੇ ਸਵਿਟਜ਼ਰਲੈਂਡ ਵਿਚਕਾਰ ਹੋਏ ਸਮਝੌਤੇ ਅਧੀਨ 8 ਕਰੋੜ 40 ਲੱਖ ਡਾਲਰ ਮੋੜੇ ਗਏ ਜਿਹੜੇ ਕਈ ਸਾਲਾਂ ਤੋਂ ਮੋੜੇ ਨਹੀਂ ਜਾ ਰਹੇ ਸਨ। ਮੈਕਸੀਕੋ ਨੂੰ 11 ਕਰੋੜ ਡਾਲਰ ਵਿਚੋਂ 7 ਕਰੋੜ 40 ਲੱਖ ਡਾਲਰ ਪ੍ਰਾਪਤ ਕਰਨ ਵਿਚ 12 ਸਾਲ ਲੱਗੇ ਜੋ ਕਿ ਉੱਥੋਂ ਦੇ ਹਾਕਮ ਰਾਉਲ ਸਾਲੀਕਾਸ ਨੇ ਚੋਰੀ ਕੀਤੇ ਸਨ।

ਜਿਥੋਂ ਤੀਕ ਭਾਰਤ ਅਤੇ ਯੂ.ਬੀ.ਐਸ. ਬੈਂਕ ਵਿਚ ਭਾਰਤੀਆਂ ਦੇ ਗ਼ੈਰ ਕਾਨੂੰਨੀ ਪੈਸੇ ਦਾ ਸੰਬੰਧ ਹੈ, ਜੂਨ 2007 ਵਿਚ ਪੁਣੇ ਦੇ ਘੋੜਿਆਂ ਦੇ ਵਪਾਰੀ ਹਸਨ ਅਲੀ ਖਾਨ ਵਿਰੁਧ ਭਾਰਤ ਸਰਕਾਰ ਨੇ ਗ਼ੈਰ ਕਾਨੂੰਨੀ ਢੰਗ ਨਾਲ ਬਾਹਰ ਪੈਸਾ ਭੇਜਣ ਦਾ ਕੇਸ ਦਰਜ ਕੀਤਾ। ਪੜਤਾਲ ਕਰਨ 'ਤੇ ਅਜਿਹੇ ਕਾਗਜ਼ਾਤ ਮਿਲੇ ਜਿਸ ਤੋਂ ਪਤਾ ਲੱਗਾ ਕਿ ਉਸ ਨੇ 9 ਅਰਬ ਡਾਲਰ ਸਵਿਟਜ਼ਰਲੈਂਡ ਵਿਚ ਯੂ.ਬੀ.ਐਸ. ਦੀ ਜ਼ੂਰਿਚ ਬਰਾਂਚ ਵਿਚ ਜਮ੍ਹਾਂ ਕਰਵਾਏ। ਇਸ ਮਾਮਲੇ ਵਿਚ ਵੀ ਮਾਨਯੋਗ ਸੁਪਰੀਮ ਕੋਰਟ ਦੇ ਦਖਲ ਪਿਛੋਂ ਤੇਜ਼ੀ ਆਈ ਹੈ।

ਭਾਰਤ ਤੇ ਹੋਰ ਮੁਲਕਾਂ ਦਾ ਵਿਦੇਸ਼ੀ ਬੈਂਕਾਂ ਵਿਚ ਕਿੰਨਾ ਧਨ ਹੈ, ਬਾਰੇ ਪੱਕੇ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ ਜਿੰਨੀ ਦੇਰ ਤੀਕ ਇਨ੍ਹਾਂ ਬੈਂਕ ਖਾਤਿਆਂ ਦਾ ਖੁਲਾਸਾ ਨਹੀਂ ਹੁੰਦਾ। ਸਵਿਸ ਬੈਕਿੰਗ ਐਸੋਸੀਏਸ਼ਨ ਦੀ 2006 ਦੀ ਰਿਪੋਰਟ ਅਨੁਸਾਰ ਸਵਿਸ ਬੈਂਕਾਂ ਵਿਚ ਜੋ ਬਲੈਕ ਦੀ ਰਕਮ ਹੈ ਉਸ ਵਿਚ ਭਾਰਤ ਦਾ ਸਭ ਤੋਂ ਉਪਰ ਨਾਂ ਹੈ। ਇਹ ਰਕਮ ਬਾਕੀ ਦੇਸ਼ਾਂ ਦੀ ਜਮ੍ਹਾਂ ਰਾਸ਼ੀ ਨਾਲੋਂ ਵੀ ਵੱਧ ਬਣਦੀ ਹੈ। ਭਾਰਤ ਦਾ ਤਕਰੀਬਨ 1500 ਅਰਬ ਡਾਲਰ ਕਾਲਾ ਧਨ ਸਵਿਸ ਬੈਂਕਾਂ ਵਿਚ ਹੈ। ਇਸ ਪਿਛੋਂ ਰੂਸ ਦਾ ਨਾਂ ਆਉਂਦਾ ਹੈ। ਉਨ੍ਹਾਂ ਦੇ 470 ਅਰਬ ਡਾਲਰ ਹਨ। ਬਰਤਾਨੀਆ ਦਾ 390 ਅਰਬ ਡਾਲਰ ਦਾ ਕਾਲਾ ਧਨ ਇਕਲੇ ਸਵਿਸ ਬੈਂਕਾਂ ਵਿਚ ਹੈ। ਦੂਜੇ ਦੇਸ਼ਾਂ ਵਿਚ ਕਾਲੇ ਧਨ ਦੀ ਰਾਸ਼ੀ ਵੱਖਰੀ ਹੈ। ਇਕੱਲੇ ਸਵਿਸ ਬੈਂਕ ਵਿਚ ਜੋ ਜਮ੍ਹਾਂ ਰਾਸ਼ੀ ਹੈ ਉਹ ਭਾਰਤ ਦੇ ਕਰਜ਼ੇ ਨਾਲੋਂ 13 ਗੁਣਾ ਵੱਧ ਹੈ। ਜੋ ਕਿ 67,50,000 ਕਰੋੜ ਰੁਪਏ ਬਣਦੀ ਹੈ।

ਸੁਆਲ ਪੈਦਾ ਹੁੰਦਾ ਹੈ ਕਿ ਅਮਰੀਕਾ ਤੋਂ ਇਲਾਵਾ, ਜੇ ਕੀਨੀਆ, ਫਿਲਪਾਇਨ ਅਤੇ ਨਾਈਜ਼ੀਰੀਆ ਵਰਗੇ ਰਿਸ਼ਵਤਖੋਰ ਦੇਸ਼ ਸਵਿਸ ਬੈਂਕਾਂ ਵਿਚ ਕਾਲਾ ਧਨ ਵਾਪਸ ਲਿਆ ਸਕਦੇ ਹਨ ਤਾਂ ਭਾਰਤ ਕਿਉਂ ਨਹੀ ਵਾਪਸ ਲਿਆ ਸਕਿਆ?

ਇਕ ਗੱਲ ਸਪੱਸ਼ਟ ਹੈ ਕਿ ਜੇ ਕਾਲਾ ਧਨ ਵਾਪਸ ਆ ਜਾਂਦਾ ਹੈ ਤਾਂ ਇਸ ਨਾਲ

ਭਾਰਤ ਦੀ ਆਰਥਕ ਦਸ਼ਾ ਵਿਚ ਕ੍ਰਾਂਤੀਕਾਰੀ ਤਬਦੀਲੀ ਆ ਸਕਦੀ ਹੈ। ਮਾਨਯੋਗ ਸੁਪਰੀਮ ਕੋਰਟ ਨੇ ਇਸ ਧਨ ਨੂੰ ਵਾਪਸ ਲਿਆਉਣ ਲਈ ਜੋ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਹੈ, ਉਸ ਦੀ ਭਰਪੂਰ ਸ਼ਲਾਘਾ ਕਰਨੀ ਬਣਦੀ ਹੈ। ਰਾਜਨੀਤਿਕ ਪਾਰਟੀਆਂ ਨੂੰ ਨਿੱਜੀ ਹਿੱਤ ਤੋਂ ਉਪਰ ਉੱਠ ਕੇ ਅਮਰੀਕਾ ਵਾਂਗ ਟੈਕਸ ਚੋਰੀ ਕਰਨ ਵਾਲਿਆਂ ਦਾ ਸ਼ਿਕੰਜਾ ਕੱਸਣ ਲਈ ਅੱਗੇ ਆਉਣਾ ਚਾਹੀਦਾ ਹੈ। ਭਾਰਤ ਜਿਸ ਨੂੰ ਸੋਨੇ ਦੀ ਚਿੜੀਆ ਕਿਹਾ ਜਾਂਦਾ ਸੀ, ਨੂੰ ਪਹਿਲਾਂ ਵਿਦੇਸ਼ੀ ਲੁੱਟਦੇ ਰਹੇ, ਹੁਣ ਆਪਣੇ ਹੀ ਇਸ ਨੂੰ ਲੁੱਟ ਰਹੇ ਹਨ। ਵਾੜ ਹੀ ਖੇਤ ਨੂੰ ਖਾਣ ਲੱਗ ਪਈ ਹੈ। ਇਹ ਲੁੱਟ ਹੁਣ ਬੰਦ ਹੋਣੀ ਚਾਹੀਦੀ ਹੈ। ਵਿਦੇਸ਼ਾਂ ਵਿਚ ਕਾਲੇ ਧਨ ਨੂੰ ਜਮ੍ਹਾਂ ਹੋਣ ਤੋਂ ਰੋਕਣ ਲਈ ਦੁਨੀਆਂ ਦੇ 20 ਮੁਲਕਾਂ ਜਿਨ੍ਹਾਂ ਨੂੰ ਜੀ-20 ਨਾਂ ਨਾਲ ਜਾਣਿਆ ਜਾਂਦਾ ਹੈ ਤੇ ਓ.ਈ.ਸੀ.ਡੀ. (ਆਰਗੇਨਾਈਜੇਸ਼ਨ ਫਾਰ ਇਕਨਾਮਿਕ ਕੋਆਪਰੇਸ਼ਨ ਐਂਡ ਡੀਵੈਲਪਮੈਂਟ) ਜੋ ਕਿ ਪੈਰਿਸ ਅਧਾਰਿਤ 34 ਦੇਸ਼ਾਂ ਦਾ ਗਰੁੱਪ ਹੈ ਤੇ ਜਿਸ ਦੇ ਪਾਸ ਦੁਨੀਆਂ ਦਾ 80 ਪ੍ਰਤੀਸ਼ਤ ਵਪਾਰ ਹੈ, ਲੱਗੇ ਹੋਏ ਹਨ। ਭਾਰਤ ਭਾਵੇਂ ਇਨ੍ਹਾਂ ਦੋਵਾਂ ਗਰੁੱਪਾਂ ਦਾ ਮੈਂਬਰ ਨਹੀਂ, ਫਿਰ ਵੀ ਇਸ ਨੂੰ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ ਕਿਉਂਕਿ ਇਸ ਦਾ ਸਭ ਤੋਂ ਜ਼ਿਆਦਾ ਲਾਭ ਭਾਰਤ ਨੂੰ ਹੋਣਾ ਹੈ। ਜੇ ਤਹਿਲਕਾ ਮੈਗਜੀਨ 12 ਫ਼ਰਵਰੀ 2011 ਦੇ ਅੰਕ ਵਿਚ 18 ਵਿਚੋਂ 15 ਵਿਅਕਤੀਆਂ ਦੇ ਨਾਂ ਛਾਪ ਸਕਦਾ ਹੈ, ਜੋ ਕਿ ਉਸ ਸੂਚੀ ਵਿਚ ਸ਼ਾਮਿਲ ਸਨ, ਜੋ ਜਰਮਨ ਸਰਕਾਰ ਨੇ 18 ਮਾਰਚ 2009 ਨੂੰ ਸਰਕਾਰੀ ਤੌਰ 'ਤੇ ਭਾਰਤ ਸਰਕਾਰ ਨੂੰ ਦਿੱਤੀ, ਜਿਨ੍ਹਾ ਦਾ ਪੈਸਾ ਲੀਖਟਨਸਟੀਨ ਵਿਚ ਸਥਿਤ ਐਲ.ਜੀ.ਟੀ. ਬੈਂਕ ਵਿਚ ਜਮ੍ਹਾਂ ਹੈ ਤਾਂ ਭਾਰਤ ਸਰਕਾਰ ਕਿਉਂ ਨਹੀਂ ਅਜਿਹੇ ਵਿਅਕਤੀਆਂ ਦੇ ਨਾਂ ਨਸ਼ਰ ਕਰਦੀ ਤੇ ਉਨ੍ਹਾਂ ਵਿਰੁਧ ਸਖ਼ਤ ਕਦਮ ਚੁਕਦੀ ? ਵਿਕੀਲੀਕਜ ਨੇ ਜੋ ਸੂਚੀ ਜਾਰੀ ਕੀਤੀ ਹੈ, ਇਸ ਬਾਰੇ ਵੀ ਸਰਕਾਰ ਦਾ ਕੋਈ ਬਿਆਨ ਨਹੀਂ ਆਇਆ। ਇਸ ਤੋਂ ਸ਼ੱਕ ਦੀ ਉਂਗਲ ਸਰਕਾਰ ਉਪਰ ਉੱਠਦੀ ਹੈ। ਆਉਂਦੀਆਂ ਵਿਧਾਨ ਸਭਾਵਾਂ ਚੋਣਾਂ ਦੇ ਮੱਦੇ ਨਜ਼ਰ ਸਰਕਾਰ ਨੂੰ ਲੋਕਾਂ ਨੂੰ ਸਹੀ ਸਹੀ ਜਾਣਕਾਰੀ ਦੇਣੀ ਚਾਹੀਦੀ ਹੈ ਤੇ ਕੁਝ ਵੀ ਲਕਾਉਣਾ ਨਹੀਂ ਚਾਹੀਦਾ ਤੇ ਅੱਨਾ ਹਜ਼ਾਰੇ ਵਰਗੇ ਅੰਦੋਲਨ ਦੀ ਉਡੀਕ ਨਹੀਂ ਕਰਨੀ ਚਾਹੀਦੀ। ਮੌਜੂਦਾ ਯੂ.ਪੀ.ਏ. ਸਰਕਾਰ ਦਾ ਅਕਸ ਪਹਿਲਾਂ ਹੀ ਬਹੁਤ ਖ਼ਰਾਬ ਹੋ ਚੁੱਕਾ ਹੈ। ਢਿਲ ਮੱਠ ਦੀ ਮੌਜੂਦਾ ਨੀਤੀ ਯੂ.ਪੀ.ਏ. ਨੂੰ ਇਨ੍ਹਾਂ ਚੋਣਾਂ ਵਿਚ ਮਹਿੰਗੀ ਪੈ ਸਕਦੀ ਹੈ।

*23 ਸਤੰਬਰ 2011*

# ਇੰਝ ਬਦਲਦੇ ਨੇ ਪੱਤਝੜ ਵਿਚ ਪੱਤੇ ਆਪਣਾ ਰੰਗ

ਪਤਝੜ ਦੇ ਸ਼ੁਰੂ ਹੁੰਦਿਆਂ ਦੀ ਪੱਤਿਆਂ ਦੇ ਰੰਗ ਬਦਲਣ ਲਗਦੇ ਹਨ। ਹਰੇ ਭਰੇ ਰੰਗਾਂ ਦੇ ਪੱਤਿਆਂ ਦਾ ਰੰਗ ਭੂਰਾ, ਸੁਨਹਿਰੀ, ਲਾਲ, ਤਾਂਬਾ ਰੰਗਾ ਵਗੈਰਾ ਵਿਚ ਤਬਦੀਲ ਹੋਣ ਲਗਦਾ ਹੈ। ਇਹ ਨਜ਼ਾਰਾ ਬੜਾ ਮਨਮੋਹਕ ਹੁੰਦਾ ਹੈ। ਦੁਨੀਆਂ ਦੇ ਵੱਖ-ਵੱਖ ਭਾਗਾਂ ਵਿਚ ਇਹ ਨਜ਼ਾਰਾ ਵੇਖਣ ਵਾਲਾ ਹੁੰਦਾ ਹੈ ਤੇ ਲੋਕ ਉਨ੍ਹਾਂ ਥਾਵਾਂ 'ਤੇ ਇਸ ਵਰਤਾਰੇ ਦਾ ਆਨੰਦ ਮਾਨਣ ਲਈ ਜਾਂਦੇ ਹਨ।

ਇਸ ਕਿਰਿਆ ਦੇ ਕਈ ਕਾਰਨ ਹਨ। ਪ੍ਰਮੁੱਖ ਕਾਰਨ ਰਾਤਾਂ ਦਾ ਲੰਮਾ ਹੋਣਾ ਤੇ ਦਿਨ ਦਾ ਛੋਟਾ ਹੋਣਾ ਹੈ। ਪੱਤਿਆਂ ਵਿਚ ਤਿੰਨ ਤਰ੍ਹਾਂ ਦੇ ਰੰਗਦਾਰ ਪਦਾਰਥ ਹੁੰਦੇ ਹਨ, ਜਿਹੜੇ ਪਤਝੜ ਵਿਚ ਕਿਰਿਆਸ਼ੀਲ ਹੁੰਦੇ ਹਨ।

ਹਰੇ ਰੰਗ ਦਾ ਪਦਾਰਥ ਕਲੋਰੋਇਲ ਹੈ, ਜੋ ਸਭ ਤੋਂ ਵੱਧ ਕਾਰਜਸ਼ੀਲ ਹੁੰਦਾ ਹੈ। ਬੂਟਿਆਂ ਵਿਚ ਇਹ ਹਰੇ ਦਾ ਪਦਾਰਥ ਸੂਰਜ ਦੀ ਰੌਸ਼ਨੀ ਵਿਚ ਪਾਣੀ ਅਤੇ ਕਾਰਬਨ ਡਾਇਆਕਸਾਇਡ ਤੋਂ ਗਲੂਕੋਜ਼ ਤੇ ਆਕਸੀਜਨ ਪੈਦਾ ਕਰਦਾ ਹੈ। ਇਹ ਕਿਰਿਆ ਦਿਨ ਵੇਲੇ ਹੁੰਦੀ ਹੈ, ਇਸ ਲਈ ਇਸ ਨੂੰ ਪ੍ਰਕਾਸ਼ ਸੰਸਲੇਸ਼ਣ ਕਹਿੰਦੇ ਹਨ। ਇਸ ਕਿਰਿਆ ਕਰਕੇ ਹੀ ਪੌਦੇ ਵਧਦੇ ਫੁੱਲਦੇ ਹਨ। ਸਬਜ਼ੀਆਂ, ਫੁੱਲ, ਫ਼ਲ, ਅਨਾਜ ਆਦਿ ਜੋ ਵੀ ਪੌਦਿਆਂ ਤੋਂ ਅਸੀਂ ਪ੍ਰਾਪਤ ਕਰਦੇ ਹਾਂ, ਉਹ ਸਭ ਪ੍ਰਕਾਸ਼ ਸੰਸਲੇਸ਼ਣ ਦੀ ਦੇਣ ਹੈ।

ਦੂਜਾ ਪੱਤਿਆਂ ਦਾ ਅਹਿਮ ਪਦਾਰਥ ਕਰਟੀਨਾਇਡ ਹੈ। ਇਸ ਕਰਕੇ ਹੀ ਪੱਤਿਆਂ ਅਤੇ ਪੌਦਿਆਂ ਤੋਂ ਪ੍ਰਾਪਤ ਵਸਤੂਆਂ ਦਾ ਰੰਗ ਪੀਲਾ, ਭੂਰਾ ਤੇ ਸੰਤਰੇ ਰੰਗਾ ਹੁੰਦਾ ਹੈ। ਕੇਲੇ, ਮਕਈ, ਗਾਜਰਾਂ, ਕਮਲ, ਸੰਤਰੇ, ਮਾਲਟੇ ਤੇ ਹੋਰ ਫੁੱਲਾਂ, ਫ਼ਲਾਂ, ਸਬਜ਼ੀਆਂ ਦੇ ਰੰਗ ਪੀਲੇ, ਸੰਤਰੇ ਰੰਗੇ, ਭੂਰੇ ਆਦਿ ਇਸ ਕਰਕੇ ਹੀ ਹਨ।

ਤੀਜਾ ਪਦਾਰਥ ਐਂਨਥੋਸਾਇਮੀਨ ਹੈ, ਜਿਸ ਕਰਕੇ ਲਾਲ ਰੰਗ ਹੁੰਦਾ ਹੈ। ਸੇਬਾਂ, ਸ਼ਹਿਤੂਤਾਂ, ਸਟਰਾਅਬੇਰੀ, ਆਲੂ ਬੁਖਾਰਾ, ਜਾਮਨੂੰ ਜਾਂ ਲਾਲ ਰੰਗੇ ਅੰਗੂਰ ਆਦਿ ਦਾ ਲਾਲ ਰੰਗ ਇਸ ਕਰਕੇ ਹੀ ਹੈ।

ਇਹ ਰੰਗ ਬਦਲਦੇ ਇਸ ਤਰ੍ਹਾਂ ਹਨ। ਹੁੰਦਾ ਇੰਜ ਹੈ ਕਿ ਜਦ ਬਸੰਤ ਰੁੱਤ ਸ਼ੁਰੂ ਹੁੰਦੀ ਹੈ ਤਾਂ ਕਲੋਰੋਫਿਲ ਸੂਰਜ ਦੀ ਰੌਸ਼ਨੀ ਜ਼ਿਆਦਾ ਹੋਣ ਕਰਕੇ ਭੋਜਨ ਜ਼ਿਆਦਾ ਬਣਾਉਣਾ ਸ਼ੁਰੂ ਕਰ ਦੇਂਦੀ ਹੈ ਤੇ ਹਰਿਆਲੀ ਸ਼ੁਰੂ ਹੋ ਜਾਂਦੀ ਹੈ। ਗਰਮੀਆਂ ਵਿਚ ਦਿਨ ਵਡੇ ਹੋਣ ਕਰਕੇ ਇਹ ਕਿਰਿਆ ਜ਼ਿਆਦਾ ਸਮਾਂ ਰਹਿੰਦੀ ਹੈ, ਜਿਸ ਕਰਕੇ ਪੱਤਿਆਂ ਦਾ ਰੰਗ ਗੂੜ੍ਹਾ ਹਰਾ ਹੋ ਜਾਂਦਾ ਹੈ। ਜਦ ਪਤਝੜ ਸ਼ੁਰੂ ਹੁੰਦੀ ਹੈ ਤਾਂ ਦਿਨ ਛੋਟੇ ਹੋ ਜਾਂਦੇ ਹਨ ਤੇ ਪੱਤਿਆਂ ਨੂੰ ਗਰਮੀ ਘੱਟ ਮਿਲਦੀ ਹੈ। ਇਸ ਦਾ ਅਸਰ ਇਹ ਹੁੰਦਾ ਹੈ ਕਿ

ਕਲੋਰੋਫਿਲ ਹੌਲੀ ਹੌਲੀ ਕੰਮ ਕਰਨਾ ਘੱਟ ਕਰੀ ਜਾਂਦੀ ਹੈ। ਦੂਜੇ ਪਾਸੇ ਕਰਟੀਨਾਇਡ ਦੀ ਕਿਰਿਆ ਪਹਿਲਾਂ ਵਾਂਗ ਹੀ ਜਾਰੀ ਰਹਿੰਦੀ ਹੈ ਤੇ ਉਸ ਕਰਕੇ ਪੱਤਿਆਂ ਦਾ ਰੰਗ ਸੁਨਹਿਰੀ, ਸੰਤਰਾ ਰੰਗ, ਪੀਲਾ ਵਗੈਰਾ ਨਜ਼ਰ ਆਉਣ ਲੱਗ ਪੈਂਦਾ ਹੈ।

ਜਿੱਥੋਂ ਤੀਕ ਲਾਲ ਗੂੜਾ, ਤਾਂਬਾ ਰੰਗ ਅਤੇ ਇਸ ਦੇ ਨਾਲ ਮਿਲਦੇ ਜੁਲਦੇ ਰੰਗਾਂ ਦੇ ਆਉਣ ਦਾ ਸੰਬੰਧ ਹੈ, ਇਹ ਇਸ ਕਰਕੇ ਹੁੰਦਾ ਹੈ ਕਿ ਐਂਨਥਰੋਸਾਇਮੀਨ ਪਤਝੜ ਵਿਚ ਜ਼ਿਆਦਾ ਪੈਦਾ ਹੁੰਦਾ ਹੈ। ਕਲੋਰੋਫਿਲ ਦੀ ਕਿਰਿਆ ਨਾ ਮਾਤਰ ਹੋਣ ਕਰਕੇ ਹਰਿਆ ਰੰਗ ਪੈਦਾ ਹੁੰਦਾ ਨਹੀਂ। ਇਸ ਕਰਕੇ ਬਾਕੀ ਦੋਵਾਂ ਰੰਗਦਾਰ ਪਦਾਰਥਾਂ ਕਰਕੇ ਹਰੇ ਥਾਂ ਦੀ 'ਤੇ ਵੱਖ ਵੱਖ ਰੰਗ ਪੈਦਾ ਹੋ ਜਾਂਦੇ ਹਨ।

ਜਿੱਥੋਂ ਤੀਕ ਚੀਲ ਤੇ ਹੋਰ ਸਦਾ ਬਹਾਰ ਪੌਦਿਆਂ ਦਾ ਹਰਾ ਰੰਗ ਸਾਰਾ ਸਾਲ ਰਹਿਣ ਦਾ ਸੰਬੰਧ ਹੈ, ਉਨ੍ਹਾਂ ਦੇ ਪੱਤਿਆਂ ਉਪਰ ਮੋਮ ਦੀ ਤਹਿ ਚੜ੍ਹੀ ਹੁੰਦੀ ਹੈ, ਜੋ ਗਰਮੀ ਤੇ ਸਰਦੀ ਤੋਂ ਬਚਾਉਂਦੀ ਹੈ। ਇਨ੍ਹਾਂ ਦੇ ਪੱਤਿਆਂ ਅੰਦਰ ਪਾਣੀ ਭਰਿਆ ਹੁੰਦਾ ਹੈ, ਜਿਹੜਾ ਸਰਦੀ ਤੋਂ ਬਚਾਉਂਦਾ ਹੈ ਤੇ ਇਹ ਪੱਤੇ ਸਰਦੀਆਂ ਵਿਚ ਵੀ ਨਹੀਂ ਝੜਦੇ ਤੇ ਨਾ ਹੀ ਰੰਗ ਬਦਲਦੇ ਹਨ।

*4 ਦਸੰਬਰ 2014*

# ਵਿਸ਼ਵ ਅਧਿਆਪਕ ਦਿਵਸ 'ਤੇ ਵਿਸ਼ੇਸ਼
# ਵਿਸ਼ਵ ਅਧਿਆਪਕ ਦਿਵਸ ਦੀ ਮਹੱਤਤਾ

ਅਧਿਆਪਕ ਦਿਵਸ ਮਨਾਉਣ ਦੀ ਰਵਾਇਤ 20ਵੀਂ ਸਦੀ ਵਿੱਚ ਸ਼ੁਰੂ ਹੋਈ। ਅਰਜਨਟਾਇਨਾ 11 ਸਤੰਬਰ 1915 ਤੋਂ ਇਹ ਦਿਨ ਮਨਾਉਂਦਾ ਆ ਰਿਹਾ ਹੈ, ਜਿਸ ਦਿਨ ਡੋਮਿੰਨਗੋ ਫਾਸਟੀਨੋ ਸਰਮੀਨਟੋ ਦੀ ਮੌਤ ਹੋਈ। ਭਾਰਤ, ਡਾ. ਸਰਵਪਲੀ ਰਾਧਾ ਕ੍ਰਿਸ਼ਨ ਦੇ ਜਨਮ ਦਿਨ 'ਤੇ 5 ਸਤੰਬਰ 1962 ਤੋਂ ਇਹ ਦਿਨ ਮਨਾਉਂਦਾ ਆ ਰਿਹਾ ਹੈ। ਮਰਾਕੋ, ਅਲਜੀਰੀਆ, ਲਿਬੀਆ, ਜਾਰਡਨ, ਸਾਊਦੀ ਅਰਬ, ਯਮਨ, ਟੂਨੀਸ਼ੀਆ, ਮਿਸਰ, ਬਹਿਰੀਨ, ਅਮਾਨ ਯੂ.ਏ.ਈ. ਐਸੇ 11 ਦੇਸ਼ ਹਨ ਜੋ 28 ਫਰਵਰੀ ਨੂੰ ਅਧਿਆਪਕ ਦਿਵਸ ਮਨਾਉਂਦੇ ਹਨ। ਤੁਰਕੀ ਵਿੱਚ ਇਹ ਦਿਨ 24 ਨਵੰਬਰ ਨੂੰ ਮਨਾਇਆ ਜਾਂਦਾ ਹੈ।

ਪਰ 100 ਤੋਂ ਵੱਧ ਦੇਸ਼ 5 ਅਕਤੂਬਰ ਨੂੰ ਇਸ ਦਿਨ ਨੂੰ ਬਤੌਰ ਵਿਸ਼ਵ ਅਧਿਆਪਕ ਦਿਵਸ ਮਨਾਉਂਦੇ ਹਨ, ਜਿਨ੍ਹਾਂ ਵਿਚ ਕੈਨੇਡਾ, ਜਰਮਨੀ, ਰੂਸ, ਇੰਗਲੈਂਡ, ਪਾਕਿਸਤਾਨ, ਕੁਵੈਤ, ਕਤਰ, ਰੋਮਾਨੀਆ, ਬਲਗਾਰੀਆ, ਅਰਮੀਨੀਆ ਆਦਿ ਦੇਸ਼ ਸ਼ਾਮਲ ਹਨ। 5 ਅਕਤੂਬਰ 1966 ਨੂੰ ਯੂਨੈਸਕੋ ਅਤੇ ਅੰਤਰ-ਰਾਸ਼ਟਰੀ ਸੰਘ ਵੱਲੋਂ ਵਿਸ਼ਵ ਭਰ ਦੇ ਅਧਿਆਪਕਾਂ ਅਤੇ ਟਿਊਟਰਾਂ ਲਈ ਅਧਿਕਾਰਾਂ ਦਾ ਚਾਰਟ ਤਿਆਰ ਕੀਤਾ ਗਿਆ ਸੀ। ਇਸ ਦਿਨ ਨੂੰ ਇਹ ਦਿਨ ਸਮਰਪਿਤ ਹੈ।

ਵਿਸ਼ਵ ਅਧਿਆਪਕ ਦਿਵਸ ਮਨਾਉਣ ਦਾ ਮਕਸਦ ਮਿਆਰੀ ਸਿੱਖਿਆ ਦੇਣ ਵਿੱਚ ਅਧਿਆਪਕਾਂ ਦੇ ਮਹੱਤਵ ਨੂੰ ਉਜਾਗਰ ਕਰਨਾ ਅਤੇ ਅੰਤਰ ਰਾਸ਼ਟਰੀ ਪੱਧਰ 'ਤੇ ਸਿੱਖਿਆ ਦੇ ਮਿਆਰ ਨੂੰ ਵਧਾਉਣ ਲਈ ਅਧਿਆਪਕ ਪੇਸ਼ੇ ਨੂੰ ਉਨਤ ਕਰਨਾ। ਅੱਜ ਦੇ ਯੁੱਗ ਵਿਚ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਵਿਚ ਸਿੱਖਿਆ ਦਾ ਮਹੱਤਵ ਬਹੁਤ ਵੱਧ ਗਿਆ ਹੈ। ਅੱਜ ਜਦ ਕਿ ਆਰਥਕ ਤੇ ਵਿਗਿਆਨਕ ਖੇਤਰ ਵਿਚ ਵਿਸ਼ਵ ਨਵੀਆਂ ਪੁਲਾਂਘਾ ਪੁੱਟ ਰਿਹਾ ਹੈ, ਉਸ ਸਮੇਂ ਅਧਿਆਪਕ ਦਾ ਰੋਲ ਹੋਰ ਵੀ ਵੱਧ ਜਾਂਦਾ ਹੈ। ਵਿਸ਼ਾ ਵਸਤੂ ਦੇ ਨਾਲ ਅਧਿਆਪਕ ਨੇ ਹੋਰ ਕਈ ਖੇਤਰ ਜਿਵੇਂ ਧਾਰਮਿਕ ਸ਼ਹਿਨਸ਼ੀਲਤਾ, ਲਿੰਗ ਬਰਾਬਰਤਾ ਵਰਗੇ ਖੇਤਰਾਂ ਵਿੱਚ ਵਿਦਿਆਰਥੀਆਂ ਨੂੰ ਤਿਆਰ ਕਰਨਾ ਹੁੰਦਾ ਹੈ। ਇਸ ਦਿਨ ਅਜਿਹੇ ਮਸਲਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਤੇ ਉਸ ਵਿਚ ਅਧਿਆਪਕਾਂ ਦੀ ਭੂਮਿਕਾ ਕੀ ਹੈ ? ਇਸ ਬਾਰੇ ਚਰਚਾ ਕੀਤੀ ਜਾਂਦੀ ਹੈ।

ਇਸ ਦਿਨ ਅਧਿਆਪਕਾਂ ਨਾਲ ਹੋ ਰਹੇ ਵਿਤਕਰੇ ਬਾਰੇ ਵੀ ਵਿਚਾਰ ਵਟਾਂਦਰਾ

ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਦੂਜੇ ਪੇਸ਼ਿਆਂ ਦੇ ਮੁਕਾਬਲੇ ਘੱਟ ਤਨਖਾਹ ਦਿੱਤੀ ਜਾਂਦੀ ਹੈ। ਔਰਤ ਅਧਿਆਪਕਾਂ ਨੂੰ ਪੁਰਸ਼ਾਂ ਨਾਲੋਂ ਘੱਟ ਤਨਖਾਹ ਦਿੱਤੀ ਜਾਂਦੀ ਹੈ। ਸਮਾਜ ਚਾਹੁੰਦਾ ਹੈ ਕਿ ਅਧਿਆਪਕ ਉਨ੍ਹਾਂ ਦੇ ਬੱਚਿਆਂ ਨੂੰ ਬਹੁਤ ਹੀ ਉਚ-ਪਾਏ ਦੀ ਸਿੱਖਿਆ ਦੇਵੇ ਪਰ ਅਧਿਆਪਕਾਂ ਨੂੰ ਉਹ ਸਹੂਲਤਾਂ ਨਹੀਂ ਦਿੰਦਾ, ਜਿਸ ਨਾਲ ਵਿਦਿਆਰਥੀ ਵਧੀਆ ਮਿਆਰੀ ਸਿੱਖਿਆ ਪ੍ਰਾਪਤ ਕਰ ਸਕਣ, ਜਿਵੇਂ ਉਨ੍ਹਾਂ ਨੂੰ ਜਮਾਤ ਵਿੱਚ ਸੁਰੱਖਿਅਤ ਵਾਤਾਵਰਨ ਮੁਹੱਈਆ ਕਰਨਾ, ਉਨ੍ਹਾਂ ਨੂੰ ਢੁਕਵੀ ਟ੍ਰੇਨਿੰਗ ਦੇਣਾ ਅਤੇ ਜਮਾਤ ਦੇ ਕਮਰੇ ਵਿਚ ਲੋੜੀਂਦਾ ਵਾਤਾਵਰਨ ਪ੍ਰਦਾਨ ਕਰਨਾ ਤੇ ਲੋੜੀਂਦੇ ਸਾਧਨ ਮੁਹੱਈਆ ਕਰਨੇ ਆਦਿ।

ਭਾਵੇਂ ਇਸ ਦਿਨ ਛੁੱਟੀ ਨਹੀ ਹੁੰਦੀ ਪਰ ਵਿਦਿਆਰਥੀ ਇਸ ਦਿਨ ਅਧਿਆਪਕਾਂ ਨੂੰ ਤੋਹਫੇ ਤੇ ਵਧਾਈ ਕਾਰਡ ਦਿੰਦੇ ਹਨ। ਆਪਣੇ ਅਧਿਆਪਕਾਂ ਨੂੰ ਯਾਦ ਕਰਦੇ ਹਨ। ਚੰਗੇ ਅਧਿਆਪਕਾਂ ਦੇ ਕੰਮਾਂ ਨੂੰ ਯਾਦ ਕਰਨ ਲਈ ਅਮਰੀਕਾ ਵਿੱਚ ਇਕ ਸਮਾਜ ਸੇਵੀ ਸੰਸਥਾ ਸਟੂਡੈਂਟਸ ਫਸਟ ਬਣੀ ਹੈ, ਜਿਸ ਰਾਹੀਂ ਵਿਦਿਆਰਥੀ ਆਪਣੇ ਅਧਿਆਪਕਾਂ ਨੂੰ ਇੰਟਰਨੈਟ ਰਾਹੀਂ ਕਾਰਡ ਭੇਜ ਸਕਦੇ ਹਨ। ਇਸ ਦਿਨ ਵਿਸ਼ੇਸ਼ ਖੇਤਰ ਵਿਚ ਨਾਮਣਾ ਖੱਟਣ ਵਾਲੇ ਅਧਿਆਪਕਾਂ ਨੂੰ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਕਾਨਫਰੰਸਾਂ ਕਰਵਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ ਅਧਿਆਪਕਾਂ ਦੀ ਮਹੱਤਤਾ ਅਤੇ ਬੱਚਿਆਂ ਦੀ ਪੜ੍ਹਾਈ ਨਾਲ ਜੁੜੇ ਵਿਸ਼ਿਆਂ 'ਤੇ ਵਿਚਾਰ ਵਟਾਂਦਰਾ ਹੁੰਦਾ ਹੈ।

ਬਹੁਤ ਸਾਰੇ ਦੇਸ਼ਾਂ ਵਿੱਚ ਅਧਿਆਪਕ ਜਥੇਬੰਦੀਆਂ ਵਿਸ਼ੇਸ਼ ਸਮਾਗਮ ਕਰਵਾਉਂਦੀਆਂ ਹਨ। ਐਜੂਕੇਸ਼ਨ ਇੰਟਰਨੈਸ਼ਨਲ (ਈ.ਆਈ.) ਇਕ ਅੰਤਰਰਾਸ਼ਟਰੀ ਜਥੇਬੰਦੀ ਹੈ, ਜਿਸ ਦੀਆਂ 401 ਮੈਂਬਰ ਜਥੇਬੰਦੀਆਂ ਹਨ, ਜੋ ਇਹ ਦਿਨ ਮਨਾਉਂਦੀਆਂ ਹਨ। ਵੱਖ-ਵੱਖ ਦੇਸ਼ਾਂ ਵਿੱਚ ਕਈ ਜਥੇਬੰਦੀਆਂ ਹਨ ਜਿਵੇਂ ਆਲ ਇੰਡੀਆ ਸੈਕੰਡਰੀ ਟੀਚਰਜ਼ ਫੈਡਰੇਸ਼ਨ, ਕੈਨੇਡੀਅਨ ਟੀਚਰਜ ਫੈਡਰੇਸ਼ਨ, ਦਾ ਅਸਟਰੇਲੀਅਨ ਐਜੂਕੇਸ਼ਨ ਯੂਨੀਅਨ, ਜਾਪਾਨ ਟੀਚਰਜ਼ ਯੂਨੀਅਨ, ਨੈਸ਼ਨਲ ਯੂਨੀਅਨ ਆਫ ਟੀਚਰਜ਼ (ਯੂ.ਕੇ.), ਨੈਸ਼ਨਲ ਐਜੂਕੇਸ਼ਨ ਐਸੋਸੀਏਸ਼ਨ ਯੂਨਾਈਟਿਡ ਸਟੇਟਸ ਆਦਿ।

ਭਾਵੇਂ ਭਾਰਤ ਵਿਚ ਅੱਜ ਇਹ ਦਿਨ ਨਹੀਂ ਮਨਾਇਆ ਜਾ ਰਿਹਾ, ਫਿਰ ਵੀ ਸਾਨੂੰ ਵਿਸ਼ਵ ਦੇ ਦੂਜੇ ਦੇਸ਼ਾਂ ਵਾਂਗ ਆਪਣੇ ਅਧਿਆਪਕਾਂ ਨੂੰ ਯਾਦ ਕਰਨਾ ਚਾਹੀਦਾ ਹੈ, ਜਿਨ੍ਹਾਂ ਨੇ ਸਾਨੂੰ ਪੜ੍ਹਾਇਆ ਲਖਾਇਆ ਤੇ ਚੰਗੀ ਜੀਵਨ ਜਾਂਚ ਲਈ ਸੇਧ ਦਿੱਤੀ।

*3 ਅਕਤੂਬਰ 2015*

# ਅਮਰੀਕਾ ਦਾ ਧਰਤੀ ਚੁੱਕ ਅਵਤਾਰ ਸਿੰਘ



ਅਮਰੀਕਾ ਦੇ ਓਹਾਇਹੋ ਸੂਬੇ ਦੇ ਸਪਰਿੰਗਫ਼ੀਲਡ ਵਿੱਚ ਨਿਵਾਸ ਕਰਨ ਵਾਲੇ ਅਵਤਾਰ ਸਿੰਘ ਖੇਡ ਮੇਲਿਆਂ ਦਾ ਸ਼ਿੰਗਾਰ ਹਨ। ਉਨ੍ਹਾਂ ਨੂੰ ਧਰਤੀ ਚੁੱਕ ਅਵਤਾਰ ਸਿੰਘ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਜਦ ਖੇਡ ਮੇਲਿਆਂ ਵਿੱਚ ਮੈਚ ਦੀ ਬ੍ਰੇਕ ਦਾ ਸਮਾਂ ਹੁੰਦਾ ਹੈ ਤਾਂ ਉਨ੍ਹਾਂ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਉਹ ਹੁਣ ਖੇਡ ਦੇ ਮੈਦਾਨ ਵਿੱਚ ਆ ਕੇ ਆਪਣੇ ਜੌਹਰ ਦਿਖਾਉਣ। ਉਹ ਗੱਦੀ ਰੱਖ ਕੇ ਸਿਰ ਪਰਨੇ ਸਿੱਧੇ ਉਲਟ ਖੜ੍ਹੇ ਹੋ ਜਾਂਦੇ ਹਨ। ਮੈਦਾਨ ਤਾੜੀਆਂ ਨਾਲ ਗੂੰਜ ਉੱਠਦਾ ਹੈ। ਉਹ ਕਾਫ਼ੀ ਸਮਾਂ ਇਸੇ ਅਵਸਥਾ ਵਿੱਚ ਉਲਟ ਖੜ੍ਹੇ ਰਹਿੰਦੇ ਹਨ। ਖੇਡ ਮੇਲੇ ਦੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਦਾ ਉਨ੍ਹਾਂ ਦੀ ਉਮਰ ਅਨੁਸਾਰ ਮੁਕਾਬਲਾ ਕਰਨ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ ਪਰ ਇਸ ਆਯੂਗੁੱਟ ਵਿੱਚ ਬਹੁਤ ਘੱਟ ਖਿਡਾਰੀ ਉਨ੍ਹਾਂ ਦੇ ਮੁਕਾਬਲੇ 'ਤੇ ਆਏ, ਜਿਹੜੇ ਆਏ ਵੀ ਉਨ੍ਹਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਉਹ ਪਿਛਲੇ 8 ਸਾਲ ਤੋਂ ਆਪਣੇ ਕਰਤੱਵ ਦਾ ਮੁਜ਼ਾਹਰਾ ਕਰਦੇ ਆ ਰਹੇ ਹਨ।

ਉਹ ਇੱਕ ਚੰਗੇ ਦੌੜਾਕ ਵੀ ਹਨ। ਉਹ 200 ਮੀਟਰ ਦੌੜ ਵਿੱਚ ਖੇਡਦੇ ਹਨ। ਉਹ ਈਸਟ ਕੋਸਟ ਤੇ ਮਿਡਵੈਸਟ ਦੇ ਕਈ ਖੇਡ ਟੂਰਨਾਮੈਂਟਾਂ ਵਿੱਚ ਭਾਗ ਲੈ ਚੁੱਕੇ ਹਨ। ਉਨ੍ਹਾਂ ਨੂੰ ਕਈ ਨਾਮਵਰ ਸ਼ਖਸੀਅਤਾਂ ਜਿਵੇਂ ਪ੍ਰਿੰ. ਸਰਵਣ ਸਿੰਘ, ਕਬੱਡੀ ਖਿਡਾਰੀ ਫਿੱਡੂ, ਸ. ਬਲਦੇਵ ਸਿੰਘ ਸੱਲਾ, ਸ. ਹਰਿੰਦਰ ਸਿੰਘ ਵਾਲੀਆ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ, ਸਿਨਸਿਨਾਟੀ, ਮੀਰੀ ਪੀਰੀ ਸਪੋਰਟਸ ਕਲੱਬ ਇੰਡੀਅਨ ਐਪਲਿਸ (ਇੰਡੀਆਨਾ), ਪੰਜਾਬ ਸਪੋਰਟਸ ਕਲੱਬ ਆਫ਼ ਕਲੀਵਲੈਂਡ, ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਡੇਟਨ ਵੱਲੋਂ ਸਨਮਾਨ ਕੀਤਾ ਜਾ ਚੁੱਕਾ ਹੈ।

ਉਹ ਤੇ ਉਨ੍ਹਾਂ ਦਾ ਪਰਿਵਾਰ ਸਮਾਜ ਸੇਵੀ ਕਾਰਜਾਂ ਵਿੱਚ ਵੀ ਜੁਟਿਆ ਹੋਇਆ ਹੈ। ਉਹ ਹਰ ਸਾਲ ਸਪਰਿੰਗਫ਼ੀਲਡ ਮੇਲੇ ਵਿੱਚ ਭਾਗ ਲੈਂਦੇ ਹਨ। ਉਨ੍ਹਾਂ ਵਲੋਂ ਅਮਰੀਕੀਆਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਲਈ ਲਾਗਦੇ ਸ਼ਹਿਰਾਂ ਦੇ ਸਿੱਖਾਂ ਦੇ ਸਹਿਯੋਗ ਨਾਲ ਪ੍ਰਦਰਸ਼ਨੀ ਲਾਈ ਜਾਂਦੀ ਹੈ ਤੇ ਮੁਫ਼ਤ ਸਾਹਿਤ ਵੰਡਿਆ ਜਾਂਦਾ ਹੈ। ਅਮਰੀਕੀਆਂ ਦੇ ਮਨੋਰੰਜਨ ਲਈ ਮੇਲੇ ਵਿਚ ਗਿੱਧਾ ਤੇ ਭੰਗੜਾ ਪਾਇਆ ਜਾਂਦਾ ਹੈ। ਜਦ ਢੋਲ 'ਤੇ ਡੱਗਾ ਵਜਦਾ ਹੈ ਤਾਂ ਗੋਰੇ ਗੋਰੀਆਂ ਵੀ ਨੱਚਣ ਲਗਦੇ ਹਨ। ਪ੍ਰਬੰਧਕਾਂ

ਵਲੋਂ ਉਨ੍ਹਾਂ ਦੀ ਟੀਮ ਨੂੰ ਕਈ ਵੇਰ ਸਨਮਾਨਿਤ ਕੀਤਾ ਜਾ ਚੁੱਕਾ ਹੈ। ਮੈਮੋਰੀਅਲ ਡੇਅ ਵਿਚ ਉਹ ਭਾਗ ਲੈਂਦੇ ਹਨ ਤੇ ਸਿੱਖ ਝਾਕੀ ਰਾਹੀਂ ਸਿੱਖਾਂ ਦੀ ਵਿਲੱਖਣ ਪਛਾਣ ਬਾਰੇ ਲੋਕਾਂ ਨੂੰ ਜਾਣੂ ਕਰਵਾਉਂਦੇ ਹਨ। ਬਾਬਾ ਗੁਰਦਿੱਤਾ ਜੀ ਦਾ ਆਗਮਨ ਪੁਰਬ ਵੀ ਆਪਣੇ ਘਰ ਬੜੀ ਸ਼ਰਧਾ ਨਾਲ ਮਨਾਉਂਦੇ ਹਨ। ਉਨ੍ਹਾਂ ਨੂੰ ਮੈਂਟਲ ਹੈਲਥ ਐਂਡ ਰੀਕਵਰੀ ਬੋਰਡ ਆਫ਼ ਕਲਾਰਕ ਐਂਡ ਮੈਡੀਸਨ ਕਾਉਂਟੀਜ਼ ਵੱਲੋਂ 20 ਜੂਨ 2016 ਨੂੰ ਡੈਲਵਿਨ ਐਮ ਹਰਸ਼ਾਵ ਐਡਵੋਕੇਟ ਆਫ਼ ਦ ਯੀਅਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

# ਅਮਰੀਕੀ ਫ਼ੌਜ ਦਾ ਪਹਿਲਾ ਸਿੱਖ ਕਰਨਲ
# ਡਾ. ਅਰਜਿੰਦਰਪਾਲ ਸੇਖੋਂ



ਅਮਰੀਕਾ ਦੇ ਪ੍ਰਸਿੱਧ ਸ਼ਹਿਰ ਯੂਬਾ ਸਿਟੀ ਦਾ ਨਿਵਾਸੀ ਡਾ. ਅਰਜਿੰਦਰ ਪਾਲ ਸਿੰਘ ਸੇਖੋਂ ਸੰਨ 1982 ਵਿਚ ਅਮਰੀਕੀ ਫ਼ੌਜ ਵਿਚ ਭਰਤੀ ਹੋਇਆ ਸੀ। ਉਹ ਪਹਿਲਾ ਭਾਰਤੀ ਡਾਕਟਰ ਸਿੱਖ ਹੈ ਜੋ ਅਮਰੀਕੀ ਫ਼ੌਜ ਵਿਚ ਕਰਨਲ ਰੈਂਕ ਤਕ ਅਪੜਿਆ ਤੇ 25 ਸਾਲ ਦੀ ਨੌਕਰੀ ਪਿੱਛੋਂ 30 ਜਨਵਰੀ 2009 ਨੂੰ ਸੇਵਾ-ਮੁਕਤ ਹੋਇਆ ਹੈ। ਅਮਰੀਕਾ ਵਿਚ ਉਹ ਕਰਨਲ ਸੇਖੋਂ ਦੇ ਨਾਂ ਨਾਲ ਮਸ਼ਹੂਰ ਹੈ। ਉਹ ਪਹਿਲਾ ਭਾਰਤੀ ਸਿੱਖ ਹੈ ਜਿਸ ਨੂੰ 6 ਵਾਰ ਵੱਖ-ਵੱਖ 5 ਬਟਾਲੀਅਨਾਂ ਅਤੇ ਇਕ ਵਿਸ਼ੇਸ਼ ਆਪਰੇਸ਼ਨ ਬ੍ਰਿਗੇਡ ਦੀ ਕਮਾਂਡ ਕਰਨ ਲਈ ਚੁਣਿਆ ਗਿਆ। ਉਸ ਨੇ ਸਾਲ 1991 ਵਿਚ ਪਰਸ਼ੀਅਨ ਗਲਫ਼ ਵਾਰ ਤੇ ਬਾਅਦ ਵਿਚ ਸਾਲ 2003 ਵਿਚ ਇਰਾਕ ਅਤੇ ਅਫ਼ਗਾਨਿਸਤਾਨ ਦੀ ਲੜਾਈ ਵਿਚ ਭਾਗ ਲਿਆ। ਉਸ ਨੂੰ ਪ੍ਰੈਜ਼ੀਡੈਂਟ ਯੂਨਿਟ ਸਾਈਟੇਸ਼ਨ, ਜੁਆਇੰਟ ਮੈਰੀਟੋਰੀਅਸ ਯੂਨਿਟ ਪੁਰਸਕਾਰ, ਆਰਮੀ ਫ਼ਲਾਇਟ ਸਰਜਨ ਬੈਜ, 6 ਆਰਮੀ ਕੌਮੈਂਡੇਸ਼ਨ ਮੈਡਲ, 2 ਨੈਸ਼ਨਲ ਡੀਫ਼ੈਂਸ ਮੈਡਲ, 2 ਆਰਮੀ ਅਚੀਵਮੈਂਟ ਮੈਡਲ ਅਤੇ ਇਕ ਗਲੋਬਲ ਵਾਰ ਅਗੇਂਸਟਨ ਟੈਰਿਜ਼ਮ ਮੈਡਲ ਨਾਲ ਨਿਵਾਜਿਆ ਗਿਆ। ਸੁਰੱਖਿਆ ਵਿਭਾਗ ਦੇ ਸੈਕਟਰੀ ਨੇ ਸ਼ੀਤ ਯੁੱਧ ਵਿਚ ਭਾਗ ਲੈਣ ਅਤੇ ਜਿੱਤ ਪ੍ਰਾਪਤ ਕਰਨ ਲਈ ਉਸ ਨੂੰ 'ਸਰਟੀਫਿਕੇਟ ਆਫ਼ ਅਚੀਵਮੈਂਟ' ਪ੍ਰਦਾਨ ਕੀਤਾ ਹੈ। ਸਾਲ 1998 ਵਿਚ ਉਨ੍ਹਾਂ ਦੀ ਬਟਾਲੀਅਨ ਨੇ ਹੀ ਉਨ੍ਹਾਂ ਦੀ ਅਗਵਾਈ ਵਿਚ ਐਕਸਰਸਾਇਜ਼ ਔਪਟੀਮਮ ਫੋਕਸ ਪਾਸ ਕੀਤਾ। ਬਤੌਰ ਪਾਇਲਟ ਉਨ੍ਹਾਂ ਇੱਕ ਇੰਜਣ ਵਾਲੇ ਜਹਾਜ਼, ਕਈ ਇੰਜਣਾਂ ਵਾਲੇ ਜਹਾਜ਼ ਅਤੇ ਜੰਗ ਵਿਚ ਵਰਤੇ ਜਾਂਦੇ ਹੈਲੀਕਾਪਟਰ ਉਡਾਏ ਹਨ।

ਰਈਆ (ਅੰਮ੍ਰਿਤਸਰ) ਦੇ ਲਾਗਲੇ ਪਿੰਡ ਵਡਾਲਾ ਕਲਾਂ ਵਿਚ 30 ਜਨਵਰੀ, 1949 ਨੂੰ ਜਨਮੇ ਸੇਖੋਂ ਨੇ ਮੁਢਲੀ ਵਿੱਦਿਆ ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ ਸੀ। ਸੰਨ 1964 ਵਿਚ ਹਾਇਰ ਸੈਕੰਡਰੀ ਕਰਨ ਪਿੱਛੋਂ 1965 ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰੀ-ਮੈਡੀਕਲ ਕੀਤੀ ਅਤੇ ਫਿਰ ਸਰਕਾਰੀ

ਮੈਡੀਕਲ ਕਾਲਜ ਅੰਮ੍ਰਿਤਸਰ ਤੋਂ 1971 ਵਿਚ ਐੱਮ.ਬੀ.ਬੀ.ਐੱਸ. ਕਰ ਕੇ 1973 ਵਿਚ ਅਮਰੀਕਾ ਆ ਗਏ। ਉਨ੍ਹਾਂ ਦੇ ਪਿਤਾ ਸ. ਅਜਾਇਬ ਸਿੰਘ ਸੇਖੋਂ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਡੀ.ਪੀ.ਈ. ਸਨ। ਅਮਰੀਕਾ 'ਚ ਉਚੇਰੀ ਪੜ੍ਹਾਈ ਕਰ ਕੇ ਇੰਟਰਨਲ ਮੈਡੀਸਨ ਪਲਮੋਨਰੀ ਮੈਡੀਸਨ ਦਾ ਸਪੈਸ਼ਲਿਸਟ ਭਾਵ ਫ਼ੇਫੜਿਆਂ ਦੇ ਮਾਹਰ ਡਾਕਟਰ ਹੋਣ ਦਾ ਮਾਣ ਪ੍ਰਾਪਤ ਕੀਤਾ। ਉਨ੍ਹਾਂ ਦੀ ਯੋਗਤਾ ਨੂੰ ਵੇਖਦੇ ਹੋਏ ਉਨ੍ਹਾਂ ਨੂੰ ਅਮੈਰਿਕਨ ਕਾਲਜ ਆਫ਼ ਫਿਜ਼ਿਸ਼ੀਅਨਜ਼, ਅਮੈਰਿਕਨ ਕਾਲਜ ਆਫ਼ ਚੈਸਟ ਫਿਜ਼ਿਸ਼ੀਅਨਜ਼ ਅਤੇ ਅਮੈਰਿਕਨ ਕਾਲਜ ਆਫ਼ ਐਨਜੀਓਲੋਜੀ ਦੀ ਫੈਲੋਸ਼ਿਪ ਦਿੱਤੀ ਗਈ। ਉਨ੍ਹਾਂ ਯੂਨੀਵਰਸਿਟੀ ਆਫ਼ ਨਾਰਥਰਨ ਕੈਲੀਫ਼ੋਰਨੀਆ ਲਾਅ ਸਕੂਲ ਤੋਂ ਜੂਰਿਸਟ ਡਿਗਰੀ ਅਤੇ ਯੂਨਾਈਟਡ ਸਟੇਟਸ ਆਰਮੀ ਵਾਰ ਕਾਲਜ ਐਂਡ ਸਟਰੈਟਿਕ ਸਟੱਡੀਜ਼ ਤੋਂ ਮਾਸਟਰ ਦੀ ਡਿਗਰੀ ਪ੍ਰਾਪਤ ਕੀਤੀ।

ਫ਼ੌਜ ਵਿਚ ਵੀ ਉਨ੍ਹਾਂ ਆਪਣੀ ਪੜ੍ਹਾਈ ਜਾਰੀ ਰੱਖੀ ਅਤੇ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਿਆ। ਉਨ੍ਹਾਂ ਫਲਾਇਟ ਸਰਜਨ ਦੀ ਗ੍ਰੈਜੂਏਸ਼ਨ ਦੀ ਡਿਗਰੀ ਯੂਨਾਇਟਡ ਸਟੇਟਸ ਆਰਮੀ ਕਾਲਜ ਆਫ਼ ਏਵੀਏਸ਼ਨ ਮੈਡੀਸਨ ਤੋਂ ਪ੍ਰਾਪਤ ਕੀਤੀ। ਉਨ੍ਹਾਂ ਨੈਸ਼ਨਲ ਸਿਕ੍ਯੂਰਟੀ ਸਟਰੈਟਜੀ ਕੋਰਸ ਦੀ ਗਰੈਜੂਏਸ਼ਨ, ਨੈਸ਼ਨਲ ਡਿਫੈਂਸ ਯੂਨੀਵਰਸਿਟੀ ਤੋਂ ਕੀਤੀ। ਨੈਸ਼ਨਲ ਡਿਫੈਂਸ ਸਟਰੈਟਜੀ ਕੋਰਸ ਦੀ ਗਰੈਜੂਏਸ਼ਨ ਉਨ੍ਹਾਂ ਆਰਮੀ ਵਾਰ ਕਾਲਜ ਤੋਂ ਕੀਤੀ। ਉਨ੍ਹਾਂ ਸਾਈਕੋਲੌਜੀਕਲ ਵਾਰਫੇਅਰ ਅਫ਼ਸਰ, ਸਿਵਲ-ਮਿਲਟਰੀ ਅਪਰੇਸ਼ਨ ਅਫ਼ਸਰ ਬਣਨ ਤੇ ਹੋਰ ਖੇਤਰਾਂ ਵਿਚ ਮੁਹਾਰਤ ਹਾਸਲ ਕਰਨ ਲਈ ਵੱਖ-ਵੱਖ ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਪੜ੍ਹਾਈ ਕੀਤੀ, ਜਿਨ੍ਹਾਂ ਵਿਚ ਜੌਹਨ ਐਫ਼ ਕੈਨੇਡੀ ਸਕੂਲ ਆਫ਼ ਸਪੈਸ਼ਲ ਵਾਰਫੇਅਰ ਸੈਂਟਰ, ਯੂਨਾਈਟਿਡ ਸਟੇਟਸ ਮਾਰੀਨ ਕਾਰਪਸ ਕਮਾਂਡ ਐਂਡ ਸਟਾਫ਼ ਕਾਲਜ, ਯੂਨਾਈਟਿਡ ਸਟੇਟਸ ਆਰਮੀ ਕਮਾਂਡ ਐਂਡ ਜਨਰਲ ਸਟਾਫ਼ ਕਾਲਜ, ਯੂਨਾਈਟਿਡ ਸਟੇਟਸ ਏਅਰ ਫੋਰਸ ਏਅਰ ਵਾਰ ਕਾਲਜ ਸ਼ਾਮਲ ਹਨ, ਤੋਂ ਪੜ੍ਹਾਈ ਕੀਤੀ। ਇੰਜ ਉਹ ਅਮਰੀਕੀ ਫ਼ੌਜ ਵਿਚ ਆਪਣੇ ਸਮੇਂ ਸਭ ਤੋਂ ਵੱਧ ਪੜ੍ਹੇ-ਲਿਖੇ ਵਿਅਕਤੀ ਸਨ।

ਉਨ੍ਹਾਂ ਸਾਲ 2006 ਵਿਚ ਅਮਰੀਕੀ ਸਿਆਸਤ ਵਿਚ ਭਾਗ ਲਿਆ ਤੇ ਯੂਨਾਈਟਿਡ ਸਟੇਟਸ ਹਾਊਸ ਆਫ਼ ਰਿਪਰੀਜ਼ੈਨਟੇਟਿਵ ਲਈ ਡੈਮੋਕਰੈਟਿਕ ਪਾਰਟੀ ਦੀ ਨਾਮਜ਼ਦਗੀ ਪ੍ਰਾਪਤ ਕੀਤੀ। ਉਹ ਪਹਿਲੇ ਭਾਰਤੀ ਡਾਕਟਰ ਸਨ ਜਿਨ੍ਹਾਂ ਆਪਣੇ ਵਿਰੋਧੀ ਅਮਰੀਕੀ ਜਨਮੇ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਨੂੰ ਮੁਢਲੀਆਂ ਚੋਣਾਂ ਵਿਚ 5000 ਤੋਂ ਵੱਧ ਵੋਟਾਂ ਨਾਲ ਹਰਾਇਆ। ਉਹ ਪਹਿਲੇ ਸਿੱਖ ਕਰਨਲ ਹਨ ਜਿਨ੍ਹਾਂ ਦਾ ਨਾਂ ਯੂਨਾਇਟਡ ਸਟੇਟਸ ਕਾਂਗਰਸ ਲਾਇਬਰੇਰੀ ਵਿਚ ਬਤੌਰ ਬਟਾਲੀਅਨ ਕਮਾਂਡਰ ਦਰਜ ਕੀਤਾ ਗਿਆ ਹੈ। ਉਹ ਜਦ ਪੰਜ ਸਾਲ ਦੇ ਸਨ ਤਾਂ ਉਨ੍ਹਾਂ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਗੁਰਦੁਆਰੇ ਵਿਚ ਸੰਗਤ ਨੂੰ ਅੰਮ੍ਰਿਤ ਪਾਨ ਕਰਦਿਆਂ ਵੇਖਿਆ। ਉਹ ਏਨਾ ਪ੍ਰਭਾਵਿਤ ਹੋਏ ਕਿ ਉਹ ਵੀ ਅੰਮ੍ਰਿਤ ਪਾਨ ਕਰਨ ਵਾਲਿਆਂ ਦੀ ਕਤਾਰ ਵਿਚ ਲੱਗ ਗਏ। ਉਨ੍ਹਾਂ ਦੇ ਪਿਤਾ ਉਸ ਸਮੇਂ ਕਾਲਜ ਵਿਚ ਸਨ। ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿਚ ਉਨ੍ਹਾਂ ਨੇ ਜ਼ਿੱਦ

ਕਰ ਕੇ ਅੰਮ੍ਰਿਤ ਪਾਨ ਕੀਤਾ, ਜਿਸ ਨੂੰ ਉਹ ਅੱਜ ਤੀਕ ਨਿਭਾਅ ਰਹੇ ਹਨ। ਅੱਜਕੱਲ੍ਹ ਉਹ ਬੀਮਾਰ ਹੋਣ ਕਰਕੇ ਸੈਕਰਾਮੈਂਟ ਦੇ ਇਕ ਹਸਪਤਾਲ ਦਾਖ਼ਲ ਹਨ। ਉਹ ਮੇਰੇ ਛੇਵੀਂ ਜਮਾਤ ਤੋਂ ਪ੍ਰੀ-ਮੈਡੀਕਲ ਤੀਕ ਜਮਾਤੀ ਰਹੇ ਹਨ ਤੇ ਮੇਰੇ ਗੂੜ੍ਹੇ ਮਿੱਤਰ ਹਨ। ਉਨ੍ਹਾਂ ਨੂੰ ਮਿਲਣ ਲਈ ਮੈਂ ਅਕਸਰ ਜਾਂਦਾ ਰਹਿੰਦਾ ਹਾਂ। ਉਹ ਬੋਲ ਨਹੀਂ ਸਕਦੇ ਤੇ ਲਿਖ ਕੇ ਗੱਲਾਂ ਕਰਦੇ ਹਨ।

*23 ਅਕਤੂਬਰ 2013*

# ਫ਼ਿਲਮਸਾਜ਼ : ਜੋਗਿੰਦਰ ਸਿੰਘ ਕਲਸੀ



ਜਲੰਧਰ ਜ਼ਿਲ੍ਹੇ ਦੇ ਇਤਿਹਾਸਕ ਪਿੰਡ ਢੇਸੀਆਂ ਸੰਗ ਦੇ ਜੰਮਪਲ ਤੇ ਇਸ ਸਮੇਂ ਕੈਨੇਡਾ ਵਿਚ ਨਿਵਾਸ ਕਰਨ ਵਾਲੇ ਜੋਗਿੰਦਰ ਸਿੰਘ ਕਲਸੀ ਪੰਜਾਬੀ ਸਭਿਆਚਾਰ, ਸਿੱਖ ਧਰਮ ਅਤੇ ਪ੍ਰਸਿੱਧ ਸ਼ਖ਼ਸੀਅਤਾਂ ਬਾਰੇ ਦਸਤਾਵੇਜ਼ੀ ਫ਼ਿਲਮਾਂ ਬਨਾਉਣ ਕਰਕੇ ਵਿਸ਼ਵ ਭਰ ਵਿਚ ਜਾਣੀ ਪਛਾਣੀ ਸ਼ਖ਼ਸੀਅਤ ਹਨ। ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਅਤੇ ਉੱਥੋਂ ਦੇ ਵਸਨੀਕਾਂ ਲਈ ਡਾਕੂਮੈਂਟਰੀਆਂ ਬਨਾਉਣ ਲਈ ਉਨ੍ਹਾਂ ਨੇ ਇਕ ਸੰਸਥਾ ਵਜੋਂ ਕੰਮ ਕੀਤਾ ਹੈ ਤੇ ਉਨ੍ਹਾਂ ਦਾ ਸਫ਼ਰ ਅਜੇ ਜਾਰੀ ਹੈ। ਡਾਕੂਮੈਂਟਰੀਆਂ ਤੋਂ ਇਲਾਵਾ ਉਨ੍ਹਾਂ ਦਾ ਯੂ ਟਿਊਬ ਉਪਰ ਇਕ ਜੋਗਿੰਦਰ ਕਲਸੀ ਟੀ.ਵੀ. ਚੈਨਲ ਵੀ ਹੈ ਜਿਸ ਨੂੰ ਲੱਖਾਂ ਲੋਕ ਵੇਖ ਚੁੱਕੇ ਹਨ। ਇਸ 'ਤੇ ਉਨ੍ਹਾਂ ਨੇ ਆਪਣੀਆਂ ਡਾਕੂਮੈਂਟਰੀਆਂ ਦੇ ਕਲਿਪ ਪਾਉਣ ਤੋਂ ਇਲਾਵਾ ਕਈਆਂ ਦੀਆਂ ਮੁਲਾਕਤਾਂ, ਸਭਿਆਚਾਰ ਨਾਲ ਸਬੰਧਤ ਗਾਣੇ, ਸਿੱਠਣੀਆਂ, ਸੁਹਾਗ ਦੇ ਗੀਤ ਵਗੈਰਾ ਪਾਏ ਹੋਏ ਹਨ, ਜਿਨ੍ਹਾਂ ਦਾ ਦਰਸ਼ਕ ਖ਼ੂਬ ਆਨੰਦ ਮਾਣਦੇ ਹਨ। 'ਰਮਤੇ ਨੂੰ ਚੜ੍ਹੀ ਜੁਆਨੀ' ਨੂੰ 3 ਲਖ ਤੋਂ ਵੀ ਵਧ ਲੋਕ ਵੇਖ ਚੁੱਕੇ ਹਨ। ਯੂ ਟਿਊਬ ਦੇ ਟੀ.ਵੀ. ਚੈਨਲ ਦਾ ਇਕ ਫ਼ਾਇਦਾ ਹੈ ਕਿ ਇਸ ਨੂੰ ਬਨਾਉਣ ਵਾਲੇ ਤੇ ਵੇਖਣ ਵਾਲੇ ਨੂੰ ਪੈਸਾ ਨਹੀਂ ਖ਼ਰਚਣਾ ਪੈਂਦਾ। ਦੂਜਾ, ਇਸ ਨੂੰ ਜਦੋਂ ਮਰਜ਼ੀ ਇੰਟਰਨੈੱਟ ਉਪਰ ਵੇਖ ਲਵੋ, ਕੋਈ ਸਮੇਂ ਦੀ ਪਾਬੰਦੀ ਨਹੀਂ।

ਹਿੰਦੂ ਤੇ ਸਿੱਖ ਧਰਮ ਵਿਚ ਵਿਆਹ ਦੀ ਰਸਮ ਦਾ ਬਹੁਤ ਮਹੱਤਵ ਹੈ। ਸਭ ਤੋਂ ਪਹਿਲਾਂ ਉਨ੍ਹਾਂ ਨੇ ਇਸ 'ਤੇ 1998 ਵਿਚ 'ਦਾ ਵੈਡਿੰਗ ਸੈਰੀਮਨੀਜ਼ (ਟੂ ਹਾਰਟਜ਼)' ਨਾਂ ਦੀ ਡਾਕੂਮੈਂਟਰੀ ਬਣਾਈ, ਜੋ ਅੰਗਰੇਜ਼ੀ ਵਿਚ ਹੈ। ਖਾਲਸਾ ਪੰਥ ਦੇ 300 ਸਾਲਾ ਸਾਜਨਾ ਵਰ੍ਹੇ 'ਤੇ 1999 ਵਿਚ 'ਦਾ ਖਾਲਸਾ (ਦਾ ਸੇਂਟ ਸੋਲਜ਼ੀਅਰ)' ਨਾਂ ਦੀ ਡਾਕੂਮੈਂਟਰੀ ਹਿੰਦੁਸਤਾਨੀ ਤੇ ਅੰਗਰੇਜ਼ੀ ਵਿਚ ਬਣਾਈ। 'ਗੁਰੂ ਗ੍ਰੰਥ ਸਾਹਿਬ (ਦਾ ਸਿੱਖ ਸਕਰਿਪਚਰਜ਼)' ਸਿਰਲੇਖ ਹੇਠ 2001 ਵਿਚ ਇਕ ਦਸਤਾਵੇਜ਼ੀ ਫਿਲਮ ਫ਼ਰਾਂਸੀਸੀ, ਹਿੰਦੁਸਤਾਨੀ ਤੇ ਅੰਗਰੇਜ਼ੀ ਵਿਚ ਬਣਾਈ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ, ਬਾਣੀਕਾਰ ਅਤੇ ਇਸ ਦਾ ਸਿੱਖੀ ਜੀਵਨ ਵਿਚ ਮਹੱਤਵ 'ਤੇ ਚਾਨਣਾ ਪਾਇਆ ਗਿਆ ਹੈ। ਪੰਜਾਬ ਦੇ ਪਿੰਡਾਂ ਤੋਂ ਜਾਣੂ ਕਰਾਉਣ ਲਈ ਉਨ੍ਹਾਂ ਨੇ 2003 ਈ. ਅੰਗਰੇਜ਼ੀ ਤੇ ਪੰਜਾਬੀ ਵਿਚ

'ਏ ਪੰਜਾਬੀ ਵਿਲੇਜ਼' ਨਾਂ ਦੀ ਦਸਤਾਵੇਜ਼ੀ ਬਣਾਈ। ਇਸ ਵਿਚ ਪੇਂਡੂ ਜੀਵਨ ਨੂੰ ਦਰਸਾਉਣ ਦੇ ਨਾਲ ਨਾਲ ਸ਼ਹਿਰੀਕਰਨ ਦਾ ਪਿੰਡਾਂ 'ਤੇ ਪੈ ਰਹੇ ਪ੍ਰਭਾਵ ਨੂੰ ਵੀ ਉਨ੍ਹਾਂ ਨੇ ਪੇਸ਼ ਕੀਤਾ ਹੈ।

2006 ਈ. ਵਿਚ ਅੰਮ੍ਰਿਤਸਰ ਸ਼ਹਿਰ 'ਤੇ ਉਨ੍ਹਾਂ ਦੀ ਦਸਤਾਵੇਜ਼ੀ ਫਿਲਮ ਇਕ ਮੀਲ ਪੱਥਰ ਹੈ।ਅੰਗਰੇਜ਼ੀ ਤੇ ਪੰਜਾਬੀ ਵਿਚ 'ਦਾ ਸਿਟੀ ਆਫ਼ ਅੰਮ੍ਰਿਤਸਰ' ਨਾਂ ਦੀ ਇਸ ਦਸਤਾਵੇਜ਼ੀ ਫਿਲਮ ਵਿਚ ਉਨ੍ਹਾਂ ਨੇ ਅੰਮ੍ਰਿਤਸਰ ਬਾਰੇ ਵੱਡਮੁੱਲੀ ਜਾਣਕਾਰੀ ਦਿੱਤੀ ਹੈ ਤਾਂ ਜੋ ਜਿਹੜੇ ਅੰਮ੍ਰਿਤਸਰ ਜਾ ਨਹੀਂ ਸਕੇ, ਉਹ ਵੀ ਗੁਰੂ ਕੀ ਨਗਰੀ ਤੋਂ ਜਾਣੂ ਹੋ ਸਕਣ। ਜਿਹੜੇ ਅੰਮ੍ਰਿਤਸਰ ਦੀ ਯਾਤਰਾ ਕਰਨੀ ਚਾਹੁੰਦੇ ਹਨ, ਉਨ੍ਹਾਂ ਲਈ ਵੀ ਇਸ ਵਿਚ ਵੱਡਮੁੱਲੀ ਜਾਣਕਾਰੀ ਹੈ। ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਜਦ ਇਸ ਫਿਲਮ ਨੂੰ ਭਗਤ ਪੂਰਨ ਸਿੰਘ ਪਿੰਗਲਵਾੜਾ ਚੈਰੀਟੇਬਲ ਟਰੱਸਟ ਦੀ ਪ੍ਰਧਾਨ ਡਾ. ਇੰਦਰਜੀਤ ਕੌਰ ਨੇ ਰਲੀਜ਼ ਕੀਤਾ ਤਾਂ ਉਹ ਬਹੁਤ ਪ੍ਰਭਾਵਿਤ ਹੋਏ ਤੇ ਉਨ੍ਹਾਂ ਕਲਸੀ ਨੂੰ ਭਗਤ ਪੂਰਨ ਸਿੰਘ ਉਪਰ ਵੀ ਦਸਤਾਵੇਜ਼ੀ ਫਿਲਮ ਬਨਾਉਣ ਲਈ ਕਿਹਾ। ਕਲਸੀ ਨੇ ਉਨ੍ਹਾਂ ਦੀ ਬੇਨਤੀ ਨੂੰ ਪ੍ਰਵਾਨ ਕਰ ਲਿਆ ਤੇ ਉਨ੍ਹਾਂ 2009 ਵਿਚ ਪੰਜਾਬੀ ਅਤੇ ਅੰਗਰੇਜ਼ੀ ਵਿਚ 'ਏ ਸੈਲਫਲੈਸ ਲਾਇਫ, ਬਾਇਓਗ੍ਰਾਫੀ ਆਫ਼ ਗ੍ਰੇਟ ਫਿਲੈਂਨਥਰੌਪਿਸਟ ਭਗਤ ਪੂਰਨ ਸਿੰਘ ਆਫ਼ ਪਿੰਗਲਵਾੜਾ' ਬਣਾਈ। ਇਸ ਨੂੰ ਪਿੰਗਲਵਾੜੇ ਦੇ ਖੁੱਲ੍ਹੇ ਮੈਦਾਨ ਵਿਚ ਸ਼ਹਿਰੀਆਂ ਦੇ ਭਰੇ ਇਕੱਠ ਵਿਚ ਸ. ਸੁਰਜੀਤ ਸਿੰਘ ਬਰਨਾਲਾ ਸਾਬਕਾ ਮੁੱਖ ਮੰਤਰੀ ਨੇ ਰਲੀਜ਼ ਕੀਤਾ। ਬਰਨਾਲਾ ਸਾਹਿਬ ਨੇ ਭਗਤ ਪੂਰਨ ਸਿੰਘ ਨਾਲ ਆਪਣੀਆਂ ਯਾਦਾਂ ਸਾਂਝੀਆਂ ਕਰਦੇ ਹੋਏ, ਇਸ ਦਸਤਾਵੇਜ਼ੀ ਫਿਲਮ ਦੀ ਭਰਪੂਰ ਪ੍ਰਸ਼ੰਸਾ ਕੀਤੀ। ਕਲਸੀ ਨੇ ਉਨ੍ਹਾਂ ਦੇ ਪਿੰਡ ਤੇ ਉਨ੍ਹਾਂ ਥਾਵਾਂ ਤੇ ਵਿਅਕਤੀਆਂ ਨੂੰ ਪੇਸ਼ ਕੀਤਾ ਹੈ, ਜਿਨ੍ਹਾਂ ਦਾ ਭਗਤ ਜੀ ਨਾਲ ਸੰਬੰਧ ਰਿਹਾ।

ਉਨ੍ਹਾਂ ਨੇ 2013 ਵਿਚ ਪੰਜਾਬੀ ਗਾਇਕ ਹਜ਼ਾਰਾ ਸਿੰਘ ਰਮਤਾ ਦੀ ਜੀਵਨੀ 'ਤੇ ਆਧਾਰਤ 'ਆਟੋਬਾਇਓਗ੍ਰਾਫ਼ੀ ਆਫ਼ ਹਜ਼ਾਰਾ ਸਿੰਘ ਰਮਤਾ—ਏ ਲਿਵਿੰਗ ਲੈਜੈਂਡ' ਪੰਜਾਬੀ ਵਿਚ ਬਣਾਈ। 2014 ਦੇ ਸ਼ੁਰੂ ਵਿਚ ਉਨ੍ਹਾਂ 'ਗੁਰਚਰਨ ਰਾਮਪੁਰੀ—ਇਕ ਪ੍ਰਗਤੀਸ਼ੀਲ ਕਵੀ' ਦੇ ਜੀਵਨ ਅਤੇ ਲੇਖਨ ਉਪਰ ਪੰਜਾਬੀ ਵਿਚ ਇਕ ਦਸਤਾਵੇਜ਼ੀ ਫਿਲਮ ਬਣਾਈ, ਜੋ ਟਰਾਂਟੋ ਵਿਖੇ ਰਿਲੀਜ਼ ਕੀਤੀ ਗਈ। 2014 ਦੇ ਹੀ ਅਖੀਰ ਵਿਚ ਉਨ੍ਹਾਂ ਨੇ ਪ੍ਰਸਿੱਧ ਪੰਜਾਬੀ ਤੇ ਉਰਦੂ ਦੇ ਨਾਮਵਰ ਸ਼ਾਇਰ 'ਸਰਦਾਰ ਪੰਛੀ' 'ਤੇ ਪੰਜਾਬੀ ਵਿਚ ਫਿਲਮ ਬਣਾਈ ਅਤੇ ਰਿਲੀਜ਼ ਕੀਤੀ ਹੈ। ਅੱਜ ਕਲ ਉਹ ਗ਼ਦਰੀ ਬਾਬਾ ਹਰਜਾਪ ਸਿੰਘ ਮਾਹਿਲਪੁਰ ਦੀ ਜੀਵਨੀ, ਪਨਾਮਾ ਦੇ ਗ਼ਦਰੀ ਬਾਬਾ ਅਮਰ ਸਿੰਘ ਸੰਧਵਾਂ ਅਤੇ ਸ਼ਿਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਰਾਮੂਵਾਲੀਆ ਦੀਆਂ ਜੀਵਨੀਆਂ ਉਪਰ ਦਸਤਾਵੇਜ਼ੀ ਫਿਲਮਾਂ ਬਨਾਉਣ ਵਿਚ ਰੁਝੇ ਹੋਏ ਹਨ।

ਉਨ੍ਹਾਂ ਦੀਆਂ ਕਈ ਡਾਕੂਮੈਂਟਰੀਆਂ ਕੈਨੇਡਾ ਦੇ ਪ੍ਰਸਿੱਧ ਟੀ.ਵੀ. ਚੈਨਲ ਵਿਜ਼ਨ ਅਤੇ ਸੀ.ਟੀ.ਐਸ. ਨੇ ਆਪਣੇ ਪ੍ਰੋਗਰਾਮਾਂ ਵਿਚ ਪ੍ਰਸਾਰਿਤ ਕੀਤੀਆਂ ਹਨ। ਭਗਤ ਪੂਰਨ ਸਿੰਘ 'ਤੇ ਦਸਤਾਵੇਜ਼ੀ ਫਿਲਮ ਪੱਛਮੀ ਸਭਿਆਚਾਰ ਲਈ ਇਕ ਚਾਨਣ ਮੁਨਾਰਾ ਹੈ ਕਿ ਭਗਤ ਜੀ ਨੇ ਦੁਖੀਆਂ ਦੇ ਦਰਦ ਨੂੰ ਪਛਾਣਿਆ 'ਤੇ ਇਕੱਲੇ ਤੌਰ 'ਤੇ ਇਕ ਸੰਸਥਾ

ਵਜੋਂ ਕੰਮ ਕੀਤਾ। ਮਦਰ ਟਰੇਸਾ ਪਿੱਛੇ ਸੰਸਥਾਵਾਂ ਸਨ ਪਰ ਭਗਤ ਜੀ ਦੀ ਪ੍ਰਾਪਤੀ ਇਹ ਸੀ ਕਿ ਉਨ੍ਹਾਂ ਨੇ ਵਿਅਕਤੀਗਤ ਤੌਰ ਤੇ ਕੰਮ ਕੀਤਾ, ਪਰ ਅਫ਼ਸੋਸ ਦੀ ਗੱਲ ਹੈ ਕਿ ਉਨ੍ਹਾਂ ਨੂੰ ਉਹ ਮਾਨਤਾ ਨਹੀਂ ਮਿਲੀ ਜੋ ਮਦਰ ਟਰੇਸਾ ਨੂੰ ਮਿਲੀ।

ਪੱਛਮੀ ਸਮਾਜ ਦੀ ਚਕਾਚੌਂਧ ਜ਼ਿੰਦਗੀ ਵਿਚ ਵਿਚਰਦੇ ਹੋਏ, ਜਿੱਥੇ ਉਨ੍ਹਾਂ ਨੇ ਉਪਰੋਕਤ ਦਸਤਾਵੇਜ਼ੀ ਫਿਲਮਾਂ ਰਾਹੀਂ ਆਪਣੀਆਂ ਜੜ੍ਹਾਂ ਨੂੰ ਅਣਗੌਲਿਆ ਨਹੀਂ ਕੀਤਾ, ਉੱਥੇ ਉਸ ਨੇ ਆਪਣੇ ਪਰਿਵਾਰ ਅਤੇ ਮਿੱਤਰਾਂ ਦੀ ਸਹਾਇਤਾ ਨਾਲ ਆਪਣੇ ਪਿੰਡ ਢੇਸੀਆਂ ਸੰਗ ਵਿਚ ਆਪਣੇ ਜੱਦੀ ਘਰ ਵਿਚ 'ਆਤਮਾ ਸਿੰਘ ਕਲਸੀ ਐਜ਼ੂਕੇਸ਼ਨ ਐਂਡ ਰੂਰਲ ਡੀਵੈਲਪਮੈਂਟ ਫਾਊਂਡੇਸ਼ਨ' ਵੱਲੋਂ ਬਾਬਾ ਸੰਗ ਪਬਲਿਕ ਲਾਇਬਰੇਰੀ ਬਣਾਈ ਹੈ। 2006 ਵਿਚ ਬਣਾਈ ਇਸ ਆਧੁਨਿਕ ਲਾਇਬਰੇਰੀ ਵਿਚ 10 ਕੰਪਿਊਟਰ ਹਨ। ਇਸ ਦਾ ਲਾਭ ਆਸ ਪਾਸ ਦੇ ਲਾਗਲੇ 28 ਪਿੰਡ ਉਠਾ ਰਹੇ ਹਨ। ਇਸ ਦੇ ਕਰੀਬ 650 ਮੈਂਬਰ ਹਨ ਜੋ ਲਗਾਤਾਰ ਆਉਂਦੇ ਹਨ। ਇਥੇ ਟਰੇਂਡ ਅਧਿਆਪਕ ਹਨ ਜੋ ਬੱਚਿਆਂ ਨੂੰ ਕੰਪਿਊਟਰ ਦੀ ਸਿਖਲਾਈ ਦਿੰਦੇ ਹਨ ਤੇ ਉਹ ਵੀ ਮੁਫ਼ਤ ਵਿਚ। ਕਲਸੀ ਅਨੁਸਾਰ ਲਾਇਬਰੇਰੀ ਬਗੈਰ ਸਕੂਲ ਅਧੂਰਾ ਹੈ। ਹਰ ਤਰ੍ਹਾਂ ਦੇ ਵਿਕਾਸ ਲਈ ਵਿਦਿਅਕ ਪ੍ਰਣਾਲੀ ਦੀ ਵਿਸ਼ੇਸ਼ ਅਹਿਮੀਅਤ ਹੈ। ਲਾਇਬਰੇਰੀ ਜਵਾਨ ਬੱਚਿਆਂ ਨੂੰ ਨਾ ਸਿਰਫ਼ ਪੜ੍ਹਾਈ ਨਾਲ ਜੋੜਦੀ ਹੈ ਬਲਕਿ ਕਈ ਹੋਰ ਉਸਾਰੂ ਦਿਲਚਸਪੀਆਂ ਵੀ ਪੈਦਾ ਕਰਦੀ ਹੈ ਜੋ ਬੱਚਿਆਂ ਨੂੰ ਵਿਹਲੇ ਘੁੰਮਣ ਫਿਰਨ ਤੇ ਨਸ਼ਿਆਂ ਦੀ ਵਰਤੋਂ ਤੋਂ ਰੋਕਣ ਵਿਚ ਸਹਾਇਕ ਸਾਬਤ ਹੁੰਦੇ ਹਨ। ਉਨ੍ਹਾਂ ਨੇ ਟੋਰਾਂਟੋ ਦੇ ਵਕੀਲ ਸੁਰਿੰਦਰ ਸਿੰਘ ਬਿਨੇਪਾਲ ਨੂੰ ਉਤਸ਼ਾਹਿਤ ਕਰਕੇ ਉਨ੍ਹਾਂ ਦੇ ਪਿੰਡ ਰੌਣੀ ਜੋ ਕਿ ਲੁਧਿਆਣੇ ਜਿਲ੍ਹੇ ਵਿਚ ਜਰਗ ਦੇ ਨੇੜੇ ਹੈ, ਲਾਇਬਰੇਰੀ ਸਥਾਪਤ ਕਰਵਾਈ। ਉਹ ਹੋਰ ਪਿੰਡਾਂ ਦੀਆਂ ਪੰਚਾਇਤਾਂ ਨੂੰ ਵੀ ਲਾਇਬਰੇਰੀਆਂ ਕਾਇਮ ਕਰਨ ਲਈ ਪ੍ਰੇਰ ਰਹੇ ਹਨ ਅਤੇ ਪੰਜ ਹੋਰ ਅਜੇਹੀਆਂ ਲਾਇਬ੍ਰੇਰੀਆਂ ਸਥਾਪਿਤ ਕਰਵਾਉਣ ਵਿਚ ਮਦਦਗਾਰ ਸਾਬਤ ਹੋਏ ਹਨ। ਉਹ ਕੈਨੇਡਾ ਵਿਚ ਕਈ ਅੰਤਰ-ਧਰਮ ਸਮਾਗਮਾਂ, ਖੇਡ ਟੂਰਨਾਮੈਂਟਾਂ ਤੇ ਸਮਾਜਕ ਗਤੀਵਿਧੀਆਂ ਵਿਚ ਭਾਗ ਲੈਂਦੇ ਰਹੇ ਹਨ। ਇੰਜ ਕਲਸੀ ਫਿਲਮਸਾਜ਼ ਦੇ ਨਾਲ ਇਕ ਸਮਾਜ ਸੁਧਾਰਕ ਵੀ ਹਨ।

ਉਨ੍ਹਾਂ ਦੀਆਂ ਸੇਵਾਵਾਂ ਨੂੰ ਮੁੱਖ ਰਖਦੇ ਉਨ੍ਹਾਂ ਨੂੰ ਕਈ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ। ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਉਨ੍ਹਾਂ ਨੂੰ ਅੰਮ੍ਰਿਤਸਰ ਵਿਖੇ ਸਨਮਾਨ ਪੱਤਰ ਤੇ ਯਾਦਗਾਰੀ ਚਿੰਨ ਨਾਲ 28 ਅਗਸਤ 2004 ਵਿਚ ਸਨਮਾਨਤ ਕੀਤਾ ਗਿਆ। 29 ਜੁਲਾਈ 2012 ਨੂੰ ਉਨ੍ਹਾਂ ਨੂੰ ਕਵੀਨ ਡਾਇਮੰਡ ਜੁਬਲੀ ਮੈਡਲ ਨਾਲ ਸਨਮਾਨਤ ਕੀਤਾ ਗਿਆ। ਇਹ ਮੈਡਲ ਖਚਾਖਚ ਭਰੇ ਹਾਲ ਵਿਚ ਮੈਂਬਰ ਪਾਰਲੀਮੈਂਟ ਜੋ ਡੈਨੀਅਲ ਨੇ ਪ੍ਰਦਾਨ ਕੀਤਾ। ਪੰਜਾਬੀ ਪ੍ਰੈਸ ਨੇ ਵੀ ਉਨ੍ਹਾਂ ਦਾ 2009 ਵਿਚ ਸਨਮਾਨ ਕੀਤਾ।


ਜਿੱਥੋਂ ਤੀਕ ਉਨ੍ਹਾਂ ਦੇ ਪਿਛੋਕੜ ਦਾ ਸੰਬੰਧ ਹੈ, ਉਨ੍ਹਾਂ ਨੇ ਮੁੱਢਲੀ ਵਿਦਿਆ ਆਪਣੇ ਪਿੰਡ ਤੋਂ ਪ੍ਰਾਪਤ ਕਰਕੇ, ਡਰਾਫ਼ਟਸ-ਮੈਨ ਦਾ ਸਰਟੀਫੀਕੇਟ ਪ੍ਰਾਪਤ ਕੀਤਾ। ਕੁਝ ਸਮਾਂ ਰੇਲਵੇ ਵਿਚ ਨੌਕਰੀ ਕਰਨ ਉਪਰੰਤ ਉਹ 1962 ਵਿਚ ਇੰਗਲੈਂਡ ਆ ਗਏ। ਉੱਥੇ ਉਨ੍ਹਾਂ ਨੇ ਫੋਟੋਗ੍ਰਾਫ਼ੀ ਤੇ ਸਿਨੇਮਾਫੋਟੋਗਰਾਫ਼ੀ ਦੇ ਕੋਰਸ ਕੀਤੇ। ਉਥੋਂ ਦਾ ਵਾਤਾਵਰਨ ਉਨ੍ਹਾਂ ਨੂੰ ਮੁਆਫਕ ਨਾ ਆਇਆ ਤੇ ਉਨ੍ਹਾਂ ਨੇ 1974 ਵਿਚ ਕੈਨੇਡਾ ਆ ਡੇਰਾ ਲਾਇਆ।

ਬਤੌਰ ਇੰਜੀਨੀਅਰ ਉਨ੍ਹਾਂ ਨੇ ਵੱਖ-ਵੱਖ ਉਦਯੋਗਾਂ ਵਿਚ ਕੰਮ ਕੀਤਾ।

1980 ਵਿਚ ਰਾਇਰਸਨ ਯੂਨੀਵਰਸਿਟੀ ਤੋਂ ਟੀ.ਵੀ. ਪ੍ਰੋਡਕਸ਼ਨ ਕੋਰਸ ਕੀਤਾ ਅਤੇ ਇਕਬਾਲ ਮਾਹਲ ਨਾਲ ਮਿਲ ਕੇ ਰੋਜਰਜ਼ ਕੇਬਲ ਟੀ.ਵੀ. ਤੇ ਸਭ ਤੋਂ ਪਹਿਲਾਂ ਟੋਰਾਂਟੋ ਵਿਚ ਪੰਜਾਬੀ ਪ੍ਰੋਗਰਾਮ ਸ਼ੁਰੂ ਕੀਤਾ ਜੋ ਕਿ ਵੀਜ਼ਨ ਟੀ.ਵੀ. 'ਤੇ ਅਜੇ ਵੀ ਚਲ ਰਿਹਾ ਹੈ। 13 ਦਸੰਬਰ 1937 ਨੂੰ ਜਨਮੇ ਕਲਸੀ ਦੀਆਂ ਦੋ ਬੇਟੀਆਂ ਗੁਰਵਿੰਦਰਜੀਤ ਕੌਰ ਤੇ ਸੁਖਵਿੰਦਰ ਕੌਰ ਅਤੇ ਇਕ ਬੇਟਾ ਮਨਿੰਦਰ ਸਿੰਘ ਕਲਸੀ ਹੈ। ਉਨ੍ਹਾਂ ਦੀ ਪਤਨੀ ਬੀਬੀ ਪ੍ਰਮਜੀਤ ਕੌਰ ਕਲਸੀ ਬਹੁਤ ਹੀ ਮਿਲਾਪੜੇ ਸੁਭਾਅ ਦੇ ਹਨ। ਜਿਹੜਾ ਵੀ ਇਸ ਜੋੜੀ ਨੂੰ ਮਿਲਦਾ ਹੈ, ਉਹ ਉਨ੍ਹਾਂ ਦਾ ਹੋ ਕੇ ਰਹਿ ਜਾਂਦਾ ਹੈ।

*9 ਜੂਨ 2015*

# ਅਮਰੀਕਾ ਵਿਚ ਸੌਗੀ ਦਾ ਬਾਦਸ਼ਾਹ : ਚਰਨਜੀਤ ਸਿੰਘ ਬਾਠ



ਪੰਜਾਬੀ ਜਿੱਥੇ ਵੀ ਜਾਂਦੇ ਹਨ, ਉੱਥੇ ਆਪਣੀ ਮਿਹਨਤ ਤੇ ਲਗਨ ਨਾਲ ਜਿੱਥੇ ਆਪਣਾ ਨਾਂ ਕਮਾਉਂਦੇ ਹਨ, ਉੱਥੇ ਦੂਜਿਆਂ ਲਈ ਚਾਨਣ ਮੁਨਾਰੇ ਦਾ ਵੀ ਕੰਮ ਕਰਦੇ ਹਨ। ਅਜਿਹੀ ਹੀ ਸਖਸ਼ੀਅਤ ਨਾਲ ਮੇਰਾ ਮੇਲ ਗਦਰੀ ਬਾਬਿਆਂ ਦੇ ਮੇਲੇ ਸਮੇਂ ਅਮਰੀਕਾ ਦੇ ਪ੍ਰਸਿੱਧ ਸ਼ਹਿਰ ਫਰਿਜ਼ਨੋ ਵਿਖੇ ਹੋਇਆ। ਪੰਜਾਬ ਮੇਲ ਦੇ ਮੁੱਖ ਸੰਪਾਦਕ ਸ. ਗੁਰਜਤਿੰਦਰ ਸਿੰਘ ਰੰਧਾਵਾ ਨੇ ਸ. ਚਰਨਜੀਤ ਸਿੰਘ ਬਾਠ ਨਾਲ ਮੇਰੀ ਜਾਣ-ਪਛਾਣ ਕਰਾਉਂਦੇ ਕਿਹਾ ਕਿ ਇਨ੍ਹਾਂ ਨੂੰ ਅਮਰੀਕਾ ਵਿਚ ਸੌਗੀ ਦੇ ਬਾਦਸ਼ਾਹ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਦੇ ਉੱਤਰ ਵਿਚ ਉਨ੍ਹਾਂ ਕਿਹਾ ਕਿ ਮੈਂ ਕੋਈ ਬਾਦਸ਼ਾਹ ਨਹੀਂ। ਮੈਂ ਤਾਂ ਇਕ ਮਿਹਨਤੀ ਕਿਸਾਨ ਹਾਂ, ਜੋ ਕਿ ਅਮਰੀਕਾ ਹੀ ਨਹੀਂ ਸਗੋਂ ਦੁਨੀਆਂ ਭਰ ਵਿਚ ਸਭ ਤੋਂ ਵੱਧ ਸੌਗੀ ਦੀ ਪੈਦਾਵਾਰ ਕਰਦਾ ਹਾਂ। ਲੋਕਾਂ ਨੇ ਮੇਰਾ ਨਾਂ ਸੌਗੀ ਦਾ ਬਾਦਸ਼ਾਹ ਪਾ ਕੇ ਜੋ ਮਾਣ ਦਿੱਤਾ ਉਸ ਲਈ ਮੈਂ ਉਨ੍ਹਾਂ ਦਾ ਧੰਨਵਦੀ ਹਾਂ।

ਉਨ੍ਹਾਂ ਪਾਸ 13 ਹਜ਼ਾਰ ਏਕੜ ਜ਼ਮੀਨ ਹੈ, ਜਿਸ ਵਿਚੋਂ ਉਨ੍ਹਾਂ ਨੇ 3500 ਏਕੜ ਵਿਚ ਸੌਗੀ ਜਿਸ ਨੂੰ ਇਥੇ ਥਾਮਸਮ ਗ੍ਰੇਪਸ ਕਹਿੰਦੇ ਹਨ, ਜੋ ਕਿ ਬੀਜਾਂ ਤੋਂ ਬਗੈਰ ਹੁੰਦੇ ਹਨ ਜਿਸ ਨੂੰ ਅਸੀਂ ਪੰਜਾਬ ਵਿਚ ਚਮਨ ਦਾ ਮੇਵਾ ਕਹਿੰਦੇ ਹਾਂ, ਬੀਜੀ ਹੋਈ ਹੈ। ਇਸ ਵਿਚੋਂ ਹਰ ਸਾਲ ਤਕਰੀਬਨ 8 ਹਜ਼ਾਰ ਤੋਂ 10 ਹਜ਼ਾਰ ਟਨ ਸੌਗੀ ਪੈਦਾ ਹੁੰਦੀ ਹੈ। ਉਨ੍ਹਾਂ ਨੇ 3 ਹਜ਼ਾਰ ਏਕੜ ਵਿਚ ਬਦਾਮ ਤੇ ਬਾਕੀ ਵਿਚ ਵਾਇਨ ਗ੍ਰੇਪਸ ਜਿਨ੍ਹਾਂ ਤੋਂ ਵਾਇਨ ਬਣਦੀ ਹੈ, ਬੀਜੇ ਹੋਏ ਹਨ।

ਜਦ ਉਨ੍ਹਾਂ ਨੂੰ ਇਸ ਦਾ ਰਾਜ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਉਹ 1959 ਵਿਚ ਅਮਰੀਕਾ ਆਪਣੇ ਪਰਿਵਾਰ ਨਾਲ ਆਏ। ਇਥੇ ਆ ਕੇ ਬਾਕੀ ਪੰਜਾਬੀਆਂ ਵਾਂਗ ਮਿਹਨਤ ਮਜ਼ਦੂਰੀ ਕੀਤੀ। 1969 ਵਿਚ ਉਨ੍ਹਾਂ ਦੇ ਪਰਿਵਾਰ ਨੇ 50 ਏਕੜ ਜ਼ਮੀਨ ਖਰੀਦੀ। ਮੈਂ ਵੇਖਿਆ ਕਿ ਇਥੇ ਲੋਕਾਂ ਦੇ 10-10 ਹਜ਼ਾਰ ਏਕੜ ਦੇ ਫਾਰਮ ਹਨ। ਮੇਰੇ ਮਨ ਵਿਚ ਵੀ ਸ਼ੌਂਕ ਪੈਦਾ ਹੋਇਆ ਕਿ ਮੈਂ ਵੀ ਵੱਡਾ ਫਾਰਮ ਬਣਾਵਾਂ, ਜਿੱਥੇ ਲੋਕਾਂ

ਨੂੰ ਰੁਜ਼ਗਾਰ ਦੇਵਾਂ ਉੱਥੇ ਸਿਹਤਮੰਦ ਚੀਜ਼ਾਂ ਵੀ ਪੈਦਾ ਕਰਾਂ। ਇਸ ਉਮੰਗ ਨੇ ਮੇਰੇ ਅੰਦਰ ਐਸਾ ਉਤਸ਼ਾਹ ਪੈਦਾ ਕੀਤਾ ਕਿ 1971 ਵਿਚ ਸਾਡੀ ਜ਼ਮੀਨ 600 ਏਕੜ ਹੋ ਗਈ। ਮੈਂ ਜਿਹੜੀਆਂ ਚੀਜ਼ਾਂ ਪੈਦਾ ਕਰ ਰਿਹਾ ਹਾਂ ਬੜੀਆਂ ਸਿਹਤਮੰਦ ਨੇ। ਦੋ-ਤਿੰਨ ਸੌ ਬੰਦੇ ਹਰ ਸਮੇਂ ਕੰਮ ਕਰਦੇ ਹਨ। ਜਦ ਫਸਲ ਬੀਜਣ ਤੇ ਕੱਟਣ ਦਾ ਸਮਾਂ ਆਉਂਦਾ ਹੈ ਇਹ ਗਿਣਤੀ ਹੋਰ ਵੱਧ ਜਾਂਦੀ ਹੈ। ਜ਼ਮੀਨ ਖਰੀਦਣ ਦਾ ਸ਼ੌਕ ਉਨ੍ਹਾਂ ਵਿਚ ਅਜੇ ਵੀ ਬਰਕਰਾਰ ਹੈ। ਉਨ੍ਹਾਂ ਨੇ ਹੁਣੇ 3 ਹਜ਼ਾਰ ਏਕੜ ਜ਼ਮੀਨ ਖਰੀਦੀ ਹੈ ਜਿਸ ਵਿਚ ਉਨ੍ਹਾਂ ਨੇ ਬਦਾਮ ਲਾਉਣੇ ਹਨ। 5 ਹਜ਼ਾਰ ਏਕੜ ਜ਼ਮੀਨ ਉਨ੍ਹਾਂ ਨੇ ਆਪਣੇ ਭਾਣਜੇ ਨਾਲ ਖਰੀਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਮਰੀਕਾ ਵਿਚ ਬਾਕੀ ਦੇਸ਼ਾਂ ਨਾਲੋਂ ਮਿਹਨਤੀ ਵਿਅਕਤੀ ਜ਼ਿਆਦਾ ਤਰੱਕੀ ਇਸ ਲਈ ਕਰ ਸਕਦਾ ਹੈ ਕਿ ਇਥੇ ਸਸਤੇ ਦਰਾਂ 'ਤੇ ਲੋੜ ਅਨੁਸਾਰ ਕਰਜ਼ਾ ਲਿਆ ਜਾ ਸਕਦਾ ਹੈ। ਹਰ ਤਰ੍ਹਾਂ ਦੀਆਂ ਸਹੂਲਤਾਂ ਹਨ। ਇੱਥੇ ਹਰੇਕ ਵਿਅਕਤੀ ਨੂੰ ਆਪਣੀਆਂ ਵਸਤੂਆਂ ਆਪ ਬਨਾਉਣੀਆਂ ਪੈਂਦੀਆਂ ਹਨ, ਜਿੱਥੇ ਭਾਰਤ ਵਿਚ ਬੱਚੇ ਮਾਤਾ-ਪਿਤਾ ਵੱਲ ਵੇਖਦੇ ਹਨ। ਸਾਰੀ ਦੁਨੀਆਂ ਵਿਚ ਜਿੱਥੇ ਵੀ ਪੰਜਾਬੀ ਗਏ, ਉੱਥੇ ਉਨ੍ਹਾਂ ਖ਼ੁਦ ਮਿਹਨਤ ਕਰ ਕੇ ਨਾਂ ਕਮਾਇਆ।

ਉਨ੍ਹਾਂ ਦੇ ਇਸ ਕਾਰੋਬਾਰ ਵਿਚ ਉਨ੍ਹਾਂ ਦੇ ਬੇਟੇ ਕੰਵਰਜੀਤ ਸਿੰਘ ਬਾਠ ਤੇ ਗਗਨਦੀਪ ਸਿੰਘ ਬਾਠ ਹੱਥ ਵਟਾਉਂਦੇ ਹਨ। ਉਹ ਅਮਰੀਕਾ ਦੀਆਂ ਕਈ ਸੰਸਥਾਵਾਂ ਨਾਲ ਜੁੜੇ ਹੋਏ ਹਨ। ਉਹ ਰੇਜ਼ਨ ਬਾਰਗੇਨ ਐਸੋਸੀਏਸ਼ਨ ਬੋਰਡ ਦੇ ਮੈਂਬਰ ਹਨ, ਜਿਸ ਦੇ ਅਮਰੀਕਾ ਵਿਚ ਕੋਈ 1500 ਦੇ ਕਰੀਬ ਮੈਂਬਰ ਹਨ। ਉਹ ਐਨ.ਆਰ.ਆਈ. ਸਭਾ ਯੂ.ਐਸ.ਏ. ਦੇ ਸਰਪ੍ਰਸਤ ਹਨ। ਉਨ੍ਹਾਂ ਦਾ ਇੱਥੇ ਬਹੁਤ ਇਜ਼ਤ ਮਾਣ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 400 ਸਾਲਾ ਪ੍ਰਕਾਸ਼ ਦਿਵਸ ਸਬੰਧੀ ਜਿਹੜਾ ਸਮਾਗਮ ਵਾਇਟ ਹਾਊਸ ਵਿਚ ਹੋਇਆ, ਉਸ ਵਿਚ ਉਹ ਵੀ ਸ਼ਾਮਲ ਹੋਏ। ਜਿੰਨੇ ਵੀ ਅਮਰੀਕਾ ਵਿਚ ਵੱਡੇ-ਵੱਡੇ ਸਮਾਗਮ ਹੁੰਦੇ ਹਨ, ਪ੍ਰਬੰਧਕ ਉਨ੍ਹਾਂ ਨੂੰ ਸ਼ਾਮਲ ਕਰਨਾ ਆਪਣਾ ਮਾਣ ਸਮਝਦੇ ਹਨ। ਉਨ੍ਹਾਂ ਨੂੰ ਕਈ ਮਾਨ ਸਨਮਾਨ ਮਿਲ ਚੁੱਕੇ ਹਨ।

ਬਹੁਤ ਹੀ ਖੁੱਲ੍ਹੇ-ਡੁਲ੍ਹੇ ਤੇ ਹਸਮੁੱਖ ਸੁਭਾਅ ਦੇ ਮਾਲਕ ਬਾਠ ਬਹੁਤ ਹੀ ਸੂਝ ਬੂਝ ਭਰੀ ਸ਼ਖ਼ਸੀਅਤ ਦੇ ਮਾਲਕ ਹਨ। ਉਨ੍ਹਾਂ ਦੀ ਸਿਆਸੀ ਵਿਦਵਤਾ ਦਾ ਪਤਾ ਉਸ ਸਮੇਂ ਲੱਗਾ ਜਦੋਂ ਗਦਰੀ ਬਾਬਿਆਂ ਦੇ ਮੇਲੇ ਸਮੇਂ ਰਾਤ ਦੇ ਖਾਣੇ ਸਮੇਂ ਪੰਜਾਬ ਅਤੇ ਭਾਰਤੀ ਸਿਆਸਤ ਬਾਰੇ ਚਰਚਾ ਛਿੜ ਪਈ। ਜਿੰਨੀ ਦੇਰ ਤੀਕ ਖਾਣਾ ਖਾ ਨਹੀਂ ਲਿਆ ਇਹ ਬਹੁਤ ਹੀ ਉਸਾਰੂ ਤੇ ਭਖਵੀਂ ਬਹਿਸ ਜਾਰੀ ਰਹੀ, ਜਿਸ ਵਿਚ ਉਨ੍ਹਾਂ ਨੇ ਅਹਿਮ ਰੋਲ ਨਿਭਾਇਆ।

ਉਨ੍ਹਾਂ ਨੇ ਪਰਿਵਾਰਕ ਪਿਛੋਕੜ ਬਾਰੇ ਦੱਸਿਆ ਕਿ ਉਨ੍ਹਾਂ ਦਾ ਜ਼ੱਦੀ-ਪੁਸ਼ਤੀ ਪਿੰਡ ਚੱਕ ਭੱਟੀਆਂ, ਜ਼ਿਲ੍ਹਾ ਲੁਧਿਆਣਾ ਹੈ। ਪਰ ਉਨ੍ਹਾਂ ਦਾ ਜਨਮ ਲਾਇਲਪੁਰ ਚੱਕ ਨੰ: 51 ਵਿਚ 1938 ਵਿਚ ਸ. ਸ਼ਾਮ ਸਿੰਘ ਬਾਠ ਦੇ ਗ੍ਰਹਿ ਵਿਖੇ ਹੋਇਆ। ਉਨ੍ਹਾਂ ਦੀ ਮਾਤਾ ਦਾ ਨਾਂ ਸੁਰਜੀਤ ਕੌਰ ਹੈ। ਪਾਕਿਸਤਾਨ ਬਣਨ ਪਿੱਛੋਂ ਉਨ੍ਹਾਂ ਨੂੰ ਤਲਵੰਡੀ ਰਾਇ ਜ਼ਿਲ੍ਹਾ ਲੁਧਿਆਣਾ ਜ਼ਮੀਨ ਅਲਾਟ ਹੋਈ ਤੇ ਉਹ ਇਥੇ ਆ ਗਏ। ਇਹ ਪਿੰਡ ਰਾਇਕੋਟ ਦੇ ਨੇੜੇ ਹੈ। ਜਦ ਉਹ 1959 ਵਿਚ ਗੁਰੂ ਸਰ ਸੁਧਾਰ ਕਾਲਜ ਵਿਚ ਬੀ.ਏ. ਪਾਰਟ

ਟੂ ਵਿਚ ਪੜ੍ਹਦੇ ਸਨ ਤਾਂ ਉਹ ਅਮਰੀਕਾ ਆ ਗਏ।

ਉਹ ਆਪਣੀ ਮਿੱਟੀ ਨਾਲ ਵੀ ਜੁੜੇ ਹੋਏ ਹਨ। ਉਹ ਆਪਣੇ ਪਿੰਡ ਤੋਂ ਇਲਾਵਾ ਨਜ਼ਦੀਕੀ ਸਕੂਲਾਂ ਜਿਵੇਂ ਸੀਲੋਆਣੀ, ਨੂਰਪੁਰਾ, ਤਲਵੰਡੀ ਰਾਇ ਤੋਂ ਇਲਾਵਾ ਗੁਰੂ ਸਰ ਸੁਧਾਰ ਕਾਲਜ ਤੇ ਹੋਰ ਸੰਸਥਾਵਾਂ ਨੂੰ ਆਰਥਕ ਸਹਾਇਤਾ ਦਿੰਦੇ ਰਹਿੰਦੇ ਹਨ। ਉਨ੍ਹਾਂ ਦੱਸਿਆ ਕਿ ਪਿਛਲੀ ਅਕਾਲੀ ਸਰਕਾਰ ਸਮੇਂ ਇਕ ਸਕੀਮ ਆਈ ਸੀ ਕਿ ਜੋ ਵੀ ਵਿਅਕਤੀ ਕਿਸੇ ਸਕੂਲ ਲਈ ਏਨੀ ਰਾਸ਼ੀ ਦੇਵੇਗਾ ਉਸ ਦੇ ਨਾਂ 'ਤੇ ਸਕੂਲ ਖੋਲ੍ਹ ਦਿੱਤਾ ਜਾਵੇਗਾ। ਉਨ੍ਹਾਂ ਨੇ ਵੀ ਇਸ ਸਕੀਮ ਅਧੀਨ 2 ਸਕੂਲ ਸ. ਸ਼ਾਮ ਸਿੰਘ ਬਾਠ ਮੈਮੋਰੀਅਲ ਸਰਕਾਰੀ ਸੀ.ਸੈ. ਸਕੂਲ ਨੂਰ ਪੁਰਾ ਤਹਿਸੀਲ ਰਾਇ ਕੋਟ ਜ਼ਿਲਾ ਲੁਧਿਆਣਾ ਅਤੇ ਸ. ਹਰਦਿਆਲ ਸਿੰਘ ਭੁੱਲਰ ਮੈਮੋਰੀਅਲ ਮਿਡਲ ਸਕੂਲ ਸੀਲੋਆਣੀ ਤਹਿਸੀਲ ਰਾਇ ਕੋਟ ਜਿਲਾ ਲੁਧਿਆਣਾ ਖੋਲ੍ਹੇ।

*15 ਨਵੰਬਰ 2011*

# ਗਤਕਾ ਉਸਤਾਦ : ਹਰਜੀਤ ਸਿੰਘ ਹੀਰਾ



ਹਰਜੀਤ ਸਿੰਘ ਹੀਰਾ ਨੇ 1978 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਜਥੇਦਾਰ ਪੂਰਨ ਸਿੰਘ ਜ਼ੋਸ਼ ਤੋਂ ਸ਼ੌਂਕੀਆ ਤੌਰ 'ਤੇ ਗਤਕਾ ਸਿੱਖਿਆ ਪ੍ਰਾਪਤ ਕੀਤੀ। 1990 ਈ: ਵਿਚ ਉਨ੍ਹਾਂ ਨੇ ਬਤੌਰ ਉਸਤਾਦ ਬਣ ਕੇ ਹੋਰਨਾਂ ਨੂੰ ਇਸ ਦੀ ਸਿੱਖਿਆ ਦੇਣੀ ਸ਼ੁਰੂ ਕੀਤੀ। ਉਹ ਗੁਰਦੁਆਰਾ ਸਾਰਾਗੜ੍ਹੀ ਸਾਹਿਬ, ਟਾਊਨ ਹਾਲ, ਅੰਮ੍ਰਿਤਸਰ ਵਿਖੇ ਅਖਾੜਾ ਲਾਉਂਦੇ ਹਨ। ਉਹ ਸ਼੍ਰੋਮਣੀ ਗਤਕਾ ਸ਼ਸਤਰ ਵਿੱਦਿਆ ਦਲ ਦੇ ਪ੍ਰਧਾਨ ਹਨ। ਇਹ ਜਥੇਬੰਦੀ ਵੱਖ ਵੱਖ ਇਲਾਕਿਆਂ ਵਿਚ ਮੁੰਡੇ ਕੁੜੀਆਂ ਨੂੰ ਗਤਕਾ ਸਿਖਾ ਕੇ ਨਾਮਣਾ ਖੱਟ ਰਹੀ ਹੈ।

ਉਨ੍ਹਾਂ ਅਨੁਸਾਰ ਹਰ ਸਿੱਖ ਨੂੰ ਸ਼ਸਤਰਧਾਰੀ ਹੋਣਾ ਚਾਹੀਦਾ ਹੈ। ਅੰਮ੍ਰਿਤਸਰ ਵਿਚ ਗਤਕਾ ਸ੍ਰੀ ਹਰਿਗੋਬਿੰਦ ਸਾਹਿਬ ਨੇ ਸ਼ੁਰੂ ਕੀਤਾ ਸੀ। ਇਹ ਸਾਡੀ ਵਿਰਾਸਤ ਹੈ ਜਿਸ ਨੂੰ ਅਣਡਿੱਠ ਕੀਤਾ ਜਾ ਰਿਹਾ ਹੈ। ਜਿਨ੍ਹਾਂ ਵੀ ਦੇਸ਼ਾਂ ਵਿਚ ਸਿੱਖ ਵਸਦੇ ਹਨ, ਉੱਥੇ ਗਤਕਾ ਖੇਡਿਆ ਜਾਂਦਾ ਹੈ ਤੇ ਮੁਕਾਬਲੇ ਵੀ ਹੁੰਦੇ ਹਨ। ਇੰਡੀਆ ਗੌਟ ਟੇਲੈਂਟ ਵਿਚ ਤਰਨ ਤਾਰਨ ਦੀ ਗਤਕਾ ਟੀਮ ਨੇ ਖ਼ੂਬ ਰੰਗ ਬੰਨ੍ਹਿਆ ਸੀ ਤੇ ਜਿਸ ਨੂੰ ਦੁਨੀਆਂ ਭਰ ਦੇ ਦਰਸ਼ਕਾਂ ਨੇ ਸਲਾਹਿਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਵਿੱਦਿਅਕ ਅਦਾਰਿਆਂ ਵਿਚ ਇਸ ਦੀ ਸਿੱਖਿਆ ਦਿੱਤੀ ਜਾਂਦੀ ਹੈ ਪਰ ਲੋੜ ਹੈ ਇਸ ਨੂੰ ਵੱਖ-ਵੱਖ ਖੇਡ ਮੁਕਾਬਲਿਆਂ ਵਿਚ ਸ਼ੁਰੂ ਕੀਤਾ ਜਾਵੇ। ਪੰਜਾਬ ਸਰਕਾਰ ਇਸ ਨੂੰ ਰਾਜ ਪੱਧਰੀ ਮੁਕਾਬਲਿਆਂ ਵਿਚ ਸਭ ਤੋਂ ਪਹਿਲਾਂ ਸ਼ਾਮਲ ਕਰੇ। ਫਿਰ ਇਸ ਨੂੰ ਕੌਮੀ ਪੱਧਰ ਦੇ ਮੁਕਾਬਲਿਆਂ ਵਿਚ ਸ਼ਾਮਲ ਕਰਵਾਇਆ ਜਾਵੇ। ਜੇ ਅਜਿਹਾ ਹੋ ਜਾਵੇ ਤਾਂ ਇਕ ਦਿਨ ਇਸ ਨੂੰ ਓਲੰਪਿਅਕ ਖੇਡਾਂ ਵਿਚ ਵੀ ਸ਼ਾਮਲ ਕਰ ਲਿਆ ਜਾਵੇਗਾ। ਪਾਠਕ ਹਰਜੀਤ ਸਿੰਘ ਹੀਰਾ ਨਾਲ ਉਨ੍ਹਾਂ ਦੇ ਮੋਬਾਇਲ ਫੋਨ ਨੰਬਰ 91 9814220227 'ਤੇ ਸੰਪਰਕ ਕਰ ਸਕਦੇ ਹਨ।

*10 ਫਰਵਰੀ 2016*

# ਜਾਣੀ ਪਛਾਣੀ ਲੇਖਕਾ : ਜਸਬੀਰ ਕੌਰ



ਜਾਣੀ ਪਛਾਣੀ ਲੇਖਿਕਾ ਜਸਬੀਰ ਕੌਰ ਜਿਸਦੇ ਲੇਖ ਅਤੇ ਕਹਾਣੀਆਂ, ਪੰਜਾਬੀ ਟ੍ਰਿਬਿਊਨ, ਜੱਗਬਾਣੀ, ਅਜੀਤ, ਪੰਜਾਬੀ ਜਾਗਰਣ ਤੇ ਵਿਦੇਸ਼ੀ ਅਖ਼ਬਾਰਾਂ ਵਿਚ ਅਕਸਰ ਮਿਲਦੀਆਂ ਹਨ, ਉਹ ਇਕ ਪ੍ਰੋੜ੍ਹ, ਸਾਹਿਤਕਾਰ ਦਾ ਸਥਾਨ ਰੱਖਦੀ ਹੈ ਅਤੇ ਉਹ ਅੱਧੀ ਦਰਜਨ ਤੋਂ ਵਧੀਕ ਪੁਸਤਕਾਂ (ਮੌਲਿਕ ਕਹਾਣੀਆਂ, ਅਨੁਵਾਦਤ ਕਹਾਣੀਆਂ ਅਤੇ ਲੇਖ ਸੰਗ੍ਰਹਿ ਆਦਿ) ਪੰਜਾਬੀ ਮਾਂ ਬੋਲੀ ਦੀ ਝੋਲੀ 'ਚ ਪਾ ਚੁੱਕੀ ਹੈ। ਉਸਦੇ ਕਹਿਣ ਮੁਤਾਬਕ ਉਸ ਨੂੰ ਲਿਖਣ ਦੀ ਚੇਟਕ ਘਰੇਲੂ ਮਾਹੌਲ ਤੋਂ ਲੱਗੀ। ਉਸਦੇ ਪਿਤਾ ਜੀ ਅਖ਼ਬਾਰਾਂ ਰਸਾਲੇ ਜਿਵੇਂ ਪ੍ਰੀਤ ਲੜੀ, ਜਾਗ੍ਰਤੀ, ਰਾਮਗੜ੍ਹੀਆ ਗਜ਼ਟ ਆਦਿ ਪੜ੍ਹਦੇ ਰਹਿੰਦੇ ਸਨ। ਉਹਨਾਂ ਦੀਆਂ ਕਵਿਤਾਵਾਂ, ਲੇਖ ਵੀ ਪੁਰਾਣੇ ਰਸਾਲਿਆਂ ਵਿਚ ਛਪ ਚੁੱਕੇ ਸਨ ਤੇ ਇਵੇਂ ਜਸਬੀਰ ਕੌਰ ਨੂੰ ਵੀ ਪੜ੍ਹਨ ਦਾ ਮੌਕਾ ਮਿਲਦਾ। ਉਨ੍ਹਾਂ ਨੇ ਲਿਖਣਾ ਵਿਆਹ ਤੋਂ ਬਾਅਦ ਹੀ ਸ਼ੁਰੂ ਕੀਤਾ। ਉਹ ਦੱਸਦੇ ਹਨ ਕਿ ਉਹਨਾਂ ਦੇ ਬੀਜੀ ਭਾਪਾ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਉਹਨਾਂ ਦੀ ਯਾਦ ਵਿਚ ਦੋ ਕਹਾਣੀਆਂ ਲਿਖ ਕੇ ਜਾਗ੍ਰਤੀ ਨੂੰ ਭੇਜੀਆਂ ਅਤੇ ਛਪ ਵੀ ਗਈਆਂ ਤਾਂ ਹੌਂਸਲਾ ਹੋ ਗਿਆ ਕਿ ਉਹ ਲਿਖ ਸਕਦੀ ਹੈ।

ਫਿਰ ਜਦ ਕੋਈ ਦਿਲ ਨੂੰ ਟੁੰਬਣ ਵਾਲੀ ਕੋਈ ਘਟਨਾ ਵਾਪਰਦੀ ਤਾਂ ਕਹਾਣੀ ਦੀ ਸ਼ਕਲ ਅਖ਼ਤਿਆਰ ਕਰ ਲੈਂਦੀ। ਉਸਦੇ ਪਤੀ ਪ੍ਰੋ: ਮੋਹਣ ਸਿੰਘ ਜੀ ਦੇ ਭਰਪੂਰ ਸਹਿਯੋਗ ਹੌਂਸਲਾ ਅਫ਼ਜ਼ਾਈ ਵਿਚ ਉਹਨਾਂ ਦੀ ਪਹਿਲੀ ਕਿਤਾਬ-'ਬਿਗਾਨਾ ਆਲ੍ਹਣਾ' ਛਪੀ ਤਾਂ ਬਹੁਤ ਖ਼ੁਸ਼ੀ ਹੋਈ ਤੇ ਇਵੇਂ ਕਲਮ ਦਾ ਸਾਹਿਤਕ ਸਫ਼ਰ ਸ਼ੁਰੂ ਹੋ ਗਿਆ। ਹੁਣ ਤੱਕ ਉਹਨਾਂ ਦੀਆਂ 7 ਕਿਤਾਬਾਂ, ਬਿਗਾਨਾ ਆਲ੍ਹਣਾ (ਮੌਲਿਕ ਕਹਾਣੀ ਸੰਗ੍ਰਹਿ, 1994), ਔਖੇ ਘੁੱਟ (ਮੌਲਿਕ ਕਹਾਣੀ ਸੰਗ੍ਰਹਿ, 2001), ਸੱਖਣੇ ਸੁਪਨੇ (ਮੌਲਿਕ ਕਹਾਣੀ ਸੰਗ੍ਰਹਿ, 2006), ਆਪਣੇ ਆਪਣੇ ਸਵਰਗ (ਲੇਖ ਸੰਗ੍ਰਹਿ, 2009), ਬੌਸ ਦੀ ਦਾਅਵਤ (ਅਨੁਵਾਦਤ ਕਹਾਣੀ ਸੰਗ੍ਰਹਿ, 2010), ਵਰਮੀ (ਨਾਵਲ, 2012) ਅਤੇ ਇਕ ਸਫ਼ਰਨਾਮਾ 'ਯਾਤਰਾਵਾਂ ਦੇਸ਼ ਵਿਦੇਸ਼' ਹਨ।

ਜਸਬੀਰ ਕੌਰ ਦਾ ਜਨਮ 16 ਮਾਰਚ, 1940 ਵਿਚ ਪਿਤਾ ਸ. ਗੁਰਦਿੱਤ ਸਿੰਘ ਅਤੇ ਮਾਤਾ ਬੀਬੀ ਗਿਆਨ ਕੌਰ ਦੇ ਗ੍ਰਹਿ ਅੰਮ੍ਰਿਤਸਰ ਵਿਚ ਹੋਇਆ। ਵਿਦਿਆ-

ਗਿਆਨੀ, ਐਮ.ਏ., ਬੀ.ਐਡ. (ਡਿਪਲੋਮਾ ਇਨ ਡਿਵਿਨਟੀ) ਹੈ। ਪਰ ਨੌਕਰੀ ਕੁਝ ਘਰ ਦੇ ਹਾਲਾਤ ਕਰਕੇ ਨਹੀਂ ਕੀਤੀ ਤੇ ਫਿਰ ਅੱਜ ਤੱਕ ਘਰ ਸੰਭਾਲਣ ਦੀ ਜ਼ਿੰਮੇਵਾਰੀ ਹੈ।

ਕਿਤਾਬਾਂ, ਮੈਗਜ਼ੀਨ ਪੜ੍ਹਨ ਤੇ ਲਿਖਣ ਅਤੇ ਪੰਜਾਬੀ ਗੀਤ ਸੁਣਨ ਤੇ ਗੌਣ ਦਾ ਸ਼ੌਕ ਬਰਕਰਾਰ ਹੈ। ਚਾਹਤ ਹੈ ਕਿ ਕੁਝ ਐਸਾ ਵਧੀਆ ਲਿਖਿਆ ਜਾਵੇ ਜਿਸ ਨੂੰ ਸਾਹਿਤ ਵਿਚ ਵਿਸ਼ੇਸ਼ ਸਥਾਨ ਮਿਲੇ। ਜਦ ਅਖ਼ਬਾਰ ਜਾਂ ਰਸਾਲੇ ਵਿਚ ਕੋਈ ਰਚਨਾ ਛੱਪਦੀ ਹੈ ਤਾਂ ਪਾਠਕਾਂ ਵੱਲੋਂ ਪ੍ਰਸੰਸਾ ਪੱਤਰ ਜਾਂ ਫੋਨ ਆਉਂਦੇ ਹਨ ਤਾਂ ਅਤਿਅੰਤ ਖ਼ੁਸ਼ੀ ਹੁੰਦੀ ਹੈ। ਇਹੀ ਸਭ ਤੋਂ ਵੱਡਾ ਇਨਾਮ ਹੁੰਦੇ ਹਨ। 19 ਅਗਸਤ 2013 ਨੂੰ ਉਹਨਾਂ ਦੀ ਕਹਾਣੀ 'ਫ਼ਰਕ' ਆਕਾਸ਼ਵਾਣੀ ਤੋਂ ਉਹਨਾਂ ਦੀ ਆਪਣੀ ਜ਼ਬਾਨੀ ਪੜ੍ਹੀ, ਪ੍ਰਸਾਰਤ ਕੀਤੀ ਗਈ, ਜੋ ਬਹੁਤ ਮਕਬੂਲ ਹੋਈ।

ਜਸਬੀਰ ਕੌਰ ਇਹਨਾਂ ਸਾਹਿਤਕ ਸੰਸਥਾਵਾਂ ਨਾਲ ਜੁੜੇ ਹੋਏ ਹਨ-, ਪੰਜਾਬੀ ਰਾਈਟਰਜ਼ ਕੋ-ਆਪਰੇਟਿਵ ਸੁਸਾਇਟੀ ਲਿਮਟਿਡ ਲੁਧਿਆਣਾ, ਕੇਂਦਰੀ ਲੇਖਕ ਸਭਾ, ਨਾਰੀ ਚੇਤਨਾ ਮੰਚ, ਮਿੰਨੀ ਕਹਾਣੀ ਮੰਚ, ਕਹਾਣੀ ਦਰਬਾਰ ਆਦਿ।

ਇਹਨਾਂ ਦੇ ਦੋ ਬੱਚੇ ਹਨ—ਲੜਕਾ ਜਸਮੋਹਨ ਸਿੰਘ ਜੋ ਰੇਲਵੇ ਵਿਚ ਸੀਨੀਅਰ ਸੈਕਸ਼ਨ ਇੰਜੀਨੀਅਰ ਹੈ। ਲੜਕੀ ਪਵਨਜੀਤ ਜੋ ਐਮ.ਏ. (ਅੰਗਰੇਜ਼ੀ ਅਤੇ ਮਨੋਵਿਗਿਆਨ) ਤੇ ਬੀ.ਐਡ. ਕਰ ਕੇ ਸਰਕਾਰੀ ਸਕੂਲ ਵਿਚ ਲੈਕਚਰਾਰ ਹੈ।

*20 ਅਪ੍ਰੈਲ, 2017*

# ਸੰਘਰਸ਼ਮਈ ਜ਼ਿੰਦਗੀ ਦਾ ਨਾਂ ਸੀ-ਸਤਪਾਲ ਡਾਂਗ



ਸਾਥੀ ਸਤਪਾਲ ਡਾਂਗ ਅਤੇ ਬੀਬੀ ਵਿਮਲਾ ਡਾਂਗ ਦੀ ਜੋੜੀ, ਉਨ੍ਹਾਂ ਸ਼ਖ਼ਸੀਅਤਾਂ ਵਿਚ ਸ਼ਾਮਲ ਹੈ, ਜਿਨ੍ਹਾਂ ਨੇ ਸਾਰੀ ਜ਼ਿੰਦਗੀ ਮਿਹਨਤਕਸ਼ ਲੋਕਾਂ ਨੂੰ ਸਮਰਪਿਤ ਕਰ ਦਿੱਤੀ। ਇਸ ਜੋੜੀ ਦੀ ਹਰਮਨ ਪਿਆਰਤਾ ਦਾ ਪਤਾ ਇਸ ਗੱਲ ਤੋਂ ਲੱਗਦਾ ਹੈ ਕਿ ਜਦੋਂ ਕਾਮਰੇਡ ਸਤਪਾਲ ਡਾਂਗ ਨੂੰ ਉਸ ਸਮੇਂ ਦੇ ਮੁੱਖ ਮੰਤਰੀ ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਵਿਰੁੱਧ ਚੋਣ ਲਈ ਖੜਾ ਕੀਤਾ ਗਿਆ ਤਾਂ ਨਾ ਕੇਵਲ ਭਾਰਤੀ ਕਮਿਊਨਿਸਟ ਪਾਰਟੀ ਦੇ ਵਰਕਰਾਂ ਸਗੋਂ ਆਮ ਸ਼ਹਿਰੀਆਂ ਨੇ ਵੀ ਉਨ੍ਹਾਂ ਦੀ ਮਦਦ ਕੀਤੀ।

ਮੈਨੂੰ ਯਾਦ ਹੈ ਕਿ ਉਨ੍ਹਾਂ ਦਿਨਾਂ ਵਿਚ ਪੈਸੇ ਲੈ ਕੇ, ਸ਼ਰਾਬ ਤੇ ਹੋਰ ਨਸ਼ੇ ਲੈ ਕੇ ਵੋਟਾਂ ਪਾਉਣ ਦਾ ਰਿਵਾਜ ਨਹੀਂ ਸੀ, ਜਿਵੇਂ ਅੱਜ-ਕੱਲ੍ਹ ਹੈ, ਇਸ ਲਈ ਵੋਟਰ ਸੋਚ-ਸਮਝ ਕੇ ਵੋਟ ਪਾਉਂਦੇ ਸਨ। ਸਾਥੀ ਡਾਂਗ ਨੂੰ ਜਿਤਾਉਣ ਲਈ ਲੋਕਾਂ ਵਿਚ ਏਨਾ ਉਤਸ਼ਾਹ ਸੀ ਕਿ ਵੋਟਾਂ ਦੀ ਗਿਣਤੀ ਤੋਂ ਪਹਿਲਾਂ ਲੋਕਾਂ ਨੇ ਜਿਥੇ ਵੋਟਾਂ ਦੇ ਬਕਸੇ ਰੱਖੇ ਹੋਏ ਸਨ, ਬਾਹਰ ਆਪਣੇ-ਆਪ ਪਹਿਰਾ ਦਿੱਤਾ ਤਾਂ ਜੋ ਮੁੱਖ ਮੰਤਰੀ ਇਨ੍ਹਾਂ ਬਕਸਿਆਂ ਵਿਚ ਹੇਰਾ-ਫੇਰੀ ਨਾ ਕਰਵਾ ਸਕੇ ਕਿਉਂਕਿ ਲੋਕਾਂ ਨੂੰ ਪਤਾ ਸੀ ਕਿ ਸ. ਪ੍ਰਤਾਪ ਸਿੰਘ ਕੈਰੋਂ ਨੇ ਕਥਿਤ ਤੌਰ ’ਤੇ ਜਥੇਦਾਰ ਮੋਹਨ ਸਿੰਘ ਤੁੜ ਤੋਂ ਹਾਰ ਜਾਣ ਦੇ ਬਾਵਜੂਦ ਵੀ ਸਰਕਾਰੀ ਅਧਿਕਾਰੀਆਂ ਪਾਸੋਂ ਜਿੱਤ ਦਾ ਐਲਾਨ ਕਰਵਾ ਦਿੱਤਾ ਸੀ। ਇਸ ਜਿੱਤ ਨੇ ਉਨ੍ਹਾਂ ਦਾ ਨਾਂ ਭਾਰਤੀ ਸਿਆਸਤਦਾਨਾਂ ਦੇ ਉਸ ਸਮੇਂ ਦੇ ਚੋਟੀਆਂ ਵਿਚ ਲੈ ਆਂਦਾ। 1967 ਵਿਚ ਸ. ਗੁਰਨਾਮ ਸਿੰਘ ਦੀ ਅਗਵਾਈ ਵਿਚ ਪੰਜਾਬੀ ਸੂਬਾ ਬਣਨ ਪਿੱਛੋਂ ਬਣੀ ਸਾਂਝੇ ਮੋਰਚੇ ਦੀ ਪਹਿਲੀ ਸਰਕਾਰ ਵਿਚ ਆਪ ਬਤੌਰ ਖ਼ੁਰਾਕ ਅਤੇ ਸਿਵਲ ਸਪਲਾਈ ਵਿਭਾਗ ਅਤੇ ਸਥਾਨਕ ਸਵੈ-ਸ਼ਾਸਨ ਦੇ ਮਹਿਕਮੇ ਦੇ ਮੰਤਰੀ ਬਣੇ। ਆਪ ਨੇ ਇਨ੍ਹਾਂ ਵਿਭਾਗਾਂ ਵਿਚ ਕਈ ਸੁਧਾਰ ਲਿਆਂਦੇ ਤੇ ਕਰਮਚਾਰੀਆਂ ਨੂੰ ਇਮਾਨਦਾਰੀ ਨਾਲ ਲੋਕਾਂ ਦੇ ਸੇਵਕ ਬਣ ਕੇ ਕੰਮ ਕਰਨ ਲਈ ਕਿਹਾ। ਉਸ ਸਮੇਂ ਉਨ੍ਹਾਂ ਇਹ ਮੁੱਦਾ ਉਭਾਰਿਆ ਕਿ ਕਿਸਾਨਾਂ ਦੀਆਂ ਜਿਣਸਾਂ ਦੇ ਭਾਅ ਮਿੱਥੇ ਜਾਣ ਕਿਉਂਕਿ ਖੁੱਲ੍ਹੀ ਮੰਡੀ ਵਿਚ ਕਿਸਾਨਾਂ ਅਤੇ ਖ਼ਪਤਕਾਰਾਂ ਦੀ ਲੁੱਟ ਹੁੰਦੀ ਹੈ।

ਪੰਜਾਬ ਵਿਚ 1980 ਤੋਂ 1995 ਤੀਕ ਜੋ ਕਾਲਾ ਦੌਰ ਰਿਹਾ, ਉਸ ਵਿਚ ਉਨ੍ਹਾਂ ਨੇ ਉਸਾਰੂ ਪਹੁੰਚ ਅਪਣਾਈ। ਅਖ਼ਬਾਰਾਂ ਵਿਚ ਲੇਖ ਲਿਖੇ। ਅਤਿਵਾਦੀ ਪੀੜਤਾਂ ਦੀ

ਮਦਦ ਕੀਤੀ। ਕਈ ਝੂਠੇ ਪੁਲੀਸ ਮੁਕਾਬਲਿਆਂ 'ਚ ਉਨ੍ਹਾਂ ਨੇ ਪੜਤਾਲ ਕਰਵਾ ਕੇ ਜਿਥੇ ਪੀੜਤ ਪਰਿਵਾਰਾਂ ਦੀ ਸਹਾਇਤਾ ਕੀਤੀ, ਉਥੇ ਸਰਕਾਰੀ ਤਸ਼ੱਦਦ ਨੂੰ ਉਜਾਗਰ ਕੀਤਾ। ਇਸ ਜੋੜੀ ਨੇ ਪੰਜਾਬ ਦੇ ਖਾੜਕੂਵਾਦ ਨੂੰ ਅਮਨ-ਕਾਨੂੰਨ ਦਾ ਮਸਲਾ ਸਮਝ ਕੇ ਨਜਿੱਠਣ ਦੀ ਥਾਂ ਇਸ ਦਾ ਸਿਆਸੀ ਹੱਲ ਲੱਭਣ, ਬੇ-ਰੁਜ਼ਗਾਰੀ ਦੂਰ ਕਰਨ ਅਤੇ ਵੋਟਾਂ ਦੀ ਰਾਜਨੀਤੀ ਨੂੰ ਲਾਂਭੇ ਕਰਨ 'ਤੇ ਜ਼ੋਰ ਦਿੱਤਾ। ਬੀਬੀ ਵਿਮਲਾ ਡਾਂਗ ਦੀ ਅਗਵਾਈ ਵਿਚ ਬਣੇ ਇਸਤਰੀ ਸਭਾ ਰਲੀਫ਼ ਟਰਸੱਟ ਨੇ ਨਾ ਕੇਵਲ ਅਤਿਵਾਦੀ ਪੀੜਤ ਬੱਚਿਆਂ ਨੂੰ ਅਪਣਾਇਆ, ਸਗੋਂ ਪੁਲੀਸ ਵਧੀਕੀਆਂ ਦਾ ਸ਼ਿਕਾਰ ਹੋਏ ਪਰਿਵਾਰਾਂ ਦੇ ਬੱਚਿਆਂ ਦੀ ਵੀ ਸਹਾਇਤਾ ਕੀਤੀ।

ਸਾਥੀ ਡਾਂਗ ਨੇ ਜਿਥੇ ਮਜ਼ਦੂਰ ਲਹਿਰ ਲਈ ਕੰਮ ਕੀਤਾ, ਉਥੇ ਉਨ੍ਹਾਂ ਨੇ ਖੇਤ-ਮਜ਼ਦੂਰਾਂ, ਛੋਟੇ-ਵੱਡੇ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਵੀ ਸਮਝਿਆ ਤੇ ਉਨ੍ਹਾਂ ਦੇ ਹੱਲ ਲਈ ਯਤਨ ਵੀ ਕੀਤੇ ਤੇ ਜ਼ਮੀਨੀ ਅੰਦੋਲਨ ਵਿਚ ਭਾਗ ਲਿਆ। ਰੋਪੜ ਦੇ ਬਿਰਲਾ ਫਾਰਮ ਵਿਰੁੱਧ ਹੋਏ ਅੰਦੋਲਨ ਦੀ ਅਗਵਾਈ ਕੀਤੀ, ਜਿਸ ਦੇ ਨਤੀਜੇ ਵਜੋਂ ਸਰਕਾਰ ਨੂੰ ਜ਼ਮੀਨੀ ਕਾਨੂੰਨ ਬਣਾ ਕੇ ਹੱਦਬੰਦੀ ਕਾਨੂੰਨ ਦੀਆਂ ਘਾਟਾਂ ਨੂੰ ਦੂਰ ਕਰਨਾ ਪਿਆ।ਜਦੋਂ ਛੇਹਰਟਾ ਮਿਉਂਸਪਲ ਕਮੇਟੀ ਹੁੰਦੀ ਸੀ ਤਾਂ ਉਸ ਸਮੇਂ ਇਸ ਜੋੜੀ ਨੇ ਉਸ ਨੂੰ ਚਲਾਉਣ ਵਿਚ ਜੋ ਉਸਾਰੂ ਕੰਮ ਕੀਤਾ, ਉਹ ਇਲਾਕਾ ਨਿਵਾਸੀਆਂ ਨੂੰ ਅੱਜ ਵੀ ਯਾਦ ਹੈ।

1920 ਵਿਚ ਗੁਜਰਾਂਵਾਲਾ ਵਿਖੇ ਆਪ ਦਾ ਜਨਮ ਹੋਇਆ। ਲਾਹੌਰ ਵਿਚ ਪੜ੍ਹਾਈ ਸਮੇਂ ਉਹ ਕਮਿਊਨਿਸਟ ਲਹਿਰ ਨਾਲ ਜੁੜੇ। 1940 ਦੇ ਦਹਾਕੇ ਵਿਚ ਭਾਰਤ ਦੇ ਵਿਦਿਆਰਥੀ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲ ਖਿੱਚੇ ਆ ਰਹੇ ਸਨ, ਆਪ ਵੀ ਇਸ ਤੋਂ ਪ੍ਰਭਾਵਿਤ ਹੋਏ। ਸਰਗਰਮ ਹਿੱਸਾ ਲੈਣ ਕਰਕੇ 1945 ਵਿਚ ਆਪ ਨੂੰ ਇਸਦਾ ਜਨਰਲ ਸਕੱਤਰ ਬਣਾਇਆ ਗਿਆ। ਨੈਸ਼ਨਲ ਸਟੂਡੈਂਟਸ ਯੂਨੀਅਨ ਦੀ ਆਗੂ ਸ੍ਰੀਮਤੀ ਵਿਮਲਾ ਡਾਂਗ ਨਾਲ ਆਪ ਦਾ ਇਕ ਕੌਮਾਂਤਰੀ ਸੰਮੇਲਨ ਵਿਚ ਮਿਲਾਪ ਹੋਇਆ। ਇਸ ਮਿਲਣੀ ਨੇ ਉਨ੍ਹਾਂ ਨੂੰ ਜੀਵਨ ਭਰ ਦਾ ਸਾਥੀ ਬਣਾ ਦਿੱਤਾ। ਇਹ ਜੋੜੀ 1950 ਵਿਚ ਅੰਮ੍ਰਿਤਸਰ ਦੇ ਉਦਯੋਗਿਕ ਕੇਂਦਰ ਛੇਹਰਟਾ ਆ ਗਈ। ਇਸ ਜੋੜੀ ਨੇ ਪ੍ਰਣ ਕੀਤਾ ਕਿ ਉਹ ਕੋਈ ਔਲਾਦ ਪੈਦਾ ਨਹੀਂ ਕਰਨਗੇ ਤੇ ਸਾਰੀ ਜ਼ਿੰਦਗੀ ਲੋਕਾਂ ਦੇ ਲੇਖੇ ਲਾਉਣਗੇ। ਇਸ ਜੋੜੀ ਨੇ ਸਾਰੀ ਉਮਰ ਬਹੁਤ ਸਾਦ-ਮੁਰਾਦੀ ਜ਼ਿੰਦਗੀ ਬਤੀਤ ਕੀਤੀ, ਹਾਲਾਂ ਕਿ ਯੂ.ਪੀ. ਵਿਚ ਇਸ ਪਰਿਵਾਰ ਦੀ ਜ਼ਮੀਨ ਹੈ। ਇਸ ਜੋੜੀ ਨੇ ਜਿਥੇ ਸਾਰੀ ਜ਼ਿੰਦਗੀ ਲੋਕਾਂ ਦੇ ਲੇਖੇ ਲਾਈ, ਉਥੇ ਲੋਕਾਂ ਨੇ ਵੀ ਉਨ੍ਹਾਂ ਨੂੰ ਹਰ ਤਰ੍ਹਾਂ ਦਾ ਪਿਆਰ ਦਿੱਤਾ। ਉਨ੍ਹਾਂ ਦੀ ਆਖ਼ਰੀ ਖ਼ਾਹਿਸ਼ ਸੀ ਕਿ ਉਨ੍ਹਾਂ ਦੀ ਮੌਤ ਪਿੱਛੋਂ ਕੋਈ ਧਾਰਮਕ ਰਸਮ ਨਾ ਕੀਤੀ ਜਾਵੇ , ਉਨ੍ਹਾਂ ਦੀਆਂ ਅੱਖਾਂ ਦਾਨ ਕੀਤੀਆਂ ਜਾਣ, ਅਤੇ ਉਨ੍ਹਾਂ ਮ੍ਰਿਤਕ ਰਾਖ਼ ਕਿਸੇ ਨੇੜੇ ਦੇ ਦਰਿਆ ਵਿਚ ਪਾਈ ਜਾਵੇ ਤੇ ਇਸ ਲਈ ਕੋਈ ਵਿਸ਼ੇਸ਼ ਥਾਂ ਨਾ ਚੁਣੀ ਜਾਵੇ। ਇਸ ਤੋਂ ਉਨ੍ਹਾਂ ਦੀ ਧਰਮ ਪ੍ਰਤੀ ਅਤੇ ਜਿੰਦਗੀ ਪ੍ਰਤੀ ਪਹੁੰਚ ਦਾ ਪਤਾ ਲਗਦਾ ਹੈ।

ਇਸ ਜੋੜੀ ਦੀਆਂ ਸੇਵਾਵਾਂ ਨੂੰ ਵੇਖਦੇ ਹੋਏ ਸਾਥੀ ਡਾਂਗ ਨੂੰ ਪਦਮ ਭੂਸ਼ਣ ਅਤੇ ਸ੍ਰੀਮਤੀ ਵਿਮਲਾ ਡਾਂਗ ਨੂੰ ਪਦਮ ਸ੍ਰੀ ਨਾਲ ਨਿਵਾਜਿਆ ਗਿਆ।15 ਜੂਨ 2013 ਨੂੰ ਸਾਥੀ ਡਾਂਗ ਦੇ ਤੁਰ ਜਾਣ ਨਾਲ ਅੰਮ੍ਰਿਤਸਰ ਹੀ ਨਹੀਂ, ਸਗੋਂ ਸਮੁੱਚਾ ਪੰਜਾਬ ਇਸ

ਜੋੜੀ ਤੋਂ ਵਾਂਝਿਆਂ ਹੋ ਗਿਆ ਹੈ। ਜਿਥੇ ਅਸੀਂ ਅੰਮ੍ਰਿਤਸਰ ਪੋਸਟ ਅਦਾਰਾ ਵਲੋਂ ਸ੍ਰੀ ਸਤਪਾਲ ਡਾਂਗ ਨੂੰ ਉਨ੍ਹਾਂ ਦੇ ਵਿਛੋੜੇ 'ਤੇ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ, ਉਥੇ ਅਸੀਂ ਸਮੁੱਚੀ ਮਿਹਨਤਕਸ਼ ਲੋਕਾਈ ਨੂੰ ਅਪੀਲ ਕਰਦੇ ਹਾਂ ਕਿ ਅਸੀਂ ਵੀ ਸਾਥੀ ਸਤਪਾਲ ਡਾਂਗ ਤੇ ਸ੍ਰੀਮਤੀ ਵਿਮਲਾ ਡਾਂਗ ਵਾਂਗ ਮਨੁੱਖਤਾ ਦੇ ਭਲੇ ਲਈ ਕੰਮ ਕਰੀਏ।

ਅੱਜ ਦੇਸ਼ ਵਿਚ ਰਿਸ਼ਵਤਖੋਰੀ ਸਭ ਤੋਂ ਵੱਡਾ ਮਸਲਾ ਹੈ। ਸਰਕਾਰੀ ਦਫ਼ਤਰਾਂ ਵਿਚ ਬੈਠੇ ਸਾਡੇ ਕਰਮਚਾਰੀ ਭਰਾ ਹੀ ਹਨ, ਜਿਹੜੇ ਦਫ਼ਤਰਾਂ ਵਿਚ ਲੋਕਾਂ ਨੂੰ ਦਿਨ-ਦਿਹਾੜੇ ਲੁੱਟ ਰਹੇ ਹਨ ਤੇ ਇਸ ਲੁੱਟ ਦੇ ਪੈਸੇ ਨਾਲ ਅਫ਼ਸਰਸ਼ਾਹੀ ਤੇ ਸਿਆਸਤਦਾਨਾਂ ਦੀਆਂ ਝੋਲੀਆਂ ਭਰ ਰਹੇ ਹਨ। ਜੇ ਅੱਜ ਦੀਆਂ ਮੁਲਾਜ਼ਮ ਜਥੇਬੰਦੀਆਂ ਇਹ ਤਹਈਆ ਕਰ ਲੈਣ ਕਿ ਅਸੀਂ ਸਰਕਾਰੀ ਦਫ਼ਤਰਾਂ ਵਿਚ ਇਸ ਲੁੱਟ ਦੇ ਭਾਈਵਾਲ ਨਹੀਂ ਬਣਨਾ ਤਾਂ ਇਸ ਨਾਲ ਰਿਸ਼ਵਤਖੋਰੀ ਨੂੰ ਵੱਡੀ ਠੱਲ੍ਹ ਪੈ ਸਕਦੀ ਹੈ। ਕੈਨੇਡਾ, ਇੰਗਲੈਂਡ ਤੇ ਹੋਰ ਮੁਲਕਾਂ ਵਿਚ 99 ਫੀਸਦੀ ਬੱਚੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਹਨ, ਪੰਜਾਬ ਵਿਚ ਅਜਿਹਾ ਕਿਉਂ ਨਾ ਹੋਵੇ? ਸਰਕਾਰੀ ਹਸਪਤਾਲਾਂ ਵਿਚ ਹਰੇਕ ਸਹੂਲਤ ਹੈ ਤੇ ਇਲਾਜ ਮੁਫਤ ਹੈ, ਅਜਿਹਾ ਭਾਰਤ ਵਿਚ ਕਿਉਂ ਨਾ ਹੋਵੇ? ਇਸ ਸਬੰਧੀ ਮਜ਼ਦੂਰ-ਮੁਲਾਜ਼ਮ ਜਥੇਬੰਦੀਆਂ ਨੂੰ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ ਤੇ ਆਪ ਵੀ ਅੱਗੇ ਆਉਣਾ ਚਾਹੀਦਾ ਹੈ। ਇਸ ਸਮੇਂ ਮੁਲਾਜ਼ਮ-ਮਜ਼ਦੂਰ ਜਥੇਬੰਦੀ ਹੱਕਾਂ ਲਈ ਤਾਂ ਲੜਦੀਆਂ ਹਨ ਪਰ ਲੋਕਾਂ ਪ੍ਰਤੀ ਜੋ ਉਨ੍ਹਾਂ ਦੇ ਫਰਜ਼ ਹਨ, ਉਹ ਨਹੀਂ ਨਿਭਾਅ ਰਹੀਆਂ। ਇਸ ਲਈ ਮੈਂ ਸਮਝਦਾ ਹਾਂ ਕਿ ਸਾਥੀ ਡਾਂਗ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਜੇ ਅਸੀਂ ਅਜਿਹਾ ਨਿਜ਼ਾਮ ਕਾਇਮ ਕਰ ਸਕੀਏ, ਜਿਸ ਵਿਚ ਸਭ ਨੂੰ ਮੁਫਤ ਮਿਆਰੀ ਸਿਖਿਆ ਤੇ ਸਿਹਤ ਸਹੂਲਤਾਂ ਮਿਲਣ, ਸਭ ਨੂੰ ਰੁਜ਼ਗਾਰ ਮਿਲੇ।

*20 ਜੂਨ 2013*

# ਪ੍ਰਿੰ. ਸੰਤੋਖ ਸਿੰਘ ਦਾ ਵਿਛੋੜਾ



ਪੰਜਾਬ ਦੇ ਸਿਖ਼ਿਆ ਵਿਭਾਗ ਵਿਚ ਅਨੇਕਾਂ ਸ਼ਖ਼ਸੀਅਤਾਂ ਅਜਿਹੀਆਂ ਹੋਈਆਂ ਹਨ ਜਿਨ੍ਹਾਂ ਨੇ ਅਧਿਆਪਨ ਦੇ ਨਾਲ ਪੰਜਾਬੀ ਸਾਹਿਤ ਵਿਚ ਵਰਨਣਯੋਗ ਕੰਮ ਕੀਤਾ ਹੈ। ਪ੍ਰਿੰਸੀਪਲ ਸੰਤੋਖ ਸਿੰਘ ਵੀ ਅਜਿਹੀਆਂ ਸ਼ਖ਼ਸੀਅਤਾਂ ਵਿਚ ਸ਼ਾਮਲ ਹਨ ਜਿਨ੍ਹਾਂ ਨੇ ਬਤੌਰ ਅਧਿਆਪਕ ਤੇ ਸਿਖ਼ਿਆ ਅਧਿਕਾਰੀ ਹੁੰਦੇ ਹੋਏ ਪੰਜਾਬੀ ਸਾਹਿਤ ਲਈ ਵੀ ਵਿਸ਼ੇਸ਼ ਕਾਰਜ ਕੀਤਾ। ਉਹਨਾਂ ਨੇ 'ਸੈਂਟਰਲ ਖਾਲ਼ਸਾ ਮਾਝਾ ਦੀਵਾਨ (ਪੰਥ ਮਿਲੌਣੀ ਜਥਾ)', 'ਹਿੰਦੁਸਤਾਨ ਦੀ ਅਜ਼ਾਦੀ ਦੀ ਲੜਾਈ ਵਿੱਚ ਪੰਜਾਬ', 'ਅਜ਼ਾਦੀ ਦਾ ਝੰਡਾ ਬਰਦਾਰ' ਜੋ ਕਿ ਦੇਸ਼ ਦੀ ਆਜ਼ਾਦੀ ਵਿਚ ਪੰਜਾਬੀਆਂ ਦੇ ਯੋਗਦਾਨ ਸਬੰਧੀ ਹੈ, 'ਵਿਥਿਆ ਨਾਨਕ ਸ਼ਾਹੀ ਜੰਤਰੀ ਦੀ', 'ਸੰਖੇਪ ਜੀਵਨੀ ਸਿੰਘ ਸਾਹਿਬ ਜਥੇਦਾਰ ਅੱਛਰ ਸਿੰਘ ਜੀ' ਤੇ ਹੋਰ ਪੁਸਤਕਾਂ ਲਿਖੀਆਂ। ਉਹਨਾਂ ਨੇ ਅੰਗ੍ਰੇਜ਼ੀ ਪੁਸਤਕਾਂ ਦੇ ਪੰਜਾਬੀ ਵਿੱਚ ਅਨੁਵਾਦ ਵੀ ਕੀਤੇ।

ਉਨ੍ਹਾਂ ਦਾ ਜਨਮ 21 ਦਸੰਬਰ 1927 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ, ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ, ਸਿੰਘ ਸਾਹਿਬ ਜਥੇਦਾਰ ਅੱਛਰ ਸਿੰਘ ਦੇ ਗ੍ਰਹਿ ਪਿੰਡ ਘਣੀਏਕੇ ਜਿਲ੍ਹਾ ਲਾਹੌਰ ਵਿਖੇ ਹੋਇਆ। ਉਹਨਾਂ ਦੀ ਮਾਤਾ ਦਾ ਨਾਮ ਬੀਬੀ ਈਸ਼ਰ ਕੌਰ ਸੀ। ਉਹ ਸ੍ਰੀ ਗੁਰੂ ਰਾਮਦਾਸ ਸੀਨੀਅਰ ਸਕੈਂਡਰੀ ਅੰਮ੍ਰਿਤਸਰ ਤੋਂ ਮੈਟਰਿਕ ਕਰਨ ਉਪਰੰਤ 1948 ਵਿੱਚ ਫੌਜ 'ਚ ਭਰਤੀ ਹੋ ਗਏ। ਇਕ ਸਾਲ ਪਿੱਛੋਂ ਨੌਕਰੀ ਛੱਡ ਕੇ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਿੱਚ ਕਲੱਰਕ ਲੱਗ ਗਏ। ਇੱਥੇ ਵੀ ਉਹ ਇਕ ਸਾਲ ਰਹੇ ਤੇ ਫਿਰ ਮੁੜ ਵਿਸਾਊ (ਕਸਟੋਡੀਅਨ) ਵਿਭਾਗ ਜਲੰਧਰ ਵਿਖੇ ਕਲੱਰਕ ਨਿਯੁਕਤ ਹੋ ਗਏ। ਉਹਨਾਂ ਨੇ ਪ੍ਰਾਈਵੇਟ ਤੌਰ 'ਤੇ ਬੀ.ਏ. ਕੀਤੀ। 1956 ਵਿੱਚ ਬੀ.ਟੀ. ਕਰਕੇ ਸਰਕਾਰੀ ਮਿਡਲ ਸਕੂਲ ਸ਼ਾਹਬਾਜਪੁਰ ਜਿਲ੍ਹਾ ਤਰਨ ਤਾਰਨ ਵਿੱਚ ਮੁੱਖ ਅਧਿਆਪਕ ਲਗ ਗਏ। ਉਹਨਾਂ ਨੇ ਐਮ.ਏ. ਹਿਸਟਰੀ ਅਤੇ ਗੋਲਡ ਮੈਡਲ ਨਾਲ ਐਮ.ਐਡ. ਸਰਕਾਰੀ ਟ੍ਰੇਨਿੰਗ ਕਾਲਜ ਜਲੰਧਰ ਤੋਂ ਕੀਤੀ। ਬਤੌਰ ਬਲਾਕ ਸਿੱਖਿਆ ਅਫ਼ਸਰ ਕਈ ਬਲਾਕਾਂ ਵਿੱਚ ਕੰਮ ਕੀਤਾ। ਕਈ ਸਕੂਲਾਂ ਜਿਨ੍ਹਾਂ ਵਿੱਚ ਸਰਕਾਰੀ ਸੀ.ਸੈ. ਸਕੂਲ ਟਾਊਨ ਹਾਲ ਅੰਮ੍ਰਿਤਸਰ, ਡੈਮ ਗੰਜ ਸਕੂਲ, ਸਰਕਾਰੀ ਆਦਰਸ਼ ਸਕੂਲ ਬੁਟਰ ਧਰ ਦਿਓ ਆਦਿ ਸ਼ਾਮਿਲ ਹਨ, ਵਿੱਚ ਬਤੌਰ

ਲੈਕਚਰਾਰ ਤੇ ਪ੍ਰਿੰਸੀਪਲ ਕੰਮ ਕੀਤਾ। ਉਨ੍ਹਾਂ ਨੇ ਬਤੌਰ ਉਪ ਜਿਲਾ ਸਿੱਖਿਆ ਅਫ਼ਸਰ ਤੇ ਜਿਲਾ ਸਿੱਖਿਆ ਅਫ਼ਸਰ ਵੀ ਕੰਮ ਕੀਤਾ ਤੇ ਰੋਪੜ ਤੋਂ 1985 ਵਿੱਚ ਬਤੌਰ ਜਿਲਾ ਸਿੱਖਿਆ ਅਫ਼ਸਰ ਸੇਵਾ ਮੁਕਤ ਹੋਏ।

ਉਹ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਅੰਮ੍ਰਿਤਸਰ ਇਕਾਈ ਦੇ ਮੀਤ ਪ੍ਰਧਾਨ ਤੇ ਰਿਟਰਨਿੰਗ ਅਫਸਰ ਰਹੇ। ਐਮਰਜੈਂਸੀ ਸਮੇਂ ਗੌਰਮਿੰਟ ਟੀਚਰਜ਼ ਯੂਨੀਅਨ ਦੀਆਂ ਚੋਣਾਂ ਸਬੰਧੀ ਜਦ ਅੰਮ੍ਰਿਤਸਰ ਵਿੱਚ ਕੋਈ ਵੀ ਰਿਟਰਨਿੰਗ ਅਫ਼ਸਰ ਬਣਨ ਨੂੰ ਤਿਆਰ ਨਹੀਂ ਸੀ ਉਸ ਸਮੇਂ ਉਨ੍ਹਾਂ ਨੇ ਇਹ ਜੁੰਮੇਵਾਰੀ ਨਿਭਾਈ।

ਉਹ ਕਈ ਸਮਾਜ ਸੇਵੀ ਤੇ ਧਾਰਮਿਕ ਸੰਸਥਾਵਾਂ ਨਾਲ ਵੀ ਜੁੜੇ ਹੋਏ ਸਨ। ਉਹ ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਬੈਹਿਰ ਸਾਹਿਬ ਪਟਿਆਲਾ ਦੇ ਫਾਊਂਡਰ ਪ੍ਰਿੰਸੀਪਲ, ਖਾਲਸਾ ਅਕੈਡਮੀ ਦਮਦਮੀ ਟਕਸਾਲ, ਮਹਿਤਾ ਚੌਂਕ ਅੰਮ੍ਰਿਤਸਰ ਦੇ ਡਾਇਰੈਕਟਰ ਪ੍ਰਿੰਸੀਪਲ, ਸ੍ਰੀ ਗੁਰੂ ਰਾਮਦਾਸ ਹਸਪਤਾਲ ਅਤੇ ਮੈਡੀਕਲ ਤੇ ਡੈਂਟਲ ਕਾਲਜ਼ ਦੇ ਆਨਰੇਰੀ ਪ੍ਰਬੰਧਕੀ ਅਫ਼ਸਰ ਤੇ ਪੀ.ਆਰ.ਓ., ਅਸ਼ੋਕਾ ਸੀ.ਸੈ. ਸਕੂਲ ਅੰਮ੍ਰਿਤਸਰ ਦੇ ਵਿਦਿਅਕ ਮਾਹਿਰ ਰਹੇ। ਉਹ ਭਾਰਤ ਸਕਾਊਟਸ ਐਂਡ ਗਾਇਡਜ਼ ਐਸੋਸੀਏਸ਼ਟ ਅੰਮ੍ਰਿਤਸਰ ਦੇ ਆਨਰੇਰੀ ਫਾਇਨੈਂਨਸ ਸੈਕਟਰੀ, ਯੂਨੀਅਰ ਰੈਡ ਕਰਾਸ ਸੁਸਾਇਟੀ ਦੇ ਆਨਰੇਰੀ ਸਕੱਤਰ, ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੇ ਐਡੀਸ਼ਨਲ ਸਕੱਤਰ, ਇੰਡੀਅਨ ਰੂਰਲ ਐਜੂਕੇਸ਼ਨ ਪ੍ਰਮੋਸ਼ਨ ਕੌਂਸਲ ਦੇ ਮੀਤ ਪ੍ਰਧਾਨ, ਆਲ ਇੰਡੀਆ ਪਿੰਗਲਵਾੜਾ ਸੁਸਾਇਟੀ ਅੰਮ੍ਰਿਤਸਰ ਦੇ ਆਨਰੇਰੀ ਸੈਕਟਰੀ, ਭਾਈ ਘਨਈਆ ਸੋਸਾਇਟੀ ਦੇ ਆਹੁਦੇਦਾਰ ਵੀ ਰਹੇ।

ਉਹਨਾਂ ਦੀ ਸ਼ਾਦੀ 1944 ਵਿੱਚ ਬੀਬੀ ਮਿਲਾਪ ਕੌਰ ਨਾਲ ਹੋਈ। ਉਹਨਾਂ ਦੇ ਦੋ ਸਪੁੱਤਰ ਡਾ. ਬਲਜੀਤ ਸਿੰਘ ਸੰਧੂ ਪੇਸ਼ੇ ਵਜੋਂ ਡਾਕਟਰ ਹਨ ਅਤੇ ਇੰਜ: ਦਲਜੀਤ ਸਿੰਘ ਸੰਧੂ 31 ਅਕਤੂਬਰ ਨੂੰ 2011 ਨੂੰ ਮਿਉਂਸਿਪਲ ਕਾਰਪੋਰੇਸ਼ਨ ਅੰਮ੍ਰਿਤਸਰ ਤੋਂ ਬਤੌਰ ਐਕਸੀਅਨ ਸੇਵਾ ਮੁਕਤ ਹੋਏ ਹਨ।

ਉਹ 4 ਨਵੰਬਰ 2011 ਨੂੰ ਇਸ ਸੰਸਾਰ ਤੋਂ ਕੂਚ ਕਰ ਗਏ। ਉਹ ਭਾਵੇਂ ਅੱਜ ਸਾਡੇ ਵਿੱਚ ਨਹੀ ਹਨ ਪਰ ਉਨ੍ਹਾਂ ਦੀਆਂ ਸਹਿਤਕ ਤੇ ਹੋਰ ਸਮਾਜਿਕ ਪ੍ਰਾਪਤੀਆਂ ਕਰਕੇ ਉਹਨਾਂ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ।

# ਸ਼ਹੀਦ ਊਧਮ ਸਿੰਘ ਸਭਾ ਆਫ਼ ਨਿਊਯਾਰਕ



ਸ. ਜਸਵੰਤ ਸਿੰਘ ਜੱਸਾ

ਲੰਡਨ ਵਿਚ ਸ਼ਹਾਦਤ ਦਾ ਜਾਮ ਪੀਣ ਵਾਲੇ ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਭਾਰਤੀ ਇਤਿਹਾਸ ਵਿਚ ਵਿਲੱਖਣ ਸਥਾਨ ਰਖਦੀ ਹੈ। ਉਹ ਇਕ ਐਸਾ ਦੇਸ਼ ਭਗਤ ਸੀ, ਜਿਸ ਨੇ ਸਭ ਤੋਂ ਵੱਧ ਵੱਖ-ਵੱਖ ਦੇਸ਼ਾਂ ਦੀ ਯਾਤਰਾ ਕੀਤੀ। ਪੰਜਾਬ ਦੇ ਸਭ ਤੋਂ ਜ਼ਾਲਮ ਗਵਰਨਰ ਜਨਰਲ ਮਾਈਕਲ ਓਡਵਾਇਰ ਨੂੰ ਕਤਲ ਕਰਨ ਲਈ ਉਸ ਦੇ ਸੀਨੇ ਅੰਦਰਲੀ ਸੁਲਗਦੀ ਅੱਗ ਨੇ ਉਸ ਨੂੰ ਕਿਸੇ ਵੀ ਥਾਂ ਚੈਨ ਨਾਲ ਬੈਠਣ ਨਾ ਦਿੱਤਾ ਤੇ ਉਹ ਕਦੇ ਅਮਰੀਕਾ, ਕਦੇ ਬਰਾਜ਼ੀਲ, ਕਦੇ ਇੰਗਲੈਂਡ ਤੇ ਕਦੇ ਭਾਰਤ ਭ੍ਰਮਨ ਕਰਦਾ ਰਿਹਾ। ਉਸ ਦੇ ਗ਼ਦਰੀਆਂ ਨਾਲ ਵੀ ਸੰਬੰਧ ਸਨ ਤੇ ਭਾਰਤੀ ਇਨਕਲਾਬੀਆਂ ਨਾਲ ਵੀ ਪ੍ਰੇਮ ਸੀ। ਉਸ ਨੇ ਗੁਲਾਮੀ ਦੀਆਂ ਜੜ੍ਹਾਂ ਵੱਢਣ ਲਈ ਸ਼ਹਾਦਤ ਇਸ ਕਰਕੇ ਦਿੱਤੀ ਤਾਂ ਜੋ ਉਸ ਵਾਂਗ ਨੌਜੁਆਨ ਪੀੜੀ ਉਨ੍ਹਾਂ ਦੀ ਤਰ੍ਹਾਂ ਕੁਰਬਾਨੀਆਂ ਦੇਣ ਲਈ ਅੱਗੇ ਆਵੇ।

ਭਾਰਤ ਭਾਵੇਂ ਆਜ਼ਾਦ ਹੋ ਗਿਆ ਪਰ ਸੰਪੂਰਨ ਆਜ਼ਾਦੀ ਜੋ ਸ਼ਹੀਦ ਊਧਮ ਸਿੰਘ ਤੇ ਹੋਰ ਦੇਸ਼ ਭਗਤਾਂ ਨੇ ਲਿਆਉਣ ਦਾ ਬੀੜਾ ਚੁੱਕਿਆ ਸੀ, ਅਜੇ ਆਉਣੀ ਬਾਕੀ ਹੈ। ਇਹੋ ਕਾਰਨ ਹੈ ਕਿ ਵਿਸ਼ਵ ਭਰ ਵਿਚ ਆਜ਼ਾਦੀ ਦੇ ਪ੍ਰਵਾਨਿਆਂ ਦੀ ਸ਼ਮਾ ਰੌਸ਼ਨ ਰਖਣ ਲਈ ਬਹੁਤ ਸਾਰੀਆਂ ਸੰਸਥਾਵਾਂ ਕੰਮ ਕਰ ਰਹੀਆਂ ਹਨ। ਅਜਿਹੀਆਂ ਹੀ ਸੰਸਥਾਵਾਂ ਵਿਚੋਂ ਸ਼ਹੀਦ ਊਧਮ ਸਿੰਘ ਸਭਾ ਆਫ਼ ਨਿਊਯਾਰਕ ਹੈ, ਜੋ ਕਿ 19 ਜੁਲਾਈ 2007 ਨੂੰ ਅਮਰੀਕਾ ਵਿਚ ਰਜਿਸਟਰ ਹੋਈ।

ਭਿਖੀਵਿੰਡ ਦੇ ਨਜ਼ਦੀਕ ਪਿੰਡ ਬੂੜਚੰਦ ਦੇ ਜੰਮਪਲ ਜਸਵੰਤ ਸਿੰਘ ਜੱਸਾ ਦੀ ਅਗਵਾਈ ਵਿਚ ਸ਼ਹੀਦ ਊਧਮ ਸਿੰਘ ਦੀ ਵਿਚਾਰਧਾਰਾ ਨਾਲ ਸਨੇਹ ਰਖਣ ਵਾਲੇ ਪ੍ਰੇਮੀਆਂ ਨੇ ਇਹ ਸਭਾ ਬਣਾਈ ਜੋ ਨਿਊਯਾਰਕ ਦੇ ਸਭ ਤੋਂ ਵੱਡੇ ਤੇ ਪੁਰਾਣੇ ਰਿਚਮੰਡ ਹਿੱਲ ਵਿਖੇ ਸਿੱਖ ਕਲਚਰਲ ਸੁਸਾਇਟੀ ਗੁਰਦੁਆਰਾ ਵਿਖੇ ਹਰ ਸਾਲ ਅਗਸਤ ਦੇ ਪਹਿਲੇ ਐਤਵਾਰ ਨੂੰ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਬੜੀ ਧੂਮ ਧਾਮ ਨਾਲ ਮਨਾਉਂਦੀ ਆ ਰਹੀ ਹੈ। ਇਸ ਦਿਨ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਕੀਰਤਨ ਹੁੰਦਾ ਹੈ ਤੇ ਢਾਡੀ ਸਮੂਹ ਸ਼ਹੀਦਾਂ ਦੀਆਂ ਵਾਰਾਂ ਗਾਉਂਦੇ ਹਨ। ਕਥਾਕਾਰ ਕਥਾ ਕਰਦੇ ਹਨ ਤੇ ਵਿਦਵਾਨ ਸ਼ਹੀਦ ਊਧਮ ਸਿੰਘ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ 'ਤੇ ਝਾਤ ਪਾਉਂਦੇ ਹਨ। ਸ਼ਹੀਦ ਊਧਮ ਸਿੰਘ ਦੀ ਜੀਵਨੀ 'ਤੇ ਇਕ ਕਿਤਾਬਚਾ ਛਾਪ ਕੇ ਹਰ ਸਾਲ ਮੁਫਤ ਵੰਡਿਆ ਜਾਂਦਾ ਹੈ। ਦੂਰੋਂ ਦੂਰੋਂ ਸੰਗਤਾਂ ਇਨ੍ਹਾਂ ਦੇ ਪ੍ਰੋਗਰਾਮਾਂ ਵਿਚ ਆ ਕੇ ਹਾਜ਼ਰੀ ਭਰਦੀਆਂ ਹਨ।

ਸ਼ਹੀਦੀ ਦਿਹਾੜੇ ਤੋਂ ਇਲਾਵਾ ਸਭਾ ਵੱਲੋਂ ਵੱਖ-ਵੱਖ ਸਮਿਆਂ 'ਤੇ ਸਭਿਆਚਾਰਕ ਪ੍ਰੋਗਰਾਮ ਕਰਵਾਏ ਜਾ ਚੁੱਕੇ ਹਨ। ਭੰਗੜਾ ਤੇ ਗਿੱਧੇ ਨੂੰ ਪ੍ਰਫੁੱਲਤ ਕਰਨ ਲਈ ਕਈ ਮੁਕਾਬਲੇ ਕਰਵਾਏ ਗਏ ਹਨ। ਸ਼ਹੀਦ ਊਧਮ ਸਿੰਘ ਦੀ ਜੀਵਨ 'ਤੇ ਭਾਸ਼ਨ ਮੁਕਾਬਲੇ ਕਰਵਾਏ ਜਾ ਚੁੱਕੇ ਹਨ।

ਪ੍ਰਬੰਧਕ ਕਮੇਟੀ ਦੇ ਮੈਂਬਰਾਨ ਤੇ ਪ੍ਰਧਾਨ ਜਸਵੰਤ ਸਿੰਘ ਜੱਸਾ ਵਧਾਈ ਦੇ ਪਾਤਰ ਹਨ, ਜਿਹੜੇ ਰੁਝੇਵਿਆਂ ਭਰੀ ਜ਼ਿੰਦਗੀ 'ਚੋਂ ਸਮਾਂ ਕੱਢ ਕੇ ਸ਼ਹੀਦ ਊਧਮ ਸਿੰਘ ਤੇ ਹੋਰ ਸ਼ਹੀਦਾਂ ਦੀ ਵਿਚਾਰ ਧਾਰਾ ਨੂੰ ਅਮਰੀਕਾ ਵਿਚ ਪ੍ਰਫੁੱਲਤ ਕਰ ਰਹੇ ਹਨ।

ਇਸ ਲੇਖਕ ਨੂੰ ਵੀ 4 ਅਗਸਤ 2013 ਨੂੰ ਹੋਏ ਸਮਾਗਮ ਵਿਚ ਬਤੌਰ ਵਕਤਾ ਸ਼ਾਮਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਤੇ ਇਸ ਮੌਕੇ ਸੰਗਤ ਦੀ ਵੱਡੀ ਗਿਣਤੀ ਵੇਖ ਕੇ ਬੜੀ ਖ਼ੁਸ਼ੀ ਹੋਈ।

*12 ਨਵੰਬਰ 2014*

# ਡਾ. ਅਜੀਤ ਸਿੰਘ ਸਿੱਕਾ ਦਾ ਚਲਾਣਾ



ਦਾਰਸ਼ਨਿਕ, ਖ਼ੋਜ ਬਿਰਤੀ ਦੇ ਧਾਰਨੀ, ਸਦਾਬਹਾਰ, ਸਿਦਕਵਾਨ, 40 ਸਾਲ ਪਹਿਲਾਂ 'ਫ਼ਿਲਾਸਫ਼ੀ ਆਫ਼ ਮਾਈਂਡ ਇਨ ਦਾ ਪੋਇਟਰੀ ਆਫ਼ ਗੁਰੂ ਨਾਨਕ' ਵਿਸ਼ੇ 'ਤੇ ਪੰਜਾਬੀ ਵਿੱਚ ਪੀਐਚ.ਡੀ. ਕਰਨ ਵਾਲੇ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿੱਚ 47 ਪੁਸਤਕਾਂ ਦੇ ਰਚੇਤਾ ਡਾ. ਅਜੀਤ ਸਿੰਘ ਸਿੱਕਾ ਦਾ 31 ਜਨਵਰੀ 2011 ਨੂੰ ਅਚਾਨਕ ਵਿਛੋੜਾ ਨਾ ਕੇਵਲ ਪੰਜਾਬੀ, ਸਗੋਂ ਅੰਗਰੇਜ਼ੀ ਤੇ ਹਿੰਦੀ ਸਾਹਿਤ ਜਗਤ ਲਈ ਨਾ ਪੂਰਾ ਕੀਤਾ ਜਾਣ ਵਾਲਾ ਘਾਟਾ ਹੈ। ਉਹ ਕੁਝ ਚੋਣਵੇਂ ਪੰਜਾਬੀ ਦੇ ਉਨ੍ਹਾਂ ਵਿਦਵਾਨਾਂ ਵਿੱਚ ਸ਼ਾਮਿਲ ਸਨ, ਜਿਨ੍ਹਾਂ ਦੀ ਅੰਗਰੇਜ਼ੀ ਅਤੇ ਹਿੰਦੀ ਵਿੱਚ ਵੀ ਓਨੀ ਪਕੜ ਸੀ, ਜਿੰਨੀ ਕਿ ਪੰਜਾਬੀ ਵਿੱਚ। ਉਹ ਸ਼ਾਇਦ ਪਹਿਲੇ ਵਿਦਵਾਨ ਸਨ, ਜਿਨ੍ਹਾਂ ਨੇ ਪੰਜਾਬੀ ਦੇ ਅਧਿਆਪਕ ਹੁੰਦੇ ਹੋਏ ਅੰਗਰੇਜ਼ੀ ਵਿੱਚ ਪੰਜਾਬੀ ਨਾਲੋਂ ਵੱਧ ਕਿਤਾਬਾਂ ਲਿਖੀਆਂ।

ਡਾ. ਅਜੀਤ ਸਿੰਘ ਸਿੱਕਾ ਦਾ ਜਨਮ ਪਿੰਡ ਨਾਨਕਸਰ ਮਿਘਿਆਣਾ ਜ਼ਿਲ੍ਹਾ ਝੰਗ (ਪਾਕਿਸਤਾਨ) ਵਿੱਚ 22 ਅਗਸਤ 1929 ਨੂੰ ਸ. ਨਰਿੰਦਰ ਸਿੰਘ ਸਿੱਕਾ ਦੇ ਘਰ ਮਾਤਾ ਚੰਦ ਕੌਰ ਦੀ ਕੁੱਖੋਂ ਹੋਇਆ। 1959 ਵਿੱਚ ਉਨ੍ਹਾਂ ਦੀ ਸ਼ਾਦੀ ਬੀਬੀ ਅਮਰਜੀਤ ਕੌਰ ਨਾਲ ਹੋਈ। ਉਨ੍ਹਾਂ 1966 ਵਿੱਚ ਸਰਕਾਰੀ ਕਾਲਜ ਲੁਧਿਆਣਾ ਤੋਂ ਐਮ.ਏ. ਪੰਜਾਬੀ ਕੀਤੀ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ 1970 ਵਿੱਚ 'ਫ਼ਿਲਾਸਫ਼ੀ ਆਫ਼ ਮਾਈਂਡ ਇਨ ਦਾ ਪੋਇਟਰੀ ਆਫ਼ ਗੁਰੂ ਨਾਨਕ' ਵਿਸ਼ੇ 'ਤੇ ਪੀ-ਐਚ.ਡੀ. ਕੀਤੀ। ਉਨ੍ਹਾਂ ਪਹਿਲਾਂ ਡਾਕ ਵਿਭਾਗ ਵਿੱਚ ਕੰਮ ਕੀਤਾ ਅਤੇ ਫਿਰ 1971 ਵਿੱਚ ਖ਼ਾਲਸਾ ਕਾਲਜ ਗੰਗਾਨਗਰ ਬਤੌਰ ਪੰਜਾਬੀ ਪ੍ਰੋਫ਼ੈਸਰ ਨਿਯੁਕਤ ਹੋਏ। 1973 ਵਿੱਚ ਉਹ ਸਿੱਖ ਨੈਸ਼ਨਲ ਕਾਲਜ ਬੰਗਾ ਵਿੱਚ ਆ ਗਏ, ਜਿੱਥੋਂ ਉਹ ਬਤੌਰ ਮੁਖੀ ਪੰਜਾਬੀ ਵਿਭਾਗ 1988 ਵਿੱਚ ਸੇਵਾਮੁਕਤ ਹੋਏ। 1990 ਵਿੱਚ ਉਹ ਅਮਰੀਕਾ ਚਲੇ ਗਏ, ਜਿੱਥੋਂ ਉਹ 1994 ਵਿੱਚ ਵਾਪਸ ਆਏ।

ਉਨ੍ਹਾਂ ਦੀਆਂ ਪੰਜਾਬੀ ਵਿੱਚ 18 ਪੁਸਤਕਾਂ ਪ੍ਰਕਾਸ਼ਿਤ ਹੋਈਆਂ, ਜਿਨ੍ਹਾਂ ਵਿੱਚ ਕਵਿਤਾ ਦੀਆਂ 11 ਪੁਸਤਕਾਂ ਹਨ। ਇਨ੍ਹਾਂ ਵਿੱਚ 'ਮੋਤੀਆਂ ਦੇ ਥਾਲ', 'ਨੂਰ ਧਾਰਾ', 'ਸਤਿ ਸ੍ਰੀ ਅਕਾਲ', 'ਰੁਬਾਈਆਂ', 'ਲੁਧਿਆਣੇ ਦਾ ਘੰਟਾ ਘਰ', 'ਕੁੰਡਲੀਏ', 'ਸ਼ੌਕ ਮਾਹੀ

ਦਾ' (ਡਿਉਢਾਂ) ਤੇ ਮਹਾਂ ਕਾਵਿ 'ਸਾਇੰਸ ਤੇ ਧਰਮ', 'ਰੂਹਾਨੀ ਪਾਰਸ', 'ਇੱਕ ਜੰਗਲੀ ਫੁੱਲ' ਆਦਿ ਸ਼ਾਮਿਲ ਹਨ। ਉਨ੍ਹਾਂ ਦੀਆਂ ਹੋਰ ਪੁਸਤਕਾਂ ਵਿੱਚ 'ਮੇਰਾ ਅਸਤਿਤਵ' (ਨਾਵਲ), 'ਸਾਹਿਤ ਆਲੋਚਨਾ ਦੇ ਸਿਧਾਂਤ' (ਆਲੋਚਨਾ), 'ਜੀਵਨ ਬਾਬਾ ਭਗਤ ਸਿੰਘ ਨਾਨਕਸਰ' (ਜੀਵਨੀ), 'ਗੁਰੂ ਅਮਰਦਾਸ ਜੀ ਦਾ ਜੀਵਨ ਅਤੇ ਸੰਦੇਸ਼' (ਵਾਰਤਕ), 'ਸ੍ਰੀ ਗੁਰੂ ਗੋਬਿੰਦ ਸਿੰਘ ਦਰਸ਼ਨ' (ਵਾਰਤਕ), ਸ੍ਰੀ ਗੁਰੂ ਨਾਨਕ ਦਰਸ਼ਨ' (ਵਾਰਤਕ), 'ਰਾਜਾ ਲੀਅਰ' (ਬਾਲ ਸਾਹਿਤ) ਆਦਿ ਸ਼ਾਮਿਲ ਹਨ। ਅੰਗਰੇਜ਼ੀ ਵਿੱਚ ਉਨ੍ਹਾਂ 6 ਨਾਵਲ 'ਸ਼ਕੁੰਤਲਾ', 'ਕੌਸ਼ਲ', 'ਪਦਮਨੀ', 'ਜਾਨਕੀ', 'ਕਾਨਗੀ', 'ਰੋਬੋਟ' ਲਿਖੇ। ਉਨ੍ਹਾਂ 'ਤਾਨ ਸੇਨ ਦੀ ਸਵੈ ਜੀਵਨੀ' ਅੰਗਰੇਜ਼ੀ ਵਿੱਚ ਲਿਖੀ।

ਉਨ੍ਹਾਂ ਦੀਆਂ 15 ਪੁਸਤਕਾਂ ਅੰਗਰੇਜ਼ੀ ਕਵਿਤਾ ਵਿੱਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ 'ਫੌਰਟੀ ਬੈਲਡਜ਼ ਅਬਾਊਟ ਗੁਰੂ ਗੋਬਿੰਦ ਸਿੰਘ, 'ਫਸਟ ਮਾਸਟਰ ਆਫ਼ ਸਿੱਖ ਫੇਥ (ਐਨ ਏਪਿਕ)', 'ਇਨਵਿਜ਼ੀਬਲ ਖ਼ਾਲਸਾ (ਐਨ ਏਪਿਕ)', 'ਸੌਂਗਜ਼ ਆਫ਼ ਪਲੀਅਰਜ਼ ਐਂਡ ਪੇਨਜ਼ ਆਫ਼ ਲਵ' (60 ਸੌਂਗਜ਼), 'ਲੋਨਲੀਨੈੱਸ ਆਫ਼ ਏ ਵੂਮੈਨ' (63 ਸੋਨੇਟ), 'ਗੁਰੂ ਅੰਗਦ ਦੇਵ (ਐਨ ਐਪਿਕ)', 'ਦਾ ਸਾਗਾ ਆਫ਼ ਸਾਰਾਗੜ੍ਹੀ' ਆਦਿ ਸ਼ਾਮਿਲ ਹਨ।

ਉਨ੍ਹਾਂ ਨੇ ਅੰਗਰੇਜ਼ੀ ਵਿੱਚ ਤਿੰਨ ਵਾਰਤਕ ਦੀਆਂ ਪੁਸਤਕਾਂ 'ਫੇਸਟਸ ਆਫ਼ ਗੁਰੂ ਨਾਨਕ'ਜ਼ ਥਾਊਟ', 'ਫ਼ਿਲਾਸਫ਼ੀ ਆਫ਼ ਮਾਈਂਡ ਇਨ ਦਾ ਪੋਇਟਰੀ ਆਫ਼ ਗੁਰੂ ਨਾਨਕ' ਅਤੇ 'ਬੈਕਨਜ਼ ਆਫ਼ ਲਾਇਟ' ਲਿਖੀਆਂ। ਹਿੰਦੀ ਵਿੱਚ ਉਨ੍ਹਾਂ ਦੀ ਪੁਸਤਕ 'ਵਾਣੀ ਸ਼ੇਖ਼ ਫ਼ਰੀਦ' ਦੀ ਪ੍ਰਕਾਸ਼ਨਾ ਲਈ ਰਾਜ ਸਰਕਾਰ ਨੇ 5 ਹਜ਼ਾਰ ਰੁਪਏ ਅਨੁਦਾਨ ਦਿੱਤਾ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਉਨ੍ਹਾਂ ਦੀ ਲੇਖਣੀ ਦਾ ਦਾਇਰਾ ਬਹੁਤ ਵਿਸ਼ਾਲ ਸੀ। ਉਨ੍ਹਾਂ ਦੀਆਂ ਪੁਸਤਕਾਂ 'ਤੇ ਪ੍ਰਸਿੱਧ ਆਲੋਚਕਾਂ ਨੇ ਲੇਖ ਲਿਖੇ। ਉਨ੍ਹਾਂ ਦੇ ਕਈ ਖਰੜੇ ਪ੍ਰਕਾਸ਼ਨਾ ਹਿੱਤ ਪਏ ਹਨ। ਉਨ੍ਹਾਂ ਦੇ ਸਾਹਿਤਕ ਕਾਰਜ ਵਿੱਚ ਉਨ੍ਹਾਂ ਦੀ ਪਤਨੀ ਅਮਰਜੀਤ ਕੌਰ, ਉਨ੍ਹਾਂ ਦੇ ਲੜਕੇ ਗੁਰਪਾਲ ਸਿੰਘ ਸਿੱਕਾ (ਵਕੀਲ), ਮਨਦੀਪ ਸਿੰਘ (ਵਪਾਰੀ) ਤੇ ਉਨ੍ਹਾਂ ਦੀ ਬੇਟੀ ਸੰਦੀਪ ਕੌਰ ਦਾ ਵਿਸ਼ੇਸ਼ ਸਹਿਯੋਗ ਰਿਹਾ ਹੈ।

ਉਨ੍ਹਾਂ ਨੇ ਪ੍ਰਿੰਸੀਪਲ ਸੇਵਾ ਸਿੰਘ ਮਾਨ, ਗਿਆਨੀ ਜੰਗ ਸਿੰਘ, ਜੋਧ ਸਿੰਘ ਚਾਹਿਲ, ਬਾਬੂ ਰਾਮ ਦੀਵਾਨਾ, ਸ. ਨਿਰੰਜਨ ਸਿੰਘ ਮਿੱਠਾ ਤੇ ਹੋਰ ਸਾਥੀਆਂ ਨਾਲ ਮਿਲ ਕੇ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਟਿਡ ਲੁਧਿਆਣਾ 1975 ਵਿੱਚ ਬਣਾਈ ਤਾਂ ਜੋ ਲੇਖਕਾਂ ਦੀਆਂ ਪੁਸਤਕਾਂ ਸਸਤੀਆਂ ਦਰਾਂ 'ਤੇ ਪ੍ਰਕਾਸ਼ਿਤ ਕੀਤੀਆਂ ਜਾ ਸਕਣ। ਇਹ ਉੱਤਰੀ ਭਾਰਤ ਦੀ ਇੱਕੋ ਇੱਕ ਲੇਖਕਾਂ ਦੀ ਸਹਿਕਾਰੀ ਸੰਸਥਾ ਹੈ, ਜਿਸ ਦੇ 150 ਦੇ ਕਰੀਬ ਮੈਂਬਰ ਹਨ ਤੇ ਇਸ ਦੀਆਂ 250 ਦੇ ਲਗਪਗ ਪ੍ਰਕਾਸ਼ਨਾਵਾਂ ਹਨ।

ਅੱਜ ਭਾਵੇਂ ਉਹ ਸਾਡੇ ਵਿਚ ਨਹੀਂ ਰਹਿ ਪਰ ਉਨ੍ਹਾਂ ਵੱਲੋਂ ਰਚੇ ਸਾਹਿਤ ਕਰਕੇ ਉਨ੍ਹਾਂ ਦਾ ਨਾਮ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਸਾਹਿਤ ਜਗਤ ਵਿੱਚ ਇੱਕ ਸਿਤਾਰੇ ਦੀ ਤਰ੍ਹਾਂ ਟਿਮ ਟਿਮਾਉਂਦਾ ਰਹੇਗਾ।

# ਬਹੁ ਪੱਖੀ ਸ਼ਖ਼ਸੀਅਤ : ਸਰਬਦਿਆਲ ਸਿੰਘ ਕੰਗ



ਸਰਬਦਿਆਲ ਸਿੰਘ ਕੰਗ ਦਾ ਜਨਮ 5 ਨਵੰਬਰ 1934 ਨੂੰ ਚੱਕ ਨੰਬਰ 69 (ਘਸੀਟਪੁਰਾ) ਜਿਲਾ ਲਾਇਲਪੁਰ ਵਿਖੇ ਸ: ਬਚਨ ਸਿੰਘ ਚੀਫ਼ ਦੇ ਘਰ ਮਾਤਾ ਦਾਤਾਰ ਕੌਰ ਦੀ ਕੁੱਖੋਂ ਹੋਇਆ। ਉਹਨਾਂ ਨੇ ਮੁਢਲੀ ਵਿਦਿਆ ਸ੍ਰੀ ਗੁਰੂ ਰਾਮ ਦਾਸ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। 1957 ਵਿੱਚ ਕੈਰੋਂ ਸਕੂਲ ਤੋਂ ਜੇ.ਬੀ.ਟੀ. ਪਾਸ ਕਰਕੇ 18-10-57 ਨੂੰ ਸ.ਪ.ਸ. ਖਡੂਰ ਸਾਹਿਬ ਵਿਖੇ ਅਧਿਆਪਕ ਨਿਯੁਕਤ ਹੋਏ। ਆਪ ਦੀ ਸ਼ਾਦੀ ਪਿੰਡ ਸੋਹਲ ਦੀ ਸ੍ਰੀਮਤੀ ਦਲਬੀਰ ਕੌਰ ਨਾਲ ਹੋਈ। ਆਪ ਦੀ ਇਕ ਬੇਟੀ ਸਵਰਾਜਬੀਰ ਕੌਰ ਸੰਧੂ ਤੇ ਦੋ ਬੇਟੇ ਕੁਲਰਾਜਬੀਰ ਸਿੰਘ ਕੰਗ ਤੇ ਮਨਰਾਜਬੀਰ ਸਿੰਘ ਕੰਗ ਹਨ। ਕੁਲਰਾਜਬੀਰ ਸਿੰਘ ਕੰਗ 1986 ਤੋ 1992 ਤੀਕ ਅੰਮ੍ਰਿਤਸਰ ਯੂਥ ਕਾਂਗਰਸ ਦਿਹਾਤੀ ਦੇ ਜਨਰਲ ਸਕੱਤਰ ਰਹੇ । ਮਨਰਾਜਬੀਰ ਸਿੰਘ ਕੰਗ 1980 ਤੋਂ 1990 ਤੀਕ ਜਿਲਾ ਕਾਂਗਰਸ ਕਮੇਟੀ ਦਿਹਾਤੀ ਅੰਮ੍ਰਿਤਸਰ ਦੇ ਜਨਰਲ ਸਕੱਤਰ ਰਹੇ। ਉਹ 1990 ਵਿਚ ਅਮਰੀਕਾ ਚਲੇ ਗਏ ਤੇ ਇਸ ਸਮੇਂ ਉਹ ਵਰਜੀਨੀਆ ਰਹਿੰਦੇ ਹਨ ਤੇ ਆਪਣੇ ਦਾਦੇ ਦੇ ਨਾਂ 'ਤੇ ਚੀਫ਼ ਟਰਾਂਸਪੋਰਟ ਚਲਾ ਰਹੇ ਹਨ।

ਜਦ ਸਰਬਦਿਆਲ ਸਿੰਘ ਕੰਗ ਭਰਤੀ ਹੋਏ ਤਾਂ ਉਸ ਸਮੇ ਅਧਿਆਪਕਾਂ ਨੂੰ ਤਿੰਨ ਮਹੀਨਿਆਂ ਦੇ ਅਧਾਰ ਤੇ ਨਿਯੁਕਤ ਕੀਤਾ ਜਾਂਦਾ ਸੀ। ਇੰਨਾਂ ਨੇ ਆਰਜ਼ੀ ਅਧਿਆਪਕਾਂ ਨੂੰ ਪੱਕੇ ਕਰਾਉਣ ਲਈ ਸ. ਸਰਦੂਲ ਸਿੰਘ ਰੰਧਾਵਾ ਤੇ ਸ. ਭਗਵਾਨ ਸਿੰਘ ਨਾਲ ਮਿਲ ਕੇ 26-1-58 ਨੂੰ ਅਸਥਾਈ ਅਧਿਆਪਕ ਯੂਨੀਅਨ ਬਣਾਈ ਜਿਸ ਦੇ ਸੰਘਰਸ਼ ਸਦਕਾ 6700 ਅਧਿਆਪਕ ਪੱਕੇ ਹੋਏ। ਇਸ ਪਿੱਛੋਂ ਸਾਥੀ ਕੰਗ ਨੇ ਲਗਾਤਾਰ ਅਧਿਆਪਕ ਮੰਗਾਂ ਲਈ ਆਪਣਾ ਸੰਘਰਸ਼ ਜਾਰੀ ਰਖਿਆ ਜਿਸ ਦੇ ਫ਼ਲਸਰੂਪ ਆਪ ਸਰਬ ਸੰਮਤੀ ਨਾਲ ਬਲਾਕ ਖਡੂਰ ਸਾਹਿਬ ਦੇ ਪ੍ਰਧਾਨ ਚੁਣੇ ਗਏ। 1964 ਵਿੱਚ ਜਿਲਾ ਅੰਮ੍ਰਿਤਸਰ ਦੇ ਸੀਨੀਅਰ ਮੀਤ ਪ੍ਰਧਾਨ ਤੇ 1965 ਵਿੱਚ ਐਕਟਿੰਗ ਪ੍ਰਧਾਨ ਬਣੇ। ਮਈ 1966 ਨੂੰ ਇਨਾਂ ਨੂੰ ਗੌਰਮਿੰਟ ਟੀਚਰਜ਼ ਯੂਨੀਅਨ ਦਾ ਜਿਲਾ ਪ੍ਰਧਾਨ ਚੁਣ ਲਿਆ ਗਿਆ। ਉਹਨਾਂ ਦੀ ਅਗਵਾਈ ਵਿੱਚ 19 ਦਸੰਬਰ 1966 ਨੂੰ ਕੋਠਾਰੀ ਕਮਿਸ਼ਨ ਦੇ ਗਰੇਡ ਲਾਗੂ ਕਰਾਉਣ ਲਈ ਸੰਘਰਸ਼ ਅਰੰਭਿਆ ਗਿਆ। 1967 ਵਿਚ ਜਸਟਿਸ ਗੁਰਨਾਮ ਸਿੰਘ

ਦੀ ਸਰਕਾਰ ਤੋਂ ਗਰੇਡ ਲਾਗੂ ਕਰਾਉਣ ਲਈ 72 ਘੰਟੇ ਦਾ ਵਰਤ ਰੱਖਿਆ ਜਿਸ ਦੇ ਦਬਾਅ ਹੇਠ 29 ਜੁਲਾਈ 1967 ਨੂੰ ਸਰਕਾਰ ਨੇ ਇਹ ਗਰੇਡ ਲਾਗੂ ਕਰ ਦਿਤੇ।

ਉਹ 1969 ਵਿੱਚ ਗੌਰਮਿੰਟ ਟੀਚਰਜ਼ ਯੂਨੀਅਨ ਦੇ 'ਰਾਣਾ ਗਰੁੱਪ' ਨਾਲ ਪੱਕੇ ਤੌਰ 'ਤੇ ਜੁੜ ਗਏ । ਗੌਰਮਿੰਟ ਟੀਚਰਜ਼ ਯੂਨੀਅਨ ਦੀਆਂ ਸਾਂਝੀਆਂ ਚੋਣਾਂ ਜਿਹੜੀਆਂ 23 ਜਨਵਰੀ 1972 ਨੂੰ ਹੋਈਆਂ ਉਨ੍ਹਾਂ ਚੋਣਾਂ ਵਿੱਚ ਵਿਰੋਧੀਆਂ ਨੂੰ ਵੱਡੇ ਫਰਕ ਨਾਲ ਹਰਾ ਕੇ ਅੰਮ੍ਰਿਤਸਰ ਦੇ ਜ਼ਿਲਾ ਪ੍ਰਧਾਨ ਚੁਣੇ ਗਏ। ਪ੍ਰਧਾਨ ਬਣਨ ਤੋਂ ਬਾਅਦ ਕੋਠਾਰੀ ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਾਉਣ ਲਈ ਪ੍ਰਧਾਨਗੀ ਮੰਡਲ ਵਲੋਂ ਅਰੰਭੇ ਘੋਲ ਵਿੱਚ 4 ਅਗਸਤ 1973 ਤੋਂ 27 ਅਗਸਤ 1973 ਤੱਕ ਚੰਡੀਗੜ ਮਰਨ ਵਰਤ ਰਖਿਆ। ਸਰਕਾਰ ਦੇ ਵਿਚੋਲਿਆਂ ਦੇ ਦਬਾਅ ਪਾਉਣ ਦੇ ਉਪਰੰਤ ਵੀ ਮਰਨ ਵਰਤ ਤੇ ਡਟੇ ਰਹੇ। ਇਸ ਘੋਲ ਸਦਕਾ ਗਰੇਡਾਂ ਦੀਆਂ ਤਰੁੱਟੀਆਂ ਦੂਰ ਹੋਈਆਂ 1978 ਵਿੱਚ ਬੇਰੁਜ਼ਗਾਰ ਅਧਿਆਪਕ ਯੂਨੀਅਨ ਵਲੋਂ ਸ਼ੁਰੂ ਕੀਤੇ ਅੰਦੋਲਨ ਸਮੇਂ ਦੋ ਮਹੀਨੇ ਬੂੜੈਲ ਜੇਲ ਚੰਡੀਗੜ ਵਿਖੇ ਆਪਣੇ 50 ਹੋਰ ਸਾਥੀਆਂ ਸਮੇਤ ਕੈਦ ਕੱਟੀ। ਦਸੰਬਰ 1979 ਵਿੱਚ ਗੌਰਮਿੰਟ ਟੀਚਰਜ਼ ਯੂਨੀਅਨ ਵੱਲੋਂ ਮਹਾਜਨ ਕਮਿਸ਼ਨ ਦੀ ਰੀਪੋਰਟ ਲਾਗੂ ਕਰਾਉਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਕੋਠੀ ਅੱਗੇ 51 ਸਾਥੀਆਂ ਨਾਲ ਗਰਿਫਤਾਰੀ ਦੇ ਕੇ 9 ਦਿਨ ਜੇਲ੍ਹ ਕੱਟੀ। ਇਸ ਸੰਘਰਸ਼ ਸਦਕਾ ਅਧਿਆਪਕਾਂ ਦੇ ਗਰੇਡਾਂ ਵਿੱਚ ਸੋਧ ਕਰਕੇ ਗਰੇਡ ਲਾਗੂ ਕੀਤੇ ਗਏ। ਉਹ ਗੌਰਮਿੰਟ ਟੀਚਰਜ਼ ਯੂਨੀਅਨ ਜਿਲਾ ਅੰਮ੍ਰਿਤਸਰ ਦੇ 1972, 1979, 1981 ਤੇ 1983 ਵਿੱਚ ਸਿਧੀਆਂ ਚੋਣਾਂ ਵਿੱਚ ਵੋਟਾਂ ਦੁਆਰਾ ਜਿਲਾ ਪ੍ਰਧਾਨ ਚੁਣੇ ਜਾਂਦੇ ਰਹੇ।

1981 ਵਿੱਚ ਇਹਨਾਂ ਨੂੰ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦਾ ਸੂਬਾਈ ਮੀਤ-ਪ੍ਰਧਾਨ ਚੁਣ ਲਿਆ ਗਿਆ। ਇਸ ਔਹੁਦੇ ਤੇ ਉਹ ਸੇਵਾ ਮੁਕਤੀ ਤੀਕ ਰਹੇ। ਉਨਾਂ ਨੇ 'ਅਧਿਆਪਕ ਸੰਘਰਸ਼ ਕਮੇਟੀ' ਤੇ ਅਧਿਆਪਕ ਸਾਂਝੇ ਮੋਰਚੇ ਵੱਲੋਂ ਲਾਮਬੰਦ ਕੀਤੇ ਹਰ ਘੋਲ ਵਿੱਚ ਅਹਿਮ ਭੂਮਿਕਾ ਨਿਭਾਈ ਜਿਸ ਸਦਕਾ ਅਧਿਆਪਕਾਂ ਦੀ ਚਕ ਥਲ ਨਾ ਹੋ ਸਕੀ। ਜਿਲਾ ਅੰਮ੍ਰਿਤਸਰ ਵਿੱਚ ਜਦੋਂ ਵੀ ਸਰਕਾਰ ਨੇ ਅਧਿਆਪਕਾਂ ਦੀਆਂ ਨਜ਼ਾਇਜ਼ ਬਦਲੀਆਂ ਕੀਤੀਆਂ ਤਾਂ ਉਨਾਂ ਨੂੰ ਰੱਦ ਕਰਾਉਣ ਲਈ ਹਰ ਕੁਰਬਾਨੀ ਕਰਨ ਲਈ ਮੈਦਾਨ ਵਿੱਚ ਨਿਤਰੇ।ਸਿਖਿਆ ਮੰਤਰੀ ਸ.ਹਰਚਰਨ ਸਿਘ ਅਜਨਾਲਾ ਨੇ ਅਧਿਆਪਕਾਂ ਦੀਆਂ ਨਜ਼ਾਇਜ਼ ਬਦਲੀਆਂ ਕੀਤੀਆਂ ਤਾਂ ਉਨ੍ਹਾਂ ਦੀ ਅਗਵਾਈ ਵਿੱਚ ਅੰਮ੍ਰਿਤਸਰ ਦੇ ਅਧਿਆਪਕਾਂ ਨੇ 28 ਮਈ 1981 ਨੂੰ ਅਜਨਾਲਾ ਵਿਖੇ ਸੂਬੇ ਦੇ ਮੁਜ਼ਾਹਰੇ ਵਿੱਚ ਲਾ ਮਿਸਾਲ ਸ਼ਮੂਲੀਅਤ ਕੀਤੀ ਤੇ ਪੁਲੀਸ ਦੀ ਹਿਰਾਸਤ ਵਿੱਚ ਰਹੇ। ਇਸ ਸੰਘਰਸ਼ ਦੇ ਦਬਾਅ ਕਰਕੇ ਹੀ ਸਰਕਾਰ ਨੂੰ ਨਜ਼ਾਇਜ਼ ਬਦਲੀਆਂ ਰੱਦ ਕਰਨੀਆਂ ਪਈਆਂ।

ਉਨ੍ਹਾਂ ਆਪਣੀ ਸੇਵਾ ਕਾਲ ਦੇ 36 ਸਾਲਾਂ ਦੌਰਾਨ ਅੰਮ੍ਰਿਤਸਰ ਜਿਲੇ ਦੇ ਅਧਿਆਪਕਾਂ ਤੇ ਮੁਲਾਜ਼ਮਾਂ ਦੇ ਲੋਕਲ ਸੰਘਰਸ਼ਾਂ ਵਿੱਚ ਵੱਧ ਚੜ ਕੇ ਹਿੱਸਾ ਲਿਆ। ਅਧਿਆਪਕਾਂ ਦੇ ਹੱਕਾਂ ਹਿਤਾਂ ਦੀ ਖ਼ਾਤਰ ਲੜਦਿਆਂ ਹੋਇਆ ਉਨ੍ਹਾਂ ਨੇ ਪੰਜਾਬ ਦੇ ਮੁਲਾਜ਼ਮਾਂ ਦੀ ਸਾਥੀ ਤਰਲੋਚਨ ਸਿੰਘ ਰਾਣਾ ਦੀ ਅਗਵਾਈ ਵਾਲੀ ਸਾਂਝੀ ਮੁਲਾਜ਼ਮ ਜਥੇਬੰਦੀ—ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਨਾਲ ਵੀ ਜੁੜੇ ਰਹੇ। ਪੰਜਾਬ ਦੇ

ਸੰਤਾਪ ਦਾ ਸਿਧਾ ਪ੍ਰਭਾਵ ਉਨਾਂ ਦੇ ਪਰਿਵਾਰ ਤੇ ਪਿਆ। ਅੱਤਵਾਦੀਆਂ ਨੇ ਇਨ੍ਹਾਂ ਦੇ ਬਾਪ ਸ. ਬਚਨ ਸਿੰਘ ਚੀਫ਼ ਜਿਹੜੇ ਕਿ ਅਜ਼ਾਦੀ ਘੁਲਾਟੀਏ ਸਨ ਨੂੰ ਸ਼ਹੀਦ ਕਰ ਦਿੱਤਾ। ਇਸ ਤੋਂ ਜਲਦੀ ਹੀ ਬਾਅਦ ਇਨ੍ਹਾਂ ਦੇ ਭਣਵੱਈਏ ਸ. ਜਗਦੀਸ਼ ਸਿੰਘ ਸੇਖੋਂ ਅੱਤਵਾਦੀਆਂ ਵੱਲੋਂ ਪੱਟੀ ਕਚਿਹਰੀ ਵਿੱਚ ਕੀਤੇ ਗਏ ਬੰਬ ਧਮਾਕੇ ਦੌਰਾਨ ਸ਼ਹੀਦ ਹੋ ਗਏ। ਇਹਨਾਂ ਅਕਹਿ ਸਦਮਿਆਂ ਨੂੰ ਝਲਦਿਆਂ ਹੋਇਆਂ ਅਡੋਲ ਹਾਲਤ ਵਿੱਚ ਉਹ ਲੋਕ ਹਿੱਤਾਂ ਲਈ ਲੜਦੇ ਰਹੇ।

ਸੇਵਾ ਮੁਕਤੀ ਉਪਰੰਤ ਆਪ ਨੇ ਸਰਗਰਮ ਸਿਆਸਤ ਵਿਚ ਭਾਗ ਲੈਣਾ ਸ਼ੁਰੂ ਕੀਤਾ। ਉਹ ਅੰਮ੍ਰਿਤਸਰ (ਦਿਹਾਤੀ) ਕਾਂਗਰਸ ਦੇ ਜਿਲਾ ਜਨਰਲ ਸਕੱਤਰ ਤੇ ਮਈ 2005 ਤੋਂ ਮਿਲਕਫੈਡ ਪੰਜਾਬ ਦੇ ਡਾਇਰੈਕਟਰ ਵਜੋਂ ਸੇਵਾ ਨਿਭਾ ਰਹੇ ਸਨ। ਉਨ੍ਹਾਂ ਨੂੰ 2006 ਵਿਚ ਤਰਨ ਤਾਰਨ ਜਿਲਾ ਬਣਨ ;ਤੇ ਜਿਲਾ ਕਾਂਗਰਸ ਕਮੇਟੀ ਤਰਨ ਤਾਰਨ ਦਾ ਸ੍ਰਪਰਸਤ ਚੁਣਿਆ ਗਿਆ ਤੇ ਅਜੇ ਵੀ ਇਸ ਆਹੁਦੇ ਤੇ ਕਾਇਮ ਸਨ। ਉਹ 20 ਦਸੰਬਰ 2010 ਨੂੰ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੇ ਕੀਤੇ ਨੇਕ ਕੰਮਾਂ ਕਰਕੇ ਉਨਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ। 31 ਦਸੰਬਰ 2010 ਨੂੰ ਉਹਨਾਂ ਦੇ ਪਿੰਡ ਘਸੀਟਪੁਰਾ ਨੇੜੇ ਖਡੂਰ ਸਾਹਿਬ ਵਿਖੇ ਉਹਨਾਂ ਦੇ ਗ੍ਰਿਹਿ ਵਿਖੇ ਉਹਨਾਂ ਦੀ ਅੰਤਿਮ ਯਾਦ ਵਿੱਚ ਰਖਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਉਪਰੰਤ ਸ਼ਰਧਾਂਜਲੀ ਸਮਾਗਮ ਵਿਚ ਵੱਖ ਵੱਖ ਆਗੂਆਂ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਪ੍ਰਧਾਨ ਸ. ਸੁੱਚਾ ਸਿੰਘ ਅਜਨਾਲਾ ਨੇ ਕਿਹਾ ਕਿ ਉਨ੍ਹਾਂ ਨੇ ਸਾਰੀ ਉਮਰ ਸੱਚ ਤੇ ਪਹਿਰਾ ਦਿੱਤਾ। ਉਨ੍ਹਾਂ ਅਧਿਆਪਕਾਂ ਦੇ ਵੱਖ ਵੱਖ ਗਰੁਪਾਂ ਨੂੰ ਇਕ ਪਲੇਟਫਾਰਮ ਤੇ ਇਕੱਠਾ ਕਰਕੇ ਜਮਹੂਰੀ ਢੰਗ ਨਾਲ ਚੋਣਾਂ ਕਰਵਾਉਣ ਦੀ ਰਵਾਇਤ ਸ਼ੁਰੂ ਕੀਤੀ। ਉਹ ਬੇਰੁਜ਼ਗਾਰ ਅਧਿਆਪਕਾਂ ਅਤੇ ਗੌਰਮਿੰਟ ਟੀਚਰਜ਼ ਯੂਨੀਅਨ ਵਲੋਂ ਸ਼ੁਰੂ ਕੀਤੇ ਸੰਘਰਸ਼ਾਂ ਵਿਚ ਕਈ ਵੇਰ ਜੇਲ ਗਏ। ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਉਨ੍ਹਾਂ ਨੂੰ ਦੂਰ ਅੰਦੇਸ਼ੀ ਅਤੇ ਸਘੰਰਸ਼ਮਈ ਆਗੂ ਕਰਾਰ ਦਿੱਤਾ ਜਿਨ੍ਹਾਂ ਨੇ ਸਾਰੀ ਜ਼ਿੰਦਗੀ ਮੁਲਾਜ਼ਮਾਂ ਦੀ ਬਿਹਤਰੀ ਲਾ ਦਿੱਤੀ। ਸਾਬਕਾ ਬੀ.ਡੀ.ਪੀ.ਓ. ਤੇ ਉਘੇ ਆਗੂ ਸ. ਫ਼ੂਲਾ ਸਿੰਘ ਨਾਗੋਕੇ ਨੇ ਕਿਹਾ ਕਿ ਕੰਗ ਦਾ ਪਿਛੋਕੜ ਗ਼ਦਰੀ ਬਾਬਾ ਈਸ਼ਰ ਸਿੰਘ ਮਰਹਾਣਾ ਦੇਸ਼ ਭਗਤ ਪ੍ਰਵਾਰ ਨਾਲ ਜੁੜਿਆ ਹੋਣ ਕਰਕੇ ਉਨ੍ਹਾਂ ਨੇ ਹੱਕ ਤੇ ਇਨਸਾਫ਼ ਤੇ ਪਹਿਰਾ ਦਿੱਤਾ। ਉਨ੍ਹਾਂ ਦੇ ਪਿਤਾ ਸਮੇਤ ਪ੍ਰਵਾਰ ਦੇ 5 ਜੀਅ ਅਤਿਵਾਦ ਦੀ ਭੇਟ ਚੜ੍ਹ ਗਏ ਪਰ ਉਹ ਨਹੀਂ ਡੋਲੇ ਤੇ ਉਨ੍ਹਾਂ ਨੇ ਆਪਣਾ ਪਿੰਡ ਨਹੀਂ ਛੱਡਿਆ।

ਸਾਬਕਾ ਐਮ.ਪੀ. ਸ. ਰਾਣਾ ਗੁਰਜੀਤ ਸਿੰਘ ਨੇ ਉਨ੍ਹਾਂ ਨਾਲ ਆਪਣੀਆਂ ਯਾਦਾਂ ਸਾਂਝੀਆਂ ਕਰਦੇ ਹੋਏ ਕਿਹਾ ਕਿ ਉਹ ਬਹੁਤ ਹੀ ਮਿਲਾਪੜੇ ਸੁਭਾਅ ਦੇ ਮਾਲਕ ਸਨ ਤੇ ਹਰੇਕ ਗੱਲ ਬੇਬਾਕ ਹੋ ਕਿ ਕਰਦੇ ਸਨ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਾਬਕਾ ਐਮ.ਪੀ. ਸ. ਜਗਮੀਤ ਸਿੰਘ ਬਰਾੜ, ਸਾਬਕਾ ਮੰਤਰੀ ਸ. ਸੁਖਦੇਵ ਸਿੰਘ ਸ਼ਹਿਬਾਜ਼ਪੁਰੀ, ਕਾਂਗਰਸ ਜਨਰਲ ਸਕੱਤਰ ਸ. ਇੰਦਰਜੀਤ ਸਿੰਘ ਬਾਸਰਕੇ, ਸਾਬਕਾ ਵਿਧਾਇਕ ਸ੍ਰੀ ਜੁਗਲ ਕਿਸ਼ੋਰ, ਗੌਰਮਿੰਟ ਟੀਚਰਜ਼ ਯੂਨੀਅਨ ਤਰਨਤਾਰਨ ਦੇ ਜਨਰਲ ਸਕੱਤਰ ਸ.

ਅਜਮੇਰ ਸਿੰਘ, ਸ. ਹਰਮਿੰਦਰ ਸਿੰਘ ਗਿੱਲ, ਕਾਂਗਰਸੀ ਆਗੂ ਰਮਨਜੀਤ ਸਿੰਘ ਸਿੱਕੀ, ਸਰਪੰਚ ਮੋਹਣ ਸਿੰਘ ਘਸੀਟਪੁਰ, ਪੀ.ਪੀ.ਸੀ.ਸੀ. ਮੈਂਬਰ ਸ. ਪਿੰਦਰਜੀਤ ਸਿੰਘ ਸਰਲੀ, ਸ.ਪ੍ਰਦੀਪ ਕੁਮਾਰ ਚੋਪੜਾ, ਮਿੱਠੀ ਚੋਪੜਾ, ਚੇਅਰਮੈਨ ਸ.ਭੁਪਿੰਦਰ ਸਿੰਘ ਬਿੱਟੂ, ਸ. ਗੁਰਮੁੱਖ ਸਿੰਘ ਕੰਗ ਆਦਿ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਕੇਵਲ ਸਿੰਘ ਸਾਬਕਾ ਜਿਲਾ ਪ੍ਰਧਾਨ ਜੀ.ਟੀ.ਯੂ., ਗੁਰਭੇਜ ਸਿੰਘ ਪ੍ਰਧਾਨ ਪ.ਸ.ਸ.ਫ. ਤਰਨ ਤਾਰਨ, ਕਿਸਾਨ ਆਗੂ ਸ. ਗੁਰਦਿਆਲ ਸਿੰਘ ਪੱਟੀ, ਸੈਕੰਡਰੀ ਟੀਚਰਜ਼ ਯੂਨੀਅਨ ਆਗੂ ਸ. ਹਰਭਜਨ ਸਿੰਘ ਜੌਹਲ, ਪੈਨਸ਼ਨਰ ਯੂਨੀਅਨ ਆਗੂ ਸ. ਸਰਦੂਲ ਸਿੰਘ, ਬਲਾਕ ਪ੍ਰਧਾਨ ਸ. ਸੁਖਦੇਵ ਸਿੰਘ, ਜੋਤੀ ਸੇਖੋਂ, ਸ. ਮਨਜੀਤ ਸਿੰਘ, ਸ. ਅਵਤਾਰ ਸਿੰਘ ਸ਼ਾਹ, ਸ. ਗੁਰਿੰਦਰ ਸਿੰਘ ਲਾਡੀ ਯੂਥ ਕਾਂਗਰਸ, ਸ. ਨਵਰੀਤ ਸਿੰਘ ਜੱਲੇਵਾਲ, ਜਥੇਦਾਰ ਸ.ਹਰਦਿਆਲ ਸਿੰਘ ਸੁਰਸਿੰਘ, ਸ. ਭਾਗ ਸਿੰਘ, ਸ. ਰਾਜਾ ਮੱਲਾ, ਜਨਰਲ ਸਕੱਤਰ ਸ. ਦਲੀਪ ਸਿੰਘ ਏਕਲਗੱਡਾ, ਸ੍ਰੀ ਦੀਪਕ ਚੋਪੜਾ, ਸ੍ਰੀ ਦੀਪਕ ਝੰਡੇਰ, ਸੰਮਤੀ ਮੈਂਬਰ ਸ. ਕਸ਼ਮੀਰ ਸਿੰਘ ਸ਼ਾਹ, ਸ. ਬਲਬੀਰ ਸਿੰਘ ਸ਼ਾਹ ਸਰਪੰਚ, ਸ. ਸਤਨਾਮ ਸਿੰਘ, ਸਰਪੰਚ ਦਿਆਲ ਸਿੰਘ ਆਜ਼ਮਪੁਰ, ਪ੍ਰਿੰਸੀਪਲ ਦਲਜੀਤ ਸਿੰਘ, ਪ੍ਰਿੰਸੀਪਲ ਹਰਭਜਨ ਸਿੰਘ ਸ਼ਾਹ ਕੰਗ, ਪ੍ਰਿੰਸੀਪਲ ਭਗਵੰਤ ਸਿੰਘ, ਬਲਾਕ ਪ੍ਰਧਾਨ ਬਲਵਿੰਦਰ ਸਿੰਘ, ਸ. ਕਸ਼ਮੀਰ ਸਿੰਘ ਬਾਣੀਆ, ਐਡਵੋਕੇਟ ਬਲਦੇਵ ਸਿੰਘ, ਡਾ. ਹਰਿੰਦਰ ਸਿੰਘ ਕੋਟਲੀ, ਐਡਵੋਕੇਟ ਰਜਿੰਦਰ ਸਿੰਘ ਟਪਿਆਲਾ, ਸ੍ਰੀ ਦਿਨੇਸ਼ ਬੱਸੀ, ਐਸ.ਐਸ. ਲਾਡੀ, ਸ੍ਰੀ ਵਿਨੋਦ ਕੁਮਾਰ, ਸ੍ਰੀ ਕਿੱਟੀ ਗੋਹਲਵੜ੍ਹ, ਸ. ਬਰਿੰਦਰਪਾਲ ਸਿੰਘ ਗੋਹਲਵੜ੍ਹ, ਯੂਥ ਪ੍ਰਧਾਨ ਜਗਜੀਤ ਸਿੰਘ, ਪ੍ਰਧਾਨ ਦਰਸ਼ਨਜੀਤ ਸਿੰਘ, ਸ. ਮਨਜਿੰਦਰ ਸਿੰਘ ਕਾਜੀਵਾਲ ਤੇ ਸ. ਦੀਦਾਰ ਸਿੰਘ, ਸੰਮਤੀ ਮੈਂਬਰ ਮਹਿੰਦਰ ਸਿੰਘ, ਸਰਪੰਚ ਕੁੰਨਣ ਸਿੰਘ, ਵਸੀਕਾ ਸੁਲੱਖਣ ਸਿੰਘ ਕੰਗ, ਬਾਬਾ ਬਲਵਿੰਦਰ ਸਿੰਘ ਕਾਰਸੇਵਾ ਖਡੂਰ ਸਾਹਿਬ, ਬਲਾਕ ਪ੍ਰਧਾਨ ਮੱਖਣ ਸਿੰਘ, ਡਾ. ਕਸ਼ਮੀਰ ਸਿੰਘ ਸੋਹਲ, ਡਾਇਰੈਕਟਰ ਸ਼ਮਸ਼ੇਰ ਸਿੰਘ ਸ਼ੇਰਾ, ਸ.ਮੱਖਣ ਸਿੰਘ ਸ਼ਕਰੀ, ਸ. ਯਾਦਵਿੰਦਰ ਸਿੰਘ ਟਪਿਆਲਾ, ਨੰਬਰਦਾਰ ਕੁੰਨਣ ਸਿੰਘ ਨਾਗੋਕੇ, ਸ੍ਰੀ ਗੋਲਡੀ ਸ਼ਾਹ ਵੇਈਪੂਈ, ਪ੍ਰਧਾਨ ਰਜਿੰਦਰ ਸਿੰਘ ਪੰਨੂ, ਬਲਾਕ ਪ੍ਰਧਾਨ ਸਰਬਜੀਤ ਸਿੰਘ ਖਡੂਰ ਸਾਹਿਬ, ਮੈਨੇਜਰ ਜਸਵਿੰਦਰ ਸਿੰਘ ਖਹਿਰਾ, ਸ. ਜਰਮਨਜੀਤਸਿੰਘ ਕੰਗ, ਸ੍ਰੀ ਹੈਪੀ ਝੰਡੇਰ ਤੇ ਸ੍ਰੀ ਚਰੰਜੀ ਲਾਲ ਆਦਿ ਹਾਜ਼ਰ ਸਨ। ਸ. ਮਨਜੀਤ ਸਿੰਘ ਘਸੀਟਪੁਰ ਨੇ ਪਰਿਵਾਰ ਵੱਲੋ ਸੰਗਤ ਦਾ ਧੰਨਵਾਦ ਕੀਤਾ। ਉਨ੍ਹਾਂ ਦੇ ਸਪੁਤਰ ਕੁਲਰਾਜਬੀਰ ਸਿੰਘ ਕੰਗ ਤੇ ਮਨਰਾਜਬੀਰ ਸਿੰਘ ਕੰਗ ਯੂ.ਐਸ.ਏ. ਨੂੰ ਰਿਸ਼ਤੇਦਾਰਾਂ ਅਤੇ ਵੱਖ ਵੱਖ ਜਥੇਬੰਦੀਆਂ ਵੱਲੋਂ ਦਸਤਾਰਾਂ ਭੇਟਾ ਕੀਤੀਆਂ ਗਈਆਂ।

*31 ਦਸੰਬਰ, 2010*

# ਅਜੀਤ ਸਿੰਘ ਪੰਨੂੰ ਨੂੰ ਯਾਦ ਕਰਦਿਆਂ



ਪੰਜਾਬ ਮੁਲਾਜ਼ਮ ਲਹਿਰ ਵਿਚ ਅੰਮ੍ਰਿਤਸਰ ਦੇ ਪ੍ਰਸਿੱਧ ਪਿੰਡ ਨੁਸ਼ਹਿਰਾ ਪੰਨੂੰਆਂ ਵਿਚ 1936 ਵਿਚ ਸ. ਬਹਾਦਰ ਸਿੰਘ ਪੰਨੂੰ ਦੇ ਗ੍ਰਹਿ ਵਿਖੇ ਬੀਬੀ ਈਸ਼ਰ ਕੌਰ ਦੀ ਕੁੱਖੋਂ ਜਨਮੇਂ ਸ. ਅਜੀਤ ਸਿੰਘ ਪੰਨੂੰ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।ਉਨ੍ਹਾਂ ਨੇ 1963 ਵਿਚ ਬੀ. ਏ., ਬੀ. ਐਡ.ਕਰਕੇ ਸ੍ਰੀ ਗੁਰੂ ਰਾਮਦਾਸ ਖਾਲਸਾ ਸੀ. ਸੈ. ਸਕੂਲ ਅੰਮ੍ਰਿਤਸਰ ਬਤੌਰ ਸੋਸ਼ਲ ਸੱਟਡੀਜ਼ ਮਾਸਟਰ ਦੇ ਤੌਰ 'ਤੇ ਨੌਕਰੀ ਸ਼ੁਰੂ ਕੀਤੀ। ਉਨ੍ਹਾਂ ਨੂੰ 1967 ਵਿਚ ਬਤੌਰ ਸੋਸ਼ਲ ਸੱਟਡੀਜ਼ ਮਾਸਟਰ ਸਰਕਾਰੀ ਨੌਕਰੀ ਮਿਲ ਗਈ ਤੇ ਉਨ੍ਹਾਂ ਨੇ ਇਹ ਸਕੂਲ ਛੱਡ ਦਿੱਤਾ । ਉਨ੍ਹਾਂ ਨੇ ਵੈਰੋਵਾਲ, ਨੁਸ਼ਹਿਰਾ ਪੰਨੂੰਆਂ, ਸੁਲਤਾਨਵਿੰਡ ਤੇ ਹੋਰ ਕਈ ਸਕੂਲਾਂ ਵਿਚ ਸੇਵਾ ਕੀਤੀ। ਉਨ੍ਹਾਂ ਦਾ ਨੌਕਰੀ ਦੌਰਾਨ ਅਚਾਨਕ 24 ਨਵੰਬਰ 1994 ਨੂੰ ਦੇਹਾਂਤ ਹੋ ਗਿਆ। ਉਸ ਸਮੇਂ ਉਹ ਸਰਕਾਰੀ ਸੀ. ਸੈਕੰਡਰੀ ਸਕੂਲ਼ ਤਰਨਤਾਰਨ ਵਿਖੇ ਕੰਮ ਕਰਦੇ ਸਨ ,ਜਦ ਕਿ ਉਨ੍ਹਾਂ ਨੇ ਕੋਈ ਚਾਰ ਮਹੀਨੇ ਬਾਦ 31 ਮਾਰਚ 1995 ਨੂੰ ਸੇਵਾ ਮੁਕਤ ਹੋਣਾ ਸੀ।

ਉਨ੍ਹਾਂ ਦੀ ਸਪੁੱਤਨੀ ਸ੍ਰੀ ਮਤੀ ਸੁਖਬਰਿੰਦਰ ਕੌਰ ਸਰਕਾਰੀ ਪ੍ਰਾਇਮਰੀ ਸਕੂਲ ਨਸ਼ਹਿਰਾ ਪੰਨੂੰਆਂ (ਅੰਮ੍ਰਿਤਸਰ) ਤੋਂ 1994 ਵਿਚ ਸੇਵਾ ਮੁਕਤ ਹੋਏ।ਇਸ ਸਮੇਂ ਉਹ ਆਪਣੀ ਬੇਟੀ ਡਾ. ਗੁਰਪ੍ਰੀਤ ਕੌਰ ਪੰਨੂੰ ਜੋ ਕਿ ਪੰਜਾਬੀ ਯੂਨੀਵਰਸਿਟੀ ,ਪਟਿਆਲਾ ਦੇ ਕਾਨੂੰਨ ਵਿਭਾਗ ਵਿਚ ਪ੍ਰੋਫੈਸਰ ਹਨ,ਪਾਸ ਰਹਿੰਦੇ ਹਨ। ਉਨ੍ਹਾਂ ਦਾ ਬੇਟਾ ਸ. ਕੰਵਲਜੀਤ ਸਿੰਘ ਜਿਸ ਨੂੰ ਸਾਰੇ ਪਿਆਰ ਨਾਲ ਸੋਨੀ ਕਹਿੰਦੇ ਹਨ, ਅਮਰੀਕਾ ਦੀ ਕੈਲੀਫੋਰਨੀਆ ਸੂਬੇ ਦੇ ਫਰਿਜ਼ਨੋ ਸ਼ਹਿਰ ਵਿਚ ਹੈ। ਪੰਨੂ ਦੇ ਦੂਸਰੇ ਬੇਟੇ ਜਤਿੰਦਰਪਾਲ ਸਿੰਘ ਦਾ 1982 ਵਿਚ ਸੜਕ ਹਾਦਸੇ ਵਿਚ ਦੇਹਾਂਤ ਹੋ ਗਿਆ ਸੀ,ਜਿਸ ਦਾ ਉਨ੍ਹਾਂ ਨੂੰ ਗ਼ਹਿਰਾ ਸਦਮਾ ਪ੍ਰੁੱਜਾ।

ਇਸ ਲੇਖਕ ਦੀ ਉਨ੍ਹਾਂ ਨਾਲ ਜਾਣ ਪਛਾਣ 1977 ਦੀਆਂ ਗੌਰਮਿੰਟ ਟੀਚਰਜ਼ ਯੂਨੀਅਨ ਦੀਆਂ ਚੋਣਾਂ ਸਮੇਂ ਹੋਈ। ਉਹ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫ਼ੈਡਰੇਸ਼ਨ(ਰਾਣਾ ਗਰੁਪ), ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਸਨ। ਉਹ ਅੰਤਲੇ ਸਵਾਸਾਂ ਤੀਕ ਇਸ ਆਹੁਦੇ 'ਤੇ ਰਹੇ। ਉਨ੍ਹਾਂ ਦਿਨਾਂ ਵਿਚ ਗੌਰਮਿੰਟ ਟੀਚਰਜ਼ ਯੂਨੀਅਨ ਦੀਆਂ ਚੋਣਾਂ ਵਿਚ ਬਹੁਤ ਹੀ ਸਖ਼ਤ ਮੁਕਾਬਲਾ ਹੁੰਦਾ ਸੀ। ਹੁਣ ਵਾਲਾ ਤਰਨਤਾਰਨ ਜਿਲ੍ਹਾ ਵੀ

ਅੰਮ੍ਰਿਤਸਰ ਵਿਚ ਹੁੰਦਾ ਸੀ। ਰਾਣਾ ਫ਼ੈਡਰੇਸ਼ਨ ਵੱਲੋਂ ਅੰਮ੍ਰਿਤਸਰ ਜ਼ਿਲ੍ਹੇ ਦੇ ਉਮੀਦਵਾਰ ਸ. ਸਰਬਦਿਆਲ ਸਿੰਘ ਕੰਗ ਹੁੰਦੇ ਸਨ। 1977 ਵਿਚ ਕਥਿਤ ਤੌਰ 'ਤੇ ਨਜਾਇਜ ਢੰਗ ਨਾਲ ਉਨ੍ਹਾਂ ਦੇ ਕਾਗਜ਼ ਰੱਦ ਕਰ ਦਿੱਤੇ ਗਏ,ਇਸ ਲਈ ਉਹ ਚੋਣ ਨਾ ਲੜ ਸਕੇ। ਬਾਕੀ ਜਿੰਨੀਆਂ ਵੀ ਚੋਣਾਂ ਹੋਈਆਂ ਉਹ ਜੇਤੂ ਰਹੇ। ਪੰਨੂੰ ਹੋਰਾਂ ਨੇ ਇਨ੍ਹਾਂ ਚੋਣਾਂ ਵਿਚ ਅਹਿਮ ਰੋਲ ਅਦਾ ਕੀਤਾ। ਉਨ੍ਹਾਂ ਦੀ ਕਾਰਜ ਕੁਸ਼ਲਤਾ ਨੂੰ ਵੇਖਦੇ ਹੋਏ ਉਨ੍ਹਾਂ ਨੂੰ ਗੌਰਮਿੰਟ ਟੀਚਰਜ਼ ਯੂਨੀਅਨ ਦੀ ਜਿਲਾ ਇਕਾਈ ਦਾ ਬਤੌਰ ਸੀਨੀਅਰ ਮੀਤ ਪ੍ਰਧਾਨ ਬਣਾਇਆ ਗਿਆ।ਉਹ ਆਖਰੀ ਸਮੇਂ ਤੀਕ ਇਸ ਆਹੁਦੇ 'ਤੇ ਰਹੇ।

ਉਨ੍ਹਾਂ ਦੀ ਸਾਰੀ ਜਿੰਦਗੀ ਮੁਲਾਜਮ ਘੋਲਾਂ ਵਿਚ ਲੰਘੀ। ਉਨ੍ਹਾਂ ਨੇ ਫ਼ੈਡਰੇਸ਼ਨ ਤੇ ਅਧਿਆਪਕ ਯੂਨੀਅਨ ਵੱਲੋਂ ਆਰੰਭੇ ਵੱਖ-ਵੱਖ ਘੋਲਾਂ ਵਿਚ ਭਾਗ ਲਿਆ। ਜਦ ਵੀ ਕਾਂਗਰਸ ਪਾਰਟੀ ਪੰਜਾਬ 'ਤੇ ਕਾਬਜ ਹੁੰਦੀ ਸੀ, ਸਿਆਸੀ ਵਿਰੋਧਤਾ ਕਰਕੇ ਉਨ੍ਹਾਂ ਦੀ ਫਿਰੋਜ਼ਪੁਰ ਤੇ ਹੋਰ ਦੂਰ ਦੇ ਜਿਲਿਆਂ ਵਿਚ ਬਦਲੀ ਕਰ ਦਿੱਤੀ ਜਾਂਦੀ ਸੀ। ਉਨ੍ਹਾਂ ਨੇ ਜ਼ਿਆਦਤੀਆਂ ਦਾ ਤਕੜੇ ਹੋ ਕੇ ਸਾਹਮਣਾ ਕੀਤਾ ਪਰ ਵਰੋਧੀਆਂ ਅੱਗੇ ਗੋਡੇ ਨਹੀਂ ਟੇਕੇ। ਪੰਨੂੰ ਤੇ ਸ. ਸਰਬਦਿਆਲ ਸਿੰਘ ਕੰਗ ਦੀ ਇਹ ਵਿਸ਼ੇਸ਼ਤਾ ਸੀ ਕਿ ਉਹ ਜਦ ਵੀ ਕਿਸੇ ਅਧਿਕਾਰੀ ਜਾਂ ਮੰਤਰੀ ਨਾਲ ਗੱਲਬਾਤ ਕਰਦੇ ਸਨ ਤਾਂ ਬਹੁਤ ਹੀ ਹਲੀਮੀ ਨਾਲ ਬਾਦਲੀਲ ਕਰਦੇ ਸਨ। ਉਨ੍ਹਾਂ ਦੇ ਵਿਚਾਰਾਂ ਨੂੰ ਸੁਟ ਪਾਉਣਾ ਬਹੁਤ ਮੁਸ਼ਕਿਲ ਹੁੰਦਾ ਸੀ।

ਉਨ੍ਹਾਂ ਸਮਿਆਂ ਵਿਚ ਮੁਲਾਜ਼ਮ ਜਥੇਬੰਦੀਆਂ ਬਹੁਤ ਸਰਗਰਮ ਹੁੰਦੀਆਂ ਸਨ। ਇਸ ਲਈ ਵਰਕਰਾਂ ਨੂੰ ਤੇ ਖ਼ਾਸ ਕਰ ਆਗੂਆਂ ਨੂੰ ਦਿਨ ਰਾਤ ਨੱਠ ਭੱਜ ਕਰਨੀ ਪੈਂਦੀ ਸੀ। ਅਜੋਕੇ ਮੁਲਾਜ਼ਮ ਆਗੂਆਂ ਨੂੰ ਵੀ ਚਾਹੀਦਾ ਹੈ ਕਿ ਉਹ ਉਸ ਮਿਸ਼ਨ ਨੂੰ ਅੱਗੇ ਖੜ੍ਹਨ ਜਿਸ ਲਈ ਪੰਨੂੰ ਵਰਗੇ ਲੀਡਰ ਲੜਦੇ ਰਹੇ ਹਨ। ਇਹੋ ਹੀ ਉਨ੍ਹਾਂ ਨੂੰ ਸੱਚੀ ਸੁੱਚੀ ਸ਼ਰਧਾਂਜਲੀ ਹੋਵੇਗੀ।

# ਸੰਤੋਖ ਸਿੰਘ ਤਪੱਸਵੀ ਨੂੰ ਯਾਦ ਕਰਦਿਆਂ



ਅੰਮ੍ਰਿਤਸਰ ਤੋਂ ਕੋਈ 41 ਸਾਲ ਤੋਂ ਪ੍ਰਕਾਸ਼ਿਤ ਹੋ ਰਹੇ 'ਪੰਜਾਬੀ ਸਪਤਾਹਿਕ ਮਾਨ ਸਰੋਵਰ ਟਾਈਮਜ਼' ਦੇ ਸੰਪਾਦਕ ਸੰਤੋਖ ਸਿੰਘ ਤਪੱਸਵੀ, ਉਨ੍ਹਾਂ ਪੱਤਰਕਾਰਾਂ 'ਚੋਂ ਸਨ, ਜਿਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਪੱਤਰਕਾਰੀ ਵਿਚ ਲਾ ਦਿੱਤੀ। ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਭਾਸ਼ਾ ਵਿਭਾਗ, ਪੰਜਾਬ ਵਲੋਂ 2010 ਵਿਚ ਪ੍ਰਕਾਸ਼ਿਤ ਪੁਸਤਕ, 'ਤਰਨ ਤਾਰਨ ਸਾਹਿਬਃਭਾਸ਼ਾਈ ਤੇ ਸਭਿਆਚਾਰਕ ਸਰਵੇਖਣ' ਦਾ ਸਰਵੇਖਕ ਸੰਤੋਖ ਸਿੰਘ ਤਪੱਸਵੀ ਸੀ ਜਿਸ ਨੇ ਸਾਰਾ ਤਰਨ ਤਾਰਨ ਪੈਦਲ ਗਾਹ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਵਸਾਈ ਹੋਈ ਨਗਰੀ, ਤਰਨ ਤਾਰਨ ਬਾਰੇ ਨਿੱਕੀ ਤੋਂ ਨਿੱਕੀ ਜਾਣਕਾਰੀ ਇਕੱਤਰ ਕੀਤੀ ਤੇ ਜਿਸ ਦਾ ਸਿੱਟਾ ਇਹ ਪੁਸਤਕ ਹੈ। ਇਸ ਪੁਸਤਕ ਵਿਚ ਉਸ ਨੇ ਤਰਨ ਤਾਰਨ ਨਗਰ, ਕਿਵੇਂ ਤੇ ਕਦੋਂ ਬੱਝਾ? ਨਗਰ ਦਾ ਆਲਾ ਦੁਆਲਾ ਤੇ ਇਤਿਹਾਸਕ ਥਾਵਾਂ, ਮੁਹੱਲਿਆਂ ਗਲੀਆਂ ਦੇ ਨਾਂ, ਜਾਤਾਂ ਤੇ ਗੋਤਾਂ ਦਾ ਵੇਰਵਾ, ਪ੍ਰਚਲਿਤ ਵਖ ਵਖ ਕਿੱਤੇ, ਸਰੋਵਰ, ਖੂਹ, ਤਲਾਅ, ਹੰਸਲੀ, ਰੋਹੀ ਆਦਿ ਬਾਰੇ ਵਡਮੁੱਲੀ ਜਾਣਕਾਰੀ ਦਿੱਤੀ ਹੈ। ਜੇ ਇਸ ਨੂੰ ਤਰਨ ਤਾਰਨ ਦਾ ਇਤਿਹਾਸਕ ਦਸਤਾਵੇਜ਼ ਕਿਹਾ ਜਾਵੇ ਤਾਂ ਇਸ ਵਿਚ ਕੋਈ ਅਤਿ-ਕਥਨੀ ਨਹੀਂ ਹੋਵੇਗੀ। ਉਹ ਸ਼ਾਇਦ ਸ਼ਹਿਰ ਦਾ ਇਕੱਲਾ ਲੇਖਕ ਸੀ,ਜਿਸ ਨੂੰ ਸਕੂਟਰ, ਮੋਟਰ ਸਾਈਕਲ ਦੀ ਗੱਲ ਛੱਡੋ, ਸਾਈਕਲ ਚਲਾਉਣਾ ਵੀ ਨਹੀਂ ਸੀ ਆਉਂਦਾ ਤੇ ਸਾਰੀ ਉਮਰ ਉਸ ਨੇ ਪੈਦਲ ਚਲ ਕੇ ਲੰਘਾਈ। ਮਜ਼ੇਦਾਰ ਗੱਲ ਇਹ ਹੈ ਕਿ ਉਹ ਹਰ ਸਮਾਗਮ ਵਿਚ ਸਮੇਂ ਸਿਰ ਪਹੁੰਚਦਾ ਸੀ।

ਉਨ੍ਹਾਂ ਨੇ ਆਪਣਾ ਸਾਹਿਤਕ ਸਫ਼ਰ ਰੋਜ਼ਾਨਾ ਅਜੀਤ ,ਜਲੰਧਰ ਦੇ ਬਚਿਆਂ ਲਈ ਕਾਲਮ 'ਹਮਦਰਦ ਬਾਲ ਸਭਾ' ਤੋਂ ਸ਼ੁਰੂ ਕੀਤਾ। ਉਨ੍ਹਾਂ ਨੇ ਰੋਜ਼ਾਨਾ ਅਜੀਤ,ਜਥੇਦਾਰ, ਅਕਾਲੀ ਪੱਤ੍ਰਿਕਾ, ਪ੍ਰਭਾਤ ਲਈ ਵੀ ਕੰਮ ਕੀਤਾ ਤੇ ਫਿਰ ਆਪਣਾ ਪਰਚਾ ਸ਼ੁਰੂ ਕੀਤਾ, ਜਿਸ ਨੂੰ ਉਹ ਅੰਤਲੇ ਸਵਾਸਾਂ ਤੀਕ ਚਲਾਉਂਦੇ ਰਹੇ। ਉਨ੍ਹਾਂ 1994 ਤੋਂ 2001 ਤੀਕ ਚੀਫ਼ ਖ਼ਾਲਸਾ ਦੀਵਾਨ ਦੇ ਪਰਚੇ 'ਸਪਤਾਹਿਕ ਖ਼ਾਲਸਾ ਐਡਵੋਕੇਟ' ਵਿਚ ਵੀ ਬਤੌਰ ਮੁੱਖ- ਸੰਪਾਦਕ ਬਖ਼ੂਬੀ ਜੁੰਮੇਵਾਰੀ ਨਿਭਾਈ। ਉਹ ਇਕ ਬਹੁਤ ਹੀ ਮਿਹਨਤੀ ਤੇ ਸੰਘਰਸ਼ਸੀਲ ਸ਼ਖ਼ਸੀਅਤ ਦੇ ਮਾਲਕ ਸਨ, ਜਿਨ੍ਹਾਂ ਨੇ ਸਾਰੀ ਉਮਰ ਸਪਤਾਹਿਕ

ਪੱਤਰਕਾਵਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕੀਤੀ । ਉਸ ਨੂੰ ਹਮੇਸ਼ਾਂ ਸ਼ਕਾਇਤ ਰਹੀ ਕਿ ਪੰਜਾਬ ਸਰਕਾਰ ਵੱਡੀਆਂ ਅਖ਼ਬਾਰਾਂ ਨੂੰ ਇਸ਼ਤਿਹਾਰ ਦੇਂਦੀ ਹੈ ਪਰ ਛੋਟੀਆਂ ਅਖ਼ਬਾਰਾਂ ਨੂੰ ਅਣਡਿੱਠ ਕਰਦੀ ਹੈ, ਜਦ ਛੋਟਿਆਂ ਪਰਚਿਆਂ ਦਾ ਸਮਾਜ ਵਿਚ ਆਪਣਾ ਵਿਸ਼ੇਸ਼ ਸਥਾਨ ਹੈ। ਪੱਤਰਕਾਰੀ ਦੇ ਨਾਲ ਉਨ੍ਹਾਂ ਨੇ 'ਮਾਨ ਸਰੋਵਰਪੰਜਾਬੀ ਸਾਹਿਤ ਅਕੈਡਮੀ' ਦੇ ਨਾਂ 'ਤੇ ਕਈ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ।

ਉਹ ਦੂਜੇ ਪੱਤਰਕਾਰਾਂ ਨੂੰ ਵੀ ਨਵੇਂ ਪਰਚੇ ਸ਼ੁਰੂ ਕਰਨ ਲਈ ਉਤਸ਼ਾਹਿਤ ਕਰਦੇ ਸਨ ਤੇ ਰਜਿਸਟਰੇਸ਼ਨ ਕਰਾਉਣ ਲਈ ਹਰ ਤਰ੍ਹਾਂ ਦੀ ਜਾਣਕਾਰੀ ਦਿੰਦੇ ਸਨ। ਇਸ ਲੇਖਕ ਨੇ ਅੱਜ ਤੋਂ ਤਿੰਨ ਸਾਲ ਪਹਿਲਾਂ 'ਮਾਸਕ ਪੱਤ੍ਰਿਕਾ ਅੰਮ੍ਰਿਤਸਰ ਪੋਸਟ' ਸ਼ੁਰੂ ਕੀਤਾ ਤਾਂ ਉਨ੍ਹਾਂ ਨੇ ਹਰ ਤਰ੍ਹਾਂ ਦੀ ਜਾਣਕਾਰੀ ਮੁਹੱਈਆ ਕੀਤੀ। ਜਦੋਂ ਸ. ਕਾਹਨ ਸਿੰਘ ਪੰਨੂੰ ਨੇ ਬਤੌਰ ਡੀ ਜੀ ਐਸ ਏ ਸਕੂਲ ਪ੍ਰਬੰਧ ਸਨ ਤਾਂ ਉਨ੍ਹਾਂ ਨੇ ਸਾਰੇ ਸਕੂਲਾਂ ਨੂੰ ਆਪੋ ਆਪਣਾ ਪਰਚਾ ਸ਼ੁਰੂ ਕਰਨ ਦੀ ਹਦਾਇਤ ਕੀਤੀ ਤਾਂ ਤਪੱਸਵੀ ਨੇ ਸਕੂਲੋ ਸਕੂਲੀ ਜਾ ਕੇ ਉਨ੍ਹਾਂ ਨੂੰ ਆਪਣੀਆਂ ਸੇਵਾਵਾਂ ਅਰਪਿਤ ਕੀਤੀਆਂ ਤੇ ਬਹੁਤ ਸਾਰੇ ਸਕੂਲਾਂ ਨੇ ਉਨ੍ਹਾਂ ਦੀਆਂ ਸੇਵਾਵਾਂ ਦਾ ਲਾਭ ਵੀ ਉਠਾਇਆ। ਅੰਮ੍ਰਿਤਸਰ ਵਿਕਾਸ ਮੰਚ ਵਲੋਂ ਸੁਵੀਨੀਅਰ ਪ੍ਰਕਾਸ਼ਿਤ ਕਰਨ ਵਿਚ ਵੀ ਉਨ੍ਹਾਂ ਨੇ ਮਦਦ ਕੀਤੀ।

ਉਨ੍ਹਾਂ ਲੰਬਾ ਸਮਾਂ ਆਲ ਇੰਡੀਆ ਸਮਾਲ ਨਿਊਜ਼ਪੇਪਰਜ਼ ਕੌਂਸਲ ਦੇ ਸਕੱਤਰ ਦੇ ਤੌਰ 'ਤੇ ਕੰਮ ਕੀਤਾ।1986 ਵਿਚ ਆਲ ਇੰਡੀਆ ਸਮਾਲ ਨਿਊਜ਼ਪੇਪਰਜ਼ ਕੌਂਸਲ ਵਲੋਂ ਉਨ੍ਹਾਂ ਨੂੰ ਸ਼੍ਰੋਮਣੀ ਪੱਤਰਕਾਰ ਦਾ ਪੁਰਸਕਾਰ ਦਿੱਤਾ ਗਿਆ।ਮਹਿਲਾ ਚੇਤਨਾ ਮੰਚ, ਅੰਮ੍ਰਿਤਸਰ ਵਲੋਂ ਉਨ੍ਹਾਂ ਨੂੰ 2005 ਵਿਚ ਸਨਮਾਨਤ ਕੀਤਾ ਗਿਆ।ਕਈ ਹੋਰ ਸੰਸਥਾਵਾਂ ਵਲੋਂ ਵੀ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ।

ਅਫ਼ਸੋਸ ਦੀ ਗਲ ਹੈ ਕਿ ਸਾਡਾ ਇਹ ਵਡਮੁਲਾ ਹੀਰਾ 65 ਸਾਲ ਦੀ ਉਮਰ ਭੋਗ ਕੇ 16 ਅਗਸਤ 2013 ਨੂੰ ਕੁਝ ਦਿਨ ਬਿਮਾਰ ਰਹਿਣ ਪਿੱਛੋਂ ਸਦੀਵੀ ਵਿਛੋੜਾ ਦੇ ਗਿਆ। ਉਹ ਹੁਣ ਭਾਵੇਂ ਸਾਡੇ ਵਿਚ ਨਹੀਂ ਰਹੇ, ਪਰ ਉਨ੍ਹਾਂ ਨੂੰ ਪੰਜਾਬੀ ਭਾਸ਼ਾ, ਸਾਹਿਤ ਤੇ ਪੱਤਰਕਾਰੀ ਵਿਚ ਪਾਏ ਵਡਮੁਲੇ ਯੋਗਦਾਨ ਲਈ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।

*18 ਫ਼ਰਵਰੀ 2013*

# ਹਰਮੋਹਨ ਸਿੰਘ ਬੇਦੀ ਨੂੰ ਯਾਦ ਕਰਦਿਆਂ



ਅੰਮ੍ਰਿਤਸਰ ਵਿਕਾਸ ਮੰਚ ਦੇ ਬਾਨੀ ਪ੍ਰਧਾਨ ਸ. ਹਰਮੋਹਨ ਸਿੰਘ ਬੇਦੀ ਦਾ ਜਨਮ 8 ਅਗਸਤ 1930 ਨੂੰ ਪਿੰਡ ਧਾਰੋਵਾਲੀ ਤਹਿਸੀਲ ਡੇਰਾ ਬਾਬਾ ਨਾਨਕ,ਜਿਲਾ ਗੁਰਦਾਸਪੁਰ ਵਿਖੇ ਸ. ਗੁਰਬਚਨ ਸਿੰਘ ਬੇਦੀ ਦੇ ਗ੍ਰਹਿ ਵਿਖੇ ਹੋਇਆ ਜੋ ਸੇਵਾ ਮੁਕਤ ਜਿਲਾ ਸਿੱਖਿਆ ਅਫ਼ਸਰ ਸਨ। ਉਨ੍ਹਾਂ ਨੇ ਸਰਕਾਰੀ ਸੀ.ਸੈ. ਸਕੂਲ਼ ,ਟਾਊਨ ਹਾਲ, ਅੰਮ੍ਰਿਤਸਰ ਤੋਂ ਮੈਟ੍ਰਿਕ ਕਰਕੇ ਖ਼ਾਲਸਾ ਕਾਲਜ, ਅੰਮ੍ਰਿਤਸਰ ਤੋਂ ਬੀ.ਏ. ਤੇ ਸਰਕਾਰੀ ਕਾਲਜ ਫ਼ਗਵਾੜਾ ਤੋਂ ਇਤਿਹਾਸ ਦੀ ਐਮ.ਏ. ਕੀਤੀ। ਉਨ੍ਹਾਂ 1955 ਵਿਚ ਬਤੌਰ ਅਧਿਆਪਕ ਕੰਮ ਕਰਨਾ ਸ਼ੁਰੂ ਕੀਤਾ। ਮਜੀਠਾ, ਛੇਹਰਟਾ, ਹੇਅਰ, ਰਾਮ ਬਾਗ਼ ਆਦਿ ਸਕੂਲਾਂ ਵਿਚ ਕੰਮ ਕਰਨ ਉਪਰੰਤ ਉਹ ਸਰਕਾਰੀ ਹਾਈ ਸਕੂਲ ਚੱਬੇ ਤੋਂ 1988 ਵਿਚ ਬਤੌਰ ਮੁੱਖ-ਅਧਿਆਪਕ ਸੇਵਾ ਮੁਕਤ ਹੋਏ।

ਸੇਵਾ ਮੁਕਤੀ ਪਿੱਛੋਂ ਕਈ ਸੰਸਥਾਵਾਂ ਨਾਲ ਜੁੜੇ। ਉਹ ਗੁਰੂ ਨਾਨਕ ਗੁਰਪੁਰਬ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ, ਸ੍ਰੀ ਸੰਤ ਸਿੰਘ ਮਸਨੀਕ ਵੱਲੋਂ ਬਣਾਈ ਵਿਸ਼ਵ ਪ੍ਰਚਾਰਕ ਸੰਸਥਾ ਦੇ ਦਫ਼ਤਰ ਸਕੱਤਰ ਅਤੇ ਚੀਫ਼ ਖ਼ਾਲਸਾ ਦੀਵਾਨ ਦੀ ਵਿਦਿਅਕ ਕਮੇਟੀ ਦੇ ਮੈਂਬਰ, ਸ੍ਰੀ ਗੁਰੂ ਰਾਮਦਾਸ ਗੁਰਪੁਰਬ ਕਮੇਟੀ ਅਤੇ ਰਣਜੀਤ ਐਵੀਨਿਊ ਵੈਲਫੇਅਰ ਸੋਸਾਇਟੀ ਦੇ ਸਰਗਰਮ ਮੈਂਬਰ ਰਹੇ। ਉਨ੍ਹਾਂ 10 ਸਾਲ ਗੁਰਦੁਆਰਾ ਟੋਭਾ ਭਾਈ ਸਾਲੋ ਜੀ ਦੀ ਲੰਗਰ ਕਮੇਟੀ ਦੇ ਮੈਂਬਰ ਬਣ ਕੇ ਸੇਵਾ ਕੀਤੀ।

ਸ੍ਰੀ ਗੁਰੂ ਰਾਮਦਾਸ ਜੀ ਦੀ ਵਰੋਸਾਈ ਹੋਈ ਨਗਰੀ ਸ੍ਰੀ ਅੰਮ੍ਰਿਤਸਰ ਨੂੰ ਖ਼ੂਬਸੂਰਤ ਬਨਾਉਣ ਅਤੇ ਇਸ ਦੇ ਸਰਬਪੱਖੀ ਵਿਕਾਸ ਲਈ 1992 ਵਿਚ ਅੰਮ੍ਰਿਤਸਰ ਵਿਕਾਸ ਮੰਚ ਬਣਾਇਆ ਗਿਆ। ਉਹ ਇਸ ਦੇ ਪਹਿਲੇ ਪ੍ਰਧਾਨ ਬਣੇ ਤੇ ਉਨ੍ਹਾਂ 12 ਸਾਲ ਬਤੌਰ ਪ੍ਰਧਾਨ ਸੇਵਾ ਕੀਤੀ। ਇਸ ਲੇਖਕ ਨੂੰ ਉਨ੍ਹਾਂ ਨਾਲ ਨੂੰ ਬਤੌਰ ਜਨਰਲ ਸਕੱਤਰ ਸੇਵਾ ਕਰਨ ਦਾ ਅਵਸਰ ਪ੍ਰਾਪਤ ਹੋਇਆ। ਉਨ੍ਹਾਂ ਦੀ ਅਗਵਾਈ ਵਿਚ ਦੋ ਜਨਹਿਤ ਪਟੀਸ਼ਨਾਂ ਹਾਈਕੋਰਟ ਵਿਚ ਪਾਈਆਂ ਗਈਆਂ। ਇਨ੍ਹਾਂ ਵਿਚੋਂ ਇਕ ਦਾ ਸਬੰਧ ਕਾਰਪੋਰੇਸ਼ਨ ਦੀ ਹਦੂਦ ਅੰਦਰੋਂ ਪਸ਼ੂਆਂ ਦੀਆਂ ਡੇਅਰੀਆਂ ਨੂੰ ਝਬਾਲ ਰੋਡ ਵਿਖੇ ਤਬਦੀਲ ਕਰਨਾ ਤੇ ਦੂਜੀ ਦਾ ਸਬੰਧ ਰਾਮ ਬਾਗ ਵਿਚ ਚਲ ਰਹੇ ਕਲਬਾਂ ਬਾਰੇ ਸੀ ਕਿਉਂਕਿ ਇਨ੍ਹਾਂ ਦੀ ਲੀਜ ਕਈ ਸਾਲ ਪਹਿਲਾਂ ਖਤਮ ਹੋ ਚੁੱਕੀ ਸੀ, ਪਰ ਫਿਰ ਵੀ ਇਹ ਇੱਥੇ ਚਲ ਰਹੇ

ਸਨ। ਡੇਅਰੀਆਂ ਬਾਹਰ ਜਾਣ ਨਾਲ ਸ਼ਹਿਰ ਸਾਫ਼ ਸੁਧਰਾ ਹੋ ਗਿਆ। ਸ਼ਹਿਰ ਉਨ੍ਹਾਂ ਦੀ ਅਗਵਾਈ ਵਿਚ ਅੰਮ੍ਰਿਤਸਰ ਨੂੰ ਰਾਜਧਾਨੀ ਬਣਾਉਣ ਅਤੇ ਅੰਮ੍ਰਿਤਸਰ ਹਵਾਈ ਅੱਡੇ ਨੂੰ ਸਹੀ ਅਰਥਾਂ ਵਿਚ ਅੰਤਰ-ਰਾਸ਼ਟਰੀ ਹਵਾਈ ਅੱਡਾ ਬਨਾਉਣ ਦੀ ਮੁਹਿੰਮ ਚਲਾਈ ਗਈ। ਅੰਮ੍ਰਿਤਸਰ ਸ਼ਹਿਰ ਦਾ ਸਥਾਪਨਾ ਦਿਵਸ ਮਨਾਉਣ ਅਤੇ ਬਹੁ-ਰੰਗੀ ਸੋਵੀਨੀਅਰ ਪ੍ਰਕਾਸ਼ਿਤ ਕਰਨ ਦੀ ਪਿਰਤ ਪਾਈ ਗਈ।

ਸ਼ਹਿਰ ਦੀਆਂ ਸੜਕਾਂ ਦੇ ਵਿਸਥਾਰ ਲਈ ਯੋਜਨਾਵਾਂ ਪੇਸ਼ ਕੀਤੀਆਂ ਗਈਆਂ। ਅੰਮ੍ਰਿਤਸਰ ਦੇ ਵਿਰਸੇ ਦੀ ਸੰਭਾਲ ਸੰਬੰਧੀ ਸੈਮੀਨਾਰ ਕਰਾਉਣੇ, ਅੰਮ੍ਰਿਤਸਰ ਦੀ ਯੋਜਨਾਬੰਦੀ ਸੰਬੰਧੀ ਸੈਮੀਨਾਰ ਕਰਾਉਣਾ ਅਤੇ ਹਰ ਸਾਲ ਵਿਸ਼ਵ ਵਾਤਾਵਰਨ ਦਿਵਸ ਮਨਾਉਣ ਵਰਗੀਆਂ ਸਰਗਰਮੀਆਂ ਵੀ ਸ਼ੁਰੂ ਕੀਤੀਆਂ ਗਈਆਂ।

ਉਹ ਇਕ ਨੇਕ ਦਿਲ, ਸਭ ਨੂੰ ਪਿਆਰ ਕਰਨ ਵਾਲੀ ਹਰਮਨ ਪਿਆਰੀ ਸ਼ਖ਼ਸ਼ੀਅਤ ਦੇ ਮਾਲਕ ਸਨ। ਉਹ ਆਪਣੇ ਪਿੱਛੇ ਸਪਤਨੀ ਤੇ 2 ਬੇਟੇ ਛਡ ਕੇ 23 ਫ਼ਰਵਰੀ 2015 ਨੂੰ ਇਸ ਸੰਸਾਰ ਨੂੰ ਸਦੀਵੀ ਵਿਛੋੜਾ ਦੇ ਗਏ।ਉਨ੍ਹਾਂ ਦੀ ਸਪਤਨੀ ਪ੍ਰਿੰਸੀਪਲ ਦਵਿੰਦਰ ਕੌਰ, ਗੁਰੂ ਨਾਨਕ ਕੰਨਿਆ ਸੀ. ਸੈ. ਸਕੂਲ, ਟਾਊਨ ਹਾਲ, ਅੰਮ੍ਰਿਤਸਰ ਤੋਂ 1992 ਵਿਚ ਸੇਵਾ ਮੁਕਤ ਪ੍ਰਿੰਸੀਪਲ ਹਨ। ਉਨ੍ਹਾਂ ਦਾ ਵੱਡਾ ਬੇਟਾ ਸ. ਹਰਵਿੰਦਰ ਸਿੰਘ ਬੇਦੀ ਇੰਡੀਅਨ ਆਇਲ ਕਾਰਪੋਰੇਸ਼ਨ ,ਮੁਬੰਈ ਵਿਖੇ ਕਾਰਜਕਾਰੀ ਡਾਇਰੈਕਟਰ ਹੈ ਤੇ ਛੋਟਾ ਬੇਟਾ ਸ. ਗੁਰਬਖਸ਼ ਸਿੰਘ ਬੇਦੀ ਪੋਲਟਰੀ ਬਿਜਨੈਸ ਦਾ ਵਪਾਰੀ ਹੈ। ਉਨ੍ਹਾਂ ਵਲੋਂ ਕੀਤੇ ਨੇਕ ਕੰਮਾਂ ਲਈ ਉਨ੍ਹਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।

*26 ਫ਼ਰਵਰੀ 2015*

# ਵਿਲਖਣ ਸ਼ਖ਼ਸੀਅਤ ਦੇ ਮਾਲਕ ਸਨ : ਗੁਰਦਿਆਲ ਸਿੰਘ ਰੰਧਾਵਾ



ਸ. ਗੁਰਦਿਆਲ ਸਿੰਘ ਰੰਧਾਵਾ ਉਨ੍ਹਾਂ ਸ਼ਖਸੀਅਤਾਂ ਵਿਚੋਂ ਇਕ ਹਨ, ਜਿਨ੍ਹਾਂ ਦੀ ਜ਼ਿੰਦਗੀ ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆ ਹਾਂ। ਉਹ ਜਨਵਰੀ 15, 1921 ਤਰਨਤਾਰਨ ਜਿਲੇ ਦੇ ਪਿੰਡ ਪੰਡੋਰੀ ਰਮਾਣਾਂ ਵਿਖੇ ਪੈਦਾ ਹੋਏ। ਉਨ੍ਹਾਂ ਦੇ ਪਿਤਾ ਦਾ ਨਾਂ ਸ.ਉਤਮ ਸਿੰਘ ਤੇ ਮਾਤਾ ਦਾ ਨਾਂ ਬੀਬੀ ਪ੍ਰਤਾਪ ਕੌਰ ਸੀ। ਖ਼ਾਲਸਾ ਸਕੂਲ ਸਰਹਾਲੀ ਤੋਂ ਮੈਟਰਿਕ ਕਰਕੇ 1940 ਈ. ਵਿਚ ਪੰਜਾਬ ਪੁਲੀਸ ਵਿਚ ਬਤੌਰ ਸਿਪਾਹੀ ਭਰਤੀ ਹੋਏ । ਕੋਈ 39 ਸਾਲ ਦੀ ਸ਼ਾਨਦਾਰ ਸੇਵਾ ਕਰਕੇ ਉਹ 1979 ਵਿਚ ਬਤੌਰ ਇਨਸਪੈਕਟਰ ਸੇਵਾ ਮੁਕਤ ਹੋਏ। ਉਨ੍ਹਾਂ ਨੂੰ ਪੁਲੀਸ ਵਿਚ ਸ. ਗੁਰਦਿਆਲ ਸਿੰਘ ਡੰਡਾ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਉਹ ਇਕ ਇਮਾਨਦਾਰ ਅਧਿਕਾਰੀ ਵਜੋਂ ਜਾਣੇ ਜਾਂਦੇ ਸਨ। ਉਨ੍ਹਾਂ ਕਦੇ ਰਿਸ਼ਵਤ ਨਹੀਂ ਲਈ। ਉਹ ਵਡੇ ਵਡੇ ਸਿਆਸਦਾਨਾਂ ਦੀਆਂ ਗ਼ੈਰ-ਕਾਨੂੰਨੀ ਗਲਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੰਦੇ ਸਨ। ਇਹੋ ਕਾਰਨ ਸੀ ਕਿ ਉਨ੍ਹਾਂ ਨੂੰ ਲਗਾਤਰ ਬਦਲੀਆਂ ਦਾ ਸਾਹਮਣਾ ਕਰਨਾ ਪਿਆ। ਇਕ ਵੇਰ ਉਨ੍ਹਾਂ ਨੇ ਬਾਘਾ ਪੁਰਾਣਾ ਦੇ ਸਮਗਲਰਾਂ ਨੂੰ ਫੜ੍ਹ ਕੇ ਥਾਣੇ ਡਕ ਦਿੱਤਾ । ਉਸ ਸਮੇਂ ਦੇ ਪਾਰਲੀਮੈਂਟਰੀ ਸਕੱਤਰ ਨੇ ਜਦ ਉਨ੍ਹਾਂ ਨੂੰ ਛਡਣ ਲਈ ਦਬਾਅ ਪਾਇਆ ਤਾਂ ਉਨ੍ਹਾਂ ਕਿਹਾ ਜੇ ਤੁਸੀਂ ਥਾਣੇ ਆਏ ਤਾਂ ਮੈਂ ਤੁਹਾਨੂੰ ਵੀ ਥਾਣੇ ਡਕ ਦੇਵਾਂਗਾ। ਇਕ ਵੇਰ ਸਰਹਦੀ ਸਕੂਲ ਵਿਚ ਇਕ ਅਣਵਿਆਹੀ ਅਧਿਆਪਕਾ ਨੂੰ ਪਿੰਡ ਦੇ ਸਰਪੰਚ ਨੇ ਫੜ ਕੇ ਜਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ, ਜੋ ਕਿ ਉਸ ਦੇ ਘਰ ਕਿਰਾਏਦਾਰ ਸੀ। ਉਨ੍ਹਾਂ ਨੇ ਜਦ ਸਰਪੰਚ ਨੂੰ ਫੜਿਆ ਤਾਂ ਉਸ ਨੇ ਪਾਰਟੀ ਪ੍ਰਧਾਨ ਦਾ ਰੋਅਬ ਪਾਇਆ ਤਾਂ ਉਨ੍ਹਾਂ ਨੇ ਕਿਹਾ ਪ੍ਰਧਾਨ ਨੂੰ ਬਾਅਦ ਵਿਚ ਵੇਖੂੰਗਾ ਪਹਿਲਾਂ ਤੇਰੀ ਭੁਗਤ ਸਵਾਰਦਾਂ। ਧੀਆਂ ਵਰਗੀ ਇਸ ਅਧਿਆਪਕਾ ਨਾਲ ਘਟੀਆ ਦੁਰ-ਵਿਹਾਰ ਕਰਨ ਦੀ ਤੇਰੀ ਜੁਰਅਤ ਕਿਵੇਂ ਪਈ? ਉਨ੍ਹਾਂ ਨੇ ਐਸਾ ਕੇਸ ਤਿਆਰ ਕੀਤਾ ਕਿ ਸਰਪੰਚ ਨੂੰ ਹਾਈਕੋਰਟ ਨੇ ਵੀ ਜਮਾਨਤ ਦੇਣੋਂ ਨਾਂਹ ਕਰ ਦਿੱਤੀ।

ਇਕ ਸ਼ਹਿਰ ਦੇ ਮੁਹੱਲੇ ਵਾਲੇ ਇਕ ਔਰਤ ਜੋ ਕਿ ਚਕਲਾ ਚਲਾਉਂਦੀ ਸੀ ਤੋਂ

ਬਹੁਤ ਦੁਖੀ ਸਨ। ਉਸ ਨੂੰ ਕੋਈ ਹੱਥ ਨਹੀਂ ਸੀ ਪਾਉਂਦਾ। ਮੁਹੱਲੇ ਵਾਲਿਆਂ ਦੀ ਸ਼ਕਾਇਤ 'ਤੇ ਜਦ ਉਨ੍ਹਾਂ ਉਸ ਔਰਤ ਦੇ ਘਰ ਛਾਪਾ ਮਾਰਿਆ ਤਾਂ ਉਸ ਨੇ ਕਿਹਾ ਕਿ ਏਥੇ ਤਾਂ ਵਡੇ ਵਡੇ ਅਫ਼ਸਰ ਆਉਂਦੇ ਨੇ ਤੇਰੀ ਇਥੇ ਆਉਣ ਦੀ ਜੁਰਅਤ ਕਿਵੇਂ ਪਈ? ਤਲਾਸ਼ੀ ਲੈਣ 'ਤੇ ਉਨ੍ਹਾਂ ਨੂੰ ਉਸ ਘਰ 'ਚੋਂ ਅਫ਼ੀਮ ਮਿਲ ਗਈ। ਇਨ੍ਹਾਂ ਉਸ ਦੀ ਭੁਗਤ ਸੁਆਰੀ ਤੇ ਅਫ਼ੀਮ ਦਾ ਕੇਸ ਪਾ ਉਸ ਨੂੰ ਥਾਣੇ ਡਕਿਆ। ਇੰਝ ਮੁਹੱਲੇ ਵਾਲਿਆਂ ਨੂੰ ਰਾਹਤ ਦੁਆਈ। ਇਸ ਤਰ੍ਹਾਂ ਕਈ ਉਦਾਹਰਨਾਂ ਹਨ।

ਉਨ੍ਹਾਂ ਨੇ ਸਾਰੀ ਉਮਰ ਸ਼ਰਾਬ ਨੂੰ ਮੂੰਹ ਨਹੀਂ ਲਾਇਆ। ਉਨ੍ਹਾਂ ਦਾ ਸਾਰਾ ਪ੍ਰਵਾਰ ਉਨ੍ਹਾਂ ਵਾਂਗ ਸ਼ਰਾਬ ਦਾ ਸੇਵਨ ਨਹੀਂ ਕਰਦਾ। ਸੇਵਾ ਮੁਕਤੀ ਪਿੱਛੋਂ ਉਹ ਸਮਾਜ ਸੇਵਾ ਵਿਚ ਜੁਟ ਗਏ। ਉਹ ਕਈ ਸਾਲ ਪੁਲੀਸ ਪੈਂਨਸ਼ਨਰ ਐਸੋਸੀਏਸ਼ਨ ਦੇ ਜਨਰਲ ਸਕੱਤਰ, ਅੰਮ੍ਰਿਤਸਰ ਵਿਕਾਸ ਮੰਚ ਦੇ ਕਾਰਜਕਾਰੀ ਮੈਂਬਰ ਅਤੇ ਰਣਜੀਤ ਐਵੇਨਿਊ ਹਾਊਸਿੰਗ ਬੋਰਡ ਕਲੋਨੀ ਸੈਕਟਰ 3 ਦੇ ਬਾਨੀ ਪ੍ਰਧਾਨ ਰਹੇ। ਉਨ੍ਹਾਂ ਦੇ ਬੱਚੇ ਬਹੁਤ ਪੜ੍ਹੇ ਲਿਖੇ ਹੋਏ ਤੇ ਸਮਾਜ ਵਿਚ ਚੰਗਾ ਨਾਮਣਾ ਖਟ ਰਹੇ ਹਨ। ਵਡਾ ਲੜਕਾ ਪ੍ਰੋਫ਼ੈਸਰ ਦਲਜੀਤ ਸਿੰਘ ਰੰਧਾਵਾ ਬਾਬਾ ਬੁੱਢਾ ਸਾਹਿਬ ਕਾਲਜ ਬੀੜ ਸਾਹਿਬ ਤੋਂ ਸੇਵਾ ਮੁਕਤ ਹੋਏ ਹਨ ਤੇ ਉਸ ਤੋਂ ਛੋਟਾ ਬਲਬੀਰ ਸਿੰਘ ਰੰਧਾਵਾ ਸੇਵਾ ਮੁਕਤ ਲੈਕਚਰਾਰ ਹੈ ਤੇ ਸਭ ਤੋਂ ਛੋਟਾ ਡਾ.ਕੁਲਦੀਪ ਸਿੰਘ ਰੰਧਾਵਾ ਬੀ.ਏ., ਐਮ.ਐਸ. ਆਯੂਰਵੈਦਿਕ ਡਾਕਟਰ ਹੈ। ਉਹ 93 ਸਾਲ ਦੀ ਉਮਰ ਭੋਗ ਕੇ 28 ਦਸੰਬਰ 2014 ਨੂੰ ਆਪਣੀਆਂ ਮਿੱਠੀਆਂ ਯਾਦਾਂ ਛਡ ਕੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ।

*30 ਦਸੰਬਰ 2014*

# ਜੋਗਿੰਦਰ ਸਿੰਘ ਗਿੱਲ ਨੂੰ ਯਾਦ ਕਰਦਿਆਂ



ਜੋਗਿੰਦਰ ਸਿੰਘ ਗਿੱਲ ਦਾ ਪੰਜਾਬੀ ਟ੍ਰਿਬਿਊਨ ਦੇ ਪਿਛਲੇ ਮਹੀਨੇ 13 ਫਰਵਰੀ 2013 ਦੇ ਅੰਕ ਵਿਚ ਪ੍ਰਕਾਸ਼ਿਤ ਲੇਖ 'ਆਖ਼ਰ ਕਦੋਂ ਤਕ ਹੁੰਦਾ ਰਹੇਗਾ ਮਜਬੂਰਾਂ ਦਾ ਸ਼ੋਸ਼ਣ?' ਉਨ੍ਹਾਂ ਦੀ ਆਖ਼ਰੀ ਰਚਨਾ ਹੋ ਨਿਬੜੀ।ਇਸ ਲਿਖਤ ਤੋਂ ਉਨ੍ਹਾਂ ਦੀ ਲੇਖਣੀ ਬਾਰੇ ਬਹੁਤ ਸਾਰੀਆਂ ਗੱਲਾਂ ਸਾਹਮਣੇ ਆਉਂਦੀਆਂ ਹਨ । ਉਹ ਖਬੇ ਪੱਖੀ ਸੋਚ ਦੇ ਧਾਰਨੀ ਸਨ। ਉਨ੍ਹਾਂ ਦਾ ਜਨਮ 11 ਨਵੰਬਰ 1942 ਨੂੰ ਪ੍ਰਸਿੱਧ ਸੂਫ਼ੀ ਤੇ ਕਿੱਸਾਕਾਰ ਹਾਸ਼ਮ ਦੇ ਪਿੰਡ ਜਗਦੇਵ ਕਲਾਂ, ਜਿਲ੍ਹਾ ਅੰਮ੍ਰਿਤਸਰ ਵਿਖੇ ਸ. ਤੇਜਾ ਸਿੰਘ ਗਿੱਲ ਦੇ ਗ੍ਰਹਿ ਵਿਖੇ ਹੋਇਆ । ਉਨ੍ਹਾਂ ਦੀ ਮਾਤਾ ਦਾ ਨਾਂ ਮਾਤਾ ਹਰਬੰਸ ਕੌਰ ਸੀ। ਛੋਟੀ ਉਮਰੇ ਹੀ ਉਨਾਂ ਦੇ ਪਿਤਾ ਦਾ ਛਾਇਆ ਉੱਠ ਗਿਆ। ਉਨ੍ਹਾਂ ਦੀ ਸ਼ਾਦੀ ਸ੍ਰੀਮਤੀ ਕੁਲਵੰਤ ਕੌਰ ਜੇ.ਬੀ.ਟੀ. ਅਧਿਆਪਕਾ ਨਾਲ ਹੋਈ। ਉਨ੍ਹਾਂ ਦੀਆਂ ਦੋ ਬੇਟੀਆਂ ਰਮਿੰਦਰ ਕੌਰ ਗਿੱਲ ਅਤੇ ਅਮੀਜੋਤ ਕੌਰ ਹਨ ਜੋ ਐਮ.ਐਸ-ਸੀ., ਬੀ.ਐਡ. ਹਨ ਤੇ ਸਰਕਾਰੀ ਸਕੂਲ ਵਿਚ ਅਧਿਆਪਕਾ ਹਨ। ਇਕ ਸਧਾਰਨ ਕਿਸਾਨ ਪ੍ਰਵਾਰ ਨਾਲ ਸਬੰਧਿਤ ਹੋਣ ਕਰਕੇ , ਉਨ੍ਹਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਘਰ ਵਿਚ ਵੱਡੇ ਹੋਣ ਕਰਕੇ ਉਨ੍ਹਾਂ ਨੇ ਜਿੱਥੇ ਖ਼ੁਦ ਪੜ੍ਹਾਈ ਕੀਤੀ, ਉੱਥੇ ਆਪਣੇ 2 ਭਰਾਵਾਂ ਅਤੇ 3 ਭੈਣਾਂ ਨੂੰ ਵੀ ਪੜਾਇਆ ਤੇ ਨੌਕਰੀਆਂ ਦੁਆਈਆਂ।

ਉਹ ਐਮ. ਏ.(ਪੰਜਾਬੀ ਅਤੇ ਇਤਿਹਾਸ), ਬੀ.ਐਡ. ਸਨ। ਉਨ੍ਹਾਂ ਨੇ ਖਾਲਸਾ ਸਕੂਲ ਗੁਰੂ ਕਾ ਬਾਗ਼ ਤੋਂ ਆਪਣੀ ਨੌਕਰੀ ਸ਼ੁਰੂ ਕੀਤੀ। 1975 ਵਿਚ ਉਹ ਸਰਕਾਰੀ ਨੌਕਰੀ ਵਿਚ ਆਏ। ਸਰਕਾਰੀ ਮਿਡਲ ਸਕੂਲ ਖ਼ਤਰਾਇ ਕਲਾਂ (ਅੰਮ੍ਰਿਤਸਰ) ਉਨ੍ਹਾਂ ਦਾ ਪਹਿਲਾ ਸਕੂਲ ਸੀ। 30 ਨਵੰਬਰ 2000 ਵਿਚ ਉਹ ਸਰਕਾਰੀ ਸੀ. ਸੈ. ਸਕੂਲ ਮਹਿਲ ਜੰਡਿਆਲਾ(ਅੰਮ੍ਰਿਤਸਰ) ਤੋਂ ਬਤੌਰ ਲੈਕਚਰਾਰ ਸੇਵਾ ਮੁਕਤ ਹੋਏ।

ਉਨ੍ਹਾਂ ਨਾਲ ਮੇਰੀ ਜਾਣ ਪਛਾਣ 1975 ਵਿਚ ਉਸ ਸਮੇਂ ਹੋਈ ਜਦੋਂ ਮੈਂ ਸ੍ਰੀ ਗੁਰੂ ਰਾਮਦਾਸ ਹਾਇਰ ਸੈਕੰਡਰੀ ਸਕੂਲ, ਅੰਮ੍ਰਿਤਸਰ ਨੂੰ ਛਡ ਕੇ ਸਰਕਾਰੀ ਨੌਕਰੀ ਵਿਚ ਆ ਕੇ ਗੌਰਮਿੰਟ ਟੀਚਰਜ਼ ਯੂਨੀਅਨ ਦੀਆਂ ਗਤੀਵਿਧੀਆਂ ਵਿਚ ਭਾਗ ਲੈਣਾ ਸ਼ੁਰੂ ਕੀਤਾ। ਉਹ ਵੀ 1975 ਵਿਚ ਗੌਰਮਿੰਟ ਟੀਚਰਜ਼ ਯੂਨੀਅਨ ਦੇ ਮੈਂਬਰ ਬਣੇ ਤੇ ਸੇਵਾ ਮੁਕਤੀ ਤੀਕ ਇਸ ਦੇ ਪ੍ਰੈਸ ਸਕੱਤਰ ਰਹੇ। ਉਸ ਸਮੇਂ ਯੂਨੀਅਨ ਬਹੁਤ ਸਰਗਰਮ ਸੀ ਤੇ ਇਸ


ਦੀਆਂ ਖ਼ਬਰਾਂ ਬੀ.ਬੀ.ਸੀ. ਤੋਂ ਵੀ ਆਉਂਦੀਆਂ ਹੁੰਦੀਆਂ ਸਨ। ਉਨ੍ਹਾਂ ਦਿਨਾਂ ਵਿਚ ਸ. ਸਰਬਦਿਆਲ ਸਿੰਘ ਕੰਗ ਅਧਿਆਪਕ ਫਰੰਟ 'ਤੇ ਅਤੇ ਸ. ਅਜੀਤ ਸਿੰਘ ਪੰਨੂੰ ਪ.ਸ.ਸ.ਫ. ਫਰੰਟ 'ਤੇ ਜਿਲੇ ਦੀ ਅਗਵਾਈ ਕਰਦੇ ਸਨ। ਉਨ੍ਹਾਂ ਦੀ ਟੀਮ ਵਿਚ ਸ. ਜਰਮਨਜੀਤ ਸਿੰਘ, ਸ. ਤਰਲੋਕ ਸਿੰਘ, ਸ. ਸੁੱਚਾ ਸਿੰਘ ਅਜਨਾਲਾ, ਸ. ਜੋਗਿੰਦਰ ਸਿੰਘ ਗਿੱਲ ਤੇ ਹੋਰ ਸਾਥੀ ਸ਼ਾਮਲ ਸਨ। ਉਨ੍ਹਾਂ ਨੇ 1978 ਵਿਚ ਬੇ-ਰੁਜ਼ਗਾਰ ਅਧਿਆਪਕ ਯੂਨੀਅਨ ਦੇ ਘੋਲ ਸਮੇਂ ਜੀ.ਟੀ.ਯੂ. ਦੇ ਸੱਦੇ 'ਤੇ ਇਕ ਮਹੀਨਾ ਫਿਰੋਜ਼ਪੁਰ ਵਿਚ ਜੇਲ ਕੱਟੀ। ਉਨ੍ਹਾਂ ਪ.ਸ.ਸ.ਫ. ਤਹਿਸੀਲ ਅਜਨਾਲਾ ਦੇ ਬਤੌਰ ਪ੍ਰਧਾਨ ਵੀ ਕੰਮ ਕੀਤਾ। ਇਸ ਆਹੁਦੇ 'ਤੇ ਹੁੰਦੇ ਹੋਏ, ਉਨ੍ਹਾਂ ਨੂੰ ਅਧਿਆਪਕਾਂ, ਕਿਸਾਨਾਂ, ਕਿਰਤੀਆਂ, ਮਜ਼ਦੂਰ ਤੇ ਮੁਲਾਜ਼ਮਾਂ ਦੀਆਂ ਸਮਸਿਆਵਾਂ ਨੂੰ ਸਮਝਣ ਦਾ ਮੌਕਾ ਮਿਲਿਆ ਤੇ ਉਨ੍ਹਾਂ ਨੇ ਇਸ ਸਬੰਧੀ ਅਜੀਤ, ਪੰਜਾਬੀ ਟ੍ਰਿਬਿਊਨ ਤੇ ਹੋਰ ਪਰਚਿਆਂ ਰਾਹੀਂ ਉਨ੍ਹਾਂ ਨੂੰ ਉਜਾਗਰ ਕੀਤਾ। ਉਨ੍ਹਾਂ ਦਾ 13 ਫਰਵਰੀ ਦਾ ਲੇਖ ਵੀ 90 ਪ੍ਰਤੀਸ਼ਤ ਭਾਰਤੀਆਂ ਦੀਆਂ ਮਜਬੂਰੀਆਂ 'ਤੇ ਝਾਤ ਪਾਉਂਦਾ ਹੈ।

ਸੇਵਾ ਮੁਕਤੀ ਪਿੱਛੋਂ ਉਨ੍ਹਾਂ ਨੇ ਸੀ.ਪੀ.ਆਈ.(ਐਮ) ਦੇ ਬਤੌਰ ਤਹਿਸੀਲ ਅਜਨਾਲਾ ਦੇ ਸਕੱਤਰ ਦੀ ਜ਼ੁੰਮੇਵਾਰੀ ਸੰਭਾਲੀ ਤੇ ਇਸ ਆਹੁਦੇ 'ਤੇ ਅੰਤਲੇ ਸਮੇਂ ਤੀਕ ਰਹੇ। ਉਹ ਪਾਰਟੀ ਦੇ ਜਿਲਾ ਕਮੇਟੀ ਦੇ ਵੀ ਮੈਂਬਰ ਸਨ। ਅੱਤਵਾਦ ਦੇ ਦੌਰਾਨ ਉਨ੍ਹਾਂ ਨੇ ਅਨੇਕਾਂ ਔਕੜਾਂ ਦੇ ਬਾਵਜੂਦ ਵੀ ਪਾਰਟੀ ਲਈ ਕੰਮ ਕੀਤਾ ਤੇ ਆਖਰੀ ਪਲਾਂ ਤੀਕ ਪਾਰਟੀ ਦੇ ਵਫ਼ਾਦਾਰ ਰਹਿ।ਪਾਰਟੀ ਵਲੋਂ ਅਰੰਭੇ ਵਖ ਵਖ ਘੋਲਾਂ ਵਿਚ ਉਨ੍ਹਾਂ ਹਿੱਸਾ ਲਿਆ।

ਉਹ ਰੋਜ਼ਾਨਾ ਹਾਲ ਗੇਟ, ਅੰਮ੍ਰਿਤਸਰ ਦੇ ਬਾਹਰ ਬਣੇ ਅਖ਼ਬਾਰਾਂ ਦੇ ਸਟਾਲਾਂ 'ਤੇ ਵੱਖ ਵੱਖ ਪਰਚਿਆਂ 'ਤੇ ਨਜ਼ਰ ਮਾਰਨ ਆਉਂਦੇ ਸਨ। ਮੇਰੇ ਨਾਲ ਉਨ੍ਹਾਂ ਦੀ ਆਖ਼ਰੀ ਮਿਲਣੀ 28 ਫਰਵਰੀ 2013 ਨੂੰ ਉੱਥੇ ਹੀ ਹੋਈ। ਉਨ੍ਹਾਂ ਮੈਨੂੰ ਦੱਸਿਆ ਕਿ ਉਹ ਆਪਣੇ ਪਿੰਡ ਬਾਰੇ ਕਿਤਾਬ ਲਿਖ ਰਹੇ ਹਨ। ਮੈਂ ਉਨ੍ਹਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਆਪਣੇ ਲੇਖਾਂ ਨੂੰ ਕਿਤਾਬੀ ਰੂਪ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਮੈਨੂੰ ਕਿਹਾ ਕਿ ਉਹ ਮੇਰੇ ਘਰ ਇਸ ਸਬੰਧੀ ਆਉਣਗੇ। ਉਨ੍ਹਾਂ ਦੀ 2 ਮਾਰਚ 2013 ਦੀ ਮੌਤ ਦੀ ਖ਼ਬਰ ਸੁਣ ਕੇ ਬੜਾ ਦੁੱਖ ਹੋਇਆ ਤੇ ਸਾਡੀ ਇਹ ਯੋਜਨਾ ਧਰੀ ਧਰਾਈ ਰਹਿ ਗਈ। ਸਾਡੀ ਇਹ ਮਿਲਣੀ ਆਖ਼ਰੀ ਹੋ ਨਿਬੜੀ।ਇੰਝ ਉਹ ਨਾ ਆਪਣੇ ਪਿੰਡ ਬਾਰੇ ਕਿਤਾਬ ਲਿਖ ਸਕੇ ਤੇ ਨਾ ਹੀ ਆਪਣੇ ਲੇਖਾਂ ਨੂੰ ਕਿਤਾਬੀ ਰੂਪ ਦੇ ਸਕੇ। 11 ਮਾਰਚ 2013 ਨੂੰ ਉਨਾਂ ਦੀ ਅੰਤਿਮ ਯਾਦ ਵਿੱਚ ਰਖਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ,ਉਪਰੰਤ ਸ਼ਰਧਾਂਜਲੀ ਸਮਾਗਮ ਰਣਜੀਤ ਐਵੇਨਿਊ ਬਲਾਕ ਡੀ ਦੇ ਗੁਰਦੁਆਰਾ ਸਾਹਿਬ ਵਿਚ ਹੋਇਆ, ਜਿਸ ਵਿਚ ਵੱਖ ਵੱਖ ਆਗੂਆਂ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

*5 ਮਾਰਚ 2013*

# ਮਾਸਟਰ ਨਿਰਮਲ ਸਿੰਘ ਲਾਲੀ



ਯੂਬਾ ਸਿਟੀ ਨਿਵਾਸੀ ਮਾਸਟਰ ਨਿਰਮਲ ਸਿੰਘ ਲਾਲੀ ਪੰਜਾਬੀ ਸਾਹਿਤ ਦੀ ਝੋਲੀ ਵਿੱਚ 12 ਲੇਖ ਸੰਗ੍ਰਹਿ, ਇਕ ਕਹਾਣੀ ਸੰਗ੍ਰਹਿ ਅਤੇ 4 ਕਾਵਿ ਸੰਗ੍ਰਹਿ ਪਾ ਚੁੱਕੇ ਹਨ। 'ਨਰੋਆ ਸਮਾਜ', 'ਫ਼ਰਜ਼', 'ਜੀਵਨ, ਗਿਆਨ ਅਤੇ ਆਦਰਸ਼ਵਾਦ', 'ਸ਼ਖ਼ਸੀਅਤ, ਜ਼ਿੰਦਗੀ ਤੇ ਨੈਤਿਕਤਾ', 'ਡੂੰਘੀਆਂ ਸੋਚਾਂ', 'ਸਿੱਖੀ ਖੰਨਿਅਹੋ ਤਿੱਖੀ', 'ਕਰਤੂਤ ਪਸ਼ੂ ਕੀ ਮਾਨਸ ਜਾਤ', 'ਜੀਵਨ ਦਰਸ਼ਨ', 'ਮੇਰਾ ਭਾਰਤ ਅਤੇ ਮੇਰਾ ਅਮਰੀਕਾ', 'ਜ਼ਿੰਦਗੀ ਦਾ ਸੰਦੇਸ਼ ਤੇ ਉਦੇਸ਼', 'ਅਧੂਰੇ ਸੁਪਨੇ', 'ਸਫ਼ਲ ਜ਼ਿੰਦਗੀ', 'ਧਰਮ ਅਤੇ ਸਾਇੰਸ',' ਜੀਓ ਤੇ ਜੀਉਣ ਦਿਉ' ਉਨ੍ਹਾਂ ਦੇ ਲੇਖ-ਸੰਗ੍ਰਹਿ ਹਨ। ਇਨ੍ਹਾਂ ਵਿਚੋਂ ਕਈ ਲੇਖ ਵੱਖ-ਵੱਖ ਅਖ਼ਬਾਰਾਂ ਵਿਚ ਛੱਪ ਚੁੱਕੇ ਹਨ। 'ਕੁਦਰਤ ਦੇ ਰੰਗ' ਉਨ੍ਹਾਂ ਦਾ ਇਕਲੌਤਾ ਕਹਾਣੀ ਸੰਗ੍ਰਹਿ ਹੈ। 'ਵਹਿੰਦੇ ਹੰਝੂ', 'ਨੀਂ ਚਿੱਠੀਏ ਵਤਨਾਂ ਦੀਏ', 'ਛੇਤੀ ਛੇਤੀ ਆ ਸਜਣਾ', 'ਸੁੱਚੇ ਮੋਤੀ' ਉਨ੍ਹਾਂ ਦੇ ਕਾਵਿ-ਸੰਗ੍ਰਹਿ ਹਨ।

ਉਨ੍ਹਾਂ ਦਾ ਜਨਮ 21 ਦਸੰਬਰ 1938 ਨੂੰ ਪਿੰਡ ਨਿਜਾਮਦੀਨਪੁਰ, ਜ਼ਿਲ੍ਹਾ ਜਲੰਧਰ ਵਿਚ ਹੋਇਆ। ਉਨ੍ਹਾਂ ਦੇ ਮਾਤਾ ਜੀ ਦਾ ਨਾਂ ਬੀਬੀ ਬੰਤ ਕੌਰ ਤੇ ਪਿਤਾ ਦਾ ਨਾਂ ਸ. ਕਰਤਾਰ ਸਿੰਘ ਲਾਲੀ ਸੀ। ਉਨ੍ਹਾਂ ਨੇ 1956 ਵਿਚ ਮੈਟਰਿਕ ਤੇ 1972 ਵਿਚ ਬੀ.ਏ. ਕੀਤੀ। ਉਨ੍ਹਾਂ ਨੂੰ 1961 ਵਿਚ ਸਿੱਖਿਆ ਵਿਭਾਗ ਵੱਲੋਂ ਜੇ.ਬੀ.ਟੀ. ਦਾ ਵਿਸ਼ੇਸ਼ ਸਰਟੀਫਿਕੇਟ ਪ੍ਰਦਾਨ ਕੀਤਾ ਗਿਆ। ਉਨ੍ਹਾਂ ਨੇ ਬਤੌਰ ਅਧਿਆਪਕ ਮਈ 1957 ਤੋਂ ਜੁਲਾਈ 1970 ਤੀਕ ਯੂਨੀਅਨ ਹਾਈ ਸਕੂਲ ਰੋਹੇਜੜੀ ਜ਼ਿਲ੍ਹਾ ਜਲੰਧਰ ਵਿਚ ਤੇ ਇਸ ਤੋਂ ਬਾਦ ਨਵੰਬਰ 1979 ਤੀਕ ਵੱਖ ਵੱਖ ਸਰਕਾਰੀ ਸਕੂਲਾਂ ਵਿਚ ਪੜ੍ਹਾਇਆ।

1980 ਵਿਚ ਉਹ ਅਮਰੀਕਾ ਆ ਗਏ। ਉਨ੍ਹਾਂ ਦਾ ਲਿਖਣ ਦਾ ਸਫ਼ਰ 2000 ਵਿਚ ਇੰਡੋ-ਕੈਨੇਡੀਅਨ ਟਾਇਮਜ਼ ਵਿਚ ਪ੍ਰਕਾਸ਼ਿਤ ਲੇਖ 'ਭਾਰਤੀ ਸਭਿਆਚਾਰ ਦੀਆਂ ਮਨੁੱਖੀ ਤੇ ਨੈਤਿਕ ਕਦਰਾਂ ਕੀਮਤਾਂ' ਨਾਲ ਸ਼ੁਰੂ ਹੋਇਆ। ਇਸ ਲੇਖ ਨੇ ਉਨ੍ਹਾਂ ਦੀ ਮਾਨਸਿਕਤਾ ਨੂੰ ਏਨਾ ਹਲੂਣਾ ਦਿੱਤਾ ਕਿ ਉਨ੍ਹਾਂ ਨੇ 19 ਪੁਸਤਕਾਂ ਲਿਖ ਮਾਰੀਆਂ, ਜਿਨ੍ਹਾਂ ਦਾ ਪਹਿਲਾਂ ਹੀ ਜ਼ਿਕਰ ਕੀਤਾ ਜਾ ਚੁੱਕਾ ਹੈ।


ਉਨ੍ਹਾਂ ਅਨੁਸਾਰ ਸਾਹਿਤ ਦਾ ਉਦੇਸ਼ ਨਰੋਏ ਸਮਾਜ ਦੀ ਉਸਾਰੀ ਕਰਨਾ ਹੈ। ਕਲਿਆਣਕਾਰੀ ਸਾਹਿਤ ਹੀ ਉੱਤਮ ਸਾਹਿਤ ਹੈ। ਇਸ ਲਈ ਉਨ੍ਹਾਂ ਦੀ ਲਿਖਤ ਇਸ

ਨੁਕਤੇ ਵੱਲ ਨੂੰ ਸੇਧਿਤ ਹੈ। ਸਮਾਜਿਕ ਲੁਟ ਘਸੁਟ ਤੇ ਨਾ ਬਰਾਬਰੀ, ਸੰਵੇਦਨਸ਼ੀਲ ਮਨੁੱਖ ਨੂੰ ਲਿਖਣ ਲਈ ਉਤਸ਼ਾਹਿਤ ਕਰਦੀਆਂ ਹਨ। ਉਨ੍ਹਾਂ ਦੇ ਕਾਵਿ-ਸੰਗ੍ਰਹਿਆਂ ਵਿੱਚ ਇਸ ਦੀ ਝਲਕ ਮਿਲਦੀ ਹੈ।

ਉਨ੍ਹਾਂ ਦੀ ਸੁਪਤਨੀ ਦਾ ਨਾਂ ਸ੍ਰੀ ਮਤੀ ਮਹਿੰਦਰ ਕੌਰ, ਬੇਟੇ ਦਾ ਨਾਂ ਸ. ਕੁਲਵਿੰਦਰ ਸਿੰਘ ਲਾਲੀ ਤੇ ਬੇਟੀ ਦਾ ਨਾਂ ਅਮਰਜੀਤ ਕੌਰ ਬੀਸਲ ਹੈ। ਉਨ੍ਹਾਂ ਨੂੰ ਯੂਬਾਸਿਟੀ ਸਾਹਿਤ ਸਭਾ ਵੱਲੋਂ ਸਨਮਾਨਤ ਕੀਤਾ ਜਾ ਚੁੱਕਾ ਹੈ। ਉਮੀਦ ਹੈ ਕਿ ਉਹ ਛੇਤੀ ਹੀ ਨਵੀਂ ਪੁਸਤਕ ਲੈ ਕੇ ਪਾਠਕਾਂ ਸਨਮੁੱਖ ਹੋਣਗੇ। ਸ਼ਾਲਾ ! ਉਨ੍ਹਾਂ ਦੀ ਕਲਮ ਇਸੇ ਤਰ੍ਹਾਂ ਚਲਦੀ ਰਹੇ।ਉਨ੍ਹਾਂ ਨਾਲ ਉਨ੍ਹਾਂ ਦੇ ਫੋਨ 1-530-777-0955 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਆਮੀਨ!

# ਵਿਲੱਖਣ ਸ਼ਖ਼ਸੀਅਤ ਦੇ ਮਾਲਕ ਸਨ :
# ਡਾ. ਬਲਬੀਰ ਸਿੰਘ ਪੂਨੀ



ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਵੱਲੋਂ 1 ਮਾਰਚ 2006 ਨੂੰ ਅੰਮ੍ਰਿਤਸਰ ਵਿਖੇ ਡਾ. ਬਲਬੀਰ ਸਿੰਘ ਪੂਨੀ ਨਾਲ ਕਰਵਾਏ ਗਏ ਰੂ-ਬ-ਰੂ ਪ੍ਰੋਗਰਾਮ ਤੇ ਸਨਮਾਨ ਸਮਾਰੋਹ ਸਮੇਂ ਇਹ ਕਿਸੇ ਨੂੰ ਚਿਤ ਚੇਤਾ ਵੀ ਨਹੀਂ ਸੀ ਕਿ ਸਾਡਾ ਇਹ ਸਾਥੀ ਚੰਦ ਦਿਨਾਂ ਦਾ ਮਹਿਮਾਨ ਹੈ ਤੇ ਇਹ ਉਨ੍ਹਾਂ ਦੀ ਉਨ੍ਹਾਂ ਨਾਲ ਜ਼ਿੰਦਗੀ ਦੀ ਆਖ਼ਰੀ ਮਿਲਣੀ ਹੈ।

5 ਅਗਸਤ 1948 ਨੂੰ ਪਿੰਡ ਜੀਂਦੋਵਾਲ (ਬੰਗਾ) ਜ਼ਿਲ੍ਹਾ ਨਵਾਂ ਸ਼ਹਿਰ ਵਿਖੇ ਸ. ਜਗਤ ਸਿੰਘ ਦੇ ਗ੍ਰਹਿ ਵਿਖੇ ਸ੍ਰੀ ਮਤੀ ਚੰਨਣ ਕੌਰ ਦੀ ਕੁੱਖੋਂ ਜਨਮੇ ਡਾ. ਬਲਬੀਰ ਸਿੰਘ ਪੂਨੀ ਨੇ ਸਖ਼ਤ ਮਿਹਨਤ ਤੇ ਲਗਨ ਨਾਲ ਥੋੜ੍ਹੇ ਸਮੇਂ ਵਿਚ ਹੀ ਵਿੱਦਿਅਕ ਤੇ ਸਾਹਿਤਕ ਖੇਤਰ ਵਿਚ ਆਪਣੀ ਵੱਖਰੀ ਪਹਿਚਾਣ ਬਣਾ ਲਈ ਸੀ। ਸਿੱਖ ਨੈਸ਼ਨਲ ਕਾਲਜ ਬੰਗਾ ਵਿਚ ਪੰਜਾਬੀ ਲੈਕਚਰਾਰ ਦੀ ਸੇਵਾ ਕਰਨ ਪਿੱਛੋਂ ਪਿਛਲੇ ਤਕਰੀਬਨ 12 ਸਾਲ ਤੋਂ ਆਪਣੇ ਬੱਚਿਆਂ ਪਾਸ ਸਰੀ (ਕੈਨੇਡਾ) ਵਿਖੇ ਰਹਿੰਦੇ ਹੋਏ ਜਰਨਲਿਸਟ ਦੀਆਂ ਸੇਵਾਵਾਂ ਨਿਭਾ ਰਹੇ ਸਨ।

ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ 'ਪੰਜਾਬੀ ਕਿੱਸਾ-ਕਾਵਿ ਦੀ ਅਧੋਗਤੀ ਦਾ ਅਧਿਐਨ' ਵਿਸ਼ੇ 'ਤੇ ਪੀ-ਐਚ.ਡੀ. ਕਰਨ ਉਪਰੰਤ ਕਿੱਸਾ-ਕਾਵਿ, ਲੋਕਧਾਰਾ ਤੇ ਆਲੋਚਨਾ ਨੂੰ ਆਪਣੇ ਅਧਿਐਨ ਦਾ ਆਧਾਰ ਬਣਾਇਆ ਤੇ ਇਨ੍ਹਾਂ ਖੇਤਰਾਂ ਨਾਲ ਸਬੰਧਤ ਖੋਜ ਪੱਤਰ ਵੱਖ ਵੱਖ ਸੈਮੀਨਾਰਾਂ ਵਿਚ ਪੜ੍ਹੇ ਤੇ ਪੁਸਤਕਾਂ ਲਿਖੀਆਂ। ਉਨ੍ਹਾਂ ਦੀਆਂ ਪ੍ਰਕਾਸ਼ਿਤ ਪੁਸਤਕਾਂ ਵਿੱਚੋਂ ਕੁਝ ਮਹੱਤਵਪੂਰਨ ਪੁਸਤਕਾਂ ਜੋ ਵਿਦਿਆਰਥੀਆਂ ਤੇ ਸਾਹਿਤਕ ਹਲਕਿਆਂ ਵਿਚ ਬਹੁਤ ਹੀ ਮਕਬੂਲ ਹੋਈਆਂ, ਉਨ੍ਹਾਂ ਵਿਚ 'ਲੋਕ ਸਾਹਿਤ : ਪੰਜਾਬੀ ਲੋਕਧਾਰਾ ਤੇ ਸਭਿਆਚਾਰ', 'ਕਿੱਸਾ ਪੰਰਪਰਾ', 'ਕਹਾਣੀਕਾਰ ਸੰਤੋਖ ਸਿੰਘ ਧੀਰ', 'ਪੰਜਾਬੀ ਲੋਕਧਾਰਾ', 'ਜੰਗ ਸਿੰਘਾਂ ਤੇ ਅੰਗਰੇਜ਼ਾਂ (ਸੰਪਾਦਿਤ)', 'ਸਭਿਆਚਾਰ : ਸਿਧਾਂਤ ਤੇ ਵਿਹਾਰ', 'ਨਵਤੇਜ ਦਾ ਕਹਾਣੀ ਸੰਸਾਰ', 'ਲੋਕਧਾਰਾ ਅਧਿਐਨ', 'ਕਿੱਸਾ ਕਾਵਿ : ਇਤਿਹਾਸਕ ਤੇ ਕਾਵਿ ਮੁਲਾਂਕਣ', 'ਲੋਕ ਸਾਹਿਤ

: ਸਿਧਾਂਤ ਅਤੇ ਪਰੰਪਰਾ', 'ਪੰਜਾਬੀ ਕਿੱਸਾ ਕਾਵਿ ਦੀ ਅਧੋਗਤੀ', 'ਪੰਜਾਬੀ ਲੋਕ ਕਹਾਣੀਆਂ, ਪਾਠ ਸਰੂਪ ਤੇ ਸਾਰਥਿਕਤਾ (ਸੰਪਾਦਿਤ)', 'ਕਿੱਸਾ : ਸਿਧਾਂਤ, ਵਿਕਾਸ ਤੇ ਅਧੋਗਤੀ', 'ਪੀ-ਐਚ.ਡੀ. ਖੋਜ-ਪ੍ਰਬੰਧ : ਪੰਜਾਬੀ ਕਿੱਸਾ ਕਾਵਿ ਦੀ ਅਧੋਗਤੀ ਦਾ ਅਧਿਐਨ', 'ਦੁੱਗਲ ਦੀ ਗਲਪ ਚੇਤਨਾ' ਆਦਿ ਸ਼ਾਮਲ ਹਨ।

ਕੈਨੇਡਾ ਵਿਚ ਰਹਿੰਦੇ ਹੋਏ ਉਨ੍ਹਾਂ ਨੇ 'ਕਨੇਡੀਅਨ ਪੰਜਾਬੀ ਕਵਿਤਾ : ਸੰਵਾਦ ਅਤੇ ਸਮਾਲੋਚਨਾ' ਲਿਖੀ ਜੋ ਪਿਛਲੇ ਸਾਲ ਪ੍ਰਕਾਸ਼ਿਤ ਹੋਈ। ਇਸ ਪੁਸਤਕ ਵਿਚ ਉਨ੍ਹਾਂ ਨੇ "ਕਨੇਡੀਅਨ ਪੰਜਾਬੀ ਕਵਿਤਾ : ਇਤਿਹਾਸਕ ਪਿਛੋਕੜ", "ਕਨੇਡੀਅਨ ਪੰਜਾਬੀ ਕਵਿਤਾ ਦੀਆਂ ਪ੍ਰਵਿਰਤੀਆਂ ਤੇ ਨਵੇਂ ਝੁਕਾਅ", "ਕਨੇਡਾ ਦੇ ਪੰਜਾਬੀ ਕਵੀ", "ਅਮਰੀਕਾ ਦੇ ਪੰਜਾਬੀ ਕਵੀ" ਸਿਰਲੇਖ ਹੇਠ ਕਨੇਡਾ ਤੇ ਅਮਰੀਕਾ ਵਿਚ ਰਚੀ ਜਾ ਰਹੀ ਪੰਜਾਬੀ ਕਵਿਤਾ ਬਾਰੇ ਵੱਡਮੁਲੀ ਜਾਣਕਾਰੀ ਦਿੱਤੀ। ਉਨ੍ਹਾਂ ਦੀ ਆਖ਼ਰੀ ਪੁਸਤਕ 'ਪੰਜਾਬੀ ਕਿੱਸਾ ਕਾਵਿ ਦਾ ਇਤਿਹਾਸ' 1 ਮਾਰਚ 2006 ਨੂੰ ਅੰਮ੍ਰਿਤਸਰ ਵਿਖੇ ਰਲੀਜ਼ ਕੀਤੀ ਗਈ।

ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਦੇ ਸਰਗਰਮ ਮੈਂਬਰਾਂ ਵਿੱਚੋਂ ਇਕ ਸਨ ਤੇ ਸੋਸਾਇਟੀ ਵੱਲੋਂ ਉਨ੍ਹਾਂ ਦੀਆਂ ਸਾਹਿਤਕ ਸੇਵਾਵਾਂ ਲਈ ਉਨ੍ਹਾਂ ਨੂੰ 1 ਮਾਰਚ 2006 ਨੂੰ ਸਨਮਾਨਿਤ ਕੀਤਾ ਗਿਆ। ਉਹ 6 ਮਾਰਚ ਨੂੰ ਆਪਣੇ ਸਾਥੀ ਨਾਲ ਸਕੂਟਰ 'ਤੇ ਜਾ ਰਹੇ ਸਨ ਕਿ ਬੰਗੇ ਦੇ ਨਜ਼ਦੀਕ ਦੁਰਘਟਨਾ ਦਾ ਸ਼ਿਕਾਰ ਹੋ ਗਏ ਤੇ 12 ਮਾਰਚ ਨੂੰ ਅਕਾਲ ਚਲਾਣਾ ਕਰ ਗਏ। ਉਹ ਬਹੁਤ ਹੀ ਮਿਲਣਸਾਰ, ਨਿੱਘੇ ਸੁਭਾਅ ਅਤੇ ਹਰੇਕ ਦੇ ਕੰਮ ਆਉਣ ਵਾਲੇ ਵਿਅਕਤੀ ਸਨ। ਅੱਜ ਉਨ੍ਹਾਂ ਦੇ ਰਿਸ਼ਤੇਦਾਰ, ਮਿੱਤਰ ਉਨ੍ਹਾਂ ਨੂੰ ਹੰਝੂਆਂ ਭਰੀ ਸ਼ਰਧਾਂਜਲੀ ਭੇਂਟ ਕਰ ਰਹੇ ਹਨ। ਉਹ ਭਾਵੇਂ ਇਸ ਸੰਸਾਰ ਤੋਂ ਕੂਚ ਕਰ ਗਏ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਉਨ੍ਹਾਂ ਨੂੰ ਹਮੇਸ਼ਾਂ ਜੀਵਤ ਰੱਖਣਗੀਆਂ।

*19 ਮਾਰਚ 2006*

# ਅਮਰੀਕਾ ਦਾ ਪੰਜਾਬੀ ਮਾਡਲ ਅਮਨਦੀਪ ਸਿੰਘ



ਨਿਊਯਾਰਕ ਵਾਸੀ ਸ੍ਰੀ ਜਸਵੰਤ ਸਿੰਘ ਜੱਸਾ ਦੇ ਵੱਡੇ ਪੁੱਤ ਅਮਨਦੀਪ ਸਿੰਘ ਨੇ ਮਾਡਲਿੰਗ ਦੀ ਦੁਨੀਆਂ ਵਿੱਚ ਅੱਜ ਆਪਣਾ ਨਿਵੇਕਲਾ ਸਥਾਨ ਬਣਾ ਲਿਆ ਹੈ। ਇਹ ਮੌਕਾ ਮੇਲ ਹੀ ਸੀ ਕਿ ਹੈਂਡ ਬੈਗ, ਬ੍ਰੀਫ਼ਕੇਸ ਅਤੇ ਸੂਟਕੇਸ ਬਣਾਉਣ ਵਾਲੀ ਅਮਰੀਕੀ ਕੰਪਨੀ ਟੂਮੀ ਦੇ ਡਾਇਰੈਕਟਰ ਨੇ ਸਾਲ 2008 'ਚ ਉਸ ਦੇ ਪਿਤਾ ਨੂੰ ਕਿਸੇ ਅਜਿਹੇ ਪੰਜਾਬੀ ਦੀ ਦੱਸ ਪਾਉਣ ਲਈ ਕਿਹਾ ਜੋ ਉਸ ਦੀ ਕੰਪਨੀ ਲਈ ਮਾਡਲਿੰਗ ਕਰੇ। ਉਨ੍ਹਾਂ ਨੇ ਅਮਨਦੀਪ ਦਾ ਨਾਂ ਦੇ ਦਿੱਤਾ ਅਤੇ ਇੰਜ ਅਮਨਦੀਪ ਮਾਡਲਿੰਗ ਦੁਨੀਆਂ ਵਿਚ ਆ ਗਿਆ। ਇਸ ਪਗੜੀਧਾਰੀ ਪੰਜਾਬੀ ਨੌਜਵਾਨ ਨੂੰ ਇਸ ਰੂਪ ਵਿਚ ਬਤੌਰ ਮਾਡਲ ਬਹੁਤ ਪਸੰਦ ਕੀਤਾ ਗਿਆ। ਸਾਲ 2009 ਵਿਚ ਨਰਗਸ ਫਾਊਂਡੇਸ਼ਨ ਵੱਲੋਂ ਪ੍ਰਸਿੱਧ ਅਦਾਕਾਰਾ ਨਰਗਸ ਦੀ ਯਾਦ ਵਿਚ ਕਰਵਾਏ ਫ਼ੈਸ਼ਨ ਸ਼ੋਅ ਦੌਰਾਨ ਉਸ ਨੇ ਰੈਂਪ 'ਤੇ ਚੱਲ ਕੇ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਸ਼ੋਅ ਤੋਂ ਬਾਅਦ ਉਸ ਨੂੰ ਕਈ ਕੰਪਨੀਆਂ ਵੱਲੋਂ ਪੇਸ਼ਕਸ਼ਾਂ ਆਉਣ ਲੱਗੀਆਂ। ਉਹ ਅਮਰੀਕੀ ਮੂਵੀ ਮੈਗਜ਼ੀਨ ਐਸਕੁਆਇਰ, ਨੋਕੀਆ ਟੈਲੀਫੋਨ ਕੰਪਨੀ ਤੇ ਕਈ ਹੋਰ ਕੰਪਨੀਆਂ ਵਿਚ ਬਤੌਰ ਮਾਡਲ ਕੰਮ ਕਰ ਚੱਕਾ ਹੈ।

ਉਹ ਭੰਗੜਾ ਵੀ ਪਾਉਂਦਾ ਹੈ। ਅਮਨਦੀਪ 8 ਸਾਲ ਦਾ ਸੀ ਜਦ ਉਸ ਨੇ ਭੰਗੜਾ ਪਾਉਣਾ ਸ਼ੁਰੂ ਕੀਤਾ। 2007 ਵਿਚ ਨਿਊਯਾਰਕ ਇੰਸਟੀਚਿਊਟ ਆਫ਼ ਟੈਕਨਾਲੋਜੀ ਦੀ ਭੰਗੜਾ ਟੀਮ ਨੇ ਉਸ ਦੀ ਕਪਤਾਨੀ ਵਿਚ ਵੱਖ-ਵੱਖ ਸੂਬਿਆਂ ਦੀਆਂ ਭੰਗੜਾ ਟੀਮਾਂ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਅਮਨਦੀਪ ਅਦਾਕਾਰੀ ਦੀ ਸਿਖਲਾਈ ਲੈ ਕੇ ਬਾਲੀਵੁੱਡ ਵਿਚ ਪ੍ਰਵੇਸ਼ ਕਰਨਾ ਚਾਹੁੰਦਾ ਹੈ।

*5 ਦਸੰਬਰ 2013*

# ਮਹਿੰਦਰ ਸਿੰਘ ਭਾਰਤੀ ਨੂੰ ਯਾਦ ਕਰਦਿਆਂ



ਤੁਹਾਡੇ ਸੰਪਰਕ ਵਿੱਚ ਕਈ ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਅਜਿਹੀਆਂ ਆਉਂਦੀਆਂ ਹਨ, ਜਿੰਨ੍ਹਾਂ ਨੂੰ ਮੁੜ-ਮੁੜ ਮਿਲਣ ਨੂੰ ਦਿਲ ਕਰਦਾ ਹੈ। ਮਹਿੰਦਰ ਸਿੰਘ ਭਾਰਤੀ ਵੀ ਅਜਿਹੀਆਂ ਸ਼ਖ਼ਸੀਅਤਾਂ ਵਿੱਚੋਂ ਇੱਕ ਸਨ। ਮੈਂ ਸਿੱਖਿਆ ਵਿਭਾਗ ਵਿੱਚ ਹੋਣ ਕਰਕੇ ਤੇ ਭਾਰਤੀ ਭਾਸ਼ਾ ਵਿਭਾਗ ਵਿੱਚ ਹੋਣ ਕਰਕੇ ਭਾਵੇਂ ਸਾਡੀ ਪੁਰਾਣੀ ਜਾਣ ਪਛਾਣ ਸੀ, ਪਰ ਉਨ੍ਹਾਂ ਨੂੰ ਵਧੇਰੇ ਜਾਨਣ ਤੇ ਮਿਲਣ ਦਾ ਸੁਭਾਗ ਉਸ ਸਮੇਂ ਪ੍ਰਾਪਤ ਹੋਇਆ, ਜਦੋਂ ਅਸਾਂ 1992 ਵਿੱਚ ਗੁਰੂ ਕੀ ਨਗਰੀ ਦੇ ਸਰਬਪੱਖੀ ਵਿਕਾਸ ਲਈ ਸਮਾਜ ਸੇਵੀ ਸੰਸਥਾ ਅੰਮ੍ਰਿਤਸਰ ਵਿਕਾਸ ਮੰਚ ਬਣਾਇਆ। ਸ. ਹਰਮੋਹਨ ਸਿੰਘ ਬੇਦੀ ਇਸ ਦੇ ਮੋਢੀ ਪ੍ਰਧਾਨ ਤੇ ਮੈਂ ਇਸ ਦਾ ਜਨਰਲ ਸਕੱਤਰ ਸੀ। ਭਾਰਤੀ ਇਸ ਦੇ ਮੀਤ ਪ੍ਰਧਾਨ ਸਨ।

ਮੰਚ ਵੱਲੋਂ ਸ਼ੁਰੂਆਤੀ ਸਾਲ ਬਹੁਤ ਹੀ ਸਰਗਰਮੀਆਂ ਭਰੇ ਸਨ। ਮੰਚ ਵੱਲੋਂ ਅੰਮ੍ਰਿਤਸਰ ਦਾ ਸਥਾਪਨਾ ਦਿਵਸ ਮਨਾਉਣ ਦਾ ਉਪਰਾਲਾ ਕੀਤਾ ਗਿਆ ਤੇ ਸੋਵੀਨੀਅਰ ਪ੍ਰਕਾਸ਼ਿਤ ਕੀਤੇ ਗਏ। ਵਿਸ਼ਵ ਵਾਤਾਵਰਨ ਦਿਵਸ ਮਨਾਉਣ ਦੀ ਸ਼ੁਰੂਆਤ ਕੀਤੀ ਗਈ। ਅੰਮ੍ਰਿਤਸਰ ਦਾ ਯੋਜਨਾਬੱਧ ਵਿਕਾਸ, ਅੰਮ੍ਰਿਤਸਰ ਦੀ ਆਜ਼ਾਦੀ ਲਹਿਰ ਨੂੰ ਦੇਣ ਆਦਿ ਵਿਸ਼ਿਆਂ ਤੇ ਸੈਮੀਨਾਰ ਕਰਵਾਏ ਗਏ ਤੇ ਸੋਵੀਨੀਅਰ ਛਾਪੇ ਗਏ। ਸਮਾਗਮ ਵਿੱਚ ਮੰਚ ਸੰਚਾਲਨ ਦੀ ਅਹਿਮ ਭੂਮਿਕਾ ਹੁੰਦੀ ਹੈ। ਪ੍ਰਿੰ: ਯੋਗਿੰਦਰ ਪਾਲ ਗੁਪਤਾ ਤੇ ਭਾਰਤੀ ਜੀ ਨੇ ਇੰਨ੍ਹਾਂ ਸਮਾਗਮਾਂ ਵਿੱਚ ਇਹ ਜਿੰਮੇਵਾਰੀ ਸੁਚੱਜੇ ਢੰਗ ਨਾਲ ਨਿਭਾਈ।ਅਫ਼ਸੋਸ ਗੁਪਤਾ ਜੀ ਵੀ ਰੱਬ ਨੂੰ ਪਿਆਰੇ ਹੋ ਗਏ।

ਉਹ 1996 ਵਿੱਚ ਭਾਸ਼ਾ ਵਿਭਾਗ ਤੋਂ ਬਤੌਰ ਜਿਲ੍ਹਾ ਭਾਸ਼ਾ ਅਫ਼ਸਰ ਸੇਵਾ ਮੁਕਤ ਹੋਏ। ਉਹ ਇਸ ਸਮੇਂ ਵੀ ਗੁਰੂ ਨਾਨਕ ਗੁਰਪੁਰਬ ਕਮੇਟੀ ਦੇ ਜਨਰਲ ਸਕੱਤਰ, ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਚਾਰ ਸਕੱਤਰ, ਕਲਗੀਧਰ ਗੁਰਦੁਆਰਾ ਮੋਹਨ ਨਗਰ ਦੇ ਜਨਰਲ ਸਕੱਤਰ ਸਨ। ਉਨ੍ਹਾਂ ਨੇ ਚੀਫ਼ ਖਾਲਸਾ ਦੀਵਾਨ ਦੀ ਐਜੂਕੇਸ਼ਨ ਕਮੇਟੀ ਵਿੱਚ ਵੀ ਇੱਕ ਸਾਲ ਸੇਵਾ ਨਿਭਾਈ। ਉਨ੍ਹਾਂ ਦੀ ਸਿਹਤ ਭਾਵੇਂ ਕੁੱਝ ਸਾਲਾਂ ਤੋਂ ਢਿੱਲੀ ਸੀ, ਪਰ ਇਹ ਨਹੀਂ ਸੀ ਪਤਾ ਕਿ ਉਹ ਏਨੀ ਜਲਦੀ ਸਦੀਵੀ ਵਿਛੋੜਾ ਦੇ ਜਾਣਗੇ। ਜਦੋਂ 27 ਜੁਲਾਈ 2013 ਨੂੰ ਉਨ੍ਹਾਂ ਦੇ ਅਕਾਲ ਚਲਾਣੇ ਦੀ ਖ਼ਬਰ ਸੁਣੀ ਤਾਂ ਬੜਾ ਅਫਸੋਸ ਹੋਇਆ।

ਉਨ੍ਹਾਂ ਦੀ ਅੰਤਿਮ ਅਰਦਾਸ ਸਮੇਂ ਸ਼ਹਿਰ ਦੀਆਂ ਉਘੀਆਂ ਸਖਸ਼ੀਅਤਾਂ ਦਾ ਸ਼ਾਮਿਲ ਹੋਣਾ ਉਨ੍ਹਾਂ ਦੇ ਨਿੱਘੇ ਪ੍ਰੇਮ ਭਾਵ ਤੇ ਮਿਲਾਪੜੇ ਸੁਭਾਅ ਦੀ ਤਰਜਮਾਨੀ ਕਰਦਾ ਹੈ। ਉਨ੍ਹਾਂ ਨੂੰ ਇਸ ਦੀ ਗੁੜਤੀ ਉਨ੍ਹਾਂ ਦੇ ਪਿਤਾ ਸ. ਈਸ਼ਰ ਸਿੰਘ ਤੇ ਮਾਤਾ ਬੀਬੀ ਕਰਤਾਰ ਕੌਰ ਤੋਂ ਮਿਲੀ ਸੀ। ਸ. ਈਸ਼ਰ ਸਿੰਘ ਇੱਕ ਦੇਸ਼ ਭਗਤ ਸਨ, ਜਿਹੜੇ ਮਾਸਟਰ ਤਾਰਾ ਸਿੰਘ ਦੇ ਨਜ਼ਦੀਕੀ ਮਿੱਤਰ ਸਨ ਤੇ ਉਨ੍ਹਾਂ ਨੇ ਮਾਸਟਰ ਜੀ ਨਾਲ ਅਕਾਲੀ ਮੋਰਚਿਆਂ ਵਿੱਚ 11 ਸਾਲ ਕੈਦ ਕੱਟੀ ਸੀ। ਭਾਰਤੀ ਜੀ ਦਾ ਇੱਕ ਛੋਟਾ ਭਰਾ ਸ. ਨਰਿੰਦਰਪਾਲ ਸਿੰਘ ਤੇ ਤਿੰਨ ਭੈਣਾਂ ਹਨ। ਉਨ੍ਹਾਂ ਦੀਆਂ ਤਿੰਨ ਬੇਟੀਆਂ ਹਨ। ਅੱਜ ਜਦੋਂ ਕਿ ਪਰਿਵਾਰ ਟੁੱਟ ਰਹੇ ਹਨ, ਇਹ ਪਰਿਵਾਰ ਅਜੇ ਵੀ ਇਕੱਠਾ ਰਹਿ ਰਿਹਾ ਹੈ। ਇਸ ਤਰ੍ਹਾਂ ਇਹ ਸਾਂਝੇ ਪਰਿਵਾਰ ਦੀ ਪਰੰਪਰਾ ਨੂੰ ਕਾਇਮ ਰੱਖ ਰਿਹਾ ਹੈ।

# ਇਤਿਹਾਸਕ ਕਿਰਦਾਰਾਂ ਨਾਲ ਸੰਵਾਦ ਰਚਾਉਣ ਵਾਲਾ : ਬਲਰਾਜ ਸਿੰਘ ਸਿੱਧੂ



ਜਗਰਾਉਂ ਜ਼ਿਲ੍ਹਾ ਲੁਧਿਆਣਾ ਦਾ ਜੰਮਪਲ ਤੇ ਹੁਣ ਇੰਗਲੈਂਡ ਦਾ ਪੱਕਾ ਵਸਨੀਕ ਬਲਰਾਜ ਸਿੰਘ ਸਿੱਧੂ ਇਕ ਜਾਣਿਆ ਪਹਿਚਾਣਿਆ ਨਾਂ ਹੈ। ਉਹ 1988 ਵਿਚ 12 ਸਾਲ ਦੀ ਉਮਰ ਵਿਚ ਇੰਗਲੈਂਡ ਆਪਣੇ ਮਾਪਿਆਂ ਨਾਲ ਆ ਗਿਆ ਤੇ ਇੱਥੇ ਆ ਕੇ ਹੀ ਉਸ ਨੇ ਉਚੇਰੀ ਪੜ੍ਹਾਈ ਕੀਤੀ।

ਉਸ ਦੇ 50 ਗੀਤ ਰਿਕਾਰਡ ਹੋਏ ਹਨ। ਉਸ ਦੇ 8 ਗੀਤ 'ਕਰੂਜ਼ ਕੰਟਰੋਲ ਯਾਰੀ' ਐਲਬਮ ਵਿਚ, 11 ਗੀਤ 'ਇੰਡੀਆ' ਐਲਬਮ ਵਿਚ, 15 ਗੀਤ 'ਯੂ ਕੇ ਦਾ ਗਭਰੂ' ਐਲਬਮ ਵਿਚ ਰਿਕਾਰਡ ਹੋਏ ਤੇ ਬਾਕੀ ਦੇ ਵੱਖ ਵੱਖ ਐਲਬਮਾਂ ਵਿਚ। ਉਸ ਦੇ ਲਿਖੇ ਗੀਤਾਂ ਨੂੰ ਅੰਗਰੇਜ਼ ਅਲੀ, ਸੁਦੇਸ਼ ਕੁਮਾਰੀ, ਨਿਰਮਲ ਸਿੱਧੂ, ਮੰਗੀ ਮਾਹਲ, ਹਰਦੇਵ ਮਾਹੀਨੰਗਲ, ਮਾਸ਼ਾ ਅਲੀ, ਰਾਸ਼ੀ ਰਾਗਾ, ਮਨਜੀਤ ਰੂਪੋਵਾਲੀਆ, ਜਸਵਿੰਦਰ ਜੱਸੀ, ਬਖ਼ਸ਼ੀ ਬਿੱਲਾ, ਬਲਵਿੰਦਰ ਮੱਤੇਵਾਲੀਆ, ਸੰਜੇ ਧਾਲੀਵਾਲ, ਰਣਬੀਰ ਰਾਣਾ, ਰਮੇਸ਼ ਆਲਮ, ਮਨਜੀਤ ਗਿੱਲ, ਮਨੀ ਕਮਲ, ਗੁਰਮੇਲ ਮੱਲੀ, ਨੂਰਾਂ ਲਾਲ, ਮਨਿੰਦਰ ਬਾਵਾ, ਕੁਲਵਿੰਦਰ ਕਿੰਦਾ ਤੇ ਮਿੰਨੂ ਸਿੰਘ ਆਦਿ ਨੇ ਗਾਇਆ ਹੈ। ਉਸ ਦੇ ਕਈ ਗੀਤ ਬੜੇ ਮਕਬੂਲ ਹੋਏ ਜਿਵੇਂ ਨੱਚਦੀ ਮਿਤਰਾਂ ਦੇ ਨਾਲ (ਗਾਇਕ ਅੰਗਰੇਜ਼ ਅਲੀ), ਯਾਰ ਪਾਉਣਗੇ ਭੰਗੜਾ (ਗਾਇਕ ਨਿਰਮਲ ਸਿੱਧੂ), ਸ਼ੌਂਕ ਦਾ ਗੇੜਾ (ਗਾਇਕ ਮੰਗੀ ਮਾਹਲ), ਊਧਮ ਸਿੰਘ ਧੋਖਾ (ਗਾਇਕ ਅੰਗਰੇਜ਼ ਅਲੀ)।

ਗੀਤਕਾਰ ਦੇ ਨਾਲ ਉਹ ਪੱਤਰਕਾਰ, ਕਹਾਣੀਕਾਰ ਤੇ ਨਾਵਲਕਾਰ ਵੀ ਹੈ। ਉਸ ਦਾ ਕਹਾਣੀ ਸੰਗ੍ਰਹਿ 'ਅਣਲੱਗ' 1999 ਵਿਚ ਛੱਪਿਆ। ਇਸ ਵਿਚ ਉਸ ਨੇ ਨਸਲਵਾਦ, ਭੂ-ਹੇਰਵਾਂ, ਰਿਸ਼ਤਿਆਂ ਵਿਚ ਖ਼ੁਦਗਰਜ਼ੀ, ਖਾੜਕੂਵਾਦ ਆਦਿ ਵਿਸ਼ਿਆਂ ਨੂੰ ਲਿਆ। 'ਨੰਗੀਆਂ ਅੱਖੀਆਂ' ਕਹਾਣੀ ਸੰਗ੍ਰਹਿ 2002 ਵਿਚ ਪ੍ਰਕਾਸ਼ਿਤ ਹੋਇਆ, ਜੋ ਔਰਤ-ਮਰਦ ਸਬੰਧਾਂ ਨਾਲ ਹੈ। 'ਮੋਰਾਂ ਦਾ ਮਹਾਰਾਜਾ (ਇਤਿਹਾਸਕ ਕਹਾਣੀ ਸੰਗ੍ਰਹਿ)' 2014 ਵਿਚ ਪ੍ਰਕਾਸ਼ਿਤ ਹੋਇਆ। ਵੈਸੇ ਉਸ ਨੇ 62 ਲੰਮੀਆਂ ਕਹਾਣੀਆਂ ਲਿਖੀਆਂ ਹਨ, ਜਿਨ੍ਹਾਂ ਵਿਚੋਂ 48 ਮਰਦ-ਇਸਤਰੀ ਸਬੰਧਾਂ 'ਤੇ ਆਧਾਰਿਤ ਹਨ।

ਪਹਿਲਾ ਨਾਵਲ 'ਤਪ' 2001 ਵਿਚ ਪ੍ਰਕਾਸ਼ਿਤ ਹੋਇਆ ਜੋ ਕਿ ਇੰਗਲੈਂਡ ਦੀ ਪੁਲਿਸ ਫੋਰਸ ਉਪਰ ਆਧਾਰਿਤ ਸੀ, ਜਿਸ ਦਾ ਨਾਇਕ ਭਾਰਤੀ ਅਫ਼ਸਰ ਆਪਣੀ ਸਹਿ-ਕਰਮੀ ਅੰਗਰੇਜ਼ ਮਹਿਬੂਬਾਂ ਦੇ ਇਸ਼ਕ ਵਿਚ ਤਬਾਹ ਹੋ ਜਾਂਦਾ ਹੈ ਪਰ ਉਹ ਮੁੜ ਆਪਣੇ ਆਪ ਨੂੰ ਆਪਣੇ ਪੈਰਾਂ 'ਤੇ ਖੜਾ ਕਰਦਾ ਹੈ। 'ਵਸਤਰ' ਨਾਵਲ 2002 ਵਿਚ ਛੱਪਿਆ। ਇਹ ਨਾਵਲ ਇਕ ਨੌਜੁਆਨ ਮੁਸਲਮ ਮੁਟਿਆਰ ਦੀ ਕਹਾਣੀ ਨਾਲ ਸਬੰਧਿਤ ਹੈ, ਜੋ ਬਾਗੀ ਹੋ ਕੇ ਘਰੋਂ ਭਜ ਜਾਂਦੀ ਹੈ। ਉਸ ਦੀ ਜ਼ਿੰਦਗੀ ਦੀ ਜਦੋ-ਜਹਿਦ ਨੂੰ ਇਸ ਵਿਚ ਪੇਸ਼ ਕੀਤਾ ਗਿਆ ਹੈ। 'ਮਸਤਾਨੀ' ਨਾਵਲ 2014 ਵਿਚ ਪ੍ਰਕਾਸ਼ਿਤ ਹੋਇਆ ਹੈ। ਇਹ ਇਕ ਇਤਿਹਾਸਿਕ ਨਾਵਲ ਹੈ, ਜਿਸ ਦਾ ਸਬੰਧ ਮਰਾਠਿਆਂ ਦੇ ਇਤਿਹਾਸ ਨਾਲ ਸਬੰਧਤ ਹੈ ਤੇ ਇਸ ਦਾ ਸਮਾਂ 1730 ਤੋਂ 1740 ਈ. ਦਾ ਹੈ। ਇਸ ਵਿਚ ਪੇਸ਼ਵਾ ਬਾਜ਼ੀ ਰਾਓ ਤੇ ਨਾਚੀ ਮਸਤਾਨੀ ਦੇ ਇਸ਼ਕ ਨੂੰ ਆਧਾਰ ਬਣਾਇਆ ਗਿਆ ਹੈ। ਉਸ ਦਾ ਸ਼ਹਿਜ਼ਾਦਾ ਡਾਇਨਾ ਦੀ ਜੀਵਨੀ 'ਤੇ ਆਧਾਰਿਤ ਨਾਵਲ 'ਅੱਗ ਦੀ ਲਾਟ' ਸਿਰਲੇਖ ਹੇਠ ਜਲਦੀ ਹੀ ਆ ਰਿਹਾ ਹੈ।

ਉਸ ਨੇ 2003 ਵਿਚ ਕੱਬਡੀ 'ਤੇ ਲਿਖੀ ਕਿਤਾਬ ਦਾ ਅੰਗਰੇਜ਼ੀ ਵਿਚ 'ਕੱਬਡੀ : ਏ ਨੇਟਿਵ ਗੇਮ ਆਫ਼ ਪੰਜਾਬ' ਸਿਰਲੇਖ ਹੇਠ ਅਨੁਵਾਦ ਕੀਤਾ।

ਸਿੱਧੂ ਨੇ ਇੰਗਲੈਂਡ ਵਿਚ ਉਚੇਰੀ ਪੜ੍ਹਾਈ ਕਰਕੇ ਗਹਿਣਿਆਂ ਦਾ ਕਾਰੋਬਾਰ ਸ਼ੁਰੂ ਕੀਤਾ, ਪਰ ਉਸ ਨੂੰ ਇਸ ਵਿਚ ਸਫ਼ਲਤਾ ਨਾ ਮਿਲੀ। ਉਸ ਨੇ ਫਿਰ ਕਾਰਖਾਨਿਆਂ ਵਿਚ ਕੰਮ ਕੀਤਾ ਤੇ ਬਾਅਦ ਵਿਚ ਉਸ ਨੇ ਇਕ ਦਵਾਈਆਂ ਦੀ ਕੰਪਨੀ ਵਿਚ ਨੌਕਰੀ ਕਰ ਲਈ। ਇਸ ਨੂੰ ਵੀ ਛੱਡ ਕੇ 2002 ਵਿਚ ਉਸ ਨੇ ਪੱਤਰਕਾਰੀ ਵਿਚ ਪੈਰ ਧਰਿਆ ਜਦੋਂ ਉਸ ਨੇ ਬਰਮਿੰਘਮ ਵਿਚ 'ਸਿੱਖ ਟਾਇਮਜ਼ ਵੀਕਲੀ' ਦੇ ਪੰਜਾਬੀ ਸੈਕਸ਼ਨ ਵਿਚ ਸਹਾਇਕ ਸੰਪਾਦਕ ਦੀ ਜੁੰਮੇਵਾਰੀ ਸੰਭਾਲੀ। 2003 ਵਿਚ ਉਹ 'ਅਜੀਤ ਵੀਕਲੀ' ਦਾ ਯੂ.ਕੇ. ਤੇ ਯੂਰਪੀਨ ਐਡੀਸ਼ਨ ਦਾ ਸੰਪਾਦਕ ਬਣ ਗਿਆ। 2004 ਵਿਚ 'ਪੰਜਾਬ ਦੀ ਆਵਾਜ਼' ਵੀਕਲੀ ਦਾ ਸੰਪਾਦਕ ਨਿਯੁਕਤ ਹੋਇਆ ਜੋ ਟੈਲਫੋਰਡ ਤੋਂ ਪ੍ਰਕਾਸ਼ਿਤ ਹੁੰਦੀ ਹੈ। ਉਸ ਨੇ ਕੁਝ ਸਮਾਂ 'ਪੰਜਾਬ ਟਾਇਮਜ਼' (ਡਰਬੀ) ਵਿਚ ਵੀ ਕੰਮ ਕੀਤਾ। 2005 ਤੋਂ ਉਹ ਫਰੀਲਾਂਸ ਪੱਤਰਕਾਰ ਦੇ ਤੌਰ 'ਤੇ ਕੰਮ ਕਰ ਰਿਹਾ ਹੈ।

ਉਸ ਦੇ 213 ਲੇਖ ਇੰਗਲੈਂਡ, ਭਾਰਤ, ਪਾਕਿਸਤਾਨ, ਕੈਨੇਡਾ, ਅਮਰੀਕਾ ਆਦਿ ਦੇਸ਼ਾਂ ਦੀਆਂ ਅਖ਼ਬਾਰਾਂ ਤੇ ਰਸਾਲਿਆਂ ਵਿਚ ਛੱਪ ਚੁੱਕੇ ਹਨ। ਦੁਨੀਆਂ ਦੇ ਪ੍ਰਸਿੱਧ ਲੇਖਕਾਂ ਬਾਰੇ ਦੋ ਸਾਲ ਲੇਖ ਲੜੀ 'ਲਫ਼ਜ਼ਾਂ ਦੇ ਦਰਵੇਸ਼' ਪੰਜਾਬ ਟਾਇਮਜ਼ ਵਿਚ ਪ੍ਰਕਾਸ਼ਿਤ ਹੋਈ। ਉਸ ਦਾ ਕਹਾਣੀ ਸੰਗ੍ਰਹਿ 'ਮੋਰਾਂ ਦਾ ਮਹਾਰਾਜਾ', ਨਾਵਲ 'ਵਸਤਰ' ਤੇ 'ਮਸਤਾਨੀ' 2015 ਵਿਚ ਹਿੰਦੀ ਵਿਚ ਛਪ ਕੇ ਆ ਰਹੇ ਹਨ।

ਉਸ ਦੀ ਨਿਵੇਕਲੀ ਸ਼ੈਲੀ ਤੇ ਵਿਸ਼ਾ ਵਸਤੂ ਨੇ ਉਸ ਦੀ ਵੱਖਰੀ ਪਛਾਣ ਬਣਾਈ ਹੈ। ਉਸ ਨੇ ਉਨ੍ਹਾਂ ਵਿਸ਼ਿਆਂ ਨੂੰ ਲਿਆ ਹੈ, ਜਿਸ ਨੂੰ ਕੋਈ ਲਿਖਣ ਦਾ ਕੋਈ ਹੌਂਸਲਾ ਨਹੀਂ ਕਰਦਾ। ਉਸ ਨੇ ਔਰਤ ਦੇ ਦਿਲ ਦੇ ਦਰਦ ਨੂੰ ਪਹਿਚਾਣਿਆ ਹੈ ਤੇ ਉਸ ਨੂੰ ਜ਼ਬਾਨ ਦਿੱਤੀ ਹੈ। ਪੁਸਤਕ 'ਮੋਰਾਂ ਦਾ ਮਹਾਰਾਜਾ' ਦੀਆਂ ਪਹਿਲੀਆਂ 3 ਕਹਾਣੀਆਂ

ਵਿਚ ਉਸ ਨੇ ਜਿੱਥੇ ਰਵਾਇਤੀ ਲੇਖਕਾਂ ਵਾਂਗ ਮਹਾਰਾਜਾ ਰਣਜੀਤ ਸਿੰਘ ਦੇ ਇਤਿਹਾਸਿਕ ਪਿਛੋਕੜ, ਉਸ ਦੀ ਪ੍ਰਾਪਤੀਆਂ ਬਾਰੇ ਵਰਨਣ ਕੀਤਾ ਹੈ, ਉੱਥੇ ਮਹਾਰਾਜਾ ਦੇ ਉਸ ਕਿਰਦਾਰ 'ਤੇ ਵੀ ਰੌਸ਼ਨੀ ਪਾਈ ਹੈ, ਜਿਸ ਬਾਰੇ ਕਿਸੇ ਨੇ ਵੀ ਅਜੇ ਤੀਕ ਨਹੀਂ ਲਿਖਿਆ। ਨਾਚੀ ਮੋਰਾਂ ਦੇ ਕਿਰਦਾਰ ਨੂੰ ਪਹਿਲੀ ਵਾਰ ਸਿੱਧੂ ਨੇ ਪੇਸ਼ ਕਰਨ ਦਾ ਹੌਸਲਾ ਕੀਤਾ ਹੈ, ਜਿਸ ਦੇ ਆਖੇ ਲਗ ਕੇ ਮਹਾਰਾਜਾ ਅਜਿਹੇ ਫੈਸਲੇ ਕਰਦਾ ਹੈ, ਜੋ ਉਸ ਲਈ ਤਬਾਹੀ ਦਾ ਕਾਰਨ ਬਣਦੇ ਹਨ। ਇਸੇ ਤਰ੍ਹਾਂ 'ਮਸਤਾਨੀ' ਨਾਵਲ ਵਿਚ ਨਾਚੀ ਮਸਤਾਨੀ ਦੇ ਇਸ਼ਕ ਨੂੰ ਉਸ ਨੇ ਹੀ ਪਹਿਲੀ ਵਾਰ ਪ੍ਰਸਤੁਤ ਕੀਤਾ ਹੈ।

*25 ਨਵੰਬਰ 2014*



## ਜੀਵਨ ਬਿਓਰਾ


| | | |
|---|---|---|
| ਪਿਤਾ ਦਾ ਨਾਮ | : | ਸ. ਗੁਰਦਿੱਤ ਸਿੰਘ |
| ਮਾਤਾ ਦਾ ਨਾਮ | : | ਸ੍ਰੀਮਤੀ ਪ੍ਰੀਤਮ ਕੌਰ |
| ਜਨਮ ਤੇ ਸਥਾਨ | : | 6 ਅਪ੍ਰੈਲ 1947, ਪਿੰਡ ਗੁਮਟਾਲਾ, ਜ਼ਿਲ੍ਹਾ ਅੰਮ੍ਰਿਤਸਰ |
| ਵਿਦਿਅਕ ਯੋਗਤਾ | : | ਬੀ.ਐੱਸ.ਸੀ. (ਮੈਡੀਕਲ) 1967, ਬੀ.ਐੱਡ. 1971, ਐੱਮ.ਏ. (ਅਰਥ ਸ਼ਾਸਤਰ) 1974, ਐੱਮ.ਏ. (ਪੰਜਾਬੀ) 1977, ਪੀਐੱਚ.ਡੀ. (ਪੰਜਾਬੀ) 1992 ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ। ਵਿਸ਼ਾ—ਪੰਜਾਬੀ ਕਿੱਸਾ ਕਾਵਿ ਦੀਆਂ ਕਥਾਨਕ ਰੂੜ੍ਹੀਆਂ |
| ਸੰਪਰਕ | : | 253-ਅਜੀਤ ਨਗਰ, ਅੰਮ੍ਰਿਤਸਰ -143006<br>ਮੋਬਾ.: +91-94175 33060<br>2705 Oak Trace, Beavercreek, OHIO - 45431, USA<br>(M) 001 937 573 9812 email : gumtalacs@gmail.com |



ISBN 81-89735-31-4

ਪੰਜਾਬੀ ਰਾਈਟਰਜ਼ ਕੋਆਪਰੇਟਿਵ
ਸੋਸਾਇਟੀ ਲਿਮਟਿਡ
ਲੁਧਿਆਣਾ / ਅੰਮ੍ਰਿਤਸਰ



www.PunjabiLibrary.com